Reo-Bankowned Properties
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY



Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
3100 Mowry Ave. #303, Fremont, CA 94538
E-mail: kuldipdhariwal@yahoo.com



ਕੁਲਦੀਪ ਸਿੰਘ ਧਾਰੀਵਾਲ

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 1, January 2, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਰਾਠੌਰ ਖ਼ਿਲਾਫ ਚੱਲੇਗਾ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਕੱਦਮਾ

**ਨਵੀਂ ਦਿੱਲੀ:** ਕੇਂਦਰ ਨੇ ਲੋਕਾਂ ਦੇ ਰੋਹ ਨੂੰ ਦੇਖਦਿਆਂ ਬਹੁਚਰਚਿਤ ਰੁਚਿਕਾ ਮਾਮਲੇ ਵਿਚ ਹਰਿਆਣਾ ਦੇ ਸਾਬਕਾ ਡੀ.ਜੀ.ਪੀ. ਐਸ.ਪੀ. ਰਾਠੌਰ ਵਿਰੁੱਧ ਨਾਬਾਲਗ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਨ ਦਾ ਮੁਕੱਦਮਾ ਚਲਾਉਣ ਦਾ ਫੈਸਲਾ ਕਰ ਲਿਆ ਹੈ। ਇਸਦੇ ਨਾਲ ਹੀ ਚੰਡੀਗੜ੍ਹ ਹਾਈ ਕੋਰਟ ਵਿਚ ਵੀ ਇਸ ਸੰਬੰਧੀ ਇਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਤੇ ਪੰਚਕੂਲਾ ਪੁਲਿਸ ਨੂੰ ਰੁਚਿਕਾ ਦੇ ਪਿਤਾ ਤੇ ਭਰਾ ਨੇ ਦੋ ਵੱਖ-ਵੱਖ ਦਰਖਾਸਤਾਂ ਦਰਜ ਕਰਵਾਈਆਂ।

ਜਾਣਕਾਰ ਸੂਤਰਾਂ ਅਨੁਸਾਰ 29 ਦਸੰਬਰ ਨੂੰ ਕੇਂਦਰ ਵੱਲੋਂ ਸੀ.ਬੀ.ਆਈ. ਨੂੰ ਧਾਰਾ 306 ਤਹਿਤ ਉੱਚ ਅਦਾਲਤ ਵਿਚ ਕੇਸ ਦਾਇਰ ਕਰਨ ਲਈ ਕਹਿ ਦਿੱਤਾ ਗਿਆ ਹੈ। ਭਾਰਤ ਦੇ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਇਥੇ ਉਕਤ ਖ਼ੁਲਾਸਾ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਸੀ ਬੀ ਆਈ ਤੇ ਕੌਮੀ ਮਹਿਲਾ ਕਮਿਸ਼ਨ ਨਾਲ ਨਿਰੰਤਰ ਸੰਪਰਕ ਹੈ ਤੇ ਸਾਰੇ ਪੱਖਾਂ ਦੀ ਗਹਿਰਾਈ ਤਕ ਜਾ ਕੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਭਾਰਤੀ ਦੰਡ ਵਿਧਾਨ ਦੀ ਇਸ ਧਾਰਾ ਤਹਿਤ ਦੋਸ਼ੀ ਨੂੰ ਫਾਂਸੀ ਜਾਂ ਉਮਰ ਕੈਦ ਤਕ ਦੀ ਸਜ਼ਾ ਹੋ ਸਕਦੀ ਹੈ। ਇਸੇ ਦੌਰਾਨ ਸੀ.ਬੀ.ਆਈ. ਦੇ ਇਕ ਬੁਲਾਰੇ ਨੇ ਦੱਸਿਆ ਕਿ ਕਾਨੂੰਨ ਤੇ ਗ੍ਰਹਿ ਮੰਤਰਾਲੇ ਨਾਲ ਕੇਸ ਵਿਚ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੀ ਧਾਰਾ ਜੋੜੇ ਜਾਣ ਬਾਰੇ ਵਿਚਾਰ

*(ਬਾਕੀ ਸਫਾ 10 ਉਤੇ)*

## ਪਾਠਕਾਂ ਨੂੰ ਸਾਲ 2010 ਮੁਬਾਰਕ

# ਰੁਚਿਕਾ ਮਾਮਲੇ ਨੇ ਹਿਲਾਇਆ ਭਾਰਤੀ ਸਿਸਟਮ

**ਬਿੰਦਰ ਬਸਰਾ**

**ਜਲੰਧਰ:** ਹਰਿਆਣਾ ਦੀ ਟੈਨਿਸ ਖਿਡਾਰਨ ਰੁਚਿਕਾ ਗਿਰਹੋਤਰਾ ਨਾਲ ਛੇੜਖਾਨੀ ਦੇ ਮਾਮਲੇ 'ਚ ਸੀ.ਬੀ.ਆਈ. ਦੀ ਅਦਾਲਤ ਵਲੋਂ ਸੂਬੇ ਦੇ ਸਾਬਕਾ ਪੁਲਿਸ ਮੁਖੀ ਐਸ.ਪੀ.ਐਸ. ਰਾਠੌਰ ਨੂੰ ਦਿੱਤੀ ਗਈ ਬੇਹੱਦ ਮਾਮੂਲੀ 6 ਮਹੀਨੇ ਦੀ ਸਜ਼ਾ ਨੇ ਸਿਆਸੀ, ਪ੍ਰਸ਼ਾਸਨ ਤੇ ਪੁਲਿਸ ਤੰਤਰ ਦੀ ਦੇਸ਼ 'ਚ ਚੱਲ ਰਹੀ ਮਿਲੀ ਭੁਗਤ 'ਤੇ ਜਿਥੇ ਤਿੱਖੇ ਸਵਾਲ ਸੁੱਟੇ ਹਨ ਉਥੇ ਨਿਆਂ ਮਿਲਣ ਦੀ ਸੁਸਤ ਰਫ਼ਤਾਰ ਵੀ ਚਰਚਾ 'ਚ ਆਈ ਹੈ।

ਛੇੜਖਾਨੀ ਦੇ ਦੋਸ਼ 'ਚ ਰਾਠੌਰ ਨੂੰ ਘੱਟ ਸਜ਼ਾ ਸੁਣਾਏ ਜਾਣ 'ਤੇ ਉਠੇ ਵਾਵੇਲੇ ਕਾਰਨ ਕੇਂਦਰ ਤੇ ਹਰਿਆਣਾ ਸਰਕਾਰ ਹਰਕਤ 'ਚ ਆਏ ਹਨ। ਰੁਚਿਕਾ ਮਾਮਲੇ ਵਿਚ ਵਧਦੇ ਦਬਾਅ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਸਾਬਕਾ ਪੁਲਿਸ ਮੁਖੀ ਨੂੰ ਉਨ੍ਹਾਂ ਤੋਂ ਪੁਲਿਸ ਤਮਗਾ ਵਾਪਸ ਲੈਣ ਅਤੇ ਪੈਨਸ਼ਨ 'ਚ ਕਟੌਤੀ ਕਰਨ ਸਬੰਧੀ ਕਾਰਨ ਦੱਸੋਂ ਨੋਟਿਸ ਜਾਰੀ ਕੀਤਾ ਹੈ ਉਥੇ ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਨੇ ਵੀ ਪੂਰੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਉਧਰ ਰਾਠੌਰ ਨੂੰ ਬਚਾਉਣ ਅਤੇ ਸ਼ਹਿ ਦੇਣ ਦੇ ਦੋਸ਼ੀ ਸਮਝੇ ਜਾਂਦੇ ਹਰਿਆਣਾ ਦੇ ਸਿਆਸਤਦਾਨ ਇਕ ਦੂਜੇ ਵਿਰੁਧ ਦੂਸ਼ਣਬਾਜ਼ੀ ਕਰਕੇ ਖ਼ੁਦ ਨੂੰ ਬੇਗੁਨਾਹ ਸਾਬਤ ਕਰਨ ਦੇ ਯਤਨਾਂ 'ਚ ਹਨ। ਪੀੜਤ ਪਰਿਵਾਰ ਨੇ ਸਰਵਉਚ ਅਦਾਲਤ ਵਿਚ ਪਟੀਸ਼ਨ ਪਾ ਕੇ ਹਰਿਆਣਾ ਦੇ ਸਾਬਕਾ ਪੁਲਿਸ ਮੁਖੀ ਖ਼ਿਲਾਫ ਖ਼ੁਦਕੁਸ਼ੀ ਲਈ ਮਜ਼ਬੂਰ ਕਰਨ ਦੀ ਧਾਰਾ ਜੋੜਨ ਦੀ ਮੰਗ ਕਰਨ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਛੇੜਖਾਨੀ ਦੀ ਘਟਨਾ ਤੋਂ ਤਿੰਨ ਸਾਲ ਮਗਰੋਂ ਰੁਚਿਕਾ ਨੇ ਖ਼ੁਦਕੁਸ਼ੀ ਕਰ ਲਈ ਸੀ। ਪਰੰਤੂ ਆਪਣੇ ਰਸੂਖ ਦੀ ਵਰਤੋਂ ਕਰ ਕੇ ਰਾਠੌਰ ਖ਼ੁਦਕੁਸ਼ੀ ਦਾ ਕਾਰਨ ਬਣਨ ਦੇ ਜੁਰਮ ਤੋਂ ਆਪਣੇ ਆਪ ਨੂੰ ਬਚਾ ਗਿਆ ਸੀ। ਸੀ ਬੀ ਆਈ ਦੇ ਇਕ ਅਧਿਕਾਰੀ ਨੇ ਇਹ ਬਿਆਨ ਦੇ ਕੇ ਇਸ ਘਟਨਾਕ੍ਰਮ ਨੂੰ ਨਵਾਂ ਮੋੜ ਦੇ ਦਿੱਤਾ ਹੈ ਕਿ ਉਸਨੇ ਰੁਚਿਕਾ ਕਾਂਡ ਦੀ ਜਾਂਚ ਤੋਂ ਬਾਅਦ ਰਾਠੌਰ ਵਿਰੁਧ ਦੰਡ ਵਿਧਾਨ ਦੀ ਧਾਰਾ 306 ਤਹਿਤ ਕਿਸੇ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਦੋਸ਼ ਮਿਥਿਆ ਸੀ ਪਰ ਸੀਨੀਅਰ ਅਧਿਕਾਰੀਆਂ ਨੇ ਇਹ ਦੋਸ਼ ਰੱਦ ਕਰ ਦਿਤਾ। ਜ਼ਿਕਰਯੋਗ ਹੈ ਕਿ ਜੇ ਕਿਸੇ ਵਿਅਕਤੀ 'ਤੇ ਕਿਸੇ ਨਾਬਾਲਗ ਨੂੰ ਖ਼ੁਦਕੁਸ਼ੀ





*(ਬਾਕੀ ਸਫਾ 10 ਉਤੇ)*

# ਬੇਕਰਜ਼ਫੀਲਡ ਵਿਚ ਦੋ ਬੰਦੇ ਕਤਲ, ਇਕ ਜ਼ਖਮੀ

## ਕਲਜੁਗੀ ਭਰਾ ਨੇ ਕੀਤਾ ਭਰਾ ਦਾ ਕਤਲ



*ਜਿਗਰੀ ਯਾਰ-ਮੋਤੀ ਲਾਲ ਅਤੇ ਬਲਵਿੰਦਰ ਸਿੰਘ*

**ਬੇਕਰਜ਼ੀਫਲਡ (ਮਨਦੀਪ ਮਾਨ):** 25 ਦਸੰਬਰ ਨੂੰ ਜਦੋਂ ਸਾਰੀ ਦੁਨੀਆਂ ਕ੍ਰਿਸਮਿਸ ਦੇ ਜਸ਼ਨ ਮਨਾ ਰਹੀ ਸੀ ਤਾਂ ਬੇਕਰਜ਼ਫੀਲਡ ਸ਼ਹਿਰ ਦਾ ਸਮੁੱਚਾ ਪੰਜਾਬੀ ਭਾਈਚਾਰਾ ਮਾਤਮ ਮਨਾ ਰਿਹਾ ਸੀ। ਇਸ ਦਿਨ ਨਰਿੰਦਰ ਬਿੱਲਾ ਨਾਂ ਦੇ ਇਕ ਵਿਅਕਤੀ ਦਾ ਖ਼ੂਨ ਸਫੇਦ ਹੋ ਗਿਆ ਅਤੇ ਉਸਨੇ ਦੁਪਹਿਰ ਬਾਰਾਂ ਵਜੇ ਦੇ ਕਰੀਬ ਆਪਣੇ ਦੇਵਤਾ ਸਰੂਪ ਸਕੇ ਭਰਾ ਮੋਤੀ ਲਾਲ ਅਤੇ ਉਸ ਦੇ ਬਿਜਨਸ ਭਾਈਵਾਲ ਬਲਵਿੰਦਰ ਸਿੰਘ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਜਦੋਂਕਿ ਮੀਕਾ ਸਿੰਘ ਮੰਡੇਰ ਉਰਫ ਫੌਜੀ ਨਾਂ ਦੇ ਇਕ ਤੀਜੇ ਵਿਅਕਤੀ ਨੂੰ ਫੱਟੜ ਕਰ ਦਿੱਤਾ। ਚਾਕੂ ਦੇ ਜ਼ਖਮਾਂ ਨਾਲ ਬਲਵਿੰਦਰ ਸਿੰਘ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਮੋਤੀ ਲਾਲ ਹਸਪਤਾਲ ਜਾਂਦਿਆਂ ਰਾਹ ਵਿਚ ਪੂਰਾ ਹੋ ਗਿਆ। ਕਿਸੇ ਪੰਜਾਬੀ ਦੇ ਹੱਥੋਂ ਕਿਸੇ ਹੋਰ ਪੰਜਾਬੀ ਦੇ ਕਤਲ ਦੀ ਬੇਕਰਜ਼ਫੀਲਡ ਵਿਚ ਇਹ ਪਹਿਲੀ

*(ਬਾਕੀ ਸਫਾ 6 ਉਤੇ)*

Delo
Mobil Delvac
GILL EXPRESS
ROTELLA T
WASH, TIRE & REPAIR



CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ



Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਅਮੈਰਿਕਨ ਗੁਰਦੁਆਰਾ ਕੌਂਸਲ

# ਗੁਰਦੁਆਰਾ ਸਾਹਿਬ ਦਸ਼ਮੇਸ਼ ਅਕੈਡਮੀ

**Gurdwara Sahib Dashmesh Academy, 8300 East Roy Road, Indianapolis, IN 46219**

## ਗੁਰੂ ਪਿਆਰੀ ਸਾਧ ਸੰਗਤ ਜੀ ਆਪ ਨੂੰ ਨਵੇਂ ਸਾਲ 2010 ਅਤੇ ਸਰਬੰਸਦਾਨੀ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ

# ਲੱਖ ਲੱਖ ਵਧਾਈ

ਸ੍ਰੀ ਦਸ਼ਮੇਸ਼ ਪਿਤਾ ਦੇ ਗੁਰਪੁਰਬ ਦੀ ਖੁਸ਼ੀ ਵਿਚ ਗੁਰਦੁਆਰਾ ਸਾਹਿਬ ਦਸ਼ਮੇਸ਼ ਅਕੈਡਮੀ, ਇੰਡੀਅਨਐਪੋਲਿਸ (ਇੰਡੀਆਨਾ) ਵਿਖੇ 1 ਜਨਵਰੀ ਤੋਂ 10 ਜਨਵਰੀ 2010 ਤੱਕ ਮਹਾਨ ਕੀਰਤਨ ਸਮਾਗਮ ਹੋਵੇਗਾ ਜਿਸ ਵਿਚ ਪੰਥ ਦਾ ਪ੍ਰਸਿਧ ਕੀਰਤਨੀ ਜਥਾ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇਵਾਲੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ 1 ਜਨਵਰੀ 2010 ਤੋਂ ਹਰ ਰੋਜ਼ ਸ਼ਾਮ ਦੇ ਦੀਵਾਨ ਵਿਚ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਅਨੰਦ ਮਾਣੋ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਆਓ ਸਭ ਸਿੱਖ ਸੰਗਤਾਂ ਰਲ ਮਿਲ ਕੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਈਏ ਜਿਨ੍ਹਾਂ ਨੇ ਖਾਲਸਾ ਪੰਥ ਲਈ ਆਪਣਾ ਸਾਰਾ ਸਰਬੰਸ ਵਾਰਿਆ।

## ਪ੍ਰੋਗਰਾਮਾਂ ਦਾ ਵੇਰਵਾ (1 ਜਨਵਰੀ ਤੋਂ 10 ਜਨਵਰੀ 2010 ਤੱਕ)

ਪਹਿਲੀ ਜਨਵਰੀ ਤੋਂ 10 ਜਨਵਰੀ ਤੱਕ
ਹਰ ਰੋਜ਼ ਸ਼ਾਮ ਨੂੰ 6 ਤੋਂ 8:30 ਵਜੇ ਤੱਕ

## ਕੀਰਤਨ ਸਮਾਗਮ

ਪਾਠ ਰਹਿਰਾਸ ਸਾਹਿਬ 6 ਤੋਂ 6:30 ਤੱਕ
ਬੱਚਿਆਂ ਦੇ ਜਥੇ ਦਾ ਕੀਰਤਨ ਸ਼ਾਮ 6:30 ਤੋਂ 7
ਬੀਬੀ ਬਲਜੀਤ ਕੌਰ ਖਾਲਸਾ 7 ਤੋਂ 8 ਵਜੇ ਤੱਕ
ਅਰਦਾਸ ਤੇ ਸਮਾਪਤੀ 8:30 ਵਜੇ

*ਐਤਵਾਰ ਦੇ ਦੀਵਾਨ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੋਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਲੰਗਰ ਦੀ ਸੇਵਾ ਵਿਚ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

### ਹੋਰ ਜਾਣਕਾਰੀ ਲਈ ਫੋਨ ਕਰੋ

ਭਾਈ ਬਲਬੀਰ ਸਿੰਘ ਟੁੱਟ 317-702-5051
ਭਾਈ ਕਾਬਲ ਸਿੰਘ 281-222-6951
ਭਾਈ ਕਰਮਜੀਤ ਸਿੰਘ 916-416-4384
ਭਾਈ ਮੁਖਤਿਆਰ ਸਿੰਘ 916-826-2528
ਭਾਈ ਜੋਗਿੰਦਰ ਸਿੰਘ 317-363-3351
ਭਾਈ ਮਨਜੀਤ ਸਿੰਘ 317-522-6222

### ਜਾਰੀ ਕਰਤਾ:ਦਸ਼ਮੇਸ਼ ਅਕੈਡਮੀ ਦੇ ਡਾਇਰੈਕਟਰ



ਭਾਈ ਬਲਬੀਰ ਸਿੰਘ ਟੁੱਟ



ਭਾਈ ਕਾਬਲ ਸਿੰਘ



ਭਾਈ ਰਾਮ ਸਿੰਘ



ਭਾਈ ਬਲਦੇਵ ਸਿੰਘ ਮੱਟੂ



ਭਾਈ ਗੁਰਮੇਲ ਸਿੰਘ ਖਾਲਸਾ

ੴ ਸਤਿਗੁਰ ਪ੍ਰਸਾਦਿ

ਕਲਿਯੁਗ ਮਾਹਿ ਭਯੋ ਗੁਰ ਦਸਵੇਂ, ਜਾ ਸਮ ਦੂਸਰ ਔਰ ਨਾ ਕੋਈ।
ਰਿੱਧ ਸਿੱਧ ਦੋਊ ਦਰ ਠਾਢੇ, ਨ੍ਰਿਸ ਬਾਸਰ ਤਿੰਹ ਆਗਯਾ ਜੋਈ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ

# ਲੱਖ ਲੱਖ ਵਧਾਈ



ਸ. ਦੀਦਾਰ ਸਿੰਘ ਬੈਂਸ

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2010 ਮੁਬਾਰਕ! ਪਰਮਾਤਮਾ ਕਰੇ ਨਵਾਂ ਸਾਲ ਸਭਨਾਂ ਲਈ ਖੁਸ਼ਹਾਲੀ ਤੇ ਖੇੜੇ ਲੈ ਕੇ ਆਵੇ

**ਦੀਦਾਰ ਸਿੰਘ ਬੈਂਸ, ਫੋਨ:530-682-3939**
**ਯੂਬਾ ਸਿਟੀ, ਕੈਲੀਫੋਰਨੀਆ**

# ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਸ਼ਹੀਦੀ ਸਮਾਗਮ

**ਬੇਕਰਜ਼ਫੀਲਡ (ਮਨਦੀਪ ਮਾਨ):** ਬੇਕਰਜ਼ਫੀਲਡ ਦੇ ਤਿੰਨ ਪ੍ਰਮੁੱਖ ਘਰਾਂ ਗੁਰਦੁਆਰਾ ਵਿਲਸਨ ਰੋਡ, ਗੁਰਦੁਆਰਾ ਅੰਗਦ ਦਰਬਾਰ ਸਟਾਈਨ ਰੋਡ ਅਤੇ ਗੁਰਦੁਆਰਾ ਪਲਾਂਜ ਰੋਡ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਬਾਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿਚ ਵਿਸ਼ੇਸ਼ ਸ਼ਹੀਦੀ ਸਮਾਗਮ ਕੀਤੇ ਗਏ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਗੁਰਦੁਆਰਾ ਪਲਾਂਜ ਰੋਡ ਵਿਚ ਭਾਰੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੂੰ ਭਾਈ ਸਤਿਮੋਹਨ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਵਿਕਰਮ ਸਿੰਘ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਭਾਈ ਗੁਰਮੀਤ ਸਿੰਘ ਜੱਬਲਪੁਰੀ ਨੇ ਇਸ ਮੌਕੇ ਕਥਾ ਪ੍ਰਵਾਹ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਗੁਰੂ ਘਰ ਵਿਲਸਨ ਰੋਡ ਵਿਖੇ ਸਮਾਗਮ ਦੇ ਪ੍ਰਬੰਧ ਸਿੱਖ ਯੂਥ ਆਫ ਅਮੈਰਿਕਾ ਵਲੋਂ ਕੀਤੇ ਗਏ। ਇਸ ਮੌਕੇ ਭਾਈ ਦਲਜੀਤ ਸਿੰਘ ਖਾਲਸਾ ਅਤੇ ਜਥੇਬੰਦੀ ਦੇ ਹੋਰ ਆਗੂ ਮੌਜੂਦ ਸਨ। ਭਾਈ ਇੰਦਰਜੀਤ ਸਿੰਘ ਖਾਲਸਾ, ਅਕਾਲ ਅਕੈਡਮੀ ਅਨੰਦਪੁਰ ਸਾਹਿਬ ਨੇ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ। ਗੁਰੂ ਘਰ ਦੀ ਸਮੁੱਚੀ ਕਮੇਟੀ ਅਤੇ ਸੰਗਤਾਂ ਨੇ ਇਲਾਹੀ ਬਾਣੀ ਦੇ ਕੀਰਤਨ ਅਤੇ ਕਥਾ ਵਿਆਖਿਆ ਦਾ ਲਾਹਾ ਲਿਆ।

ਗੁਰੂ ਘਰ ਅੰਗਦ ਦਰਬਾਰ ਵਿਖੇ ਫਤਿਹਗੜ੍ਹ ਸਾਹਿਬ ਦੇ ਨਿਵਾਸੀਆਂ ਵਲੋਂ ਸ਼ਹੀਦੀ ਸਮਾਗਮ ਦੇ ਮੌਕੇ ਲਗਾਤਾਰ ਤਿੰਨ ਦਿਨ ਲੰਗਰ ਦੀ ਸੇਵਾ ਕੀਤੀ ਗਈ। ਲੰਗਰ ਦੇ ਪ੍ਰਬੰਧ ਲਾਮਿਸਾਲ ਸਨ ਅਤੇ ਅਨੁਸ਼ਾਸਨ ਦਾ ਖਾਸ ਖਿਆਲ ਰੱਖਿਆ ਗਿਆ। ਇਸ ਮੌਕੇ ਭਾਈ ਜੋਧ ਸਿੰਘ ਅਤੇ ਬੀ ਐਂਡ ਬੀ ਕੰਪਨੀ ਵਾਲੇ ਸੁਖਬੀਰ ਸਿੰਘ ਲਾਲੀ, ਰਵਿੰਦਰ ਸਿੰਘ ਜੰਡਾ, ਗਾਇਕ ਦਲਬੀਰ ਸਿੰਘ, ਭੋਲਾਜੀਤ ਚੀਮਾ, ਗੁਰਜੀਤ ਸਿੰਘ, ਹਰਜਿੰਦਰ ਸਿੰਘ ਗੁਰਮ, ਹਰਬੰਸ ਸਿੰਘ, ਪਰਗਣ ਸਿੰਘ, ਸੋਹਣ ਸਿੰਘ ਚਾਹਲ, ਆਜ਼ਾਦ ਸਿੰਘ, ਆਗਿਆਪਾਲ ਸਿੰਘ, ਗੁਰਮੇਲ ਸਿੰਘ, ਹਰਜਿੰਦਰ ਸਿੰਘ, ਪਿਆਰਾ ਸਿੰਘ, ਬਿੱਟੂ, ਸੋਨੂੰ, ਪੱਪੂ, ਬਿੱਲੂ ਤੋਂ ਇਲਾਵਾ ਹੋਰ ਬਹੁਤ ਸਾਰੇ ਸੱਜਣਾਂ ਨੇ ਸੇਵਾ ਕੀਤੀ।




ਗੁਰਦੁਆਰਾ ਪਲਾਂਜ ਰੋਡ 'ਚ ਕੀਰਤਨ ਕਰਦਾ ਹੋਇਆ ਕੀਰਤਨੀ ਜਥਾ



ਫਤਿਹਗੜ੍ਹ ਸਾਹਿਬ ਦੇ ਨਿਵਾਸੀਆਂ ਸ਼ਹੀਦੀ ਸਮਾਗਮ ਮੌਕੇ ਗੁਰੂਘਰ ਅੰਗਦ ਦਰਬਾਰ 'ਚ

# ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ 'ਚ ਸਰਬਸੰਮਤੀ ਨਾਲ ਚਾਰ ਮੈਂਬਰ ਲਏ



*ਭਾਈ ਤੱਖਰ, ਭਾਈ ਬੈਣੀਵਾਲ, ਭਾਈ ਕਲਸੀ, ਭਾਈ ਤੀਰ ਤੇ ਨਰਿੰਦਰਪਾਲ ਸਿੰਘ*

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕੀ ਕਮੇਟੀ ਵਲੋਂ ਲੰਘੇ ਐਤਵਾਰ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿਚ ਸਰਬਸੰਮਤੀ ਨਾਲ ਚਾਰ ਮੈਂਬਰ-ਭਾਈ ਸੁਖਦੇਵ ਸਿੰਘ ਬੈਣੀਵਾਲ, ਗੁਰਦੇਵ ਸਿੰਘ ਤੀਰ, ਨਰਿੰਦਰਪਾਲ ਸਿੰਘ ਅਤੇ ਗੁਰਦੇਵ ਸਿੰਘ ਕਲਸੀ ਨੂੰ ਲਿਆ ਗਿਆ ਹੈ।

ਭਾਈ ਸੁਖਦੇਵ ਸਿੰਘ ਬੈਣੀਵਾਲ ਨੂੰ ਭਾਈ ਜੀਤ ਸਿੰਘ ਬੈਣੀਵਾਲ ਦੀ ਥਾਂ ਉਨ੍ਹਾਂ ਵਲੋਂ ਕਮੇਟੀ ਵਿਚੋਂ ਅਸਤੀਫਾ ਦਿਤੇ ਜਾਣ ਕਾਰਨ ਲਿਆ ਗਿਆ ਹੈ। ਪ੍ਰਬੰਧਕ ਕਮੇਟੀ ਵਿਚ ਭਾਈ ਮਹਿੰਦਰ ਸਿੰਘ ਤੱਖਰ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

# ਵੀਜ਼ਾ ਸ਼ਰਤਾਂ ਵਿਚ ਢਿੱਲ ਨਹੀਂ ਦੇਵੇਗਾ ਭਾਰਤ

**ਨਵੀਂ ਦਿੱਲੀ:** ਅਮਰੀਕਾ ਤੇ ਬਰਤਾਨੀਆ ਜਿਹੇ ਦੇਸ਼ਾਂ ਵਲੋਂ ਇਤਰਾਜ਼ ਕੀਤੇ ਜਾਣ ਦੇ ਬਾਵਜੂਦ ਸਰਕਾਰ ਨੇ ਨਵੀਆਂ ਵੀਜ਼ਾ ਸ਼ਰਤਾਂ ਵਿਚ ਕੋਈ ਢਿੱਲ ਦੇਣ ਤੋਂ ਨਾਂਹ ਕਰਦਿਆਂ ਬੀਤੀ 28 ਦਸੰਬਰ ਨੂੰ ਕਿਹਾ ਕਿ ਦੇਸ਼ ਦੇ ਸੁਰੱਖਿਆ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਦਹਿਸ਼ਤੀ ਹਮਲਿਆਂ ਤੋਂ ਬਾਅਦ ਅਮਰੀਕਾ ਤੇ ਬਰਤਾਨੀਆ ਜਿਹੇ ਕੁਝ ਦੇਸ਼ਾਂ ਵਲੋਂ ਵੀਜ਼ਾ ਨਿਯਮਾਂ ਵਿਚ ਕੀਤੀਆਂ ਤਬਦੀਲੀਆਂ ਦਾ ਹਵਾਲਾ ਦਿੰਦੇ ਹੋਏ ਕੁਝ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਬਾਰੇ ਨੀਤੀਆਂ ਘੜਨ ਦਾ ਕੰਮ ਗ੍ਰਹਿ ਮੰਤਰਾਲੇ 'ਤੇ ਛੱਡ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਬਰਤਾਨੀਆ ਸਮੇਤ ਹੋਰ ਕਿਸੇ ਵੀ ਦੇਸ਼ ਤੋਂ ਸਰਕਾਰ ਨੂੰ ਨਵੀਆਂ ਵੀਜ਼ਾਂ ਸ਼ਰਤਾਂ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ।

ਵਾਸ਼ਿੰਗਟਨ ਨੇ ਇਸ ਸਬੰਧੀ ਕੁਝ ਸਪਸ਼ਟੀਕਰਨ ਮੰਗੇ ਸਨ, ਜੋ ਦੇ ਦਿੱਤੇ ਗਏ ਹਨ। ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਜਦੋਂ ਭਾਰਤ ਵਿਚ ਸਥਿਤ ਵਿਚ ਕਿਸੇ ਵਿਦੇਸ਼ੀ ਮਿਸ਼ਨ ਵਲੋਂ ਵੀਜ਼ਾ ਸ਼ਰਤਾਂ ਬਾਰੇ ਸਪਸ਼ਟੀਕਰਨ ਮੰਗਿਆ ਜਾਂਦਾ ਹੈ ਤਾਂ ਉਸਨੂੰ ਸਾਫ ਕਰ ਦਿੱਤਾ ਜਾਂਦਾ ਹੈ ਕਿ ਦੇਸ਼ ਵਿਚ ਆਉਣ ਵਾਲੇ ਸੈਲਾਨੀਆਂ ਬਾਰੇ ਚਿੰਤਾ ਕਰਨ ਦੀ ਜ਼ਿੰਮੇਵਾਰੀ ਭਾਰਤ ਦੀ ਹੈ। ਕਿਸੇ ਹੋਰ ਨੂੰ ਇਸ ਬਾਰੇ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ।

ਨਵੀਆਂ ਵੀਜ਼ਾ ਸ਼ਰਤਾਂ ਮੁਤਾਬਕ ਅਜਿਹਾ ਕੋਈ ਵੀ ਸੈਲਾਨੀ, ਜਿਸ ਕੋਲ 180 ਦਿਨ ਦਾ ਵੀਜ਼ਾ ਹੈ, ਦੋ ਮਹੀਨੇ ਦਾ ਸਮਾਂ ਪੂਰਾ ਕਰਨ ਤੋਂ ਪਹਿਲਾਂ ਦੇਸ਼ ਨਹੀਂ ਪਰਤ ਸਕਦਾ। ਇਹ ਸ਼ਰਤਾਂ ਕਈ ਪਹਿਲੂਆਂ ਨੂੰ ਵਿਚਾਰਨ ਅਤੇ ਦੇਸ਼ ਦੀ ਸੁਰਖਿਆ ਨੂੰ ਮੁੱਖ ਰੱਖਦਿਆਂ ਲਾਗੂ ਕੀਤੀਆਂ ਗਈਆਂ ਹਨ।

ਹੈਡਲੀ ਮਾਮਲੇ 'ਚ ਨਵਾਂ ਮੋੜ: ਹੈਡਲੀ ਮਾਮਲੇ ਵਿਚ ਉਦੋਂ ਨਵਾਂ ਮੋੜ ਆ ਗਿਆ ਜਦੋਂ ਇਹ ਪਤਾ ਲੱਗਿਆ ਕਿ ਭਾਰਤ ਵਿਚ ਅਤਿਵਾਦੀ ਹਮਲੇ ਕੀਤੇ ਜਾਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਗਏ ਅਮਰੀਕੀ ਨਾਗਰਿਕ ਦੇ ਇਕ ਹੋਰ ਅਜਿਹੇ ਅਮਰੀਕੀ ਨਾਲ ਸਬੰਧ ਸਨ ਜੋ ਸੈਲਾਨੀ ਵੀਜ਼ੇ 'ਤੇ ਪਿਛਲੇ 9 ਸਾਲ ਤੋਂ ਦੇਸ਼ ਵਿਚ ਰਹਿੰਦਿਆਂ ਮਸਾਜ ਪਾਰਲਰ ਚਲਾ ਰਿਹਾ ਸੀ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੌਮੀ ਜਾਂਚ ਏਜੰਸੀ ਨੂੰ ਪੜਤਾਲ ਦੌਰਾਨ ਇਹ ਪਤਾ ਲੱਗਿਆ ਕਿ ਡੇਵਿਡ ਹੈਡਲੀ ਨੇ ਮੋਰਾਕੋ ਵਾਸੀ ਆਪਣੀ ਪ੍ਰੇਮਿਕਾ ਰਾਹੀਂ ਇਕ ਅਮਰੀਕੀ ਤੇ ਉਸ ਦੀ ਸਾਥਣ ਨਾਲ ਸੰਪਰਕ ਬਣਾਇਆ ਹੋਇਆ ਸੀ। ਬਾਅਦ ਵਿਚ ਇਹ ਅਮਰੀਕੀ ਗੋਆ ਵਿਚ ਦੇਖਿਆ ਗਿਆ ਜਦੋਂ ਉਸਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਹ ਪਿਛਲੇ 9 ਸਾਲਾਂ ਤੋਂ ਭਾਰਤ ਵਿਚ ਰਹਿ ਰਿਹਾ ਹੈ। ਕੌਮੀ ਜਾਂਚ ਏਜੰਸੀ ਦੇ ਅਧਿਕਾਰੀਆਂ ਨੇ ਜਦੋਂ ਇਸ ਅਮਰੀਕੀ ਤੇ ਉਸ ਦੇ ਸਾਥਣ ਤੋਂ ਪੜਤਾਲ ਕੀਤੀ ਤਾਂ ਉਹ ਮੰਨਿਆ ਕਿ ਉਹ ਮੋਰਾਕੋ ਵਾਸੀ ਔਰਤ ਨੂੰ ਜਾਣਦੇ ਹਨ।


## ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥

ਅਤੀ ਦੁਖੀ ਹਿਰਦੇ ਨਾਲ ਆਪ ਸਭ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਾਡੇ ਬਹੁਤ ਹੀ ਪਿਆਰੇ

**ਸ੍ਰੀ ਮੋਤੀ ਲਾਲ ਜੀ ਅਤੇ ਸ: ਬਲਵਿੰਦਰ ਸਿੰਘ ਜੀ**

ਸਾਨੂੰ ਸਭ ਨੂੰ ਰੋਂਦਾ ਵਿਲਕਦਾ ਛੱਡ ਕੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਜਾ ਨਿਵਾਜੇ ਹਨ । ਆਪ ਦੋਵੇਂ ਦਾ ਅੰਤਿਮ ਸਸਕਾਰ ਬਸ਼ਮ ਫਿਊਨਰਲ ਹੋਮ (3312 ਨਾਈਲਜ਼ ਸਟਰੀਟ), ਬੇਕਰਸਫੀਲਡ ਕੈਲੇਫੋਰਨੀਆ ਵਿਖੇ ਹੋਵੇਗਾ । ਉਪਰੰਤ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ ਇਕ ਵਜੇ ਗੁਰਦੁਆਰਾ ਵਿਲਸਨ ਰੋਡ ਵਿਖੇ ਹੋਣਗੇ ।

**ਦੁਖੀ ਹਿਰਦੇ ਨਾਲ :**



ਸ੍ਰੀ ਮੋਤੀ ਲਾਲ

ਧਰਮਪਤਨੀ : ਸੁਦੇਸ਼ ਕੁਮਾਰੀ
ਪੁੱਤਰ : ਗੁਲਸ਼ਨ ਕੁਮਾਰ
ਪੁੱਤਰ : ਅਨਿਲ ਕੁਮਾਰ
ਪੁੱਤਰ : ਧੀਰਜ ਕੁਮਾਰ

661-205-1890
661-487-7579

ਧਰਮਪਤਨੀ : ਕੁਲਵਿੰਦਰ ਕੌਰ
ਪੁੱਤਰ : ਸੰਦੀਪ ਸਿੰਘ ਸੁਨਰ
ਪੁੱਤਰ : ਪ੍ਰਦੀਪ ਸਿੰਘ ਸੁਨਰ

661-319-1101
949-291-3418



ਸ: ਬਲਵਿੰਦਰ ਸਿੰਘ

**DIRECTIONS**

From Highway 99
Take **CA-58 E** toward **FREEWAY EAST** - go **3.6** mi
Take the **OSWELL ST** exit - go **0.3** mi
Turn Left on **S OSWELL ST** - go **1.7** mi
Turn Right on **NILES ST** -
Arrive at **3312 NILES ST, BAKERSFIELD,** on the Left

From 58 West
Take **CA-58 W** toward **FREEWAY EAST** - go **3.6** mi
Take the **OSWELL ST** exit - go **0.3** mi
Turn Right on **S OSWELL ST** - go **1.7** mi
Turn Right on **NILES ST** -
Arrive at **3312 NILES ST, BAKERSFIELD,** on the Left


INDIA
CALL ਕਾਲ ਕਰਨ ਲਈ
ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ
SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ
ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ
1-800-914-1013


ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ
ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ
QUORION POS SYSTEM: Q TOUCH 2, CONCERTO. www.quorion.de
For Convenience Store, Billiar Clube, Pizza Parlors
Fine Dinning, Fast Food
INTERFACE WITH SCALE
BUILT IN CREDIT CARD READER
Touch Screen
with linux
QUORION
No Windows
No Fans
No Hard Drive to Crash
No Freezing
No Heating up
No Moving Parts
No Headaches
User Friendly
Think of Speed and Quality
Think of Made in Germany
www.posmb.us
Sharp ER A-450T for $399.00+Tax Factory Drop Ship
And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.
Free Training and 12 months of Free Technical Support for every Complete POS System.
ਕਾਲ ਕਰੋ: 916-216-4200
Arvinder Sandhu (Tony)
Designed by: QUIK SIGNS 661-703-8795, 661-900-7357


DOES WORRIES KEEPING YOU AWAKE!!
WATCH YOUR BUSINESS ANY PLACE ANY TIME
We Install Anywhere in california
We have Wide Range of Quality Cameras
We Have Professional Technicians.
Customer Satisfaction Is Our Priority.
INTEREST FREE LOAN FOR ONE YEAR (for qualifying customers only)
FREE
CASH REGISTER INTERFACE WITH PURCHASE OF OUR DVR SYSTEM
FOR FREE ESTIMATES CALL US TODAY!!
1.800.780.0032
WWW.DVRUNLIMITED.COM

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 75 ਡਾਲਰ,
ਪੰਜ ਸਾਲ ਲਈ: 350 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਕਰਜ਼ਫੀਲਡ ਵਿਚ ਦੋ ਬੰਦੇ ਕਤਲ, ਇਕ ਜ਼ਖਮੀ

ਵਾਰਦਾਤ ਹੈ ਅਤੇ ਇਸ ਨੇ ਇਥੋਂ ਦੇ ਪੰਜਾਬੀ ਭਾਈਚਾਰੇ ਨੂੰ ਸਕਤੇ ਵਿਚ ਲਿਆਂਦਾ ਹੋਇਆ ਹੈ।

ਪੁਲਿਸ ਅਤੇ ਚਸ਼ਮਦੀਦ ਗਵਾਹਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮੋਤੀ ਲਾਲ ਅਤੇ ਬਲਵਿੰਦਰ ਸਿੰਘ ਆਪਣੇ ਆਈਸ ਕਰੀਮ ਦੇ ਵੇਅਰਹਾਊਸ ਵਿਚ ਰੋਜ਼ਾਨਾ ਦੀ ਤਰ੍ਹਾਂ ਕੰਮ ਕਰ ਰਹੇ ਸਨ ਕਿ ਅਚਾਨਕ ਉਥੇ ਮੋਤੀ ਲਾਲ ਦਾ ਵੱਡਾ ਭਰਾ ਬਿੱਲਾ ਆਪਣਾ ਆਈਸ ਕਰੀਮ ਦਾ ਟਰੱਕ ਲੈ ਕੇ ਆ ਗਿਆ। ਉਸ ਦੇ ਮੋਢਿਆਂ ਉਤੇ ਦੋ ਥੈਲੇ ਸਨ ਅਤੇ ਆਉਂਦਿਆਂ ਹੀ ਤੁਰੰਤ ਅੰਦਰ ਚਲਾ ਗਿਆ। ਉਸ ਦੇ ਪਿਛੇ ਇਕ ਆਈਸ ਕਰੀਮ ਲੈਣ ਆਇਆ ਗਾਹਕ ਜੁਗਰਾਜ ਸਿੰਘ ਵੀ ਅੰਦਰ ਚਲਾ ਗਿਆ ਅਤੇ ਥੋੜ੍ਹੀ ਦੇਰ ਬਾਅਦ ਹੀ ਉਹ ਰੌਲਾ ਪਾਉਂਦਾ ਬਾਹਰ ਆ ਗਿਆ ਕਿ ਬਿੱਲੇ ਨੇ ਆਪਣੇ ਭਰਾ ਮੋਤੀ ਲਾਲ ਦੇ ਚਾਕੂ ਮਾਰ ਦਿੱਤਾ। ਇਹ ਸੁਣ ਕੇ ਵੇਅਰਹਾਊਸ ਦੇ ਬਾਹਰਲੇ ਵਿਹੜੇ ਵਿਚ ਮੌਜੂਦ ਬਲਵਿੰਦਰ ਸਿੰਘ ਅਤੇ ਮੀਕਾ ਸਿੰਘ ਮੰਡੇਰ ਮੋਤੀ ਲਾਲ ਨੂੰ ਬਚਾਉਣ ਲਈ ਅੰਦਰ ਵੱਲ ਦੌੜੇ। ਅੰਦਰ ਬਲਵਿੰਦਰ ਸਿੰਘ ਤੇ ਮੀਕਾ ਸਿੰਘ ਨੇ ਬਿੱਲੇ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਸ ਪਾਸੋਂ ਚਾਕੂ ਖੋਹ ਲਿਆ। ਇਸ ਹੱਥੋਪਾਈ ਵਿਚ ਮੀਕਾ ਸਿੰਘ ਦੇ ਸੱਜੇ ਹੱਥ ਉਪਰ ਚਾਕੂ ਵੱਜ ਗਿਆ। ਇਸੇ ਦੌਰਾਨ ਮੋਤੀ ਲਾਲ ਨੇ ਜ਼ਖਮੀ ਹਾਲਤ ਵਿਚ ਹੀ ਪੁਲਿਸ ਨੂੰ ਫੋਨ ਕਰ ਦਿੱਤਾ।

ਇਸ ਤੋਂ ਪਹਿਲਾਂ ਕਿ ਮੋਤੀ ਲਾਲ ਅਤੇ ਬਲਵਿੰਦਰ ਸੰਭਲਦੇ, ਬਿੱਲੇ ਨੇ ਥੈਲੇ ਵਿਚੋਂ ਇਕ ਹੋਰ ਚਾਕੂ ਕੱਢ ਕੇ ਬਲਵਿੰਦਰ ਸਿੰਘ ਦੇ ਮਾਰ ਦਿੱਤਾ। ਬਲਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਥਿਤ ਕਾਤਲ ਨੇ ਮੀਕਾ ਸਿੰਘ ਨੂੰ ਵੀ ਸਬੂਤ ਮਿਟਾਉਣ ਲਈ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਮੀਕਾ ਸਿੰਘ ਨੇ ਭੱਜ ਕੇ ਜਾਨ ਬਚਾਈ। ਇਸ ਸਮੇਂ ਤੱਕ ਐਂਬੂਲੈਂਸ ਅਤੇ ਪੁਲਿਸ ਵੀ ਪਹੁੰਚ ਚੁਕੀ ਸੀ। ਜ਼ਖਮੀ ਮੋਤੀ ਲਾਲ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਮੁਲਜ਼ਮ ਨਰਿੰਦਰ ਬਿੱਲੇ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਉਸ ਦੇ ਚਿਹਰੇ ਉਤੇ ਕੋਈ ਮਲਾਲ ਨਹੀਂ ਸੀ ਅਤੇ ਉਸ ਨੂੰ ਪੁਲਿਸ ਨੂੰ ਇਹ ਦੱਸਦਿਆਂ ਸੁਣਿਆ ਗਿਆ, 'ਆਈ ਕਿਲਡ ਮਾਈ ਬ੍ਰਦਰ।' ਮੁਲਜ਼ਮ ਬਿੱਲਾ 62 ਸਾਲ ਦਾ ਹੈ।

ਮੋਤੀ ਲਾਲ 53 ਸਾਲ ਦਾ ਸੀ ਅਤੇ ਜਲੰਧਰ ਜ਼ਿਲੇ ਦੇ ਕਸਬਾ ਗੋਰਾਇਆ ਤੋਂ ਸੀ। ਉਹ ਆਪਣੇ ਪਿਛੇ ਪਤਨੀ ਤੋਂ ਇਲਾਵਾ ਤਿੰਨ ਪੁੱਤਰ ਛੱਡ ਗਿਆ ਹੈ ਜਿਨ੍ਹਾਂ ਵਿਚੋਂ ਇਕ ਵਿਆਹਿਆ ਹੋਇਆ ਹੈ। ਜਦੋਂਕਿ ਬਲਵਿੰਦਰ ਸਿੰਘ 54 ਸਾਲ ਦਾ ਸੀ ਅਤੇ ਉਹ ਪੰਜਾਬ ਵਿਚ ਕਸਬਾ ਫਿਲੌਰ ਤੋਂ ਸੀ। ਉਹ ਆਪਣੇ ਪਿਛੇ ਪਤਨੀ ਤੋਂ ਇਲਾਵਾ ਦੋ ਪੁੱਤਰ ਛੱਡ ਗਿਆ ਹੈ ਜਿਨ੍ਹਾਂ ਵਿਚੋਂ ਇਕ ਵਿਆਹਿਆ ਹੋਇਆ ਹੈ। ਬਲਵਿੰਦਰ ਸਿੰਘ ਦਾ ਪਰਿਵਾਰ ਅਜਾਦੀ ਘੁਲਾਟੀਆਂ ਦਾ ਪਰਿਵਾਰ ਹੈ।

ਮੋਤੀ ਲਾਲ ਅਤੇ ਬਲਵਿੰਦਰ ਸਿੰਘ ਦੀ ਦੋਸਤੀ ਦੀਆਂ ਇਥੋਂ ਦੇ ਲੋਕ ਅਕਸਰ ਕਹਾਣੀਆਂ ਪਾਉਂਦੇ ਹਨ। ਇਹ ਦੋਵੇਂ 1985 ਵਿਚ ਇਕੱਠੇ ਹੀ ਅਮਰੀਕਾ ਆਏ ਸਨ ਅਤੇ ਇਕੱਠਿਆਂ ਨੇ ਹੀ ਆਈਸ ਕਰੀਮ ਵੇਚਣ ਦਾ ਕੰਮ 1987 ਵਿਚ ਸ਼ੁਰੂ ਕੀਤਾ। ਜਦੋਂ ਠੰਢ ਕਾਰਨ ਆਈਸ ਕਰੀਮ ਦਾ ਕੰਮ ਘਟ ਜਾਂਦਾ ਤਾਂ ਉਹ ਦੋਵੇਂ ਹੋਰ ਕੰਮ ਲੱਭਣ ਲਈ ਲਾਸ ਏਂਜਲਸ ਚਲੇ ਜਾਂਦੇ। ਇਕ ਵਾਰ ਉਹ ਦੋਵੇਂ ਕਿਸੇ ਸਟੋਰ ਵਾਲੇ ਕੋਲ ਕੰਮ ਮੰਗਣ ਗਏ ਤਾਂ ਸਟੋਰ ਵਾਲੇ ਨੇ ਕਿਹਾ ਕਿ ਮੈਨੂੰ ਸਿਰਫ ਇਕ ਹੀ ਬੰਦੇ ਦੀ ਲੋੜ ਹੈ ਅਤੇ ਮੈਂ ਸਿਰਫ 700 ਡਾਲਰ ਪ੍ਰਤੀ ਮਹੀਨਾ ਹੀ ਦੇ ਸਕਦਾ ਹਾਂ। ਉਨ੍ਹਾਂ ਦੋਵਾਂ ਨੇ ਕਿਹਾ ਕਿ ਕੰਮ ਅਸੀਂ ਦੋਵੇਂ ਹੀ ਕਰਾਂਗੇ ਡਾਲਰ ਭਾਵੇਂ 700 ਹੀ ਦੇ ਦਿਓ। ਅਤੇ ਦੋਵੇਂ 700 ਡਾਲਰ ਵਿਚ ਹੀ ਕੰਮ ਕਰਦੇ ਰਹੇ।

ਜਿਨ੍ਹਾਂ ਲੋਕਾਂ ਦਾ ਮੋਤੀ ਲਾਲ ਨਾਲ ਵਾਹ ਪਿਆ ਹੈ ਉਹ ਕਹਿੰਦੇ ਹਨ ਕਿ ਮੋਤੀ ਲਾਲ ਸੱਚਮੁੱਚ ਹੀ ਇਕ ਲਾਲ ਸੀ ਜਿਸ ਨੇ ਹਮੇਸ਼ਾ ਲੋੜਵੰਦਾਂ ਦੀ ਖੁਲ੍ਹ ਕੇ ਮਦਦ ਕੀਤੀ ਭਾਵੇਂ ਉਹ ਪੰਜਾਬੀ ਸਨ ਜਾਂ ਫਿਰ ਮੈਕਸਿਕਨ ਮੂਲ ਦੇ ਲੋਕ। ਇਥੇ ਆਈਸ ਕਰੀਮ ਦਾ ਕੰਮ ਕਰਦੇ ਪੰਜਾਬੀ ਲੋਕਾਂ ਵਿਚੋਂ ਅੱਧਿਆਂ ਤੋਂ ਵੱਧ ਨੂੰ ਆਈਸ ਕਰੀਮ ਦੇ ਟਰੱਕ ਮੋਤੀ ਲਾਲ ਨੇ ਆਪਣੇ ਹੱਥੀਂ ਪਾ ਕੇ ਦਿੱਤੇ ਅਤੇ ਕਿਹਾ ਬਈ ਜਦ ਪੈਸੇ ਹੋਣ ਤਾਂ ਟਰੱਕ ਦੀ ਕੀਮਤ ਦੇ ਜਾਇਓ, ਉਹ ਵੀ ਬਿਨਾ ਕਿਸੇ ਲਿਖਤ ਪੜ੍ਹਤ ਦੇ। ਕਿਸੇ ਵੀ ਗਾਹਕ ਨੂੰ ਜੇ 5000 ਡਾਲਰ ਤੋਂ ਲੈ ਕੇ ਪੰਜਾਹ ਹਜ਼ਾਰ ਡਾਲਰ ਤੱਕ ਦੀ ਜ਼ਰੂਰਤ ਹੁੰਦੀ ਤਾਂ ਮੋਤੀ ਲਾਲ ਬਿਨਾ ਕਿਸੇ ਕਾਗਜ਼ੀ ਲਿਖਤ ਦੇ ਤੁਰੰਤ ਦੇ ਦਿੰਦਾ।

ਜਦੋਂ ਇਸ ਪੱਤਰਕਾਰ ਨੇ ਉਸ ਦੇ ਕਈ ਗਾਹਕਾਂ ਨਾਲ ਗੱਲ ਕੀਤੀ ਤਾਂ ਸਭ ਨੇ ਰੋਂਦਿਆਂ ਕਿਹਾ ਕਿ ਉਹ ਇਨਸਾਨ ਨਹੀਂ ਦੇਵਤਾ ਸੀ ਜਿਸ ਨੇ ਆਪਣੇ ਪਾਸ ਆਏ ਕਿਸੇ ਲੋੜਵੰਦ ਇਨਸਾਨ ਨੂੰ ਖਾਲੀ ਨਹੀਂ ਸੀ ਮੋੜਿਆ। ਉਸ ਦੇ ਇਕ ਪੁਰਾਣੇ ਸਾਥੀ ਨੇ ਪਰਲ ਪਰਲ ਹੰਝੂ ਵਹਾਉਂਦਿਆਂ ਕਿਹਾ ਕਿ ਮੋਤੀ ਲਾਲ ਵਰਗਾ ਇਨਸਾਨ ਲੱਭਣਾ ਬਹੁਤ ਔਖਾ ਹੈ। ਫਰਿਜ਼ਨੋ ਜੇਲ੍ਹ ਤੋਂ ਮੋਤੀ ਲਾਲ ਦੇ ਇਕ ਪੁਰਾਣੇ ਮਿੱਤਰ ਸੁਖਰਾਜ ਧਾਲੀਵਾਲ ਨੇ ਮੈਨੂੰ ਉਚੇਚਾ ਫੋਨ ਕਰਕੇ ਕਿਹਾ, "ਮੋਤੀ ਲਾਲ ਬੰਦਾ ਨਹੀਂ ਦੇਵਤਾ ਸੀ। ਕਿਹੜਾ ਬੰਦਾ ਜਿਸਦੀ ਉਸਨੇ ਮਦਦ ਨਹੀਂ ਕੀਤੀ? ਖੁਦ ਮੇਰੀ ਉਸਨੇ ਭਰਵੀਂ ਮਦਦ ਕੀਤੀ ਸੀ।" ਮੋਤੀ ਨਾਲ ਗੁਜ਼ਰਿਆ ਸਮਾਂ ਚੇਤੇ ਕਰਦਿਆਂ ਉਸ ਕਿਹਾ ਉਹ ਸਭ ਦਾ ਭਰਾ ਬਣ ਕੇ ਬਹੁੜਿਆ।

ਮੋਤੀ ਲਾਲ ਨੇ ਆਪਣਾ ਵੇਅਰਹਾਊਸ ਆਪਣੇ ਸਕੇ ਭਰਾਵਾਂ ਤੋਂ ਵੱਧ ਪਿਆਰੇ ਦੋਸਤ ਬਲਵਿੰਦਰ ਸਿੰਘ ਨਾਲ ਰਲ ਕੇ 1992 ਵਿਚ ਸ਼ੁਰੂ ਕੀਤਾ ਸੀ ਜੋ ਕਿ ਅੱਜ ਬੇਕਰਜ਼ਫੀਲਡ ਦਾ ਨੰਬਰ ਇਕ ਆਈਸ ਕਰੀਮ ਵੇਅਰਹਾਊਸ ਹੈ। ਕਿਸੇ ਦੇ ਵੀ ਕੋਈ ਸਮਾਗਮ ਖੁਸ਼ੀ ਦਾ ਹੋਵੇ ਜਾਂ ਗਮੀ ਦਾ-ਮੋਤੀ ਲਾਲ ਤੇ ਬਲਵਿੰਦਰ ਇਕੱਠੇ ਹੀ ਜਾਂਦੇ ਸਨ। ਰੱਬ ਦੀ ਲੀਲਾ ਵੇਖੋ ਕਿ ਜ਼ਿੰਦਗੀ ਦੇ ਉਸ ਸਫਰ 'ਤੇ ਵੀ ਦੋਵੇਂ ਇਕੱਠੇ ਚੱਲੇ ਜਿਥੋਂ ਕੋਈ ਮੁੜ ਕੇ ਵਾਪਸ ਨਹੀਂ ਆਉਂਦਾ।

ਬੇਕਰਜ਼ਫੀਲਡ ਪੁਲਿਸ ਦੇ ਜਾਂਚ ਅਧਿਕਾਰੀ ਰਿਚਰਡ ਡਾਸੀ ਅਨੁਸਾਰ ਅਜੇ ਜਾਂਚ ਚੱਲ ਰਹੀ ਹੈ ਪਰ ਇਹ ਕਤਲ ਕਿਸੇ ਡਕੈਤੀ ਜਾਂ ਚੋਰੀ ਦੇ ਮਨਸ਼ੇ ਨਾਲ ਕੀਤੇ ਗਏ ਨਹੀਂ ਜਾਪਦੇ। ਮੋਤੀ ਲਾਲ ਨੂੰ ਨੇੜਿਓਂ ਜਾਣਦੇ ਲੋਕਾਂ ਅਤੇ ਉਸ ਦੇ ਪਰਿਵਾਰ ਦੇ ਸੂਤਰਾਂ ਅਨੁਸਾਰ ਬਿੱਲਾ ਆਪਣੇ ਭਰਾ ਦੀ ਤਰੱਕੀ ਤੋਂ ਖਾਰ ਖਾਂਦਾ ਸੀ ਜਿਸ ਕਰਕੇ ਉਸ ਨੇ ਸ਼ਰਾਬ ਦੇ ਨਸ਼ੇ ਵਿਚ ਇਸ ਘਟਨਾ ਨੂੰ ਅੰਜਾਮ ਦਿੱਤਾ। ਇਹ ਵੀ ਦਿਲਚਸਪ ਹੈ ਕਿ ਬਿੱਲੇ ਨੂੰ ਬੇਕਰਜ਼ਫੀਲਡ ਮੋਤੀ ਲਾਲ ਹੀ ਲੈ ਕੇ ਆਇਆ ਸੀ ਅਤੇ ਉਸ ਨੂੰ ਆਈਸ ਕਰੀਮ ਦਾ ਟਰੱਕ ਆਪਣੇ ਕੋਲੋਂ ਪਾ ਕੇ ਦੇਣ ਤੋਂ ਇਲਾਵਾ ਉਸ ਦੀ ਹੋਰ ਵੀ ਕਈ ਤਰ੍ਹਾਂ ਨਾਲ ਮਦਦ ਕੀਤੀ ਸੀ।

ਮੋਤੀ ਲਾਲ ਤੇ ਬਲਵਿੰਦਰ ਸਿੰਘ ਦਾ ਅੰਤਿਮ ਸੰਸਕਾਰ ਸਨਿਚਰਵਾਰ 2 ਜਨਵਰੀ ਨੂੰ ਸਵੇਰੇ 9 ਤੋਂ 12 ਵਜੇ ਦੇ ਦਰਮਿਆਨ ਇਥੇ ਬਸ਼ਮ ਫਿਊਨਰਲ ਹੋਮ (3312 ਨਾਈਲਜ਼ ਸਟਰੀਟ) ਵਿਚ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ ਇਕ ਵਜੇ ਗੁਰਦੁਆਰਾ ਵਿਲਸਨ ਰੋਡ ਵਿਖੇ ਹੋਣਗੇ। ਦੁਖੀ ਪਰਿਵਾਰਾਂ ਨਾਲ ਸੰਪਰਕ ਫੋਨ 661-205-1890, 661-487-7579 ਅਤੇ 661-319-1101 ਉਤੇ ਕੀਤਾ ਜਾ ਸਕਦਾ ਹੈ।

## ਸਿੱਖ ਨੌਜਵਾਨ ਲਾਪਤਾ

**ਯੂਨੀਅਨ ਸਿਟੀ, ਕੈਲੀਫੋਰਨੀਆ:** ਜਗਮੀਤ ਸਿੰਘ ਸਿੱਧੂ ਨਾਂ ਦਾ ਇਕ 25 ਸਾਲਾ ਨੌਜਵਾਨ 19 ਦਸੰਬਰ ਤੋਂ ਗੁੰਮ ਹੈ। ਉਸ ਦਾ ਕੱਦ ਛੇ ਫੁੱਟ ਅਤੇ ਦਰਮਿਆਨੇ ਸਰੀਰ ਦਾ ਹੈ। ਜਦੋਂ ਉਸ ਨੂੰ ਆਖਰੀ ਵਾਰ ਵੇਖਿਆ ਗਿਆ ਤਾਂ ਉਸ ਨੇ ਕਾਲੀ ਪੈਂਟ ਅਤੇ ਚਿੱਟੀ ਟੀ-ਸ਼ਰਟ ਪਹਿਨੀ ਹੋਈ ਸੀ। ਆਖਰੀ ਵਾਰ ਉਸ ਨੂੰ ਸੈਨ ਮਟਿਓ ਇਲਾਕੇ ਵਿਚ 1997 ਦੀ ਇਕ ਨੀਲੀ ਐਕੂਰਾ ਇੰਟੈਗਰਾ ਕਾਰ ਵਿਚ ਦੇਖਿਆ ਗਿਆ। ਪਰਿਵਾਰਕ ਸੂਤਰਾਂ ਅਨੁਸਾਰ ਉਹ ਆਪਣੇ ਕਿਸੇ ਦੋਸਤ ਦੇ ਘਰੋਂ ਘਰ ਮੁੜ ਰਿਹਾ ਸੀ ਅਤੇ ਫੋਨ ਉਤੇ ਗੱਲ ਕਰ ਰਿਹਾ ਸੀ। ਉਸ ਨੇ ਆਪਣੇ ਦੋਸਤ ਨੂੰ ਫੋਨ 'ਤੇ ਦੱਸਿਆ ਸੀ ਕਿ ਉਸ ਦੀ ਕਾਰ ਠੀਕ ਨਹੀਂ ਜਾਪਦੀ। ਬਾਅਦ ਵਿਚ ਪੁਲਿਸ ਨੇ ਉਸ ਦਾ ਸੈਲ ਫੋਨ, ਚਾਬੀਆਂ ਅਤੇ ਉਸ ਦਾ ਪਰਸ ਸੈਨ ਮਟਿਓ ਪੁਲ ਕੋਲ ਖੜੀ ਉਸ ਦੀ ਕਾਰ ਵਿਚੋਂ ਬਰਾਮਦ ਕੀਤੇ। ਉਸ ਪਿਛੋਂ ਜਗਮੀਤ ਦਾ ਕਿਸੇ ਨੂੰ ਕੁਝ ਪਤਾ ਨਹੀਂ।



ਪੁਲਿਸ ਇਸ ਵੇਲੇ ਕਿਸੇ ਵੀ ਤਰ੍ਹਾਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਰਹੀ ਜਦੋਂਕਿ ਇਹ ਵੀ ਸ਼ੱਕ ਜਾਹਰ ਕੀਤਾ ਜਾ ਰਿਹਾ ਹੈ ਕਿ ਉਹ ਯਾ ਤਾਂ ਆਪਣੀ ਕਿਸੇ ਦੋਸਤ ਨਾਲ ਚਲਾ ਗਿਆ ਹੈ ਜਾਂ ਉਸ ਨੂੰ ਕਿਸੇ ਨੇ ਅਗਵਾ ਕਰ ਲਿਆ ਹੈ। ਉਸ ਦਾ ਪਤਾ ਲਾਉਣ ਲਈ ਜਿਸ ਪੁਲ ਨੇੜੇ ਉਸ ਦੀ ਕਾਰ ਮਿਲੀ ਸੀ ਉਥੇ ਨਜ਼ਦੀਕ ਬੋਟ ਰਾਹੀਂ ਭਾਲ ਵੀ ਕੀਤੀ ਗਈ ਹੈ ਪਰ ਕੋਈ ਉਘ-ਸੁੱਘ ਨਹੀਂ ਮਿਲੀ। ਪਰਿਵਾਰ ਨੇ ਜਗਮੀਤ ਦਾ ਪਤਾ ਦੱਸਣ ਵਾਲੇ ਲਈ ਦਸ ਹਜ਼ਾਰ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ। ਜਗਮੀਤ ਦਾ ਪਰਿਵਾਰ ਬੇਹੱਦ ਪ੍ਰੇਸ਼ਾਨ ਹੈ।

# ਸਰਕਾਰ ਵਲੋਂ ਭ੍ਰਿਸ਼ਟਾਚਾਰ ਮੁੱਦੇ ਤੇ ਕਾਹਲੋਂ ਨੂੰ ਰਾਹਤ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਚੋਣਾਂ ਤੋਂ ਬਾਅਦ ਜਦੋਂ ਨਵੀਂ ਸਰਕਾਰ ਬਣਦੀ ਹੈ ਤਾਂ ਸੱਤਾਧਾਰੀ ਪਾਰਟੀ ਦੇ ਨੇਤਾ ਆਪਣੇ ਵਿਰੋਧੀਆਂ ਨਾਲ ਸਿਆਸੀ ਕਿੜਾਂ ਕਢਣ ਲਈ ਬਹਾਨਿਆਂ ਦੀ ਤਲਾਸ਼ ਵਿਚ ਰੁੱਝ ਜਾਂਦੇ ਹਨ। ਅਜਿਹੇ ਰੁਝਾਨ ਕਾਰਨ ਬਹੁਤ ਸਾਰੇ ਜਾਇਜ਼/ਨਾਜਾਇਜ਼ ਕੇਸ ਦਰਜ ਹੁੰਦੇ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਜਦੋਂ ਪੀੜਤ ਧਿਰ ਸੱਤਾ ਸੰਭਾਲਦੀ ਹੈ ਤਾਂ ਉਹ ਆਪਣੇ ਖ਼ਿਲਾਫ਼ ਨਾਜਾਇਜ਼ ਕੇਸਾਂ ਨੂੰ ਰਫ਼ਾ-ਦਫ਼ਾ ਕਰਨ ਵਿਚ ਜੁੱਟ ਜਾਂਦੀ ਹੈ। ਵਿਰੋਧੀ ਧਿਰ ਵਿਚ ਹੁੰਦਿਆਂ ਸਿਆਸੀ ਲੋਕ ਸੱਤਾ 'ਤੇ ਕਾਬਜ਼ ਨੇਤਾਵਾਂ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਉਂਦਿਆਂ ਆਸਮਾਨ ਸਿਰ 'ਤੇ ਚੁੱਕ ਲੈਂਦੇ ਹਨ। ਜਦੋਂ ਉਹ ਖੁਦ ਰਾਜ ਭਾਗ ਸੰਭਾਲ ਲੈਣ ਤਾਂ ਉਨ੍ਹਾਂ ਨੂੰ ਸਭ ਕੁਝ ਭੁੱਲ ਜਾਂਦਾ ਹੈ।

ਸੀ.ਬੀ.ਆਈ. ਨੇ ਪਿਛਲੀ ਅਕਾਲੀ ਸਰਕਾਰ (1997-2002) ਦੇ ਕਾਰਜਕਾਲ ਦੌਰਾਨ ਪੰਚਾਇਤ ਸਕੱਤਰਾਂ ਦੀ ਭਰਤੀ ਦੀ ਜਾਂਚ ਤੋਂ ਬਾਅਦ ਸਪੀਕਰ, ਦੋ ਆਈ.ਏ.ਐਸ. ਅਧਿਕਾਰੀਆਂ ਅਤੇ ਹੋਰਨਾਂ ਵਿਰੁਧ ਕੇਸ ਦਰਜ ਕੀਤਾ ਸੀ। ਸਪੀਕਰ ਨੂੰ ਰਾਹਤ ਮਿਲਣ ਦਾ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਕੈਬਨਿਟ ਵਲੋਂ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਪੰਚਾਇਤ ਸਕੱਤਰਾਂ ਦੀ ਭਰਤੀ ਬਾਰੇ ਸੀ.ਬੀ.ਆਈ. ਨੂੰ ਕੇਸ ਚਲਾਉਣ ਦੀ ਪ੍ਰਵਾਨਗੀ ਨਾ ਦੇਣਾ ਵੀ ਇਹੀ ਸੰਕੇਤ ਦਿੰਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸਿਆਸੀ ਧਿਰਾਂ ਦਾ ਦੂਹਰਾ ਮਾਪਦੰਡ ਹੁੰਦਾ ਹੈ। ਸਪੀਕਰ ਨੂੰ ਰਾਹਤ ਮਿਲਣ ਦੇ ਸੰਕੇਤ ਉਦੋਂ ਹੀ ਮਿਲ ਗਏ ਸਨ ਜਦੋਂ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਕਾਹਲੋਂ ਦਾ ਅਸਤੀਫਾ ਮੰਗਣ ਵਾਲੀ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਸੀ ਕਿ ਉਨ੍ਹਾਂ ਨੇ ਆਪ ਅਸਤੀਫਾ ਕਿਉਂ ਨਹੀਂ ਸੀ ਦਿੱਤਾ ਜਦੋਂ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ ਹੋਇਆ ਸੀ। ਹੁਣ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਸ ਮਹੱਤਵਪੂਰਨ ਮੁੱਦੇ 'ਤੇ ਵਿਚਾਰ ਤੋਂ ਬਾਅਦ ਫ਼ੈਸਲਾ ਲੈਂਦਿਆਂ ਮੰਤਰੀ ਮੰਡਲ ਨੇ ਕਿਹਾ ਹੈ ਕਿ ਸੀ.ਬੀ.ਆਈ. ਦੇ ਸੁਪਰਡੈਂਟ ਪੁਲੀਸ ਵਲੋਂ ਪੰਜਾਬ ਸਰਕਾਰ ਨੂੰ ਜਿਹੜੀ ਰਿਪੋਰਟ ਭੇਜੀ ਗਈ ਹੈ, ਉਸ ਉਪਰ ਮਿਲੀ ਕਾਨੂੰਨੀ ਸਲਾਹ ਤੋਂ ਬਾਅਦ ਉਹ ਇਸ ਨਤੀਜੇ ਤੇ ਪਹੁੰਚੇ ਹਨ ਕਿ ਤਤਕਾਲੀਨ ਪੰਚਾਇਤ ਅਤੇ ਪੇਂਡੂ ਵਿਕਾਸ ਬਾਰੇ ਮੰਤਰੀ ਸ੍ਰੀ ਕਾਹਲੋਂ ਉਤੇ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਣੀ ਬਣਦੀ। ਮੰਤਰੀ ਮੰਡਲ ਵਲੋਂ ਲਏ ਗਏ ਫ਼ੈਸਲੇ ਦੀ ਜਾਣਕਾਰੀ ਰਾਜਪਾਲ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਕੋਲ ਅਗਲੇਰੀ ਕਾਰਵਾਈ ਨੂੰ ਪ੍ਰਵਾਨਗੀ ਦੇਣ ਦਾ ਵਿਸ਼ੇਸ਼ ਅਖ਼ਤਿਆਰ ਹੈ। ਹੁਣ ਤੱਕ ਦੀ ਜਾਂਚ ਨਾਲ ਕਿਸੇ ਵੀ ਵਿਅਕਤੀ ਨੂੰ ਉਦੋਂ ਤੱਕ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ ਜਦੋਂ ਤੱਕ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਹੀ ਕਾਨੂੰਨੀ ਰੂਪ ਵਿਚ ਸੱਚਾਈ ਸਾਹਮਣੇ ਆਵੇਗੀ। ਅਹੁਦੇ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਦਿਆਂ ਅਜਿਹੇ ਫ਼ੈਸਲੇ ਸਰਕਾਰ ਦੀ ਨਿਰਪੱਖਤਾ ਬਾਰੇ ਕਈ ਸਵਾਲ ਖੜੇ ਕਰਦੇ ਹਨ। ਚਾਹੀਦਾ ਤਾਂ ਇਹ ਸੀ ਕਿ ਮੰਤਰੀ ਮੰਡਲ ਸੀ.ਬੀ.ਆਈ. ਦੀ ਮੰਗ ਨੂੰ ਸਵੀਕਾਰ ਕਰਕੇ ਮੁੱਕਦਮੇ ਦੀ ਪ੍ਰਵਾਨਗੀ ਦਿੰਦਾ। ਸਪੀਕਰ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਨ੍ਹਾਂ ਦੀ ਛਬੀ ਅਜਿਹੀ ਹੋਵੇ ਜਿਸ ਉਤੇ ਕੋਈ ਉਂਗਲ ਨਾ ਕਰ ਸਕੇ।



ਪਹਿਲਾਂ ਵੀ ਵਾਦ-ਵਿਵਾਦ ਤੋਂ ਬਚਣ ਲਈ ਤਿੰਨ ਸਪੀਕਰਾਂ ਨੇ ਆਪਣੇ ਅਹੁਦੇ ਦਾ ਤਿਆਗ ਕੀਤਾ ਸੀ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਸ੍ਰੀ ਕਾਹਲੋਂ ਖ਼ਿਲਾਫ਼ ਪੰਚਾਇਤ ਸਕੱਤਰਾਂ ਨੂੰ ਭਰਤੀ ਕਰਨ ਵੇਲੇ ਸ਼ਾਇਦ ਵੱਡੀ ਪੱਧਰ 'ਤੇ ਹੋਈ ਰਿਸ਼ਵਤਖੋਰੀ ਦਾ ਕੇਸ ਸੀ.ਬੀ.ਆਈ. ਤੋਂ ਦੋਸ਼ਾਂ ਦੀ ਜਾਂਚ ਕਰਾਉਣ ਵਿਚ ਕੋਈ ਹਰਜ ਨਹੀਂ। ਸਗੋਂ ਜੇ ਸ੍ਰੀ ਕਾਹਲੋਂ ਕੇਸ ਚੱਲਣ ਤੋਂ ਬਾਅਦ ਨਿਰਦੋਸ਼ ਸਾਬਤ ਹੁੰਦੇ ਹਨ ਤਾਂ ਉਸ ਨਾਲ ਉਨ੍ਹਾਂ ਦਾ ਸਿਆਸੀ ਅਤੇ ਸਮਾਜਕ ਕੱਦ ਹੋਰ ਉੱਚਾ ਹੋਵੇਗਾ। ਜੇ ਮੁਕੱਦਮੇ ਦੀ ਆਗਿਆ ਨਹੀਂ ਦਿੱਤੀ ਜਾਂਦੀ ਤਾਂ ਸੱਤਾਧਾਰੀ ਧਿਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਰਕਾਰ ਬਦਲਣ ਤੋਂ ਬਾਅਦ ਇਹ ਕੇਸ ਫਿਰ ਠੰਢੇ ਬਸਤੇ ਵਿਚੋਂ ਕੱਢਿਆ ਜਾ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮਾਮਲਾ ਗੁਰਦੁਆਰਾ ਫਰੀਮਾਂਟ 'ਚ ਬਣਦੀਆਂ ਵੋਟਾਂ ਦਾ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਕੀ ਗੁਰਦੁਆਰਾ ਫਰੀਮਾਂਟ ਦੀ ਸੰਗਤ ਨੂੰ ਵੋਟਾਂ ਦਾ ਹੱਕ ਸਹੀ ਤਰੀਕੇ ਨਾਲ ਇਸਤੇਮਾਲ ਕਰਨ ਲਈ ਫਿਰ ਅਦਾਲਤਾਂ ਦੇ ਚੱਕਰ ਕੱਟਣੇ ਪੈਣਗੇ? ਸੁਪਰੀਮ ਕੌਂਸਲ ਦੀ ਚੋਣ ਲਈ ਪ੍ਰਬੰਧਕਾਂ ਵਲੋਂ ਜਿਸ ਮਨਮਾਨੇ ਤਰੀਕੇ ਨਾਲ ਵੋਟਾਂ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਉਸ ਤੋਂ ਤਾਂ ਇਸੇ ਤਰ੍ਹਾਂ ਦੇ ਹੀ ਸੰਕੇਤ ਮਿਲਦੇ ਹਨ।

ਇਕ ਵਾਰ ਫਿਰ ਪ੍ਰਬੰਧਕਾਂ ਵਲੋਂ ਨਵੇਂ ਵੋਟਰਾਂ ਦੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਇਹ ਵੋਟਾਂ ਜੂਨ-ਜੁਲਾਈ ਮਹੀਨੇ ਵਿਚ ਬਣਾਈਆਂ ਗਈਆਂ ਸਨ। ਉਸ ਵਕਤ ਵੀ ਵੋਟਾਂ ਬਣਾਉਣ ਦੇ ਢੰਗ ਤਰੀਕੇ ਉਤੇ ਗੰਭੀਰ ਇਤਰਾਜ਼ ਉਠੇ ਸਨ। ਪਹਿਲਾਂ ਪਹਿਲ ਨਵੇਂ ਵੋਟਰਾਂ ਦੀ ਰਜਿਸਟਰੇਸ਼ਨ ਇਹ ਕਹਿ ਕੇ ਸ਼ੁਰੂ ਕੀਤੀ ਗਈ ਸੀ ਕਿ ਵੋਟਾਂ ਅਪਡੇਟ ਕੀਤੀਆਂ ਜਾ ਰਹੀਆਂ ਹਨ। ਪ੍ਰਬੰਧਕਾਂ ਦਾ ਕਹਿਣਾ ਸੀ ਕਿ ਅਗਲੀਆਂ ਚੋਣਾਂ ਵਿਚ ਉਹੀ ਵੋਟਰ ਵੋਟ ਪਾ ਸਕਣਗੇ ਜਿਹੜੇ ਆਪਣੀ ਵੋਟ ਅਪਡੇਟ ਕਰਵਾਉਣਗੇ। ਇਸ ਤਰੀਕੇ ਉਪਰ ਵਿਰੋਧੀਆਂ ਵਲੋਂ ਸਖਤ ਇਤਰਾਜ਼ ਕੀਤਾ ਗਿਆ ਸੀ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਸੀ ਕਿ ਵੋਟਾਂ ਅਪਡੇਟ ਕਰਨ ਦੇ ਬਹਾਨੇ ਹੇਠ ਉਨ੍ਹਾਂ ਲੋਕਾਂ ਦੀਆਂ ਵੋਟਾਂ ਰੱਦ ਕਰ ਦਿੱਤੀਆਂ ਜਾਣਗੀਆਂ ਜਿਨ੍ਹਾਂ ਬਾਰੇ ਪ੍ਰਬੰਧਕਾਂ ਨੂੰ ਯਕੀਨ ਹੈ ਕਿ ਉਨ੍ਹਾਂ ਨੂੰ ਨਹੀਂ ਮਿਲਣ ਵਾਲੀਆਂ। ਇਨ੍ਹਾਂ ਇਤਰਾਜ਼ਾਂ ਅੱਗੇ ਝੁਕਦਿਆਂ ਪ੍ਰਬੰਧਕਾਂ ਨੂੰ ਆਪਣੀ ਗੱਲ ਤੋਂ ਪਿਛੇ ਹਟਣਾ ਪਿਆ ਸੀ ਅਤੇ ਇਥੋਂ ਤੱਕ ਕਿ ਮੈਂਬਰਸ਼ਿਪ ਭਰਤੀ ਕਰਨ ਜਾਂ ਵੋਟਾਂ ਬਣਾਉਣ ਦੇ ਕਾਰਜ ਵਿਚ ਵਿਰੋਧੀਆਂ ਦੇ ਤਿੰਨ ਮੈਂਬਰ ਲੈਣੇ ਪਏ ਸਨ। ਪਰ ਪ੍ਰਬੰਧਕਾਂ ਦੀ ਧੱਕੇਸ਼ਾਹੀ ਫਿਰ ਵੀ ਜਾਰੀ ਰਹੀ।

ਇਸ ਮੈਂਬਰਸ਼ਿਪ ਕਮੇਟੀ ਵਿਚ ਵਿਰੋਧੀ ਧਿਰ ਦੇ ਇਕ ਮੈਂਬਰ ਨੇ ਦੱਸਿਆ ਕਿ ਭਾਵੇਂ ਮੈਂਬਰਸ਼ਿਪ ਕਮੇਟੀ ਲਈ ਮੈਂਬਰ ਭਰਤੀ ਕਰਨ ਦਾ ਸਮਾਂ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3:30 ਮਿਥਿਆ ਗਿਆ ਸੀ ਪਰ ਪ੍ਰਬੰਧਕਾਂ ਵਲੋਂ ਆਪਣੀ ਮਨਮਰਜ਼ੀ ਨਾਲ ਨਿਰਧਾਰਤ ਸਮੇਂ ਤੋਂ ਅੱਗੋਂ ਪਿਛੋਂ ਵੀ ਵੋਟਾਂ ਬਣਾਈਆਂ ਜਾਂਦੀਆਂ ਰਹੀਆਂ।

ਵਿਰੋਧੀ ਧਿਰ ਦੀ ਮੌਜੂਦਗੀ ਦਾ ਇਹ ਅਸਰ ਜ਼ਰੂਰ ਰਿਹਾ ਕਿ ਨਵੀਆਂ ਵੋਟਾਂ ਬਾਕਾਇਦਾ ਇਕ ਰਜਿਸਟਰ ਉਤੇ ਲਿਖੀਆਂ ਜਾਣ ਲੱਗੀਆਂ। ਵਿਰੋਧੀ ਧਿਰ ਦੇ ਮੈਂਬਰ ਉਦੋਂ ਹੱਕੇ ਬੱਕੇ ਰਹਿ ਗਏ ਜਦੋਂ ਉਨ੍ਹਾਂ ਵੇਖਿਆ ਕਿ ਜਿਸ ਥਾਂ 'ਤੇ ਉਹ ਮੈਂਬਰਸ਼ਿਪ ਰਜਿਸਟਰ ਪਿਛਲੇ ਐਤਵਾਰ ਛੱਡ ਕੇ ਗਏ ਸਨ, ਅਗਲੇ ਐਤਵਾਰ ਤੱਕ ਉਸ ਵਿਚ 86 ਨਵੀਆਂ ਵੋਟਾਂ ਦਰਜ ਹੋ ਚੁੱਕੀਆਂ ਸਨ। ਜਦੋਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਮੈਂਬਰਸ਼ਿਪ ਕਮੇਟੀ ਦੇ ਇੰਚਾਰਜ ਮੈਂਬਰ ਤੇਜਿੰਦਰ ਸਿੰਘ ਧਾਮੀ ਤੋਂ ਇਸ ਬਾਰੇ ਪੁਛਿਆ ਤਾਂ ਜਵਾਬ ਸੀ, "ਮੈਨੂੰ ਤਾਂ ਪ੍ਰਧਾਨ ਸਾਹਿਬ ਦੀ ਕਾਲ ਆਈ ਸੀ, ਉਹ ਕਹਿੰਦੇ ਸਨ ਜਲਦੀ ਜਲਦੀ ਆ ਇਥੇ ਵੋਟਾਂ ਬਣਾਉਣ ਲਈ ਕਾਫੀ ਸੰਗਤ ਹੈ। ਸੋ, ਮੈਂ ਅੱਜ ਸਵੇਰੇ 8 ਵਜੇ ਤੋਂ ਹੀ ਵੋਟਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।" ਪਰ ਸੱਚ ਇਹ ਸੀ ਕਿ ਉਸ ਦਿਨ ਗੁਰੂ ਘਰ ਵਿਚ ਮੌਜੂਦ ਚਸ਼ਮਦੀਦ ਗਵਾਹਾਂ ਅਨੁਸਾਰ ਉਸ ਵੇਲੇ ਇਕਾਦੁੱਕਾ ਵੋਟਰ ਹੀ ਪਹੁੰਚੇ ਸਨ। ਵਿਰੋਧੀਆਂ ਨੂੰ ਸ਼ੰਕਾ ਹੈ ਕਿ ਵੋਟਾਂ ਪ੍ਰਬੰਧਕਾਂ ਨੇ ਲੋਕਾਂ ਦੇ ਘਰਾਂ ਵਿਚ ਜਾ ਕੇ ਬਣਾ ਕੇ ਲਿਆਂਦੀਆਂ।

ਜਦੋਂ ਇਹ ਮਾਮਲਾ ਸੁਪਰੀਮ ਕੌਂਸਲ ਦੀ ਇੰਚਾਰਜ ਮੈਂਬਰ ਬੀਬੀ ਗੁਰਬਖ਼ਸ ਕੌਰ ਕੋਲ ਉਠਾਇਆ ਗਿਆ ਤਾਂ ਉਨ੍ਹਾਂ ਦੀ ਭਾਈ ਰਾਮ ਸਿੰਘ ਨੂੰ ਸਲਾਹ ਸੀ, "ਚਲੋ ਇਕ ਹਫਤਾ ਤੁਸੀਂ ਘਰਾਂ ਵਿਚ ਜਾ ਕੇ ਵੋਟਾਂ ਬਣਵਾ ਲਿਆਓ।" ਗੁਰੂ ਘਰ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਸਵਾਲ ਇਹ ਨਹੀਂ ਕਿ ਘਰਾਂ ਵਿਚੋਂ ਵੋਟਾਂ ਬਣਵਾ ਕੇ ਲਿਆਉਣੀਆਂ ਕਿੰਨੀਆਂ ਕੁ ਵਾਜਬ ਹਨ, ਸਵਾਲ ਤਾਂ ਇਹ ਹੈ ਕਿ ਪ੍ਰਬੰਧਕ ਕਿਸੇ ਕਾਇਦੇ ਕਾਨੂੰਨ ਦੀ ਕਿੰਨੀ ਕੁ ਪਰਵਾਹ ਕਰਦੇ ਹਨ। ਸੱਚ ਇਹ ਹੈ ਕਿ ਨਾ ਇਹ ਪਹਿਲਾਂ ਪਰਵਾਹ ਕਰਦੇ ਸਨ ਅਤੇ ਨਾ ਹੀ ਹੁਣ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪ੍ਰਬੰਧਕਾਂ ਨੇ ਮੈਂਬਰਸ਼ਿਪ ਕਮੇਟੀ ਦਾ ਇੰਚਾਰਜ ਵੀ ਉਸ ਸ਼ਖਸ ਨੂੰ ਬਣਾਇਆ ਹੈ ਜਿਸ ਉਤੇ ਸੁਪਰੀਮ ਕੌਂਸਲ ਦੀਆਂ 2008 ਵਿਚ ਹੋਈਆਂ ਪਿਛਲੀਆਂ ਚੋਣਾਂ ਵਿਚ ਸਟਿਕਰ ਚੋਰੀ ਕਰਨ ਦੇ ਦੋਸ਼ ਲੱਗੇ ਸਨ। ਇਸ ਸ਼ਖਸ ਦੀ ਕਾਰਜਸ਼ੈਲੀ ਪ੍ਰਬੰਧਕਾਂ ਦੀਆਂ ਨੀਤਾਂ ਨੂੰ ਬੂਰ ਪਾਉਂਦੀ ਹੈ ਅਤੇ ਉਹ ਪ੍ਰਬੰਧਕਾਂ ਦੇ ਇਸ਼ਾਰੇ 'ਤੇ ਵੇਲੇ-ਕੁਵੇਲੇ ਚਹੇਤੀਆਂ ਵੋਟਾਂ ਬਣਾ ਛੱਡਦਾ ਹੈ।

ਮੈਂਬਰਸ਼ਿਪ ਕਮੇਟੀ ਦਾ ਥਾਪਿਆ ਗਿਆ ਚੇਅਰਮੈਨ ਵੀ ਕਿਸੇ ਤੋਂ ਘੱਟ ਨਹੀਂ। ਉਹ ਵੀ ਪ੍ਰਬੰਧਕਾਂ ਦੀਆਂ ਇੱਛਾਵਾਂ 'ਤੇ ਖਰਾ ਉਤਰਦਾ ਹੈ। ਜਦੋਂ ਵਿਰੋਧੀ ਮੈਂਬਰ ਉਸ ਕੋਲੋਂ ਵਾਰ ਵਾਰ ਮੰਗ ਕਰਦੇ ਹਨ ਕਿ ਸਾਡੇ ਸ਼ਾਮਲ ਹੋਣ ਤੋਂ ਪਹਿਲਾਂ ਬਣਾਈਆਂ ਵੋਟਾਂ ਦੀ ਗਿਣਤੀ ਕਰਕੇ ਰਜਿਸਟਰ ਉਤੇ ਚੜ੍ਹਾ ਲਈਏ ਤਾਂ ਉਹ ਕੋਈ ਲੜ-ਪੱਲਾ ਨਹੀਂ ਫੜਾਉਂਦਾ। ਬੜੇ ਦਬਾਓ ਥੱਲੇ ਆ ਕੇ ਇਕ ਦਿਨ ਗਿਣਤੀ ਕਰਨ ਲਈ ਰਾਜ਼ੀ ਤਾਂ ਹੋ ਜਾਂਦਾ ਹੈ, ਮੀਟਿੰਗ ਵੀ ਰੱਖ ਲੈਂਦਾ ਹੈ ਪਰ ਮੀਟਿੰਗ ਕਰਦਾ ਵੀ ਨਹੀਂ ਅਤੇ ਨਾ ਹੀ ਵਿਰੋਧੀ ਮੈਂਬਰਾਂ ਨੂੰ ਨਾ ਆਉਣ ਦੀ ਇਤਲਾਹ ਹੀ ਦਿੰਦਾ ਹੈ। ਮੀਟਿੰਗ ਲਈ ਰੱਖੇ ਸਮੇਂ 'ਤੇ ਜਦੋਂ ਬਾਕੀ ਮੈਂਬਰ ਗੁਰੂ ਘਰ ਪਹੁੰਚਦੇ ਹਨ ਤਾਂ ਇਹ ਕਹਿ ਕੇ ਉਥੋਂ ਖਿਸਕ ਜਾਂਦਾ ਹੈ ਕਿ ਮੇਰਾ ਤਾਂ ਅੱਜ ਸਹੁਰਾ ਬਿਮਾਰ ਹੈ। ਗੱਲ ਸਾਫ ਹੈ, ਉਹ ਗਿਣਤੀ ਰਜਿਸਟਰ 'ਤੇ ਚੜ੍ਹਾਉਣਾ ਹੀ ਨਹੀਂ ਸਨ ਚਾਹੁੰਦੇ। ਵੋਟਾਂ ਰਜਿਸਟਰ 'ਤੇ ਚੜ੍ਹਾ ਦੇਣ ਨਾਲ ਚੋਰ ਮੋਰੀ ਬੰਦ ਹੁੰਦੀ ਸੀ। ਮਨਸ਼ਾ ਇਹ ਸੀ ਕਿ ਅਖੀਰ ਵਿਚ ਦੱਸ ਦਿਆਂਗੇ ਕਿ ਇੰਨੀਆਂ ਵੋਟਾਂ ਨਿਕਲੀਆਂ। ਬਕਸਾ ਹੋਰ ਵੋਟਾਂ ਪਾਉਣ ਲਈ ਖੁੱਲ੍ਹਾ ਰੱਖਿਆ ਜਾਵੇ।

ਲੰਘੀ 20 ਦਸੰਬਰ ਨੂੰ ਪ੍ਰਬੰਧਕਾਂ ਨੇ ਮੁੜ ਵੋਟਾਂ ਬਣਾਉਣੀਆਂ ਸ਼ੁਰੂ ਕੀਤੀਆਂ। ਵਿਰੋਧੀ ਧਿਰ ਦੇ ਮੈਂਬਰਾਂ ਐਸ ਪੀ ਸਿੰਘ, ਰਾਣਾ ਕਾਹਲੋਂ ਅਤੇ ਅਮਰਦੀਪ ਸਿੰਘ ਨੇ ਇਕ ਪੱਤਰ ਸੁਪਰੀਮ ਕੌਂਸਲ ਨੂੰ ਲਿਖ ਕੇ ਮੈਂਬਰਸ਼ਿਪ ਕਮੇਟੀ ਦਾ ਬਾਈਕਾਟ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਹੈਸੀਅਤ ਕਮੇਟੀ ਵਿਚ ਮੂਕ ਦਰਸ਼ਕ ਤੋਂ ਵੱਧ ਕੁਝ ਨਹੀਂ ਤਾਂ ਫਿਰ ਉਨ੍ਹਾਂ ਦੀ ਮੌਜੂਦਗੀ ਖਾਨਾਪੂਰਤੀ ਤੋਂ ਵਧ ਕੁਝ ਨਹੀਂ। ਸੁਪਰੀਮ ਕੌਂਸਲ ਵਿਚ ਇਕੋ ਇਕ ਵਿਰੋਧੀ ਮੈਂਬਰ ਭਾਈ ਰਾਮ ਸਿੰਘ ਦੀ ਕੋਈ ਸੁਣ ਕੇ ਰਾਜੀ ਨਹੀਂ। ਬਾਕੀ ਮੈਂਬਰ ਬਾਹਰੋਂ ਕੁਝ ਵੀ ਆਖਣ, ਅੰਦਰੋਂ ਪ੍ਰਬੰਧਕ ਕਮੇਟੀ ਨਾਲ ਘਿਓ-ਖਿਚੜੀ ਹਨ। ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਗੁਰਚਰਨ ਸਿੰਘ ਨੇ ਵੀ ਵੋਟਾਂ ਬਣਾਉਣ ਦੇ ਇਸ ਢੰਗ ਤਰੀਕੇ ਉਤੇ ਗੰਭੀਰ ਇਤਰਾਜ਼ ਉਠਾਏ ਹਨ।

ਇਸੇ ਦੌਰਾਨ ਵਿਰੋਧੀ ਮੈਂਬਰਾਂ ਦੇ ਮੈਂਬਰਸ਼ਿਪ ਕਮੇਟੀ ਦੇ ਬਾਈਕਾਟ ਤੋਂ ਬਾਅਦ ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਨੇ ਪਿਛਲੇ ਸਮੇਂ ਵਿਚ ਬਣੀਆਂ ਵੋਟਾਂ ਦੀ ਲਿਸਟ ਭਾਈ ਰਾਮ ਸਿੰਘ ਨੂੰ ਦੇ ਦਿੱਤੀ ਹੈ। ਇਥੇ ਵਰਣਨਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਦੀ ਜ਼ਿੰਮੇਵਾਰੀ ਸੁਪਰੀਮ ਕੌਂਸਲ ਦੀ ਹੈ।

**ਸੰਗਤ ਨਾਲ ਚਲਾਕੀ:** ਇਸ ਇਲਾਕੇ ਦੀਆਂ 7 ਕਾਉਂਟੀਆਂ-ਸੈਨ ਫਰਾਂਸਿਸਕੋ, ਐਲਾਮੀਡਾ, ਕੋਂਟਰਾ ਕੋਸਟਾ, ਸਲਾਨੋ, ਸੈਨ ਮਟਿਓ, ਸੈਂਟਾ ਕਰੂਜ਼ ਅਤੇ ਸੈਂਟਾ ਕਲਾਰਾ ਦੇ ਵਾਸੀ ਫਰੀਮਾਂਟ ਗੁਰੂ ਘਰ ਦੇ ਮੈਂਬਰ ਬਣ ਸਕਦੇ ਹਨ। ਜੇ ਪ੍ਰਬੰਧਕਾਂ ਦੇ ਮਨ ਸਾਫ ਹੋਣ ਤਾਂ ਬਣਦਾ ਇਹ ਹੈ ਕਿ ਪੰਜਾਬੀ ਅਖਬਾਰਾਂ ਵਿਚ ਨਵੀਂ ਮੈਂਬਰਸ਼ਿਪ ਦੀ ਸੂਚਨਾ ਸਭ ਦੀ ਜਾਣਕਾਰੀ ਲਈ ਦਿੱਤੀ ਜਾਵੇ। ਮੈਂਬਰਸ਼ਿਪ ਦਾ ਇਲਾਕਾ ਕਾਫੀ ਵੱਡਾ ਹੈ ਅਤੇ ਹਰ ਮੈਂਬਰ ਹਰ ਹਫਤੇ ਗੁਰੂ ਘਰ ਨਹੀਂ ਪਹੁੰਚਦਾ। ਪ੍ਰਬੰਧਕਾਂ ਨੇ ਸਟੇਜ ਤੋਂ ਅਨਾਊਂਸਮੈਂਟਾਂ ਕਰਕੇ ਹੀ ਇਸ ਸਬੰਧੀ ਸਾਰ ਲਿਆ ਹੈ।

ਇਥੇ ਜ਼ਿਕਰਯੋਗ ਹੈ ਕਿ 2005 ਵਿਚ ਜਦੋਂ ਅਦਾਲਤੀ ਹੁਕਮਾਂ 'ਤੇ ਚੋਣਾਂ ਹੋਈਆਂ ਸਨ ਤਾਂ ਬਾਕਾਇਦਾ ਅਖਬਾਰਾਂ ਵਿਚ ਵੋਟਰਾਂ ਬਾਰੇ ਇਸ਼ਤਿਹਾਰ ਛਪਵਾਏ ਗਏ ਸਨ ਅਤੇ ਉਸ ਤੋਂ ਬਾਅਦ ਨਵੀਂ ਕਮੇਟੀ ਬਣੀ ਸੀ ਤਾਂ ਇਸ ਨੇ ਵੀ ਦੋ ਵਾਰ ਚੋਣਾਂ ਕਰਵਾਈਆਂ ਤਾਂ ਵੋਟਾਂ ਬਣਾਉਣ ਬਾਰੇ ਅਖਬਾਰਾਂ ਵਿਚ ਬਾਕਾਇਦਾ ਇਸ਼ਤਿਹਾਰ ਦਿੱਤੇ ਗਏ। ਜਦੋਂ ਭਾਈ ਰਾਮ ਸਿੰਘ ਨੇ ਬੀਬੀ ਗੁਰਬਖ਼ਸ ਕੌਰ ਕਾਹਲੋਂ ਨੂੰ ਅਖਬਾਰਾਂ ਵਿਚ ਇਸ ਸਬੰਧੀ ਇਸ਼ਤਿਹਾਰ ਛਪਵਾਉਣ ਲਈ ਕਿਹਾ ਤਾਂ ਉਨ੍ਹਾਂ ਅੱਗੋਂ ਇਕ ਰਸਮੀ ਈ-ਮੇਲ ਗੁਰੂ ਘਰ ਦੇ ਪ੍ਰਧਾਨ ਭਾਈ ਹਰਜੋਤ ਸਿੰਘ ਖਾਲਸਾ ਨੂੰ ਲਿਖ ਛੱਡੀ ਕਿ ਅਖਬਾਰਾਂ ਵਿਚ ਇਸ਼ਤਿਹਾਰ ਦਿੱਤਾ ਜਾਵੇ ਪਰ ਪ੍ਰਧਾਨ ਨੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜੋ ਕਿ ਕਿਸੇ ਵੀ ਅਖਬਾਰ ਵਿਚ ਅਜਿਹਾ ਇਸ਼ਤਿਹਾਰ ਨਾ ਛਪਣ ਤੋਂ ਜਾਹਰ ਹੈ। ਉਂਜ ਬੀਬੀ ਕਾਹਲੋਂ ਨੇ ਬਾਕਾਇਦਾ ਦੋ ਪੰਜਾਬੀ ਅਖਬਾਰਾਂ ਦਾ ਨਾਂ ਲੈ ਕੇ ਇਹ ਇਸ਼ਤਿਹਾਰ ਛਪਵਾਉਣ ਲਈ ਕਿਹਾ ਸੀ। ਇਹ ਠੀਕ ਹੈ ਕਿ ਗੁਰੂ ਘਰ ਦੇ ਵਿਧਾਨ ਵਿਚ ਮੈਂਬਰਸ਼ਿਪ ਭਰਤੀ ਬਾਰੇ ਕੋਈ ਸਿਧੇ ਦਿਸ਼ਾ ਨਿਰਦੇਸ਼ ਨਹੀਂ ਹਨ। ਜੇ ਨੀਅਤ ਸਾਫ ਹੋਵੇ ਤਾਂ ਪਾਏ ਗਏ ਪੂਰਨਿਆਂ 'ਤੇ ਚੱਲਣ ਵਿਚ ਕੋਈ ਹਰਜਾ ਨਹੀਂ ਹੁੰਦਾ।

ਇਸੇ ਦੌਰਾਨ ਭਾਈ ਗੁਰਮੀਤ ਸਿੰਘ ਖਾਲਸਾ-ਭਾਈ ਰਾਮ ਸਿੰਘ ਧੜੇ ਦੇ ਇਕ ਹਮਾਇਤੀ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਕਿਹਾ ਕਿ ਜਾਪਦਾ ਹੈ ਕਿ ਪ੍ਰਬੰਧਕਾਂ ਨੇ ਬੀਤੇ ਤੋਂ ਕੁਝ ਨਹੀਂ ਸਿਖਿਆ। ਚੇਲਾ ਧੜਾ ਕਾਂਗਰਸੀ ਗਰੁਪ ਨੂੰ ਖੁਸ਼ ਕਰਨ ਲਈ ਪੱਬਾਂ ਭਾਰ ਹੋਇਆ ਹੋਇਆ ਹੈ। ਮਾਰਚ 2010 ਦੀਆਂ ਸੰਭਾਵੀ ਚੋਣਾਂ ਵਿਚ 7 ਕਾਉਂਟੀਆਂ 'ਚੋਂ ਕੁਝ ਕਾਉਂਟੀਆਂ ਕੱਢਣ ਦੀ ਸੋਧ ਆ ਸਕਦੀ ਹੈ, ਇਸ ਕਰਕੇ ਬਾਕੀ ਕਾਉਂਟੀਆਂ ਦੇ ਮੈਂਬਰਾਂ ਨੂੰ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਇਸ ਦਾ ਸਿੱਧਾ ਨਤੀਜਾ ਇਕ ਹੋਰ ਅਦਾਲਤੀ ਲੜਾਈ ਵਿਚ ਨਿਕਲਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਚੋਣਾਂ ਦਾ ਇਤਿਹਾਸ:** ਸਿੱਖ ਯੂਥ ਆਫ ਅਮੈਰਿਕਾ ਦਾ ਜਸਜੀਤ ਸਿੰਘ ਚੇਲਾ ਧੜਾ 1996 ਵਿਚ ਗੁਰੂ ਘਰ ਦੇ ਪ੍ਰਬੰਧ ਉਤੇ ਕਾਬਜ ਹੋਇਆ ਸੀ ਅਤੇ ਉਸ ਪਿਛੋਂ ਇਸ ਨੇ ਇਸ ਬਿਨਾ ਉਤੇ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਚੋਣਾਂ ਸਿੱਖੀ ਸਿਧਾਂਤ ਦੇ ਅਨੁਕੂਲ ਨਹੀਂ ਹਨ। ਭਾਈ ਗੁਰਮੀਤ ਸਿੰਘ ਖਾਲਸਾ ਧੜੇ ਵਲੋਂ ਲੜੀ ਗਈ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਅਦਾਲਤ ਦੇ ਹੁਕਮਾਂ 'ਤੇ 2005 ਵਿਚ ਚੋਣਾਂ ਹੋਈਆਂ। ਇਸ ਤੋਂ ਬਾਅਦ 2006 ਅਤੇ 2008 ਵਿਚ ਵੀ ਚੋਣਾਂ ਹੋਈਆਂ। ਇਨ੍ਹਾਂ ਤਿੰਨਾਂ ਵਾਰੀਆਂ 'ਚ ਵੋਟਾਂ ਬਣਾਉਣ ਦੇ ਤੌਰ ਤਰੀਕੇ ਬਾਰੇ ਕਦੇ ਕੋਈ ਸਵਾਲ ਖੜ੍ਹਾ ਨਹੀਂ ਹੋਇਆ ਅਤੇ ਹਰ ਵਾਰ 500 ਤੋਂ ਵੱਧ ਨਵੀਆਂ ਵੋਟਾਂ ਨਹੀਂ ਬਣੀਆਂ। ਇਹ ਪਹਿਲੀ ਵਾਰ ਹੈ ਜਦੋਂ ਪ੍ਰਬੰਧਕ 1700 ਦੇ ਕਰੀਬ ਨਵੀਆਂ ਵੋਟਾਂ ਬਣਾਉਣ ਵਿਚ ਕਾਮਯਾਬ ਹੋ ਜਾਣਗੇ। ਸਵਾਲ ਹੈ ਕਿ ਜਦੋਂ ਬਾਕੀ ਕਾਉਂਟੀਆਂ ਨੂੰ ਸੂਚਿਤ ਵੀ ਨਹੀਂ ਕੀਤਾ ਗਿਆ ਤਾਂ ਇੰਨੀ ਵੱਡੀ ਗਿਣਤੀ ਵਿਚ ਨਵੇਂ ਵੋਟਰ ਕਿਵੇਂ ਬਣੇ?


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Thankar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

Vital Shield Plus 2900 Generic Rx

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

An independent Licensee of the Blue Shield Association A36145(1/09)



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਗੁਰਦੁਆਰਾ ਸੈਨ ਹੋਜ਼ੇ 'ਚ ਸ਼ਹੀਦੀ ਜੋੜ ਮੇਲਾ ਮਨਾਇਆ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਫਤਿਹਗੜ੍ਹ ਸਾਹਿਬ ਦੀ ਸੰਗਤ ਵਲੋਂ ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੈਨ ਹੋਜ਼ੇ ਵਿਚ ਸ਼ਰਧਾ ਨਾਲ ਮਨਾਇਆ ਗਿਆ। ਸ਼ਹੀਦੀ ਜ਼ੋੜ ਮੇਲੇ ਦਾ ਆਰੰਭ ਸ੍ਰੀ ਅਖੰਡਪਾਠ ਸਾਹਿਬ ਦੇ ਆਰੰਭ ਨਾਲ ਹੋਇਆ। ਭੋਗ ਉਪਰੰਤ ਭਾਈ ਸਰਬਜੀਤ ਸਿੰਘ ਤੇ ਕੁਲਵੰਤ ਸਿੰਘ ਅਤੇ ਖਾਲਸਾ ਸਕੂਲ ਸੈਨ ਹੋਜ਼ੇ ਬੱਚਿਆਂ ਦੇ ਰਾਗੀ ਜਥਿਆਂ ਨੇ ਰਸਭਿੰਨਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਮਹੇਸ਼ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ।

ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸਾਹਿਬਜ਼ਦਿਆਂ ਦੇ ਸ਼ਹੀਦੀ ਸਾਕੇ ਢਾਡੀ ਵਾਰਾਂ ਰਾਹੀਂ ਸੁਣਾ ਕੇ ਸ਼ਹਾਦਤਾਂ ਨਾਲ ਭਰੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ।

ਇਸ ਸਮੇਂ ਭਾਈ ਦਰਸ਼ਨ ਸਿੰਘ ਸੰਧੂ , ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਭਾਈ ਪਰਮਜੀਤ ਸਿੰਘ ਦਾਖਾ, ਭਾਈ ਬਿਕਰਮਜੀਤ ਸਿੰਘ ਅਤੇ ਭਾਈ ਸੁਖਦੇਵ ਸਿੰਘ ਬੈਂਣੀਵਾਲ ਨੇ ਆਪਣੀ ਤਕਰੀਰ ਵਿਚ ਸਾਹਿਬਜ਼ਾਦਿਆਂ ਦੀ ਇਨੀ ਛੋਟੀ ਉਮਰ ਵਿਚ ਲਾਸਾਨੀ ਕੁਰਬਾਨੀ, ਸਿੱਖੀ ਵਿਚ ਸ਼ਹੀਦੀ ਸਕੰਲਪ ਅਤੇ ਗੁਰੂ ਘਰ ਦੇ ਰਸੋਈਏ ਗੰਗੂ ਬਾਹਮਣ ਵਲੋਂ ਕੀਤੀ ਮੱਕਾਰੀ ਬਾਰੇ ਜਾਣਕਾਰੀ ਦਿੱਤੀ। ਵਖ ਵਖ ਬੁਲਾਰਿਆਂ ਨੇ ਕਿਹਾ ਕਿ ਇਨੀ ਛੋਟੀ ਉਮਰ ਵਿਚ ਸਾਹਿਬਜ਼ਾਦਿਆਂ ਨੇ ਸ਼ਹੀਦੀਆਂ ਪਾ ਕੇ ਲਾਮਿਸਾਲ ਇਤਿਹਾਸ ਸਿਰਜਿਆ ਹੈ ਪਰ ਸਿੱਖ ਕੌਮ ਨੇ ਇਸ ਇਤਿਹਾਸ ਨੂੰ ਆਪਣੇ ਬੱਚਿਆਂ ਤੱਕ ਪਹੁੰਚਾਉਣ ਤੋਂ ਹੀ ਅਵੇਸਲਾਪਣ ਦਿਖਾਇਆ ਹੈ। ਜੇਕਰ ਕੌਮ ਅਵੇਸਲੀ ਨਾ ਹੁੰਦੀ ਤਾਂ ਅੱਜ ਸਿੱਖ ਪਨੀਰੀ ਵਿਚ ਪਤਿਤਪੁਣਾ ਨਹੀਂ ਸੀ ਆਉਣਾ ਅਤੇ ਨਾ ਹੀ ਸਿੱਖੀ ਨੂੰ ਡੇਰਾਵਾਦ ਆਪਣੇ ਜ਼ਾਲ ਵਿਚ ਹੀ ਉਲਝਾਉਂਦਾ। ਬੁਲਾਰਿਆਂ ਨੇ ਲੁਧਿਆਣਾ ਵਿਚ ਬਾਦਲ ਸਰਕਾਰ ਦੀ ਸਰਪ੍ਰਸਤੀ ਹੇਠ ਆਸ਼ੂਤੋਸ਼ ਵਲੋਂ ਵਰਤਾਏ ਕਹਿਰ ਦੀ 1978 ਨਾਲ ਤੁਲਨਾ ਕਰਦਿਆਂ ਬਾਦਲਕਿਆਂ ਦੇ ਵਿਦੇਸ਼ਾਂ ਵਿਚ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ। ਇਸ ਸ਼ਹੀਦੀ ਜ਼ੋੜ ਮੇਲੇ ਵਿਚ ਵਿਸ਼ੇਸ਼ ਤੌਰ ਤੇ ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ ਖਾਲਸਾ, ਬਲਵਿੰਦਰ ਸਿੰਘ, ਰਘਵੀਰ ਸਿੰਘ, ਭੁਪਿੰਦਰ ਸਿੰਘ ਚੀਮਾ, ਪ੍ਰੀਤਮ ਸਿੰਘ ਜੋਗਾ ਨੰਗਲ, ਬਲਜੀਤ ਸਿੰਘ, ਲਖਵੀਰ ਸਿੰਘ ਪਟਵਾਰੀ, ਦਵਿੰਦਰ ਸਿੰਘ, ਅਨੋਖ ਸਿੰਘ, ਕੁਲਜੀਤ ਸਿੰਘ, ਰਜਿੰਦਰਪਾਲ ਸਿੰਘ, ਬਲਵਿੰਦਰ ਸਿੰਘ ਬਰਾੜ, ਦਲਜੀਤ ਸਿੰਘ ਮਾਵੀ, ਭੁਪਿੰਦਰ ਸਿੰਘ ਮਲੇਰਕੋਟਲਾ, ਇੰਦਰਜੀਤ ਸਿੰਘ, ਹਰਜੀਤ ਸਿੰਘ, ਗੁਰਵੀਰ ਸਿੰਘ, ਹਰਜਿੰਦਰ ਸਿੰਘ ਸੇਖੋਂ, ਪ੍ਰਤਾਪ ਸਿੰਘ, ਹਰਵਿੰਦਰ ਸਿੰਘ, ਸਤਿੰਦਰ ਸਿੰਘ, ਮਨੀ ਜੈਲਦਾਰ, ਤੇਗਵੀਰ ਸਿੰਘ, ਰਾਜ਼ਵਿੰਦਰ ਸਿੰਘ ਟਿਵਾਣਾ, ਨਿਰਭੈ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ ਅਤੇ ਕੁਲਵੰਤ ਸਿੰਘ ਨੇ ਹਿੱਸਾ ਲਿਆ।





# 84 ਦੇ ਕਤਲੇਆਮ ਸਮੇਂ ਤਬਾਹ ਹੋਏ ਗੁਰਧਾਮਾਂ ਦੀ ਸਾਰ ਲੈਣ ਦੀ ਅਪੀਲ

**ਨਿਊ ਯਾਰਕ:** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ, ਕੋਆਰਡੀਨੇਟਰ ਸ. ਅਵਤਾਰ ਸਿੰਘ ਪੰਨੂੰ, ਸ. ਬਖਸ਼ੀਸ਼ ਸਿੰਘ ਸੰਧੂ, ਸ. ਬਰਜਿੰਦਰ ਸਿੰਘ ਬਰਾੜ, ਸ. ਚਰਨਜੀਤ ਸਿੰਘ ਹਰਨਾਮਪੁਰੀ, ਸ. ਦਿਲਾਵਰ ਸਿੰਘ ਸੇਖੋਂ ਅਤੇ ਸ. ਸੁਖਵਿੰਦਰ ਸਿੰਘ ਸਿੱਧੂ ਨੇ ਜਾਰੀ ਸਾਂਝੇ ਬਿਆਨ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਢਹਿ ਢੇਰੀ ਹੋਏ ਪਵਿੱਤਰ ਗੁਰਧਾਮਾਂ ਦੀ 25 ਸਾਲ ਬੀਤ ਜਾਣ ਦੇ ਬਾਅਦ ਵੀ ਹੋ ਰਹੀ ਬੇਅਦਬੀ ਅਤੇ ਇਨ੍ਹਾਂ ਦੀ ਸੇਵਾ ਸੰਭਾਲ ਨਾ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਬਾਕੀ 4 ਸਿੰਘ ਸਾਹਿਬਾਨ ਨੂੰ ਤੁਰੰਤ ਇਸ ਪਾਸੇ ਸਖ਼ਤ ਹਦਾਇਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਰੀ ਕਰਨ ਦੀ ਅਪੀਲ ਕੀਤੀ ਹੈ ਕਿ ਇਸ ਸਬੰਧੀ ਤੁਰਤ ਧਿਆਨ ਦਿੱਤਾ ਜਾਵੇ।

ਉਪਰੋਕਤ ਆਗੂਆਂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ 'ਪੀਰਮੁਹੰਮਦ' ਨੇ ਦੋ ਡਾਕੂਮੈਂਟਰੀ ਫਿਲਮਾਂ ਰਾਹੀਂ ਸਨਸਨੀਖੇਜ਼ ਪ੍ਰਗਟਾਵਾ ਕੀਤਾ ਹੈ ਕਿ ਨਵੰਬਰ 1984 ਸਿੱਖ ਕਤਲੇਆਮ ਸਮੇਂ ਦਿੱਲੀ ਅੰਦਰ ਕੁੱਲ 437 ਗੁਰਦੁਆਰਿਆਂ ਵਿਚੋਂ 370 ਦੇ ਕਰੀਬ ਗੁਰਦੁਆਰਿਆਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਗਿਆ ਤੇ 90 ਦੇ ਕਰੀਬ ਗੁਰਦੁਆਰੇ ਪੂਰੀ ਤਰ੍ਹਾਂ ਜਲਾ ਦਿੱਤੇ ਗਏ ਸਨ। ਇਨ੍ਹਾਂ ਵਿਚੋਂ 67 ਗੁਰਦੁਆਰਿਆਂ ਦੇ ਮੌਜੂਦਾ ਹਾਲਾਤ ਕੈਮਰੇ ਵਿਚ ਸ਼ੂਟ ਕਰਕੇ ਦੋ ਡਾਕੂਮੈਂਟਰੀ ਫਿਲਮਾਂ ਦੇ ਰੂਪ ਵਿਚ ਸੰਗਤਾਂ ਸਾਹਮਣੇ ਰੱਖੇ ਹਨ ਜਿਸ ਨਾਲ ਸਮੁੱਚੀ ਸਿੱਖ ਕੌਮ ਦਾ ਹਿਰਦਾ ਤੜਪ ਉਠਿਆ ਹੈ।

ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਕਈ ਗੁਰਦੁਆਰਿਆਂ ਦੀ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਦ ਅੱਜ ਵੀ ਗੁਰੂ ਘਰਾਂ ਦੇ ਨਾਮ ਬੋਲਦੀ ਹੈ, ਲੇਕਿਨ ਉਥੇ ਅਵਾਰਾ ਪਸ਼ੂਆਂ ਦੀ ਖਾਨਗਾਹ ਬਣੀ ਹੋਈ ਹੈ। ਇਸ ਜਗ੍ਹਾ ਦੁਬਾਰਾ ਗੁਰਦੁਆਰੇ ਸਥਾਪਿਤ ਨਹੀਂ ਕੀਤੇ ਗਏ। ਨੇਤਾਵਾਂ ਨੇ ਕਿਹਾ ਕਿ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਥਾਵਾਂ ਦਾ ਮੁਆਇਨਾ ਨਹੀਂ ਕਰ ਸਕਦੀ, ਕਿਉਂ ਬੇਬੱਸ ਹਨ? ਨਵੰਬਰ 1984 ਸਿੱਖ ਕਤਲੇਆਮ ਤੋਂ ਬਾਅਦ ਦਿੱਲੀ ਦੇ ਅਮੀਰ ਇਲਾਕਿਆਂ ਵਿਚ ਸਭਾ ਸੁਸਾਇਟੀਆਂ ਅਤੇ ਸਿੰਘ ਸਭਾਵਾਂ ਨੇ ਹੋਰ ਕਈ ਗੁਰਧਾਮ ਸੰਗਮਰਮਰ ਲਾ ਕੇ ਬਣਾ ਦਿੱਤੇ ਹਨ, ਲੇਕਿਨ ਇਨ੍ਹਾਂ 67 ਗੁਰੂ ਘਰਾਂ 'ਚੋਂ ਕਈਆਂ ਦੀ ਹਾਲਤ ਅੱਜ ਵੀ ਖਸਤਾ ਹੈ, ਉਸ ਵੱਲ ਕਿਸੇ ਸਭਾ ਸੋਸਾਇਟੀ ਨੇ ਵੀ ਧਿਆਨ ਨਹੀਂ ਦਿੱਤਾ, ਜਦਕਿ ਇਹ ਸਿੱਖ ਕੌਮ ਦਾ ਕੌਮੀ ਮਸਲਾ ਹੈ। ਉਨ੍ਹਾਂ ਕਿਹਾ ਕਿ ਇਸ ਪਾਸੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਧਿਆਨ ਦੇਣਾ ਚਾਹੀਦਾ ਸੀ, ਲੇਕਿਨ ਉਹ ਵੀ ਧਿਆਨ ਨਹੀਂ ਦੇ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਸਹੀ ਸੇਵਾ ਸੰਭਾਲ ਦੇ ਫਿਕਰ ਸਬੰਧੀ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਵਫਦ ਲੈ ਕੇ ਤਾਂ ਮਿਲ ਰਹੀ ਹੈ, ਲੇਕਿਨ ਉਨ੍ਹਾਂ ਦੇ ਆਪਣੇ ਨੱਕ ਹੇਠ ਦਿੱਲੀ, ਕਾਨਪੁਰ ਸਮੇਤ ਦੇਸ਼ ਦੇ ਕਈ ਹਿੱਸਿਆਂ ਅੰਦਰ ਨਵੰਬਰ 1984 ਸਿੱਖ ਕਤਲੇਆਮ ਸਮੇਂ ਢਹਿ ਢੇਰੀ ਕੀਤੇ ਗਏ ਗੁਰਧਾਮਾਂ ਦੀ ਸਾਰ ਨਹੀਂ ਲਈ ਜਾ ਰਹੀ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਮੁੱਖ ਮੰਤਰੀ ਦੀ ਕੁਰਸੀ ਮੈਨੂੰ ਦਿਓ ਤੇ ਮੇਰੇ ਮੁੰਡੇ ਨੂੰ ਬਣਾਓ ਉਪ ਮੁੱਖ ਮੰਤਰੀ-ਸ਼ਿਬੂ ਸੋਰੇਨ**

-ਲੱਗਦੈ ਪੰਜਾਬ ਦੀ ਰੀਸੇ ਇਹ ਬਿਮਾਰੀ ਸਵਾਈਨ ਵਾਂਗ ਸਾਰਿਆਂ ਰਾਜਾਂ 'ਚ ਈ ਫੈਲੂਗੀ।

***ਮੈਨੂੰ ਤੇ ਯਾਦ ਨਹੀਂ ਕੈਪਟਨ ਅਮਰਿੰਦਰ ਕੌਣ ਹੈ-ਸੁਖਬੀਰ ਬਾਦਲ**

-ਉਹੀ, ਜਿਨ੍ਹੇ ਪਿਉ-ਪੁੱਤ ਨੂੰ ਆਪਣੀ ਸਰਕਾਰ ਵੇਲੇ ਜੇਲ੍ਹ ਦੀ ਦਾਲ ਪਿਲਾਈ ਸੀ।

***ਬਾਦਲ ਦਲ ਦਾ ਸਾਥ ਛੱਡ ਕੇ ਸਿੱਖ ਧਰਮ ਨੂੰ ਬਚਾਉਣ ਦਾ ਸੱਦਾ-ਸਿੱਖ ਜਥੇਬੰਦੀ**

-ਕੋਈ ਨਿੱਤਰੂ ਵੜੇਵੇਂ ਖਾਣੀ!

***ਕਾਂਗਰਸ ਤੇ ਉਸ ਦੇ ਏਜੰਟਾਂ ਨੂੰ ਲੋਕ ਮੂੰਹ ਨਹੀਂ ਲਾਉਣਗੇ-ਮੱਕੜ**

-ਤੇ ਭਾਜਪਾ ਅਤੇ ਆਰ.ਐਸ.ਐਸ. ਦੇ ਏਜੰਟਾਂ ਦੇ ਗਲ਼ਾਂ 'ਚ ਈ ਹਾਰ ਪਾਉਣਗੇ, ਠੀਕ ਹੈ ਨਾ?

***ਰਾਹੁਲ ਗਾਂਧੀ ਨੇ ਪੱਛੜੀਆਂ ਜਾਤਾਂ ਦੇ ਲੋਕਾਂ ਨਾਲ ਖਾਧਾ ਰਾਤ ਦਾ ਖਾਣਾ**

-ਇਹਦੇ 'ਚ ਕਿਹੜੀ ਨਵੀਂ ਗੱਲ ਹੈ? ਲੀਡਰ ਆਪਣੀਆਂ ਵੋਟਾਂ ਵਧਾਉਣ ਲਈ ਇਹੋ ਜਿਹੇ ਖੇਖਣ ਕਰਦੇ ਈ ਹੁੰਦੇ ਐ।

***ਅਨੰਦ ਮੈਰਿਜ ਐਕਟ ਲਈ ਮੁਹਿੰਮ ਛੇੜੀ-ਗਿਆਨੀ ਗੁਰਬਚਨ ਸਿੰਘ**

-ਬੱਸ ਆਹ ਜ਼ਰਾ ਪਹਿਲਾਂ ਅਮਰੀਕਾ-ਕੈਨੇਡਾ ਦੇ ਗੇੜਿਆਂ ਤੋਂ ਚਾਰ ਡਾਲਰ ਕਮਾ ਲਿਆਈਏ।

***ਜਨਵਰੀ ਤੋਂ ਘਟਣ ਲੱਗੇਗੀ ਮਹਿੰਗਾਈ - ਮੌਂਟੇਕ ਸਿੰਘ ਆਹਲੂਵਾਲੀਆ**

-ਜੇ ਸੰਨ ਵੀ ਨਾਲ ਦੱਸ ਦਿੰਦੇ ਤਾਂ ਚੰਗਾ ਹੁੰਦਾ।

## ਦਲ ਖਾਲਸਾ ਮੁਫਤ ਲਿਟਰੇਚਰ ਵੰਡੇਗਾ

**ਐਲ ਸਬਰਾਂਟੇ :** ਦਲ ਖਾਲਸਾ ਅਲਾਇੰਸ ਸਿੱਖ ਸਭਿਆਚਾਰ ਕਮੇਟੀ ਵਲੋਂ 31 ਦਸਬੰਰ 2009 ਦੀ ਰਾਤ ਨੂੰ ਨਵੇਂ ਸਾਲ ਦੀ ਆਮਦ ਦੇ ਮੌਕੇ ਐਲ ਸਬਰਾਂਟੇ ਗੁਰੂ ਘਰ ਵਿਖੇ ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਵਿਰਸੇ ਅਤੇ ਸਿੱਖ ਸੰਘਰਸ਼ ਨਾਲ ਸਬੰਧਿਤ ਮੁਫਤ ਲਿਟਰੇਚਰ ਵੰਡੇਗਾ।

ਜਥੇਬੰਦੀ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਵੰਡੇ ਜਾਣ ਵਾਲੇ ਲਿਟਰੇਚਰ ਵਿਚ ਦੇਸ-ਪ੍ਰਦੇਸ ਦੇ ਦੁਖਾਂਤ ਸਬੰਧੀ ਫਿਲਮਾਂ, ਪੰਜਾਬ ਦੀਆਂ ਖੁਸ਼ੀਆਂ ਗਮੀਆਂ ਨਾਲ ਸਬੰਧਿਤ 35 ਵਿਸ਼ਿਆਂ 'ਤੇ (ਪੰਜਾਬੀ 'ਚ) ਪੈਂਫਲਿਟ, ਗੁਰਸਿੱਖ ਇਤਿਹਾਸ ਨਾਲ ਸਬੰਧਿਤ ਵਿਸ਼ਿਆਂ 'ਤੇ ਅੰਗਰੇਜ਼ੀ ਬੁੱਕਲਿਟ, ਕਵੀਸ਼ਰੀ, ਰਾਗੀ ਤੇ ਕੀਰਤਨੀ ਜਥਿਆਂ ਦੇ ਕੀਰਤਨ ਦੀਆਂ ਕੈਸਟਾਂ ਵੰਡੀਆਂ ਜਾਣਗੀਆਂ। ਹੋਰ ਜਾਣਕਾਰੀ ਲਈ ਫੋਨ 510-774-5909 'ਤੇ ਸੰਪਰਕ ਕੀਤਾ ਜਾ ਸਕਦਾ ਹੈ।


*Visit us on the web:*
***punjabtimesusa.com***


**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH M.A., M.Ed
Retd. Principal & Financial Consultant
Realtor & Financial Adviser
Lic#01776459 & O622467

*ਬੇ-ਏਰੀਏ ਦੇ ਪੜ੍ਹੇ ਲਿਖਿਆਂ ਲਈ ਖੁਸ਼ਖਬਰੀ!*
*ਫਰੀ ਟਾਈਮ ਵਿਚ, ਫਰੀ ਸਿੱਖੋ ਕੰਮ*
*ਫਿਰ ਨਾ ਕਦੀ ਧੋਖਾ, ਨਾ ਕਦੀ ਗ਼ਮ।*

Come For Free Learning
Go For Extra Earning

For Detail Cell
**Raj Singh**
**510-452-7370**
2PM to 7 PM (All Days)

Notary Free

e-mail:singhrajpaul@yahoo.com

CTR CENTRAL TRAILER REPAIR

3275 E Central Fresno, CA
Ph: 559 268 8231



We work on all makes & models of refrigeration units.

- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)

E-mail:paul@cfxfresno.com

# ਕਾਂਗਰਸ ਨੇ 125ਵਾਂ ਸਥਾਪਨਾ ਦਿਵਸ ਮਨਾਇਆ

**ਨਵੀਂ ਦਿੱਲੀ :** ਸਿਆਸੀ ਪਾਰਟੀ ਵਜੋਂ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਜੇਕਰ ਕਾਂਗਰਸ ਕਮਜ਼ੋਰ ਹੁੰਦੀ ਹੈ ਤਾਂ ਦੇਸ਼ ਕਮਜ਼ੋਰ ਹੋ ਜਾਵੇਗਾ। ਕਾਂਗਰਸ ਪਾਰਟੀ ਦੇ 125ਵੇਂ ਸਥਾਪਨਾ ਦਿਵਸ ਮੌਕੇ ਪੂਰੇ ਦੇਸ਼ ਦੀ ਅਗਵਾਈ ਕਰ ਰਹੇ ਪ੍ਰਧਾਨ ਮੰਤਰੀ ਨੇ ਕਾਂਗਰਸ ਦਾ ਗੁਣਗਾਨ ਕਰਦਿਆਂ ਕਿਹਾ ਕਿ ਸਾਡਾ ਪਹਿਲਾ ਫਰਜ਼ ਕਾਂਗਰਸ ਨੂੰ ਸਿਆਸੀ ਪਾਰਟੀ ਵਜੋਂ ਮਜ਼ਬੂਤ ਕਰਨਾ ਹੈ।

ਸਥਾਪਨਾ ਦਿਵਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਦਹਿਸ਼ਤਵਾਦ, ਫਿਰਕੂਵਾਦ, ਨਕਸਲਵਾਦ ਤੇ ਖੇਤਰਵਾਦ ਦੇਸ਼ ਲਈ ਵੱਡੀ ਵੰਗਾਰ ਬਣ ਚੁੱਕੇ ਹਨ ਤੇ ਇਨ੍ਹਾਂ ਦਾ ਟਾਕਰਾ ਕਰਨ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਲੰਘੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ 'ਚ ਚੰਗਾ ਹੁੰਗਾਰਾ ਮਿਲਣ ਤੋਂ ਉਤਸ਼ਾਹਿਤ ਹੋ ਰਹੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਵਖ਼ਤ ਦੇ ਨਾਲ ਪਾਰਟੀ 'ਚ ਬਦਲਾਅ ਲਿਆਉਣਾ ਜਾਣਦੇ ਹਾਂ ਤੇ ਇਹ ਨੀਤੀ ਅਸੀਂ ਅਗਾਂਹ ਨੂੰ ਵੀ ਜਾਰੀ ਰੱਖਾਂਗੇ।

ਸਮਾਗਮ ਦੌਰਾਨ ਕਾਂਗਰਸ ਦੀ ਕੁਲ ਹਿੰਦ ਪ੍ਰਧਾਨ ਸੋਨੀਆ ਗਾਂਧੀ ਦੀ ਪ੍ਰਸੰਸਾ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਅਜਿਹਾ ਕਰਨ ਲਈ ਸੋਨੀਆ ਜੀ ਦੀ ਰਹਿਨੁਮਾਈ ਹਾਸਲ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦੀ ਸਿਆਸਤ ਸਮਾਜ ਤੇ ਦੇਸ਼ ਨੂੰ ਜੋੜਨ ਵਾਲੀ ਹੈ ਨਾ ਕਿ ਤੋੜਨ ਵਾਲੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸੰਵਿਧਾਨ ਦੇ ਦਾਇਰੇ 'ਚ ਰਹਿੰਦਿਆਂ ਹਰ ਤਰ੍ਹਾਂ ਦੀ ਵਿਚਾਰਧਾਰਾ ਦਾ ਸਨਮਾਨ ਕਰਨਾ ਜਾਣਦੀ ਹੈ ਤੇ ਅਸੀਂ ਵੱਖੋ-ਵੱਖਰਾ ਨਜ਼ਰੀਆ ਰੱਖਣ ਵਾਲੇ ਤਮਾਮ ਲੋਕਾਂ ਦੀਆਂ ਸ਼ਿਕਾਇਤਾਂ ਤੇ ਮੁਸ਼ਕਲਾਂ ਦਾ ਹੱਲ ਗੱਲਬਾਤ ਰਾਹੀਂ ਕੱਢਣ 'ਚ ਯਕੀਨ ਰੱਖਦੇ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡੀ ਪਾਰਟੀ ਸਮਾਜ ਦੇ ਸਭ ਤੋਂ ਗਰੀਬ ਤੇ ਕਮਜ਼ੋਰ ਤਬਕੇ ਦੀ ਭਲਾਈ ਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰ ਰਹੀ ਹੈ ਤੇ ਇਹੀ ਗੱਲਾਂ ਕਾਂਗਰਸ ਨੂੰ ਅੱਗੇ ਲਿਆ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡਾ ਧਰਮ ਨਿਰਪੱਖਤਾ ਤੇ ਤਮਾਮ ਧਰਮਾਂ ਦੀ ਸਮਾਨਤਾ 'ਚ ਅਟੁੱਟ ਭਰੋਸਾ ਹੈ ਤੇ ਅਸੀਂ ਅਜਿਹੇ ਆਰਥਿਕ ਵਿਕਾਸ ਲਈ ਕੰਮ ਕਰ ਰਹੇ ਹਾਂ, ਜਿਸ ਦਾ ਲਾਭ ਸਮਾਜ ਦੇ ਹਰੇਕ ਤਬਕੇ ਨੂੰ ਹੋਵੇ। ਉਨ੍ਹਾਂ ਪਿਛਲੀ ਯੂਪੀਏ ਸਰਕਾਰ ਵੱਲੋਂ ਕੀਤੇ ਗਏ ਕੰਮਾਂ 'ਤੇ ਤਸੱਲੀ ਪ੍ਰਗਟਾਈ, ਪਰ ਉਨ੍ਹਾਂ ਨਾਲ ਹੀ ਕਿਹਾ ਕਿ ਉਹ ਇਹ ਦਾਅਵਾ ਨਹੀਂ ਕਰਦੇ ਕਿ ਸਭ ਕੁਝ ਸਿਰੇ ਚੜ੍ਹ ਗਿਆ ਹੈ। ਉਨ੍ਹਾਂ ਸਮਾਰੋਹ ਮੌਕੇ ਕਾਂਗਰਸੀ ਵਰਕਰਾਂ ਨੂੰ ਵਧੇਰੇ ਮਿਹਨਤ ਤੇ ਲਗਨ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਪਾਰਟੀ ਦਾ ਆਧਾਰ ਉਸ ਦੇ ਹੇਠਲੇ ਵਰਕਰ ਹੁੰਦੇ ਹਨ ਤੇ ਇਨ੍ਹਾਂ ਨੂੰ ਉਚਿਤ ਤਵੱਜੋਂ ਦੇਣ ਨਾਲ ਹੀ ਕੋਈ ਪਾਰਟੀ ਤਰੱਕੀ ਕਰ ਸਕਦੀ ਹੈ।




**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਪੰਜਾਬ ਕਾਂਗਰਸ ਸੇਵਾ ਦਲ ਵਲੋਂ ਕਾਂਗਰਸ ਦਾ 125ਵਾਂ ਸਥਾਪਨਾ ਦਿਵਸ ਅੱਜ ਪੰਜਾਬ ਕਾਂਗਰਸ ਭਵਨ ਵਿੱਚ ਮਨਾਇਆ ਗਿਆ।

ਰਾਜਿੰਦਰ ਰਾਸਰਾਨੀਆ, ਮੁੱਖ ਸੰਗਠਕ, ਪੰਜਾਬ ਕਾਂਗਰਸ ਸੇਵਾ ਦਲ ਵਲੋਂ ਇਹ ਸਮਾਰੋਹ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਉਲੀਕਿਆ ਗਿਆ ਸੀ ਜਿਸ ਵਿੱਚ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਰਾਜਪਾਲ ਸਿੰਘ, ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਦੇ ਅਨੁਸਾਰ ਰਾਸਰਾਨੀਆ ਦੀ ਅਗਵਾਈ ਹੇਠ ਪੰਜਾਬ ਸੇਵਾ ਦਲ ਦੇ ਵਲੰਟੀਅਰਾਂ ਨੇ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਨੂੰ ਸਲਾਮੀ ਪੇਸ਼ ਕੀਤੀ, ਜਿਨ੍ਹਾਂ ਨੇ ਬਾਅਦ ਵਿੱਚ ਸਾਰੇ ਇਕੱਤਰਤ ਵਰਕਰਾਂ ਨੂੰ ਕਾਂਗਰਸ ਦੇ ਸੱਚੇ ਅਤੇ ਸੁੱਚੇ ਸਿਪਾਹੀ ਦੇ ਤੌਰ 'ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਹਰ ਕੁਰਬਾਨੀ ਦੇਣ ਦੀ ਸਹੁੰ ਚੁਕਾਈ।

ਸ੍ਰੀਮਤੀ ਭੱਠਲ ਨੇ ਇਕੱਤਰਤ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸਾਰੇ ਵਰਕਰਾਂ ਨੂੰ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਵਲੋਂ ਪੰਜਾਬ ਵਿੱਚ ਪੇਸ਼ ਕੀਤੇ ਜਾ ਰਹੇ ਸੰਕਟਾਂ ਅਤੇ ਮੁਸ਼ਕਲਾਂ ਦਾ ਮੁਕਾਬਲਾ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ । ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਰਾਜ ਵਿੱਚ ਆਰਥਿਕ/ਵਿੱਤੀ ਸੰਕਟ 'ਤੇ ਕਾਬੂ ਪਾਉਣ ਲਈ, ਅਮਨ ਅਤੇ ਕਾਨੂੰਨ ਨੂੰ ਬਰਕਰਾਰ ਰੱਖਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਉਨ੍ਹਾਂ ਨੇ ਕਾਂਗਰਸ ਦੇ ਸਮੂਹ ਵਰਕਰਾਂ ਨੂੰ ਸੋਨੀਆ ਗਾਂਧੀ ਅਤੇ ਡਾ. ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਦੀ ਰਹਿਨੁਮਾਈ ਹੇਠ ਯੂਪੀਏ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਜ਼ੋਰ ਦਿੱਤਾ। ਉਨ੍ਹਾਂ ਨੇ ਭਾਰਤ ਸਰਕਾਰ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਸੁਚੇਤ ਰਹਿਣ ਲਈ ਕਿਹਾ ਅਤੇ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਫੰਡਾਂ ਨੂੰ ਯੋਗ ਵਰਤੋਂ ਨੂੰ ਯਕੀਨੀ ਬਨਾਉਣ ਲਈ ਪਹਿਰਾ ਦੇਣ ਲਈ ਕਿਹਾ। ਇਸ ਤੋਂ ਪਹਿਲਾਂ ਸ੍ਰੀ ਰਾਸਰਾਨੀਆ, ਮੁੱਖ ਸੰਗਠਕ, ਪੰਜਾਬ ਸੇਵਾ ਦਲ ਨੇ ਕਾਂਗਰਸ ਪਾਰਟੀ ਦਾ ਤਿਰੰਗਾ ਝੰਡਾ ਲਹਿਰਾਇਆ ਅਤੇ ਸੇਵਾ ਦਲ ਦੇ ਵਰਕਰਾਂ ਵਲੋਂ ਸਲਾਮੀ ਲਈ। ਇਸ ਮੌਕੇ 'ਤੇ ਰਾਜਪਾਲ ਸਿੰਘ, ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਨੇ ਵੀ ਵਰਕਰਾਂ ਨੂੰ ਸੰਬੋਧਨ ਕੀਤਾ।

## ਜਗਜੀਤ ਸਿੰਘ ਜਟਾਣਾ ਸੁਰਗਵਾਸ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੋਂ ਦੇ ਇਕ ਪਤਵੰਤੇ ਸੱਜਣ ਸ. ਜਗਜੀਤ ਸਿੰਘ ਜਟਾਣਾ ਮੰਗਲਵਾਰ ਨੂੰ ਇਥੇ ਹਸਪਤਾਲ ਵਿਚ ਸੰਖੇਪ ਬਿਮਾਰੀ ਪਿਛੋਂ ਚਲਾਣਾ ਕਰ ਗਏ। ਉਨ੍ਹਾਂ ਨੂੰ ਸੋਮਵਾਰ ਨੂੰ ਅਧਰੰਗ ਦਾ ਹਮਲਾ ਹੋਣ ਪਿਛੋਂ ਹਸਪਤਾਲ ਦਾਖਲ ਕਰਾਇਆ ਗਿਆ ਸੀ।

ਸ੍ਰੀ ਜਗਜੀਤ ਸਿੰਘ ਜਟਾਣਾ ਪੰਜਾਬ ਵਿਚ ਮੁਕਤਸਰ ਦੇ ਇਲਾਕੇ ਤੋਂ ਸਨ ਅਤੇ ਆਪਣੇ ਪਿਛੇ ਪਤਨੀ ਤੋਂ ਇਲਾਵਾ ਇਕ ਲੜਕਾ ਅਤੇ ਦੋ ਲੜਕੀਆਂ ਛੱਡ ਗਏ ਹਨ ਜੋ ਸਾਰੇ ਵਿਆਹੁਣਯੋਗ ਹਨ। ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਫੋਨ 661-889-5411 'ਤੇ ਕੀਤਾ ਜਾ ਸਕਦਾ ਹੈ।

## ਮੀਡੀਆ ਨੇ ਮਨਮੋਹਨ ਸਿੰਘ ਨੂੰ ਮਹਾਨ ਸਿਆਸਤਦਾਨ ਕਿਹਾ

**ਚੰਡੀਗੜ੍ਹ :** ਬਰਤਾਨੀਆ ਦੇ ਮੀਡੀਆ ਨੇ ਡਾ. ਮਨਮੋਹਨ ਸਿੰਘ ਨੂੰ ਮਹਾਨ ਸਿਆਸਤਦਾਨ ਕਰਾਰ ਦਿਤਾ ਹੈ। 'ਸੰਡੇ ਟਾਈਮਜ਼' ਅਤੇ 'ਗਾਰਡੀਅਨ' ਵਰਗੇ ਅਖ਼ਬਾਰਾਂ ਨੇ ਡਾ. ਮਨਮੋਹਨ ਸਿੰਘ ਦੀ ਰੱਜ ਕੇ ਪ੍ਰਸੰਸਾ ਕੀਤੀ ਹੈ। ਗਾਰਡੀਅਨ ਵਿਚ ਛਪੇ ਸੰਪਾਦਕੀ 'ਚ ਕਿਹਾ ਗਿਆ ਕਿ ਭਾਰਤ ਸਿਰਫ਼ ਇਕ ਦੇਸ਼ ਹੀ ਨਹੀਂ, ਉਸ ਤੋਂ ਵੀ ਵੱਧ ਕੇ ਹੈ। ਆਲਮੀ ਮੰਦੀ ਦੌਰਾਨ ਜਦੋਂ ਸਾਰਾ ਵਿਸ਼ਵ ਤਰਾਹ-ਤਰਾਹ ਕਰ ਰਿਹਾ ਸੀ ਤਾਂ ਪਛਮੀ ਦੇਸ਼ਾਂ ਨੇ ਭਾਰਤ ਵਲੋਂ ਅਪਣਾਈਆਂ ਨੀਤੀਆਂ ਵਲ ਧਿਆਨ ਮਾਰਿਆ ਜੋ ਡਾ. ਮਨਮੋਹਨ ਸਿੰਘ ਦੀ ਦੇਣ ਹਨ।

ਬਰਤਾਨੀਆ ਦੇ ਮੀਡੀਆ ਦਾ ਮੰਨਣਾ ਹੈ ਕਿ ਡਾ. ਮਨਮੋਹਨ ਸਿੰਘ ਨੇ ਆਰਥਕ ਅਤੇ ਸਿਆਸੀ ਦੋਹਾਂ ਪੱਖਾਂ ਤੋਂ ਦੇਸ਼ ਨੂੰ ਤਰੱਕੀ ਦੇ ਰਾਹ ਉਤੇ ਤੋਰਿਆ। ਅੰਗਰੇਜ਼ੀ ਮੀਡੀਆ ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੇ ਦੌਰੇ ਨੂੰ ਓਨੀ ਅਹਿਮੀਅਤ ਨਹੀਂ ਦਿਤੀ ਸੀ ਜਿੰਨੀ ਡਾ. ਮਨਮੋਹਨ ਸਿੰਘ ਦੇ ਅਮਰੀਕਾ ਦੌਰੇ ਨੂੰ ਦਿਤੀ। ਇਸ ਤੋਂ ਪਹਿਲਾਂ ਸਿਰਫ਼ ਅਟਲ ਬਿਹਾਰੀ ਵਾਜਪਾਈ ਨੂੰ ਹੀ ਬਰਤਾਨੀਆ ਦੇ ਮੀਡੀਆ ਨੇ ਨਿੱਜੀ ਤੌਰ 'ਤੇ ਚੰਗਾ ਵਿਅਕਤੀ ਦਸਿਆ ਸੀ। ਇਸ ਤੋਂ ਇਲਾਵਾ ਨਰਸਿਮ੍ਹਾ ਰਾਉ ਨੂੰ ਵਿਸ਼ਵ ਅਰਥਚਾਰੇ ਲਈ ਭਾਰਤ ਦੇ ਦਰਵਾਜ਼ੇ ਖੋਲ੍ਹਣ ਦਾ ਸਿਹਰਾ ਦਿਤਾ ਗਿਆ ਸੀ ਪਰ ਉਸ ਵੇਲੇ ਵੀ ਭਾਰਤ ਦੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਹੀ ਸਨ ਜਿਨ੍ਹਾਂ ਦੀਆਂ ਨੀਤੀਆਂ ਨੇ ਭਾਰਤ ਨੂੰ ਆਰਥਕ ਮਹਾਂਸ਼ਕਤੀ ਬਣਾ ਦਿਤਾ। 1975 ਵਿਚ ਐਮਰਜੈਂਸੀ ਲਗਾਉਣ ਕਾਰਨ ਬਰਤਾਨੀਆ ਦਾ ਮੀਡੀਆ ਇੰਦਰਾ ਗਾਂਧੀ ਦੇ ਵਿਰੁਧ ਹੋ ਗਿਆ ਸੀ। ਬਰਤਾਨੀਆ ਵਿਚ ਰਹਿੰਦੇ ਸਿੱਖਾਂ ਦਾ ਇਕ ਵਰਗ ਇਹ ਵੀ ਮੰਨਦਾ ਸੀ ਕਿ ਹਰਿਮੰਦਰ ਸਾਹਿਬ ਉਤੇ ਹਮਲੇ ਲਈ ਇੰਦਰਾ ਗਾਂਧੀ ਦਾ ਬੇਟਾ ਰਾਜੀਵ ਗਾਂਧੀ ਵੀ ਜ਼ੁੰਮੇਵਾਰ ਸੀ। ਆਕਸਫ਼ੋਰਡ ਅਤੇ ਕੈਂਬਰਿਜ ਯੂਨੀਵਰਸਿਟੀਆਂ ਨੇ ਡਾ. ਮਨਮੋਹਨ ਸਿੰਘ ਨੂੰ ਤਾਂ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਪਰ ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਇਹ ਮਾਣ ਹਾਸਲ ਨਹੀਂ ਹੋਇਆ। ਬਰਤਾਨਵੀ ਅਖ਼ਬਾਰ ਡਾ. ਮਨਮੋਹਨ ਸਿੰਘ ਨੂੰ ਵਿਸ਼ਵ ਦੇ ਸੱਭ ਤੋਂ ਵੱਡੇ ਲੋਕਤੰਤਰ ਦਾ ਮਹਾਨ ਆਗੂ ਦਸਦੇ ਹਨ ਜਿਸ ਦੀਆਂ ਉਦਾਰ ਆਰਥਕ ਨੀਤੀਆਂ ਨੇ ਦੇਸ਼ ਨੂੰ ਨਵਾਂ ਰੂਪ ਦਿਤਾ।


WELLS FARGO | HOME MORTGAGE

**Your goals deserve our attention**

Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.

- Priority Buyer ® preapproval
- Low down payment options for qualified borrowers
- Purchases and refinances
- Wells Fargo Closing Guarantee SM1



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.
© 2009 Wells Fargo Bank, N.A. All rights reserved. #6749110/09-1/10



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



**Gurbans Singh Gill**
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

**Gurbans Gill 209-815-1869**

# ਰੁਚਿਕਾ-ਰਾਠੌਰ ਮਾਮਲੇ ਨੇ ਹਿਲਾਇਆ ਭਾਰਤੀ ਸਿਸਟਮ

ਵਾਸਤੇ ਮਜਬੂਰ ਕਰਨ ਦਾ ਦੋਸ਼ ਸਿੱਧ ਹੁੰਦਾ ਹੈ ਤਾਂ ਉਸ ਨੂੰ ਆਈ.ਪੀ.ਸੀ. ਦੀ ਧਾਰਾ 305 ਤਹਿਤ ਸਜ਼ਾਏ ਮੌਤ, ਉਮਰ ਕੈਦ ਜਾਂ 10 ਸਾਲ ਤਕ ਕੈਦ ਦੀ ਸਜ਼ਾ ਹੋ ਸਕਦੀ ਹੈ।

ਅਗਸਤ 1990 ਨੂੰ ਹਰਿਆਣਾ ਦੀ ਟੈਨਿਸ ਖਿਡਾਰਨ 14 ਸਾਲਾ ਰੁਚਿਕਾ ਨਾਲ ਹਰਿਆਣਾ ਦੇ ਉਸ ਵੇਲੇ ਦੇ ਆਈ.ਜੀ.ਐਸ.ਪੀ.ਐਸ. ਰਾਠੌਰ, ਜੋ ਹਰਿਆਣਾ ਲਾਅਨ ਟੈਨਿਸ ਐਸੋਸੀਏਸ਼ਨ ਦੇ ਪ੍ਰਧਾਨ ਵੀ ਸਨ, ਵਲੋਂ ਘਰ ਸੱਦ ਕੇ ਛੇੜਖਾਨੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਛੇੜਖਾਨੀ ਦੀ ਘਟਨਾ ਤੋਂ ਤਿੰਨ ਸਾਲ ਬਾਅਦ 28 ਦਸੰਬਰ 1993 ਨੂੰ ਰੁਚਿਕਾ ਨੇ ਖੁਦਕੁਸ਼ੀ ਕਰ ਲਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਉਸਨੇ ਇਹ ਖੁਦਕੁਸ਼ੀ ਸਿਰਫ ਰਾਠੌਰ ਵਲੋਂ ਆਪਣੇ ਨਾਲ ਕੀਤੇ ਗਏ ਅਪਮਾਨਜਨਕ ਵਤੀਰੇ ਤੋਂ ਦੁਖੀ ਹੋ ਕੇ ਨਹੀਂ ਕੀਤੀ, ਸਗੋਂ ਰਾਠੌਰ ਵਿਰੁਧ ਸ਼ਿਕਾਇਤ ਕਰਨ ਪਿਛੋਂ ਪੁਲਿਸ ਵਲੋਂ ਉਸਦੇ ਪਰਿਵਾਰ ਨੂੰ ਹੱਦੋਂ ਵਧ ਪ੍ਰੇਸ਼ਾਨ ਕੀਤੇ ਜਾਣ ਕਰਕੇ ਕੀਤੀ ਸੀ।

ਰੁਚਿਕਾ ਦੇ ਪਿਤਾ ਐਸ. ਸੀ. ਗਿਰਹੋਤਰਾ ਦਾ ਕਹਿਣਾ ਹੈ ਕਿ ਉਹ ਸੁਪਰੀਮ ਕੋਰਟ ਵਿਚ ਨਵਾਂ ਕੇਸ ਪਾ ਕੇ ਮੰਗ ਕਰਨਗੇ ਕਿ ਸਾਬਕਾ ਪੁਲਸ ਅਧਿਕਾਰੀ ਰਾਠੌਰ ਖਿਲਾਫ ਧਾਰਾ 306 ਲਗਾਈ ਜਾਵੇ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਸੀ.ਬੀ.ਆਈ. ਨੂੰ ਇਹ ਧਾਰਾ ਦੋਸ਼ੀ ਖਿਲਾਫ ਪਹਿਲਾਂ ਹੀ ਲਾਉਣੀ ਚਾਹੀਦੀ ਸੀ ਤਾਂ ਜੋ ਉਸਨੂੰ ਸਖਤ ਸਜ਼ਾ ਮਿਲ ਸਕਦੀ। ਉਨ੍ਹਾਂ ਕਿਹਾ, "ਅਸੀਂ ਪਿਛਲੇ 19 ਸਾਲ ਇਕ ਤੋਂ ਦੂਜੀ ਥਾਂ ਭਟਕਦੇ ਰਹੇ। ਉਹ (ਰਾਠੌਰ) ਸਾਡਾ ਪਿੱਛਾ ਕਰਦਾ ਤੇ ਸਾਨੂੰ ਪ੍ਰੇਸ਼ਾਨ ਕਰਦਾ ਰਿਹਾ। ਉਹ ਡੀ.ਜੀ.ਪੀ. ਸੀ। ਅਸੀਂ ਕਿਸ ਨੂੰ ਸ਼ਿਕਾਇਤ ਕਰਦੇ। ਤਤਕਾਲੀ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਵਲੋਂ ਉਸਦੀ ਪੂਰੀ ਹਮਾਇਤ ਕੀਤੀ ਜਾ ਰਹੀ ਸੀ।

ਉਧਰ ਇਸੇ ਦੌਰਾਨ ਸੀ.ਬੀ.ਆਈ. ਦੇ ਸਾਬਕਾ ਜਾਇੰਟ ਡਾਇਰੈਕਟਰ ਆਰ.ਐਮ.ਸਿੰਘ ਜੋ ਇਸ ਕਾਂਡ ਦੀ ਜਾਂਚ ਕਰ ਰਹੀ ਟੀਮ ਦੇ ਮੁਖੀ ਸਨ, ਨੇ ਕਿਹਾ ਹੈ ਕਿ ਰਾਠੌਰ ਨੇ ਰੁਚਿਕਾ ਕੇਸ ਦੀ ਜਾਂਚ ਪੜਤਾਲ ਕਰਨ ਵਾਲੇ ਸੀ.ਬੀ.ਆਈ. ਦੇ ਤਫਤੀਸ਼ਕਾਰਾਂ ਉਤੇ ਦਬਾਅ ਪੁਆ ਕੇ ਚਾਰਜਸ਼ੀਟ ਵਿਚੋਂ ਖੁਦਕੁਸ਼ੀ ਲਈ ਉਕਸਾਉਣ ਵਰਗੇ ਦੋਸ਼ ਖਾਰਜ ਕਰਵਾਏ ਅਤੇ ਨਾਲ ਹੀ ਇਨ੍ਹਾਂ ਤਫਤੀਸ਼ਕਾਰਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਕਿਹਾ ਹੈ ਕਿ ਰਾਠੌਰ ਦੇ ਆਦਮੀ ਵੀ ਇਸ ਮਾਮਲੇ ਵਿਚ ਸ਼ਾਮਲ ਸਨ, ਜਿਨ੍ਹਾਂ ਨੇ ਇਸ ਧਾਰਾ ਨੂੰ ਕੇਸ ਤੋਂ ਲਾਂਭੇ ਕਰ ਦਿੱਤਾ। ਉਧਰ ਰਾਠੌਰ ਦੇ ਵਕੀਲ ਅਜੇ ਜੈਨ ਦਾ ਕਹਿਣਾ ਹੈ ਕਿ ਰਾਠੌਰ ਤੇ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਆਇਦ ਨਹੀਂ ਹੋ ਸਕਦੇ ਕਿਉਂਕਿ ਸੁਪਰੀਮ ਕੋਰਟ ਇਸ ਬਾਰੇ ਹਾਈਕੋਰਟ ਦੇ ਫੈਸਲੇ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 6 ਸਤੰਬਰ 1992 ਤੋਂ 20 ਅਗਸਤ ਤੱਕ ਰੁਚਿਕਾ ਦੇ ਭਰਾ ਆਸ਼ੂ ਵਿਰੁਧ ਕਾਰ ਚੋਰੀ ਦੇ 6 ਮਾਮਲੇ ਦਰਜ ਕੀਤੇ ਗਏ ਸਨ। ਉਸ ਨੂੰ ਵਾਰ ਵਾਰ ਗ੍ਰਿਫਤਾਰ ਕਰਕੇ ਬੇਹਿਸਾਬ ਤਸ਼ੱਦਦ ਕੀਤਾ ਗਿਆ। ਆਸ਼ੂ ਨੂੰ ਸਾਰੇ ਮਾਮਲਿਆਂ ਵਿਚ ਅਦਾਲਤ ਨੇ ਬਰੀ ਕਰ ਦਿੱਤਾ ਪਰ ਉਸਦੇ ਪਰਿਵਾਰ ਨੂੰ ਇਨਾ ਪ੍ਰੇਸ਼ਾਨ ਕੀਤਾ ਗਿਆ ਕਿ ਉਨ੍ਹਾਂ ਨੂੰ ਪੰਚਕੂਲਾ 'ਚ ਇਕ ਕਨਾਲ ਪਲਾਟ 'ਚ ਬਣੇ ਆਪਣੇ ਮਕਾਨ ਨੂੰ ਵੇਚ ਕੇ ਲੁਕ ਕੇ ਰਹਿਣਾ ਪਿਆ।

16 ਨਵੰਬਰ 2000 ਨੂੰ ਸੀ.ਬੀ.ਆਈ. ਨੇ ਇਸ ਮਾਮਲੇ 'ਚ ਰਾਠੌਰ ਵਿਰੁਧ ਅਦਾਲਤ 'ਚ ਚਾਰਜਸ਼ੀਟ ਦਾਖਲ ਕੀਤੀ। ਜੁਲਾਈ 2002 'ਚ ਰਾਠੌਰ ਰਿਟਾਇਰ ਹੋ ਗਿਆ ਤੇ ਉਸ ਵਿਰੁਧ ਚੱਲ ਰਿਹਾ ਕੇਸ ਅੰਬਾਲਾ ਦੀ ਅਦਾਲਤ ਤੋਂ ਸੀ.ਬੀ.ਆਈ. ਚੰਡੀਗੜ੍ਹ ਦੀ ਅਦਾਲਤ 'ਚ ਚਲਾ ਗਿਆ ਤੇ 21 ਦਸੰਬਰ 2009 ਨੂੰ ਅਦਾਲਤ ਨੇ ਫੈਸਲਾ ਸੁਣਾਇਆ। ਰਾਠੌਰ, ਜਿਸਨੇ ਜ਼ਮਾਨਤ ਹਾਸਲ ਕਰ ਲਈ ਹੈ, ਦਾ ਕਹਿਣਾ ਹੈ ਕਿ ਉਹ ਇਸ ਫੈਸਲੇ ਖ਼ਿਲਾਫ ਅਪੀਲ ਕਰੇਗਾ।

ਇਹ ਸਜ਼ਾ ਵੀ ਉਦੋਂ ਸੁਣਾਈ ਗਈ ਜਦੋਂ ਰੁਚਿਕਾ ਦੀ ਸਹੇਲੀ ਅਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਪੰਜਾਬ ਹਰਿਆਣਾ ਹਾਈਕੋਰਟ ਵਿਚ ਇਕ ਜਨਹਿੱਤ ਪਟੀਸ਼ਨ ਦਾਇਰ ਕਰਕੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੀ ਅਪੀਲ ਕੀਤੀ ਸੀ। ਰੁਚਿਕਾ ਦੇ ਪਿਤਾ ਸੁਭਾਸ਼ ਗਿਰਹੋਤਰਾ ਨੇ ਚੌਟਾਲਾ 'ਤੇ ਦੋਸ਼ ਲਗਾਇਆ ਹੈ ਕਿ ਉਹ ਰਾਠੌਰ ਨੂੰ ਬਚਾਉਂਦੇ ਰਹੇ ਹਨ। ਇਸ ਨਾਲ ਚੌਟਾਲਾ ਤੇ ਭਜਨ ਲਾਲ ਵਿਚਾਲੇ ਰਾਠੌਰ ਨੂੰ ਬਚਾਉਣ ਦੇ ਮਾਮਲੇ 'ਚ ਇਕ ਦੂਜੇ 'ਤੇ ਦੋਸ਼ ਲਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਰਾਠੌਰ ਨੂੰ ਬਚਾਉਣ ਦੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਉਸ ਖਿਲਾਫ ਕਾਰਵਾਈ ਕੀਤੀ ਸੀ। ਸਾਲ 1990 ਵਿਚ ਮੇਰੀ ਸਰਕਾਰ ਨੇ ਉਸ ਵਿਰੁਧ ਕਾਰਵਾਈ ਸ਼ੁਰੂ ਕਰ ਕੇ ਉਸਨੂੰ ਡੀ.ਜੀ.ਪੀ. ਅਹੁਦੇ ਤੋਂ ਮੁਅੱਤਲ ਕਰ ਦਿੱਤਾ, ਕਿਉਂਕਿ ਉਸ ਖਿਲਾਫ ਇਸ ਮਾਮਲੇ ਵਿਚ ਦੋਸ਼ ਪੱਤਰ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਰਾਠੌਰ ਨੂੰ ਭਜਨ ਲਾਲ ਤੇ ਬੰਸੀ ਲਾਲ ਦੀਆਂ ਸਰਕਾਰਾਂ ਸਮੇਂ ਏ.ਡੀ. ਜੀ.ਪੀ. ਪਿੱਛੋਂ ਡੀ.ਜੀ.ਪੀ. ਬਣਾਇਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਦੇ ਰੂਪ 'ਚ ਮੈਂ ਰਾਠੌਰ ਨੂੰ ਰਾਸ਼ਟਰਪਤੀ ਮੈਡਲ ਦੇਣ ਦੀ ਸਿਫਾਰਿਸ਼ ਨਹੀਂ ਕੀਤੀ ਸੀ ਅਤੇ ਉਸ ਦਾ ਨਾਂ ਨਿਯਮਤ ਨੌਕਰਸ਼ਾਹੀ ਦਾ ਹਿੱਸਾ ਸੀ।

ਪਰ ਅਸਲੀਅਤ ਇਹ ਹੈ ਕਿ ਹਰਿਆਣਾ 'ਚ ਭਜਨ ਲਾਲ, ਚੌਧਰੀ ਬੰਸੀ ਲਾਲ ਤੇ ਓਮ ਪ੍ਰਕਾਸ਼ ਚੌਟਾਲਾ ਦੀਆਂ ਸਰਕਾਰਾਂ ਵੇਲੇ ਰਾਠੌਰ ਨੂੰ ਬਚਾਉਣ ਅਤੇ ਤਰੱਕੀਆਂ ਦਿੱਤੇ ਜਾਣ ਦਾ ਰਿਕਾਰਡ ਹੈ। ਰਾਠੌਰ ਨੂੰ 4 ਨਵੰਬਰ 1999 'ਚ ਭਜਨ ਲਾਲ ਨੇ ਵਧੀਕ ਡੀ.ਜੀ.ਪੀ. ਵਜੋਂ ਤਰੱਕੀ ਦਿੱਤੀ। ਚੌਧਰੀ ਬੰਸੀ ਲਾਲ ਦੇ ਸਮੇਂ ਉਸਨੂੰ ਡਾਇਰੈਕਟਰ ਜਨਰਲ ਬਣਾਉਣ ਦੀ ਸਿਫਾਰਿਸ਼ ਕੀਤੀ ਗਈ ਤੇ 2000 ਵਿਚ ਉਸਨੂੰ ਪੁਲਿਸ ਮੁਖੀ ਦੇ ਅਹੁਦੇ ਤੇ ਉਦੋਂ ਤਰੱਕੀ ਦਿੱਤੀ ਗਈ, ਜਦੋਂ ਸ੍ਰੀ ਚੌਟਾਲਾ ਮੁੱਖ ਮੰਤਰੀ ਸਨ ਤੇ 2002 ਵਿਚ ਰਾਠੌਰ ਪੁਲਿਸ ਮੁਖੀ ਦੇ ਅਹੁਦੇ ਤੋਂ ਰਿਟਾਇਰ ਹੋ ਗਏ ਸੀ। ਸ੍ਰੀ ਚੌਟਾਲਾ ਵਲੋਂ ਰਾਠੌਰ ਵਿਰੁਧ ਚਾਰਜਸ਼ੀਟ ਦਾਇਰ ਕੀਤੇ ਜਾਣ ਪਿਛੋਂ ਸਸਪੈਂਡ ਕੀਤੇ ਜਾਣ ਦੇ ਬਿਆਨ ਦੀ ਅਸਲੀਅਤ ਇਹ ਹੈ ਕਿ ਰਾਠੌਰ ਨੂੰ ਉਦੋਂ ਲੰਮੀ ਛੁੱਟੀ 'ਤੇ ਭੇਜਿਆ ਗਿਆ ਸੀ, ਜਦੋਂ ਇਸ ਗੱਲ ਨੂੰ ਲੈ ਕੇ ਹੰਗਾਮਾ ਹੋਇਆ ਸੀ ਕਿ ਨਵੰਬਰ 2002 'ਚ ਚਾਰਜਸ਼ੀਟ ਦਾਇਰ ਹੋਣ ਤੋਂ ਬਾਅਦ ਵੀ ਰਾਠੌਰ ਨੂੰ ਡੀ.ਜੀ.ਪੀ. ਦੇ ਅਹੁਦੇ 'ਤੇ ਕਿਉਂ ਰਖਿਆ ਗਿਆ ਹੈ।

ਦੂਜੇ ਪਾਸੇ ਚੌਧਰੀ ਭਜਨ ਲਾਲ ਦੇ ਪੁੱਤਰ ਕੁਲਦੀਪ ਬਿਸ਼ਨੋਈ ਨੇ ਮੰਗ ਕੀਤੀ ਕਿ ਰਾਠੌਰ ਵਿਰੁਧ ਮਾਮਲਾ ਮੁੜ ਖੋਲਿਆ ਜਾਵੇ ਤਾਂ ਕਿ ਸਚਾਈ ਸਾਹਮਣੇ ਆ ਸਕੇ ਕਿ ਰਾਠੌਰ ਦਾ ਬਚਾਅ ਕਿਹੜੇ ਸਿਆਸਤਦਾਨਾਂ ਨੇ ਕੀਤਾ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਾਨੂੰਨੀ ਸਲਾਹ ਲੈਣ ਪਿਛੋਂ ਇਸ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਕੀਤੇ ਜਾਣ ਦਾ ਭਰੋਸਾ ਸੀ ਪੀ ਐਮ ਸੰਸਦ ਮੈਂਬਰ ਬਰਿੰਦਾ ਕਾਰਤ ਦੀ ਅਗਵਾਈ 'ਚ ਮਿਲਣ ਆਏ ਰੁਚਿਕਾ ਦੇ ਪਰਿਵਾਰਕ ਹਿਤੈਸ਼ੀਆਂ ਦੇ ਵਫਦ ਨੂੰ ਦਿੱਤਾ। ਰਾਠੌਰ ਨੂੰ ਅਦਾਲਤ ਤੋਂ ਸਜ਼ਾ ਮਿਲਣ ਅਤੇ ਉਸ ਵਿਰੁਧ ਵਿਆਪਕ ਲੋਕ ਰੋਹ ਉਭਰਨ 'ਤੇ ਕੇਂਦਰੀ ਕਾਨੂੰਨ ਮੰਤਰੀ ਸ੍ਰੀ ਵੀਰੱਪਾ ਮੋਇਲੀ ਨੇ ਕਿਹਾ ਕਿ ਇਸ ਮਾਮਲੇ 'ਚ ਫੈਸਲਾ ਸੁਣਾਏ ਜਾਣ 'ਚ 19 ਸਾਲ ਲੱਗਣਾ ਇਕ ਗੰਭੀਰ ਤੇ ਨਾ ਮਾਫ ਕੀਤੇ ਜਾਣ ਵਾਲੀ ਗੱਲ ਹੈ ਜਦਕਿ ਗ੍ਰਹਿ ਮੰਤਰਾਲੇ ਨੇ ਰਾਠੌਰ ਨੂੰ 1985 'ਚ ਦਿੱਤਾ ਗਿਆ ਪੁਲਿਸ ਮੈਡਲ ਵਾਪਸ ਲੈਣ ਅਤੇ ਪੈਨਸ਼ਨ 'ਚ ਕਟੌਤੀ ਲਈ ਕਾਰਵਾਈ ਆਰੰਭ ਦਿੱਤੀ ਹੈ।

## ਉਦਾਸ ਚਿਹਰੇ ਤੇ ਨਮ ਅੱਖਾਂ ਵਾਲੀ ਕੁੜੀ ਸੀ ਉਹ

**ਚੰਡੀਗੜ੍ਹ:** ਰੁਚਿਕਾ ਦੀ ਇਕ ਜਮਾਤਣ ਜੋ ਆਪਣਾ ਨਾਂ ਅਖਬਾਰਾਂ ਵਿਚ ਨਹੀਂ ਦੇਣਾ ਚਾਹੁੰਦੀ ਦਾ ਕਹਿਣਾ ਹੈ, ਉਹ ਕੁੜੀ ਆਖਰੀ ਕਤਾਰ ਵਿਚ ਬੈਂਚ 'ਤੇ ਆਪਣਾ ਸਿਰ ਆਪਣੀਆਂ ਬਾਹਵਾਂ ਵਿਚ ਝੁਕਾਈ, ਉਦਾਸ, ਦੁਖੀ ਤੇ ਸੁਬਕਦੀ ਹੋਈ ਬੈਠੀ ਹੁੰਦੀ ਸੀ...ਮੈਨੂੰ ਰੁਚਿਕਾ ਗਿਰਹੋਤਰਾ ਬਾਰੇ ਹੁਣ ਬੱਸ ਇਹੋ ਯਾਦ ਹੈ।

ਹਰਿਆਣਾ ਪੁਲੀਸ ਦੇ ਸਾਬਕਾ ਮੁਖੀ ਐਸ.ਪੀ.ਐਸ. ਰਾਠੌਰ ਨੂੰ ਦੋਸ਼ੀ ਕਰਾਰ ਦਿੱਤੇ ਅਤੇ ਸਜ਼ਾ ਸੁਣਾਏ ਜਾਣ ਪਿੱਛੋਂ ਜਦੋਂ ਮੈਂ ਆਪਣੇ ਸਕੂਲ ਬਾਰੇ ਸੋਚਦੀ ਹਾਂ ਤੇ ਮੇਰੇ ਜ਼ਿਹਨ ਵਿਚ ਕੇਵਲ ਇਹੋ ਤਸਵੀਰ ਉਭਰਦੀ ਹੈ। ਸੇਕਰਡ ਹਾਰਟ ਸੈਕੰਡਰੀ ਸਕੂਲ, ਸੈਕਟਰ 26, ਵਿਚ ਉਹ ਕੁੜੀ ਇਕੱਲੀ, ਸਹਿਮੀ ਹੋਈ ਤੇ ਸਭ ਤੋਂ ਦੂਰ ਰਹਿੰਦੀ ਸੀ।

ਜਦੋਂ ਮੈਂ ਸਾਲ 1990 ਬਾਰੇ ਸੋਚਦੀ ਹਾਂ ਤਾਂ ਮੈਨੂੰ ਇਮਾਰਤ ਦੀ ਦੂਜੀ ਮੰਜ਼ਲ 'ਤੇ ਲਾਇਬ੍ਰੇਰੀ ਤੋਂ ਅੱਗੇ ਅਖੀਰਲਾ ਕਲਾਸ ਰੂਮ ਯਾਦ ਆਉਂਦਾ ਹੈ ਜੋ ਕਲਾਸ ਦਸਵੀਂ ਏ ਦਾ ਸੀ, ਇਥੇ ਹੀ ਮੈਂ ਅਤੇ ਰੁਚਿਕਾ ਗਹਿਰੋਤਰਾ ਇਕੱਠੀ ਬੈਠਦੀਆਂ, ਇਕੱਠੀਆਂ ਪੜ੍ਹਦੀਆਂ ਅਤੇ ਕਈ ਵਾਰ ਇਕੱਠੀਆਂ ਕਿਸੇ ਗਲਤੀ ਦੀ ਸਜ਼ਾ ਵੀ ਭੁਗਤਦੀਆਂ। ਸਕੂਲ ਵਿਚ ਉਸਦੇ ਆਖਰੀ ਦਿਨਾਂ ਵੇਲੇ ਉਹ ਬੇਹੱਦ ਉਦਾਸ ਤੇ ਸਹਿਮੀ ਨਜ਼ਰ ਆਉਂਦੀ ਸੀ। ਉਸ ਦੀਆਂ ਅੱਖਾਂ ਹਮੇਸ਼ਾ ਹੰਝੂਆਂ ਨਾਲ ਭਰੀਆਂ ਹੁੰਦੀਆਂ ਸਨ।

ਮੈਂ ਭਾਵੇਂ ਉਸ ਦਾ ਦਰਦ ਮਹਿਸੂਸ ਕਰਦੀ ਸਾਂ ਪਰ ਮੈਂ ਕਦੇ ਉਸ ਨੂੰ ਇਸ ਵਿਚੋਂ ਬਾਹਰ ਕੱਢਣ ਦਾ ਯਤਨ ਨਹੀਂ ਕਰ ਸਕੀ। ਮੈਂ ਕਦੇ ਇਹ ਪੁੱਛਣ ਦਾ ਹੀ ਹੌਸਲਾ ਨਹੀਂ ਕਰ ਸਕੀ ਕਿ ਕਿਥੇ, ਕਿਵੇਂ ਅਤੇ ਕੀ ਵਾਪਰਿਆ। ਉਸ ਵੇਲੇ ਸਕੂਲ ਵਿਚ ਉਸਦੀ ਇਕੋ ਇਕ ਦੋਸਤ ਪੂਜਾ ਹਰਜਾਈ ਹੀ ਸੀ ਜੋ ਉਸਨੂੰ ਹੌਸਲਾ ਦਿੰਦੀ, ਉਸ ਨਾਲ ਗੱਲਾਂ ਕਰਦੀ ਤੇ ਹਮੇਸ਼ਾ ਉਸ ਨਾਲ ਰਹਿੰਦੀ। ਉਸ ਵੇਲੇ ਹੀ ਉਸ ਨਾਲ ਛੇੜਛਾੜ ਦੀ ਵਾਪਰੀ ਸੀ। ਮੈਨੂੰ ਭਾਵੇਂ ਉਹ ਮਹੀਨਾ ਯਾਦ ਨਹੀਂ ਪਰ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਫਿਰ ਪਤਾ ਨਹੀਂ ਕਿਸ ਨੇ ਸ਼ਬਦਾਂ ਦਾ 'ਸੂਖਮ ਨਿਖੇੜਾ' ਕੀਤਾ ਤੇ ਅਸੀਂ ਸੁਣਿਆ ਕਿ ਰੁਚਿਕਾ ਨਾਲ 'ਬਲਾਤਕਾਰ' ਹੋਇਆ ਹੈ। ਛੇੜਛਾੜ ਦੀ ਘਟਨਾ 'ਬਲਾਤਕਾਰ' ਵਿਚ ਕਿਵੇਂ ਬਦਲੀ, ਇਹ ਹਾਲੇ ਵੀ ਇਕ ਰਹੱਸ ਹੈ। ਅਸੀਂ ਇਹ ਵੀ ਸੁਣਿਆ ਕਿ ਇਸ ਮਾਮਲੇ ਦਾ ਦੋਸ਼ੀ ਸਾਡੀ ਹੀ ਕਿਸੇ ਹੋਰ ਸਾਥਣ ਦਾ ਪਿਤਾ ਹੈ। ਇਸ ਘਟਨਾ ਪਿੱਛੋਂ ਰੁਚਿਕਾ ਬਿਲਕੁਲ ਖਾਮੋਸ਼ ਰਹਿਣ ਲੱਗੀ ਸੀ। ਉਹ ਮੂੰਹੋਂ ਕੁਝ ਨਹੀਂ ਬੋਲਦੀ ਸੀ ਪਰ ਉਸਦੀਆਂ ਅੱਖਾਂ ਵਿਚੋਂ ਹੰਝੂ ਡਿੱਗਦੇ ਰਹਿੰਦੇ ਸਨ।

ਫਿਰ ਸਮਾਂ ਲੰਘਦਾ ਗਿਆ। ਕੁਝ ਸਾਲ ਬਾਅਦ ਉਹ ਇਕਵਾਰ ਫਿਰ ਉਦੋਂ ਅਖਬਾਰਾਂ ਦੀ ਸੁਰਖੀਆਂ ਵਿਚ ਆਈ ਜਦੋਂ ਉਸਨੇ ਖੁਦਕੁਸ਼ੀ ਕਰ ਲਈ। ਮੈਂ ਰਾਠੌਰ ਦੀ ਧੀ ਨੂੰ ਵੀ ਵੇਖਿਆ ਸੀ ਜੋ ਹੁਸ਼ਿਆਰ ਤੇ ਮਿਹਨਤੀ ਸੀ। ਇਸ ਘਟਨਾ ਪਿੱਛੋਂ ਉਹ ਵੀ ਰੁਚਿਕਾ ਵਾਂਗ ਖਾਮੋਸ਼ ਰਹਿਣ ਲੱਗ ਪਈ ਸੀ ਜਦਕਿ ਬਾਕੀ ਵਿਦਿਆਰਥਣਾਂ ਇਸ ਬਾਰੇ ਗੱਲਾਂ ਕਰਦੀਆਂ ਰਹਿੰਦੀਆਂ ਸਨ। ਸਕੂਲ ਦੇ ਦਿਨ ਖਤਮ ਹੋ ਗਏ ਅਤੇ ਬੀਤਿਆ ਵੇਲਾ ਯਾਦਾਂ ਬਣ ਗਿਆ। ਹੁਣ ਵੀ ਮੈਂ ਜਦੋਂ ਆਪਣੀਆਂ ਇਨ੍ਹਾਂ ਸਾਥੀ ਵਿਦਿਆਰਥਣਾਂ ਬਾਰੇ ਸੋਚਦੀ ਹਾਂ ਤਾਂ ਮੇਰੇ ਅੰਦਰ ਤੂਫਾਨ ਉਠ ਖੜੋਂਦਾ ਹੈ।

## ਰਾਠੌਰ ਖ਼ਿਲਾਫ ਚੱਲੇਗਾ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਕੱਦਮਾ

*(ਸਫਾ ਇਕ ਦੀ ਬਾਕੀ)*

ਕੀਤਾ ਜਾ ਰਿਹਾ ਹੈ ਤਾਂ ਕਿ ਕੇਸ ਨੂੰ ਸਾਰੇ ਸਬੂਤਾਂ ਸਮੇਤ ਪੇਸ਼ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਏਜੰਸੀ ਦੇ ਮਾਹਿਰਾਂ ਵੱਲੋਂ ਵੀ ਇਸ ਮਾਮਲੇ ਦਾ ਨਿਰੰਤਰ ਅਧਿਐਨ ਕੀਤਾ ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਗ੍ਰਹਿ ਮੰਤਰਾਲੇ ਨੇ ਹੋਰ ਵਿਚਾਰ ਵਟਾਂਦਰੇ ਲਈ ਰੁਚਿਕਾ ਦੇ ਵਕੀਲ ਨੂੰ ਦਿੱਲੀ ਬੁਲਾ ਲਿਆ ਹੈ। ਇਸਤੋਂ ਪਹਿਲਾਂ ਕੌਮੀ ਮਹਿਲਾ ਕਮਿਸ਼ਨ ਨੇ ਕੇਂਦਰ ਤੇ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਸੀ ਕਿ ਰਾਠੌਰ ਵਿਰੁੱਧ ਦੁਬਾਰਾ ਐਫ.ਆਈ.ਆਰ. ਦਾਖਲ ਕਰਕੇ ਕਾਨੂੰਨੀ ਕਾਰਵਾਈ ਆਰੰਭੀ ਜਾਵੇ। ਕਮਿਸ਼ਨ ਵਲੋਂ ਬਣਾਈ ਗਈ ਵਕੀਲਾਂ ਦੀ ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ ਕਮਿਸ਼ਨ ਦੀ ਚੇਅਰਪਰਸਨ ਗਿਰਜਾ ਵਿਆਸ ਨੇ ਦੱਸਿਆ ਕਿ ਪਹਿਲਾਂ ਚੱਲੇ ਕੇਸ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਸਹੀ ਜਾਂਚ ਨਹੀਂ ਹੋ ਸਕੀ। ਇੱਥੋਂ ਤੱਕ ਕਿ ਝੂਠੀਆਂ ਗਵਾਹੀਆਂ, ਜਾਅਲੀ ਦਸਤਾਵੇਜ਼ ਤੇ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਰਾਠੌਰ ਨੂੰ ਉਸਦੇ ਕੀਤੇ ਦੀ ਬਣਦੀ ਸਜ਼ਾ ਨਹੀਂ ਮਿਲ ਸਕੀ। ਉਨ੍ਹਾਂ ਦੱਸਿਆ ਕਿ ਫ਼ੌਜਦਾਰੀ ਮਾਮਲੇ ਦੀਆਂ 15 ਧਾਰਾਵਾਂ ਇਸ ਕੇਸ ਵਿਚ ਹੋਰ ਜੋੜੀਆਂ ਜਾਣੀਆਂ ਬਣਦੀਆਂ ਹਨ।

**ਪਟੀਸ਼ਨ ਦਾਇਰ:** ਰੁਚਿਕਾ ਮਾਮਲੇ ਵਿਚ ਵਰਲਡ ਹਿਊਮਨ ਰਾਈਟਸ ਪ੍ਰੋਟੈਕਸ਼ਨ ਕੌਂਸਲ ਦੇ ਚੇਅਰਮੈਨ ਵਕੀਲ ਸ੍ਰੀ ਰੰਜਨ ਲਖਨਪਾਲ ਨੇ ਚੰਡੀਗੜ੍ਹ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਹਰਿਆਣਾ ਦੇ ਗ੍ਰਹਿ ਵਿਭਾਗ, ਡੀ.ਜੀ.ਪੀ., ਸੀ.ਬੀ.ਆਈ., ਸੇਕਰਡ ਹਾਰਟ ਸਕੂਲ ਅਤੇ ਰਾਠੌਰ ਨੂੰ ਪਾਰਟੀ ਬਣਾਇਆ ਗਿਆ ਹੈ। ਪਟੀਸ਼ਨ ਤੋਂ ਇਲਾਵਾ ਰੁਚਿਕਾ ਦੀ ਸਹੇਲੀ ਅਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਵੱਲੋਂ ਚੰਡੀਗੜ੍ਹ ਦੇ ਸਿੱਖਿਆ ਸਕੱਤਰ ਸ੍ਰੀ ਰਾਮ ਨਿਵਾਸ ਨੂੰ ਵੀ ਸੇਕਰਡ ਹਾਰਟ ਸਕੂਲ ਸੈਕਟਰ 26 ਖਿਲਾਫ ਕਾਰਵਾਈ ਲਈ ਸ਼ਿਕਾਇਤ ਦਿੱਤੀ ਹੈ, ਜਿਸ 'ਤੇ ਕਾਰਵਾਈ ਕਰਦਿਆਂ ਜਾਂਚ ਲਈ ਐਸ. ਡੀ. ਐਮ. ਦੱਖਣੀ ਸ੍ਰੀਮਤੀ ਪ੍ਰੇਰਨਾ ਪੁਰੀ ਨੂੰ ਜ਼ਿੰਮਾ ਸੌਂਪਿਆ ਗਿਆ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਰੁਚਿਕਾ ਨੇ 25 ਅਗਸਤ 1990 ਤੱਕ ਜਮਾਤਾਂ ਲਾਈਆਂ ਸਨ, ਪਰ ਬਾਅਦ ਵਿਚ ਉਸਨੂੰ ਬਿਨਾ ਕੋਈ ਨੋਟਿਸ ਜਾਂ ਜੁਰਮਾਨਾ ਭਰਨ ਦਾ ਮੌਕਾ ਦਿੱਤਿਆਂ ਉਸਨੂੰ ਸਕੂਲ 'ਚੋਂ ਕੱਢ ਦਿੱਤਾ। ਸੂਤਰਾਂ ਅਨੁਸਾਰ ਉਸ ਸਮੇਂ ਜਦੋਂ ਕਿ ਰੁਚਿਕਾ ਆਪਣੇ ਅਤੇ ਆਪਣੇ ਪਰਿਵਾਰ ਨਾਲ ਹੋਈ ਬੀਤੀ ਤੋਂ ਪ੍ਰੇਸ਼ਾਨ ਜਾਮਤ ਵਿਚ ਬੈਠੀ ਰੋਂਦੀ ਰਹਿੰਦੀ ਸੀ, ਉਸੇ ਜਮਾਤ ਵਿਚ ਪੜ੍ਹਦੀ ਰਾਠੌਰ ਦੀ ਧੀ ਨੂੰ ਕਿਸੇ ਪ੍ਰੇਸ਼ਾਨੀ ਤੋਂ ਬਚਾਉਣ ਲਈ ਰੁਚਿਕਾ ਨੂੰ ਸਕੂਲੋਂ ਕੱਢ ਦਿੱਤਾ ਗਿਆ। ਚੰਡੀਗੜ੍ਹ ਪ੍ਰਸ਼ਾਸਨ ਸਾਰੇ ਮਾਮਲੇ ਦੀ ਇਕ ਸਿਰੇ ਤੋਂ ਜਾਂਚ ਕਰੇਗਾ। ਇਸ ਪਟੀਸ਼ਨ 'ਤੇ ਸੁਣਵਾਈ 6 ਜਨਵਰੀ ਨੂੰ ਹੋਵੇਗੀ।

**ਪੰਚਕੂਲਾ 'ਚੋਂ ਦੋ ਨਵੇਂ ਪਰਚੇ ਦਰਜ:** ਇਥੇ ਰੁਚਿਕਾ ਦੇ ਭਰਾ ਆਸ਼ੂ ਗਿਰਹੋਤਰਾ ਅਤੇ ਉਸਦੇ ਪਿਤਾ ਸੁਭਾਸ਼ ਚੰਦਰ ਗਿਰਹੋਤਰਾ ਵੱਲੋਂ ਸਥਾਨਕ ਸੈਕਟਰ-6 ਦੇ ਥਾਣੇ ਵਿਚ 2 ਦਰਖਾਸਤਾਂ ਦੇ ਆਧਾਰ 'ਤੇ ਪੁਲਿਸ ਨੇ ਦੋ ਪਰਚੇ ਦਰਜ ਕਰ ਲਏ ਹਨ। ਇਹ ਵੀ ਪਤਾ ਲੱਗਾ ਹੈ ਕਿ ਪੁਲਿਸ ਨੇ ਰਾਠੌਰ ਦੀ ਗ੍ਰਿਫਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਆਸ਼ੂ ਗਿਰਹੋਤਰਾ ਵੱਲੋਂ ਦਿੱਤੀ ਦਰਖਾਸਤ ਵਿਚ ਭਾਰਤੀ ਦੰਡ ਵਿਧਾਨ ਦੀਆਂ ਵੱਖ ਵੱਖ ਧਾਰਾਵਾਂ ਲਾ ਕੇ ਧਾਰਾ 120-ਬੀ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਗਈ ਹੈ ਜਦੋਂਕਿ ਰੁਚਿਕਾ ਦੇ ਪਿਤਾ ਸੁਭਾਸ਼ ਚੰਦਰ ਗਿਰਹੋਤਰਾ ਦੀ ਦਰਖਾਸਤ ਵਿਚ ਵੀ ਅਜਿਹੀਆਂ ਹੀ ਧਾਰਾਵਾਂ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਹੋਈ ਹੈ। ਇਨ੍ਹਾਂ ਦਰਖਾਸਤਾਂ ਵਿਚ ਸਾਬਕਾ ਡੀ.ਜੀ.ਪੀ. ਹਰਿਆਣਾ ਐਸ.ਪੀ.ਐਸ. ਰਾਠੌਰ ਅਤੇ ਉਸਦੇ ਸਾਥੀ ਹੋਰ ਪੁਲਿਸ ਅਫਸਰ ਜੈ ਨਰਾਇਣ ਏ.ਐਸ.ਆਈ., ਪ੍ਰੇਮ ਦੱਤ ਐਸ. ਆਈ., ਸੇਵਾ ਸਿੰਘ ਏ. ਐਸ. ਆਈ ਅਤੇ ਹੋਰ ਕਈ ਵਿਅਕਤੀ, ਜਿਨ੍ਹਾਂ ਨੇ ਰਾਠੌਰ ਦੇ ਕਹਿਣ 'ਤੇ ਰਿਕਾਰਡ ਨਾਲ ਛੇੜਛਾੜ ਕੀਤੀ ਹੈ, ਵਿਰੁੱਧ ਕਾਨੂੰਨ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਰੁਚਿਕਾ ਦੇ ਕੇਸ ਦੀ ਪਿਛਲੇ 19 ਸਾਲਾਂ ਤੋਂ ਪੈਰਵਾਈ ਕਰਦੇ ਵਕੀਲ ਪੰਕਜ ਭਰਦਵ, ਸਹਿਯੋਗੀ ਵਕੀਲ ਰੁਚੀ ਸੇਖੜੀ, ਅੰਜੂ ਸ਼ਰਮਾ ਅਤੇ ਰੁਚਿਕਾ ਦੀ ਸਹੇਲੀ ਅਨੁਰਾਧਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਪੰਚਕੂਲਾ ਦੇ ਪੁਲਿਸ ਕਪਤਾਲ ਮੁਨੀਸ਼ ਚੌਧਰੀ ਨੂੰ ਮਿਲ ਕੇ ਐਫ.ਆਈ.ਆਰ. ਦਾਖਲ ਕਰਨ ਸਬੰਧੀ ਸਾਰੇ ਕਾਗਜ਼ਾਤ ਪੇਸ਼ ਕਰਕੇ ਤੁਰੰਤ ਰਾਠੌਰ ਨੂੰ ਹਿਰਾਸਤ ਵਿਚ ਲੈਣ ਦੀ ਮੰਗ ਕੀਤੀ। ਪੁਲਿਸ ਕਪਤਾਨ ਨੇ ਵਕੀਲਾਂ ਤੇ ਆਨੰਦ ਪ੍ਰਕਾਸ਼ ਨੂੰ ਸਭ ਦੇ ਸਾਹਮਣੇ ਇਹ ਯਕੀਨ ਦਿਵਾਇਆ ਕਿ ਉਹ ਜਲਦੀ ਹੀ ਇਨ੍ਹਾਂ ਸਾਰੇ ਕਾਗਜ਼ਾਤ ਦੀ ਕਾਨੂੰਨੀ ਘੋਖ ਕਰਵਾ ਕੇ ਉਚਿਤ ਕਾਰਵਾਈ ਕਰਨਗੇ।

ਠੀਕ 16 ਸਾਲ ਪਹਿਲਾਂ ਰੁਚਿਕਾ ਵੱਲੋਂ ਆਤਮਘਾਤ ਕਰਨ ਦੇ ਦਿਨ ਆਨੰਦ ਪ੍ਰਕਾਸ਼ ਦੇ ਸੈਕਟਰ 6 ਵਿਚਲੇ ਘਰ ਤੋਂ ਸੈਕਟਰ 6 ਤੋਂ 363 ਨੰਬਰ ਕੋਠੀ ਜਿਥੇ ਰੁਚਿਕਾ ਦਾ ਪਰਿਵਾਰ ਰਿਹਾ ਕਰਦਾ ਸੀ, ਤੋਂ ਇਕ ਰੈਲੀ ਵੀ ਕੱਢੀ ਗਈ। ਇਹ ਰੈਲੀ ਕੋਠੀ ਨੰ. 363 ਜਾ ਕੇ ਸਮਾਪਤ ਹੋਈ ਅਤੇ ਉਥੇ ਅਨੁਰਾਧਾ ਨੇ ਆਪਣੀ ਸਹੇਲੀ ਰੁਚਿਕਾ ਦੀ ਤਸਵੀਰ ਦੇ ਸਾਹਮਣੇ ਦੀਵਾ ਜਗਾ ਕੇ ਸ਼ਰਧਾਂਜਲੀ ਦਿੱਤੀ ਤੇ ਰਾਠੌਰ ਵਿਰੁੱਧ ਉਚਿਤ ਕਾਰਵਾਈ ਲਈ ਨਵੇਂ ਸੰਘਰਸ਼ ਦਾ ਅਹਿਦ ਲਿਆ। ਉਧਰ ਇਹ ਵੀ ਪਤਾ ਲੱਗਾ ਹੈ ਕਿ ਰਾਠੌਰ ਵੱਲੋਂ ਪਰਚਿਆਂ ਦੀ ਜਾਣਕਾਰੀ ਮਿਲਣ 'ਤੇ ਪੇਸ਼ਗੀ ਜ਼ਮਾਨਤ ਲਈ ਤੇ ਇਨ੍ਹਾਂ ਮੁਕੱਦਮਿਆਂ ਨੂੰ ਖਤਮ ਕਰਾਉਣ ਲਈ ਦਰਖਾਸਤ ਤਿਆਰ ਕਰ ਲਈ ਗਈ ਹੈ।

## ਬਰਿੰਦਾ ਵਲੋਂ ਮੁਲਾਕਾਤ ਤੋਂ ਬਾਅਦ ਹੁੱਡਾ ਨੇ ਕਾਰਵਾਈ ਦਾ ਭਰੋਸਾ ਦਿਵਾਇਆ

**ਨਵੀਂ ਦਿੱਲੀ :** ਰਾਜ ਸਭਾ ਵਿਚ ਰੁਚਿਕਾ ਮਾਮਲੇ ਨੂੰ ਸਭ ਤੋਂ ਪਹਿਲਾਂ ਉਠਾਉਣ ਵਾਲੀ ਸੀ ਪੀ ਆਈ (ਐਮ) ਦੀ ਆਗੂ ਬਰਿੰਦਾ ਕਾਰਤ ਨੇ ਇਸ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨਾਲ ਮੁਲਾਕਾਤ ਕੀਤੀ। 26 ਦਸੰਬਰ ਨੂੰ ਹੋਈ ਇਸ ਮੁਲਾਕਾਤ ਮੌਕੇ ਰੁਚਿਕਾ ਦੀ ਸਹੇਲੀ ਅਰਾਧਨਾ ਗੁਪਤਾ ਦੇ ਮਾਤਾ-ਪਿਤਾ ਵੀ ਉਨ੍ਹਾਂ ਨਾਲ ਸਨ। ਮੁਲਾਕਾਤ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਰਿੰਦਾ ਕਾਰਤ ਨੇ ਕਿਹਾ ਕਿ ਉਨ੍ਹਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਰਾਠੌਰ ਦੀ ਜ਼ਮਾਨਤ ਰੱਦ ਕਰਕੇ ਉਸ ਨੂੰ ਜੇਲ੍ਹ ਭੇਜਣ ਦੇ ਨਾਲ-ਨਾਲ ਰੁਚਿਕਾ ਦੇ ਭਰਾ ਖਿਲਾਫ਼ ਗਲਤ ਮਾਮਲੇ ਦਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ।

ਬਰਿੰਦਾ ਕਾਰਤ ਨੇ ਸ੍ਰੀ ਹੁੱਡਾ ਤੋਂ ਮੰਗ ਕੀਤੀ ਕਿ ਉਹ ਰਾਠੌਰ ਕੇਸ ਨੂੰ ਦੁਬਾਰਾ ਖੋਲ੍ਹਣ। ਮੁਲਾਕਾਤ ਦੌਰਾਨ ਬਰਿੰਦਾ ਕਾਰਤ ਨੇ ਹੁੱਡਾ ਤੋਂ ਇਹ ਵੀ ਮੰਗ ਕੀਤੀ ਕਿ ਇਸ ਮਾਮਲੇ ਦੀ ਦੋ ਪੱਖਾਂ ਤੋਂ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਕ ਪੱਖ ਅਪਰਾਧ ਨਾਲ ਤੇ ਦੂਜਾ ਪੱਖ ਸਿਆਸਤ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਅਪਰਾਧ ਲਈ ਸਜ਼ਾ ਦੇਣ ਤੋਂ ਇਲਾਵਾ ਇਹ ਪਤਾ ਲਗਾਇਆ ਜਾਵੇ ਕਿ ਕਿਹੜੇ-ਕਿਹੜੇ ਸਿਆਸੀ ਆਗੂ ਵਲੋਂ ਸਾਬਕਾ ਡੀ ਜੀ ਪੀ ਦਾ ਪੱਖ ਪੂਰਿਆ ਗਿਆ ਸੀ।

ਇਸੇ ਦੌਰਾਨ ਬਰਿੰਦਾ ਕਾਰਤ ਨਾਲ ਮੁਲਾਕਾਤ ਤੋਂ ਬਾਅਦ ਮੁੱਖ ਮੰਤਰੀ ਹੁੱਡਾ ਨੇ ਵੀ ਇਸ ਮਾਮਲੇ ਵਿਚ ਪਹਿਲੀ ਵਾਰ ਪ੍ਰੈਸ ਕਾਨਫਰੰਸ ਕੀਤੀ। ਸ੍ਰੀ ਹੁੱਡਾ ਨੇ ਮੰਨਿਆ ਕਿ ਇਸ ਮਾਮਲੇ ਦੀ ਮੁੜ ਜਾਂਚ ਹੋਣੀ ਚਾਹੀਦੀ ਹੈ।




ਚੰਡੀਗੜ੍ਹ ਵਿਚ ਰਾਠੌਰ ਨੂੰ ਘੱਟ ਸਜ਼ਾ ਮਿਲਨ ਦੇ ਵਿਰੁਧ ਮੁਜਾਹਰਾ ਕਰ ਰਹੇ ਲੋਕ

**ਥਰਮਲ ਪਲਾਂਟ ਦੀ ਸੁਆਹ ਦਾ ਮਾਮਲਾ**

# ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਅਧਿਕਾਰੀ ਤਲਬ

**ਬਠਿੰਡਾ :** ਥਰਮਲ ਦੀ ਸੁਆਹ ਦੇ ਧੁਆਂਖੇ ਬਠਿੰਡਾ ਦੇ ਲੋਕਾਂ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦਾ ਕੇਂਦਰੀ ਬਿਜਲੀ ਮੰਤਰੀ ਨੂੰ ਲਿਖਿਆ ਪੱਤਰ ਤਾਂ ਕੋਈ ਰੰਗ ਨਹੀਂ ਵਿਖਾ ਸਕਿਆ ਪਰ ਬਠਿੰਡਾ ਦੇ ਸ਼ਹਿਰੀਆਂ ਵਲੋਂ ਰਾਜ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਕੀਤੀ ਪਹੁੰਚ ਨੇ ਅਸਰ ਜ਼ਰੂਰ ਵਿਖਾ ਦਿੱਤਾ ਹੈ। ਕਮਿਸ਼ਨ ਨੇ ਬਠਿੰਡਾ ਥਰਮਲ ਦੇ ਜਨਰਲ ਮੈਨੇਜਰ (ਚੀਫ ਇੰਜੀਨੀਅਰ) ਦੇ ਪ੍ਰਦੂਸ਼ਣ ਵਿਭਾਗ ਦੇ ਖੇਤਰੀ ਦਫ਼ਤਰ ਬਠਿੰਡਾ ਦੇ ਵਾਤਾਵਰਣ ਇੰਜੀਨੀਅਰ ਨੂੰ 14 ਜਨਵਰੀ, 2009 ਨੂੰ ਲੋਕਾਂ ਦੀ ਸਾਂਝੀ ਤਕਲੀਫ ਦੇ ਮੁੱਦੇ 'ਤੇ ਸੰਮਨ ਭੇਜਿਆ ਹੈ।

ਜਾਣਕਾਰੀ ਅਨੁਸਾਰ ਬਠਿੰਡਾ ਤੋਂ ਲੋਕ ਸਭਾ ਚੋਣ ਲੜਨ ਦੀ ਤਿਆਰੀ ਵਜੋਂ ਸੱਤਾਧਾਰੀ ਪਰਿਵਾਰ ਨੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਸੁਆਹ ਦੇ ਮਸਲੇ ਦੇ ਇਵਜ਼ ਵਜੋਂ ਸ਼ਹਿਰ ਨੂੰ ਨਿਰੰਤਰ ਸਪਲਾਈ ਮਿਲੇਗੀ। ਸਰਕਾਰ ਵਲੋਂ ਆਪਣੇ ਇਸ ਵਾਅਦੇ 'ਤੇ 1 ਫਰਵਰੀ ਨੂੰ ਪਹਿਰਾ ਵੀ ਦੇ ਦਿੱਤਾ ਗਿਆ ਸੀ ਤੇ ਨਾਲ ਹੀ ਲਹਿਰਾ ਮੁਹੱਬਤ ਥਰਮਲ ਪਲਾਂਟ ਤੇ ਰੋਪੜ ਥਰਮਲ ਪਲਾਂਟ ਦੇ 8 ਕਿਲੋਮੀਟਰ ਦੇ ਘੇਰੇ 'ਚ ਉਥੋਂ ਦੇ ਲੋਕਾਂ ਨੂੰ ਵੀ ਨਿਰੰਤਰ ਬਿਜਲੀ ਸਪਲਾਈ ਦੇਣ ਦਾ ਨੋਟੀਫਿਕੇਸ਼ਨ ਕਰ ਦਿੱਤਾ ਗਿਆ ਸੀ ਪਰ ਝੋਨੇ ਦਾ ਸੀਜ਼ਨ ਆਉਣ ਤੇ ਵੋਟਾਂ ਦਾ ਸੀਜ਼ਨ ਮੁੱਕਣ 'ਤੇ 8 ਜੁਲਾਈ ਨੂੰ ਇਹ ਫੈਸਲਾ ਵਾਪਸ ਵੀ ਹੋ ਗਿਆ ਤੇ ਲੋਕ ਮੁੜ ਤੋਂ ਕੱਟਾਂ ਜੋਗੇ ਰਹਿ ਗਏ।

ਗਰਮੀਆਂ ਤਾਂ ਇਕ ਪਾਸੇ ਰਹੀਆਂ, ਹੁਣ ਸਰਦੀਆਂ 'ਚ ਵੀ ਲੋਕਾਂ ਨੂੰ ਰੋਜ਼ਾਨਾ 4 ਘੰਟੇ ਦਾ ਕੱਟ ਸਹਿਣਾ ਪੈ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਵੋਟਾਂ ਲੈਣ ਲਈ ਹੀ ਬਿਜਲੀ ਦੇਣੀ ਸੀ ਤਾਂ ਫਿਰ ਵਾਅਦਾ ਕਿਉਂ ਕੀਤਾ। ਥਰਮਲ ਦੀ ਸੁਆਹ ਤੋਂ ਦੁਖੀ ਹੋਏ ਬਠਿੰਡਾ ਦੇ ਲੋਕ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਵੀ ਜਨਹਿਤ ਪਟੀਸ਼ਨ ਪਾ ਚੁੱਕੇ ਹਨ।

ਮਨੁੱਖੀ ਅਧਿਕਾਰ ਕਮਿਸ਼ਨ ਕੋਲ ਇਹ ਪਹੁੰਚ ਸ਼ਿਕਾਇਤ ਕਰਤਾਵਾਂ ਡਾ. ਜੀ. ਐਸ. ਢਿੱਲੋਂ ਤੇ ਆਈ. ਐਸ. ਕਲਸੀ ਨੇ ਕੀਤੀ ਹੋਈ ਹੈ। ਚੀਫ ਇੰਜੀਨੀਅਰ ਨੂੰ ਕਮਿਸ਼ਨ ਵਲੋਂ ਇਸ ਕਰਕੇ ਤਲਬ ਕੀਤਾ ਗਿਆ ਹੈ ਕਿ ਇਸ ਤੋਂ ਪਹਿਲਾਂ ਕਮਿਸ਼ਨ ਕੋਲ ਪੇਸ਼ ਹੋਏ ਲਾਅ ਅਫਸਰ ਸ਼ਿਵ ਕੁਮਾਰ ਤੇ ਐਡਵੋਕੇਟ ਏ. ਕੇ. ਸ਼ਰਮਾ ਵਲੋਂ ਰੱਖੇ ਗਏ ਪੱਖ ਤੋਂ ਕਮਿਸ਼ਨ ਦੀ ਸੰਤੁਸ਼ਟੀ ਨਹੀਂ ਹੋਈ। ਕਮਿਸ਼ਨ ਵਲੋਂ ਸੁਆਹ ਦਾ ਮੁੱਖ ਕਾਰਨ ਬਣੇ ਹੋਏ ਯੂਨਿਟ ਨੰਬਰ ਤਿੰਨ ਤੇ ਚਾਰ ਬਾਰੇ ਥਰਮਲ ਵਲੋਂ ਕੀਤੀ ਜਾ ਰਹੀ ਕਾਰਵਾਈ 'ਤੇ ਦੋਵਾਂ ਦੇ ਜੁਆਬ ਅਸਪੱਸ਼ਟ ਹੋਣ ਕਾਰਨ ਹੀ ਚੀਫ ਇੰਜੀਨੀਅਰ ਨੂੰ ਇਹ ਸਪੱਸ਼ਟ ਕਰਨ ਲਈ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਆਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਥਰਮਲ ਦੇ ਇਨ੍ਹਾਂ ਦੋਵੇਂ ਯੂਨਿਟਾਂ ਦੀਆਂ ਚਿਮਨੀਆਂ 'ਚੋਂ ਨਿਕਲਦੇ ਧੂੰਏਂ ਦੇ ਕਣ ਪ੍ਰਦੂਸ਼ਣ ਵਿਭਾਗ ਦੇ ਮੌਜੂਦਾ ਨਿਯਮਾਂ ਜੋ ਕਿ 150 ਕਣ ਪ੍ਰਤੀ ਨੌਮਰਲ ਘਣ ਮੀਟਰ ਹਨ, ਨੂੰ ਪੂਰਾ ਨਹੀਂ ਕਰਦੇ। ਇਹ ਯੂਨਿਟ ਜਿਸ ਵੇਲੇ ਨਿਰਮਿਤ ਹੋਏ ਸਨ, ਉਸ ਵੇਲੇ ਪ੍ਰਦੂਸ਼ਣ ਦੇ ਇਨ੍ਹਾਂ ਕਣਾਂ ਦੀ ਮਾਤਰਾ ਦੀ ਹੱਦ 300 ਤੱਕ ਸੀ। ਦੋਵੇਂ ਯੂਨਿਟ ਇਸ ਵੇਲੇ ਆਪਣੀ ਮਿਆਦ ਪੁਗਾ ਚੁੱਕੇ ਹੋਣ ਕਾਰਨ ਧੱਕੇ ਨਾਲ ਹੀ ਚਲਾਏ ਜਾ ਹਨ ਤੇ ਇਨ੍ਹਾਂ ਦੋਵੇਂ ਯੂਨਿਟਾਂ ਦਾ ਪਲਾਂਟ ਲੋਡ ਫੈਕਟਰ ਵੀ 85 ਫੀਸਦੀ ਹੀ ਰਹਿ ਗਿਆ ਹੈ। ਥਰਮਲ ਦੇ ਅਧਿਕਾਰੀ ਇਨ੍ਹਾਂ ਦੋਵੇਂ ਯੂਨਿਟਾਂ ਦਾ ਪ੍ਰਦੂਸ਼ਣ ਘਟਾਉਣ ਲਈ ਅਮੋਲੀਆ ਡੋਜ਼ਿੰਗ ਵੀ ਕਰ ਰਹੇ ਹਨ ਤੇ ਧਰਮੈਕਟ ਨਾਂ ਦਾ ਰਸਾਇਣ ਵੀ ਵਰਤ ਰਹੇ ਹਨ ਪਰ ਪ੍ਰਦੂਸ਼ਣ ਰੁਕਣ ਦਾ ਨਾਂ ਨਹੀਂ ਲੈ ਰਿਹਾ। ਥਰਮਲ ਵਲੋਂ ਇਨ੍ਹਾਂ ਯੂਨਿਟਾਂ ਦਾ ਭਾਰਤੀ ਹੈਵੀ ਇਲੈਕਟ੍ਰੀਕਲਜ਼ ਲਿਮਟਿਡ ਨਾਲ ਕੀਤਾ ਨਵਉਸਾਰੀ ਦਾ 465 ਕਰੋੜ ਰੁਪਏ ਦਾ ਠੇਕਾ ਵੀ ਹਾਲ ਦੀ ਘੜੀ ਕੰਮ ਸ਼ੁਰੂ ਨਾ ਹੋ ਸਕਣ ਕਾਰਨ ਵੱਡੀ ਮੁਸੀਬਤ ਬਣਿਆ ਹੋਇਆ ਹੈ। ਇਹ ਠੇਕਾ ਸਾਲ 2006 'ਚ ਦਿੱਤਾ ਗਿਆ ਸੀ। ਬੋਰਡ ਅਧਿਕਾਰੀ 16 ਦਸੰਬਰ ਨੂੰ ਵੀ ਭਾਰਤੀ ਹੈਵੀ ਇਲੈਕਟ੍ਰੀਕਲਜ਼ ਲਿਮਟਿਡ ਨਾਲ ਮੀਟਿੰਗ ਕਰ ਚੁੱਕੇ ਹਨ ਪਰ ਅਜੇ ਤਕ ਕੋਈ ਹਾਂ ਪੱਖੀ ਨਤੀਜਾ ਨਹੀਂ ਨਿਕਲ ਸਕਿਆ। ਥਰਮਲ ਦੇ ਲੋਕ ਸੰਪਰਕ ਅਧਿਕਾਰੀ ਸਤਵੰਤ ਸਿੰਘ ਔਲਖ ਨੇ 14 ਜਨਵਰੀ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਚੀਫ ਇੰਜੀਨੀਅਰ ਨੂੰ ਨਿੱਜੀ ਤੌਰ 'ਤੇ ਤਲਬ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।



## ਲੁਧਿਆਣਾ ਦੇ ਸ਼ੋਅਰੂਮ 'ਚੋਂ ਕਰੋੜਾਂ ਦੇ ਗਹਿਣੇ ਚੋਰੀ

**ਲੁਧਿਆਣਾ :** ਲੁਧਿਆਣਾ ਦੇ ਕਾਲਜ ਰੋਡ ਸਥਿਤ ਫ਼ਾਰਐਵਰ ਜਿਊਲਰਜ਼ ਵਿਚ ਦਿਨ-ਦਿਹਾੜੇ ਕਰੋੜਾਂ ਰੁਪਏ ਦੇ ਗਹਿਣੇ ਚੋਰੀ ਹੋ ਗਏ। ਇਹ ਚੋਰੀ ਦਿੱਲੀ ਦੀ ਇਕ ਕੰਪਨੀ ਦੇ ਲੁਧਿਆਣਾ ਸਥਿਤ ਸ਼ੋਅਰੂਮ ਵਿਚ ਹੋਈ। ਚੋਰੀ ਦਾ ਉਸ ਵੇਲੇ ਪਤਾ ਲੱਗਾ ਜਦੋਂ ਸ਼ੋਅਰੂਮ ਦੇ ਮੁਲਾਜ਼ਮਾਂ ਨੇ ਸਵੇਰੇ ਕਰੀਬ ਸਵਾ ਦਸ ਵਜੇ ਸ਼ੋਅਰੂਮ ਦੇ ਤਾਲੇ ਖੁਲ੍ਹੇ ਵੇਖੇ ਤੇ ਮੈਨੇਜਰ ਤਰਨਜੀਤ ਕੌਰ ਨੂੰ ਜਾਣਕਾਰੀ ਦਿਤੀ।

ਮੈਨੇਜਰ ਨੇ ਸ਼ੋਅਰੂਮ ਵਿਚ ਪੁਜਦੇ ਹੀ ਪੁਲਿਸ ਨੂੰ ਇਤਲਾਹ ਕੀਤੀ। ਪੁਲਿਸ ਸੂਤਰਾਂ ਮੁਤਾਬਕ ਚੋਰਾਂ ਦਾ ਸੁਰਾਗ ਮਿਲ ਗਿਆ ਹੈ। ਚੋਰੀ ਕਰਨ ਲਈ ਸ਼ੋਅਰੂਮ ਦਾ ਇਕ ਸਾਬਕਾ ਮੁਲਾਜ਼ਮ ਜ਼ੁੰਮੇਵਾਰ ਹੈ ਜਿਸ ਨੂੰ 10 ਦਿਨ ਪਹਿਲਾਂ ਹਟਾਇਆ ਗਿਆ ਸੀ। ਕੁੱਝ ਲੋਕਾਂ ਨੇ ਉਸ ਨੂੰ ਲੰਘੀ 27 ਦਸੰਬਰ ਨੂੰ ਸ਼ੋਅਰੂਮ ਦੇ ਨੇੜੇ ਘੁੰਮਦੇ ਵੇਖਿਆ ਸੀ। ਸ਼ੋਅਰੂਮ ਵਿਚੋਂ ਕਰੀਬ 18 ਕਿਲੋ ਪੰਜ ਸੌ ਗ੍ਰਾਮ ਦੇ ਸੋਨੇ ਦੇ ਗਹਿਣੇ ਅਤੇ ਕਰੋੜਾਂ ਰੁਪਏ ਮੁੱਲ ਦੇ ਹੀਰੇ ਜੜੇ ਸੈੱਟ ਚੋਰੀ ਹੋਏ।

# ਥਰਮਲ ਪਲਾਂਟਾਂ 'ਚ ਖਤਰਨਾਕ ਰਸਾਇਣ ਦੀ ਵਰਤੋਂ ਕੀਤੀ ਜਾ ਰਹੀ

**ਰੂਪਨਗਰ:** ਪੰਜਾਬ ਦੇ ਥਰਮਲ ਪਲਾਂਟਾਂ ਅੰਦਰ ਬੁਆਇਲਰ ਦੀ ਕਾਰਗੁਜ਼ਾਰੀ ਨੂੰ ਵਧੀਆ ਬਨਾਉਣ ਲਈ ਰਸਾਇਣ ਦੀ ਵਰਤੋਂ ਨੂੰ ਲੈ ਕੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਦੂਜੀ ਸਟੇਜ ਦੇ ਬੁਆਇਲਰਾਂ ਲਈ 'ਥਰਮੈਕਟ' ਨਾਂ ਦਾ ਇਹ ਰਸਾਇਣ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਥਰਮਲ ਪਲਾਂਟ ਦੇ ਅਧਿਕਾਰੀਆਂ ਨੇ ਮਾਰਚ 2008 ਵਿਚ ਟਰਾਇਲ ਦੇ ਆਧਾਰ 'ਤੇ ਯੂਨਿਟ ਨੰਬਰ 3 ਦੇ ਬੁਆਇਲਰ ਵਿਚ ਕੋਇਲੇ ਵਿਚ ਮਿਲਾ ਕੇ ਵਰਤਣ ਲਈ ਮੁੰਬਈ ਦੀ ਇਕ ਫਰਮ ਨੂੰ 6000 ਕਿਲੋ ਰਸਾਇਣ, ਜਿਸ ਦੀ ਕੀਮਤ 18 ਲੱਖ ਰੁਪਏ ਤੋਂ ਵੀ ਵਧ ਬਣਦੀ ਹੈ, ਸਪਲਾਈ ਕਰਨ ਦਾ ਆਰਡਰ ਦਿੱਤਾ ਸੀ।

ਸਤੰਬਰ 2008 ਵਿਚ ਵੀ ਇਸ ਥਰਮਲ ਪਲਾਂਟ ਦੇ ਅਧਿਕਾਰੀਆਂ ਨੇ ਯੂਨਿਟ ਨੰਬਰ 3 ਅਤੇ 4 ਦੇ ਬੁਆਇਲਰਾਂ ਵਿਚ ਵਰਤੇ ਜਾਣ ਲਈ 12000 ਕਿਲੋ ਰਸਾਇਣ, ਜਿਸ ਦੀ ਕੀਮਤ 36 ਲੱਖ ਰੁਪਏ ਤੋਂ ਵੀ ਵਧ ਬਣਦੀ ਹੈ, ਸਪਲਾਈ ਕਰਨ ਲਈ ਆਰਡਰ ਦਿੱਤਾ ਸੀ। ਇਸ ਸਾਲ ਅਕਤੂਬਰ ਵਿਚ ਵੀ ਥਰਮਲ ਪਲਾਂਟ ਦੇ ਅਧਿਕਾਰੀਆਂ ਨੇ 45 ਲੱਖ ਰੁਪਏ ਕੀਮਤ ਦੇ ਰਸਾਇਣ ਦੀ ਸਪਲਾਈ ਦਾ ਆਰਡਰ ਦਿੱਤਾ ਹੈ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੂਪਨਗਰ ਦੇ ਅਧਿਕਾਰੀਆਂ ਵਲੋਂ ਵੀ ਹਾਲ ਹੀ ਵਿਚ ਤਕਰੀਬਨ 40 ਲੱਖ ਰੁਪਏ ਕੀਮਤ ਦੇ ਇਸ ਰਸਾਇਣ ਦੀ ਸਪਲਾਈ ਲਈ ਇਸੇ ਫਰਮ ਨੂੰ ਆਰਡਰ ਦਿੱਤਾ ਗਿਆ ਹੈ। ਫਰਮ ਦਾ ਇਹ ਦਾਅਵਾ ਹੈ ਕਿ ਇਹ ਰਸਾਇਣ ਇਕ ਬਹੁ ਮੰਤਵੀ ਪਾਊਡਰ ਹੈ, ਜੋ ਕਿ ਥਰਮਲ ਪਲਾਂਟਾਂ ਅੰਦਰ ਬਿਜਲੀ ਉਤਪਾਦਨ ਲਈ ਵਰਤੇ ਜਾਂਦੇ ਈਂਧਣ ਦੀ ਕਾਰਗੁਜਾਰੀ ਵਧੀਆ ਬਨਾਉਣ ਲਈ ਵਿਕਸਿਤ ਕੀਤਾ ਗਿਆ ਹੈ ਅਤੇ ਇਸਦੀ ਵਰਤੋਂ ਨਾਲ ਕੋਇਲੇ ਦੀ ਖਪਤ ਘਟ ਜਾਂਦੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਇਸੇ ਫਰਮ ਨੇ ਕੁੱਝ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੂਪਨਗਰ ਦੇ ਅਧਿਕਾਰੀਆਂ ਕੋਲ ਇਸ ਰਸਾਇਣ ਦੀ ਵਰਤੋਂ ਕਰਨ ਦਾ ਪ੍ਰਸਤਾਵ ਲੈ ਕੇ ਪਹੁੰਚ ਕੀਤੀ ਸੀ, ਪ੍ਰੰਤੂ ਉਸ ਵੇਲੇ ਦੇ ਮੁੱਖ ਇੰਜੀਨੀਅਰ ਨੇ ਇਸ ਰਸਾਇਣ ਨੂੰ ਵਰਤਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਸ ਸਬੰਧੀ 20 ਜੁਲਾਈ 2004 ਨੂੰ ਉਸ ਵੇਲੇ ਦੇ ਪੰਜਾਬ ਰਾਜ ਬਿਜਲੀ ਬੋਰਡ ਦੇ ਮੈਂਬਰ ਜਨਰੇਸ਼ਨ ਨੂੰ ਇੱਕ ਆਪਣਾ ਨੋਟ ਭੇਜਿਆ ਸੀ। ਇਸ ਨੋਟ ਵਿਚ ਉਨ੍ਹਾਂ ਲਿਖਿਆ ਸੀ ਕਿ ਫਰਮ ਨੂੰ ਇਹ ਵਿਧੀ ਦੱਸਣ ਲਈ ਕਿਹਾ ਗਿਆ ਸੀ ਜਿਸ ਰਾਹੀਂ ਇਸ ਰਸਾਇਣ ਦੀ ਵਰਤੋਂ ਨਾਲ ਬੁਆਇਲਰ ਦੀ ਕਾਰਗੁਜਾਰੀ ਵਧੀਆ ਹੋਣ ਦੀ ਮਿਣਤੀ ਕੀਤੀ ਜਾ ਸਕੇ। ਪ੍ਰੰਤੂ ਫਰਮ ਇਹ ਜਾਣਕਾਰੀ ਮੁਹੱਈਆ ਨਹੀਂ ਕਰਵਾ ਸਕੀ। ਸਹੀ ਵਿਧੀ ਤੋਂ ਬਗੈਰ ਇਸ ਰਸਾਇਣ ਦੀ ਉਪਯੋਗਤਾ ਸਥਾਪਤ ਨਹੀਂ ਕੀਤੀ ਜਾ ਸਕਦੀ। ਇਸ ਤੋਂ ਵੀ ਵਧ ਕੇ ਇਹ ਰਸਾਇਣ ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ (ਬੀ ਐਚ ਈ ਐਲ) ਵਲੋਂ ਵੀ ਪ੍ਰਵਾਨਿਤ ਨਹੀਂ ਹੈ ਅਤੇ ਇਸਨੂੰ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨ.ਟੀ.ਪੀ.ਸੀ.) ਵਲੋਂ ਵਰਤੋਂ ਵਿਚ ਨਹੀਂ ਲਿਆਂਦਾ ਜਾ ਰਿਹਾ। ਥਰਮਲ ਮਾਹਰਾਂ ਦਾ ਕਹਿਣਾ ਹੈ ਕਿ ਬੁਆਇਲਰ ਦੀ ਕਾਰਗੁਜਾਰੀ ਵਿਚ ਸੁਧਾਰ ਅਤੇ ਕੋਇਲੇ ਦੀ ਵਰਤੋਂ ਵਧਣ ਘਟਣ ਦਾ ਮਾਪ ਕਰਨ ਦਾ ਕੋਈ ਠੋਸ ਤਰੀਕਾ ਨਹੀਂ ਹੈ। ਮਾਹਿਰਾਂ ਅਨੁਸਾਰ ਰੂਪਨਗਰ ਅਤੇ ਬਠਿੰਡਾ ਥਰਮਲ ਪਲਾਂਟਾਂ ਵਿਚ ਕੋਇਲਾ ਮਾਪਣ ਲਈ ਵੋਲੀਊਮੈਟਰਿਕ ਤਰੀਕਾ ਵਰਤਿਆ ਜਾ ਰਿਹਾ ਹੈ ਜਦੋਂ ਕਿ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਸਟੇਜ-2 ਦੇ ਯੂਨਿਟਾਂ ਵਿਚ ਗਰੈਵੀਮੈਟਰਿਕ ਤਰੀਕਾ ਵਰਤਿਆ ਜਾ ਰਿਹਾ ਹੈ। ਮਾਹਰਾਂ ਅਨੁਸਾਰ, ਕੋਇਲਾ ਮਾਪਣ ਦਾ ਗਰੈਵੀਮੈਟਰਿਕ ਤਰੀਕਾ ਸਿਧਾਂਤਕ ਤੌਰ ਤੇ ਸਹੀ ਤਰੀਕਾ ਹੈ ਜਦੋਂ ਕਿ ਵੋਲੀਊਮੈਟਰਿਕ ਤਰੀਕਾ ਗਲਤ ਤਰੀਕਾ ਹੈ।













# ਪ੍ਰੋ. ਦਰਸ਼ਨ ਸਿੰਘ ਦੇ ਕਥਨਾਂ ਬਾਰੇ ਵਿਵਾਦ ਭਖੇ ਰਹਿਣ ਦੇ ਆਸਾਰ

**ਅੰਮ੍ਰਿਤਸਰ :** ਹਰਿਆਣੇ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਾਨਕਸ਼ਾਹੀ ਕੈਲੰਡਰ ਵਿਚ ਸੋਧ ਅਤੇ ਇੰਗਲੈਂਡ ਤੋਂ ਲਿਆਂਦੀ ਗਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਦੀ ਪ੍ਰਮਾਣਿਕਤਾ ਸੰਬੰਧੀ ਵਿਵਾਦਾਂ ਕਾਰਨ ਸਾਲ 2009 ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਛਾਏ ਰਹੇ। ਇਨ੍ਹਾਂ ਵਿਵਾਦਾਂ ਦੇ ਅਜੇ ਤੱਕ ਵੀ ਹੱਲ ਹੋਣ ਦੇ ਆਸਾਰ ਨਹੀਂ ਬਣ ਰਹੇ।

ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕਰਨਾ, ਉਨ੍ਹਾਂ ਵਲੋਂ ਪੇਸ਼ ਹੋਣਾ, ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਹੈਡ ਗ੍ਰੰਥੀ ਵਲੋਂ ਇਕ ਨਜ਼ਦੀਕੀ ਰਿਸ਼ਤੇਦਾਰ ਦੇ ਵਿਆਹ ਵਿਚ ਭੰਗੜਾ ਪਾਉਣਾ, ਮਈ ਦੇ ਮਹੀਨੇ ਵਿਚ ਇਕ ਮਾਨਸਿਕ ਰੋਗੀ ਨੌਜਵਾਨ ਵਲੋਂ ਦਰਬਾਰ ਸਾਹਿਬ ਅੰਦਰ ਪੀੜ੍ਹਾ ਸਾਹਿਬ 'ਤੇ ਜਾ ਬਹਿਣਾ, ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਸ੍ਰੀ ਦਰਬਾਰ ਸਾਹਿਬ ਫੇਰੀ, ਜਥੇਦਾਰ ਅਵਤਾਰ ਸਿੰਘ ਮੱਕੜ ਦਾ ਪੰਜਵੀਂ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨਾ, ਲੁਧਿਆਣੇ ਵਿਚ ਵਾਪਰੇ ਗੋਲੀ ਕਾਂਡ ਲਈ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੋਸ਼ੀ ਦੱਸ ਕੇ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ ਵਰਗੀਆਂ ਘਟਨਾਵਾਂ ਨੇ ਵੀ ਇਸ ਵਰ੍ਹੇ ਸ਼੍ਰੋਮਣੀ ਕਮੇਟੀ 'ਤੇ ਫੋਕਸ ਬਣਾਈ ਰੱਖਿਆ।

ਨਾਨਕਸ਼ਾਹੀ ਕੈਲੰਡਰ ਸਾਲ 2003 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਲੋਂ ਪ੍ਰਵਾਨ ਕਰਨ ਤੋਂ ਬਾਅਦ ਇਸ ਨੂੰ ਅਕਾਲ ਤਖ਼ਤ ਨੇ ਲਾਗੂ ਕਰ ਦਿੱਤਾ ਸੀ। ਉਸ ਵੇਲੇ 90 ਫੀਸਦੀ ਤੋਂ ਵਧ ਸਿੱਖ ਸੰਸਥਾਵਾਂ ਨੇ ਇਸ ਨੂੰ ਪ੍ਰਵਾਨ ਕਰ ਲਿਆ ਸੀ। ਕਾਫੀ ਸਮਾਂ ਇਸ ਬਾਰੇ ਖਾਮੋਸ਼ ਰਹਿਣ ਤੋਂ ਬਾਅਦ ਇਸ ਵਰ੍ਹੇ ਸੰਤ ਸਮਾਜ ਵਲੋਂ ਇਸ ਵਿਚ ਸੋਧ ਲਈ ਆਵਾਜ਼ ਉਠਾਈ ਗਈ। ਦੀਵਾਲੀ ਮੌਕੇ 17 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਜਾਣ ਵਾਲੀਆਂ ਸੋਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ ਕਿ ਕੁਝ ਪੰਥਕ ਜਥੇਬੰਦੀਆਂ ਨੂੰ ਇਸ ਦੀ ਸੂਹ ਲੱਗ ਗਈ ਤੇ ਉਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਲਿਖਤੀ ਮੰਗ ਪੱਤਰ ਦੇ ਕੇ ਇਸ ਸੰਬੰਧੀ ਹੋਣ ਵਾਲੇ ਕਿਸੇ ਵੀ ਫੈਸਲੇ ਨੂੰ ਰੁਕਵਾ ਲਿਆ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵਲੋਂ ਵੀ ਪੰਥਕ ਜਥੇਬੰਦੀਆਂ ਦੀ ਮੀਟਿਗ ਸੱਦੀ ਗਈ ਸੀ ਤੇ ਉਸ ਮੀਟਿੰਗ ਵਿਚ ਵੀ ਕੇਵਲ ਇੰਨਾ ਕੁ ਫੈਸਲਾ ਲਿਆ ਗਿਆ ਕਿ ਸੋਧਾਂ ਲਈ ਸੁਝਾਅ ਮੰਗੇ ਜਾਣਗੇ ਅਤੇ ਉਹ ਸੁਝਾਅ ਵਿਦਵਾਨਾਂ ਦੀ ਇਕ ਮੀਟਿੰਗ ਵਿਚ ਵਿਚਾਰਨ ਮਗਰੋਂ ਹੀ ਕੋਈ ਫੈਸਲਾ ਲਿਆ ਜਾਵੇਗਾ। ਪਿਛਲੇ ਦਿਨੀਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਇਹ ਸੁਝਾਅ ਦਿੱਤਾ ਹੈ ਕਿ ਉਹ ਇਸ ਮਾਮਲੇ ਵਿਚ ਜਲਦਬਾਜ਼ੀ ਨਾ ਕਰਨ। ਇਸ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦਾ ਮੁੱਦਾ ਵੀ ਇਸ ਵਰ੍ਹੇ ਸੁਰਖੀਆਂ ਵਿਚ ਰਿਹਾ ਅਤੇ ਅਜੇ ਵੀ ਸੁਰਖੀਆਂ ਵਿਚ ਬਣੇ ਰਹਿਣ ਦੇ ਆਸਾਰ ਹਨ।

ਇਸ ਵਰ੍ਹੇ 30 ਜੂਨ ਨੂੰ ਇੰਗਲੈਂਡ ਤੋਂ ਲਿਆਂਦੀ ਗਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਦੀ ਪ੍ਰਮਾਣਿਕਤਾ ਬਾਰੇ ਵਿਵਾਦ ਵੀ ਅਜੇ ਤਕ ਕਿਸੇ ਤਣ-ਪੱਤਣ ਨਹੀਂ ਲੱਗਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਰਾਜਾਸਾਂਸੀ ਏਅਰਪੋਰਟ 'ਤੇ ਕਲਗੀ ਦਾ ਸਵਾਗਤ ਕੀਤਾ ਅਤੇ ਇਹ ਕਲਗੀ ਲੋਕਾਂ ਦੇ ਦਰਸ਼ਨਾਂ ਲਈ ਸ੍ਰੀ ਅਕਾਲ ਤਖ਼ਤ 'ਤੇ ਰੱਖੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਕਲਗੀ ਦਾ ਸਵਾਗਤ ਕੀਤਾ ਪਰ ਬਾਅਦ ਵਿਚ ਇਸ ਦੀ ਪ੍ਰਮਾਣਿਕਤਾ ਬਾਰੇ ਜਦੋਂ ਵਿਵਾਦ ਛਿੜਿਆ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਦੀ ਪ੍ਰਮਾਣਿਕਤਾ ਬਾਰੇ ਜਾਣਨ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ ਸੀ। ਕਮੇਟੀ ਦੀਆਂ ਦੋ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਪਰ ਕਲਗੀ ਦੀ ਪ੍ਰਮਾਣਿਥਤਾ ਬਾਰੇ ਕੋਈ ਵੀ ਫੈਸਲਾ ਅਜੇ ਤਕ ਸਿਰੇ ਨਹੀਂ ਲੱਗਿਆ।

ਹਰਿਆਣਾ ਵਿਚ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਦਾ ਭਾਵੇਂ ਕਾਫੀ ਸਮੇਂ ਤੋਂ ਚਲਦਾ ਆ ਰਿਹਾ ਹੈ, ਪਰ ਇਸ ਵਰ੍ਹੇ 13 ਸਤੰਬਰ ਨੂੰ ਜਦੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਸ੍ਰੀ ਜਗਦੀਸ਼ ਸਿੰਘ ਝੀਂਡਾ ਨੇ ਆਪਣੇ ਸਾਥੀਆਂ ਨਾਲ ਕੁਰੂਕਸ਼ੇਤਰ ਸਥਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ 'ਤੇ ਕਬਜ਼ਾ ਕੀਤਾ ਤਾਂ ਇਹ ਵਿਵਾਦ ਹੋਰ ਵੀ ਡੂੰਘਾ ਹੋ ਗਿਆ।

ਅਕਾਲ ਤਖ਼ਤ ਸਾਹਿਬ ਵਲੋਂ ਸ੍ਰੀ ਝੀਂਡਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਤਲਬ ਕੀਤਾ ਗਿਆ ਅਤੇ ਤਨਖਾਹ ਲਾਈ ਗਈ। ਸ਼੍ਰੋਮਣੀ ਕਮੇਟੀ ਵਲੋਂ 28 ਸਤੰਬਰ ਨੂੰ ਵਿਸ਼ੇਸ਼ ਇਜਲਾਸ ਸੱਦ ਕੇ ਵੱਖਰੀ ਕਮੇਟੀ ਦੇ ਮੁੱਦੇ ਨੂੰ ਬਹੁ-ਸੰਮਤੀ ਮੈਂਬਰਾਂ ਦੀ ਰਾਇ ਨਾਲ ਰੱਦ ਕਰ ਦਿੱਤਾ ਗਿਆ ਪਰ ਸ੍ਰੀ ਝੀਂਡਾ ਅਜੇ ਵੀ ਬਜ਼ਿੱਦ ਹਨ ਕਿ ਉਹ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਕੇ ਹੀ ਸਾਹ ਲੈਣਗੇ।

ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਵਲੋਂ ਨਿਊਯਾਰਕ (ਅਮਰੀਕਾ) ਵਿਚ ਗੁਰੂ ਗੋਬਿੰਦ ਸਿੰਘ ਨਾਲ ਇਕ ਵੇਸਵਾ ਦੀ ਮਨਘੜ੍ਹਤ ਕਹਾਣੀ ਸੁਣਾਉਣ ਦੇ ਦੋਸ਼ ਵਿਚ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤੇ ਜਾਣਾ ਅਤੇ ਉਨ੍ਹਾਂ ਨੂੰ ਪੇਸ਼ ਹੋਣ ਦੇ ਬਾਵਜੂਦ ਵੀ ਤਨਖਾਹੀਆ ਕਰਾਰ ਦੇਣਾ ਅਜੇ ਵੀ ਪੰਥ ਲਈ ਵੱਡਾ ਸੰਕਟ ਬਣਿਆ ਹੋਇਆ ਹੈ। ਇਸ ਵਿਵਾਦ ਸੰਬੰਧੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਜਥੇਦਾਰ ਅਕਾਲ ਤਖ਼ਤ ਨੂੰ ਮਿਲ ਕੇ ਇਹ ਕਿਹਾ ਹੈ ਕਿ ਇਸ ਵਿਵਾਦ ਕਾਰਨ ਪੰਥ ਵਿਚ ਟਕਰਾਅ ਪੈਦਾ ਹੋਣ ਦੇ ਆਸਾਰ ਬਣ ਰਹੇ ਹਨ, ਇਸ ਲਈ ਇਸ ਟਕਰਾਅ ਨੂੰ ਰੋਕਿਆ ਜਾਵੇ ਤਾਂ ਜੋ ਪੰਥ ਵਿਚ ਵੰਡੀਆਂ ਨਾ ਪੈਣ।

ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਹੈਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਦਾ ਮਾਮਲਾ ਵੀ ਅਖ਼ਬਾਰਾਂ ਵਿਚ ਕਾਫੀ ਗਰਮਾਇਆ ਰਿਹਾ। ਪੰਥਕ ਜਥੇਬੰਦੀਆਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਕਿਹਾ ਸੀ ਕਿ ਗਿਆਨੀ ਜਸਵਿੰਦਰ ਸਿੰਘ ਨੇ ਇਕ ਵਿਆਹ ਵਿਚ ਭੰਗੜਾ ਪਾਇਆ ਅਤੇ ਲਾੜੀ-ਲਾੜੇ 'ਤੇ ਤਾਣੀ ਫੁਲਕਾਰੀ ਨੂੰ ਕਿਰਪਾਨ ਨਾਲ ਉਤੇ ਚੁੱਕਿਆ ਸੀ, ਜਿਹੜਾ ਕਿ ਮਰਿਆਦਾ ਦੀ ਉਲੰਘਣਾ ਹੈ। ਇਸ ਲਈ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਅਕਾਲ ਤਖ਼ਤ ਵਲੋਂ ਉਨ੍ਹਾਂ ਨੂੰ ਇਸ ਸੰਬੰਧ ਵਿਚ ਕਲੀਨ ਚਿੱਟ ਦੇ ਦਿੱਤੀ ਗਈ, ਜਿਸ ਕਰਕੇ ਇਹ ਮਾਮਲਾ ਹੁਣ ਠੰਢੇ ਬਸਤੇ ਵਿਚ ਪੈ ਗਿਆ ਹੈ।

ਇਕ ਮਾਨਸਿਕ ਰੋਗੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਪੀੜ੍ਹਾ ਸਾਹਿਬ 'ਤੇ ਬੈਠ ਜਾਣ ਦੇ ਮਾਮਲੇ ਨੇ ਵੀ ਅਖ਼ਬਾਰਾਂ ਵਿਚ ਕਾਫੀ ਤੂਲ ਫੜੀ ਸੀ, ਜਿਸ ਦੇ ਸਿਟੇ ਵਜੋਂ ਉਦੋਂ ਦੇ ਮੈਨੇਜਰ ਹਰਭਜਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਵਲੋਂ ਮੈਨੇਜਰ ਦੇ ਅਹੁਦੇ ਤੋਂ ਹਟਾਉਣਾ ਪਿਆ ਸੀ।

ਜਥੇਦਾਰ ਅਵਤਾਰ ਸਿੰਘ ਮੱਕੜ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਵੀਂ ਵਾਰ ਪ੍ਰਧਾਨ ਚੁਣੇ ਜਾਣ ਦੀ ਇਤਿਹਾਸਕ ਘਟਨਾ ਵੀ ਇਸ ਵਰ੍ਹੇ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਛਾਈ ਰਹੀ।

ਲੁਧਿਆਣਾ ਵਿਚ 5 ਦਸੰਬਰ ਨੂੰ ਸਵਾਮੀ ਆਸ਼ੂਤੋਸ਼ ਦੇ ਸਮਾਗਮ ਨੂੰ ਰੋਕਣ ਮੌਕੇ ਹੋਏ ਗੋਲੀ ਕਾਂਡ ਲਈ ਪੰਥਕ ਜਥੇਬੰਦੀਆਂ ਨੇ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਉਂਦਿਆਂ ਅਕਾਲ ਤਖ਼ਤ ਤੋਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ ਅਤੇ ਇਹ ਪੁੱਛਿਆ ਜਾਵੇ ਕਿ ਉਨ੍ਹਾਂ ਨੇ ਪੰਥਕ ਜਥੇਬੰਦੀਆਂ ਵਲੋਂ ਸਮਾਗਮ 'ਤੇ ਰੋਕ ਲਾਏ ਜਾਣ ਦੀ ਕੀਤੀ ਮੰਗ ਨੂੰ ਸਵੀਕਾਰ ਕਿਉਂ ਨਹੀਂ ਕੀਤਾ।

ਅਖ਼ਬਾਰਾਂ ਵਿਚ ਆਈ ਇਸ ਮੰਗ 'ਤੇ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਅਖ਼ਬਾਰਾਂ ਨੂੰ ਇਹ ਬਿਆਨ ਜਾਰੀ ਕਰ ਦਿੱਤਾ ਗਿਆ ਸੀ ਕਿ ਬਿਨਾਂ ਠੋਸ ਸਬੂਤਾਂ ਤੋਂ ਕਿਸੇ ਨੂੰ ਅਕਾਲ ਤਖ਼ਤ 'ਤੇ ਤਲਬ ਨਹੀਂ ਕੀਤਾ ਜਾ ਸਕਦਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਛੇ ਮੈਂਬਰੀ ਵਫਦ ਨਾਲ 18 ਨਵੰਬਰ ਨੂੰ ਸ੍ਰੀ ਹਰਿਮੰਦਰ ਸਾਹਿਬ ਫੇਰੀ ਵੀ ਇਸ ਵਾਰ ਅਖ਼ਬਾਰਾਂ ਵਿਚ ਚਰਚਾ ਦਾ ਵਿਸ਼ਾ ਰਹੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੈਨੇਡਾ ਵਿਚ ਪੰਜਾਬੀ ਨੂੰ ਸਨਮਾਨਯੋਗ ਦਰਜਾ ਦਿੱਤੇ ਜਾਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ, ਉਥੇ ਉਨ੍ਹਾਂ ਨੂੰ ਇਹ ਅਪੀਲ ਵੀ ਕੀਤੀ ਕਿ ਫਰਾਂਸ ਵਿਚ ਦਸਤਾਰ 'ਤੇ ਲਾਈ ਪਾਬੰਦੀ ਦੇ ਹੱਲ ਲਈ ਉਹ ਯੂ. ਐਨ. ਓ. ਵਿਚ ਮਸਲਾ ਉਠਾਉਣ। ਅਕਾਲ ਤਖ਼ਤ ਸਾਹਿਬ ਵਲੋਂ ਸ਼੍ਰੋਮਣੀ ਕਮੇਟੀ ਦੇ ਅਡੀਸ਼ਨਲ ਸਕੱਤਰ ਰੂਪ ਸਿੰਘ ਦੀ ਆਸਟ੍ਰੇਲੀਆ ਦੇ ਮੈਲਬੋਰਨ ਸ਼ਹਿਰ ਵਿਚ ਸਰਬ ਧਰਮ ਸੰਮੇਲਨ ਵਿਚ ਸ਼ਮੂਲੀਅਤ ਵੀ ਇਤਿਹਾਸਕ ਘਟਨਾ ਰਹੀ, ਜਿਹੜੀ ਪੰਜਾਬ ਦੀਆਂ ਹੀ ਨਹੀਂ ਸਗੋਂ ਵਿਸ਼ਵ ਦੀਆਂ ਅਖਬਾਰਾਂ ਦੀਆਂ ਸੁਰਖੀਆਂ ਬਣੀ।

ਸ਼੍ਰੋਮਣੀ ਕਮੇਟੀ ਵਲੋਂ ਕੈਂਬਰਿਜ ਯੂਨੀਵਰਸਿਟੀ ਲੰਡਨ ਨਾਲ ਇਸ ਵਰ੍ਹੇ ਕੀਤਾ ਗਿਆ ਸਮਝੌਤਾ ਵੀ ਇਕ ਇਤਿਹਾਸਕ ਘਟਨਾ ਰਹੀ। ਕੈਂਬਰਿਜ ਕਾਮਨਵੈਲਥ ਟਰੱਸਟ ਨਾਲ ਸ਼੍ਰੋਮਣੀ ਕਮੇਟੀ ਵਲੋਂ ਕੀਤੇ ਗਏ ਇਸ ਸਮਝੌਤੇ ਅਨੁਸਾਰ ਹਰ ਸਾਲ ਪੰਜ ਸਿੱਖ ਵਿਦਿਆਰਥੀ ਯੂਨੀਵਰਸਿਟੀ ਆਫ ਕੈਂਬਰਿਜ ਵਿਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਜਾਣਗੇ। ਇਸ ਸਮਝੌਤੇ ਅਨੁਸਾਰ ਵਿਦਿਆਰਥੀਆਂ ਦੀ ਯੂਨੀਵਰਸਿਟੀ ਕੰਪੋਜ਼ੀਸ਼ਨ ਫੀਸ, ਸਾਇੰਸ, ਆਰਟਸ, ਕਾਲਜ ਫੀਸ ਅਤੇ ਰਹਿਣ-ਸਹਿਣ ਦੇ ਸਾਲਾਨਾ ਖਰਚੇ ਸ਼੍ਰੋਮਣੀ ਕਮੇਟੀ ਅਤੇ ਕੈਂਬਰਿਜ ਯੂਨੀਵਰਸਿਟੀ ਵਲੋਂ ਮਿਲ ਕੇ ਕੀਤੇ ਜਾਣਗੇ।

## ਸਟਾਕਟਨ ਗੁਰੂਘਰ ਵਲੋਂ ਬੇਘਰੇ ਲੋਕਾਂ ਨੂੰ ਕੰਬਲ ਦਾਨ

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸਟਾਕਟਨ ਸਿਟੀ ਹੋਮਲੈਸ ਸ਼ੈਲਟਰ ਵਿਚ ਬੇਘਰੇ ਲੋਕਾਂ ਲਈ 100 ਤੋਂ



ਵੱਧ ਕੰਬਲ ਵੰਡੇ ਗਏ। ਇਹ ਕੰਬਲ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਮਰਪਿਤ ਦਸੰਬਰ ਮਹੀਨੇ ਦੇ ਸਮਾਗਮਾਂ ਵਿਚ ਸੰਗਤ ਵਲੋਂ ਇਕੱਠੇ ਕੀਤੇ ਗਏ ਸਨ।

ਇਸ ਮੌਕੇ ਸਟਾਕਟਨ ਸ਼ਹਿਰ ਦੇ ਮੇਅਰ ਐਨ ਜੌਹਨਸਨ ਅਤੇ ਹੋਮਲੈਸ ਸ਼ੈਲਟਰ ਦੇ ਡਾਇਰੈਕਟਰ ਜੌਹਨ ਰੇਨੌਲਡਸ ਨੇ ਸਿੱਖ ਸੰਗਤ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਕੰਬਲ ਤਕਸੀਮ ਕੀਤੇ ਜਾਣ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਬਾਬਾ ਬਖ਼ਸ਼ੀਸ਼ ਸਿੰਘ, ਸਕੱਤਰ ਬਾਬਾ ਜੋਗਿੰਦਰ ਸਿੰਘ, ਖਜ਼ਾਨਚੀ ਭਾਈ ਬਲਵਿੰਦਰ ਸਿੰਘ, ਹੇਟ ਕਰਾਈਮ ਟਾਸਕ ਫੋਰਸ ਦੇ ਮੈਂਬਰ ਭਾਈ ਕੁਲਜੀਤ ਸਿੰਘ ਨਿੱਝਰ ਤੋਂ ਇਲਾਵਾ ਬੀਬੀ ਸਿਮਰਨ ਕੌਰ ਅਟਵਾਲ, ਬੀਬੀ ਅਸਵਿੰਦਰ ਕੌਰ ਅਤੇ ਬੀਬੀ ਬਲਜੀਤ ਕੌਰ ਵੀ ਹਾਜ਼ਰ ਸਨ।

## ਆਰਸੈਨਿਕ ਹੀ ਹੈ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਲਈ ਜ਼ਿੰਮੇਵਾਰ - ਮਾਹਿਰਾਂ ਨੇ ਕਿਹਾ

**ਜਲੰਧਰ:** ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਧੂੜ ਵਿਭਾਗ ਦੇ ਕੰਟਰੋਲ ਹੇਠਾਂ ਕਈ ਸੀਨੀਅਰ ਪ੍ਰੋਫੈਸਰਾਂ ਦੁਆਰਾ 36 ਮਹੀਨਿਆਂ ਤੱਕ ਹੋਏ ਖੋਜ ਦੇ ਹਾਲ ਵਿਚ ਪ੍ਰਕਾਸ਼ਤ ਨਤੀਜਿਆਂ ਵਿਚ ਪਾਇਆ ਗਿਆ ਹੈ ਕਿ ਪੀਣ ਵਾਲੇ ਪਾਣੀ ਵਿਚ ਮੌਜੂਦ ਜ਼ਹਿਰੀਲਾ 'ਆਰਸੈਨਿਕ' (ਸੰਖੀਆ) ਹੀ ਮੁੱਖ ਤੌਰ 'ਤੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਕਾਰਨ ਹੈ।

ਪੰਜਾਬ ਦੇ ਮੋਗਾ, ਮਾਨਸਾ, ਬਠਿੰਡਾ, ਮੁਕਤਸਰ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲੇ ਅਤੇ ਉੱਤਰੀ ਭਾਰਤ ਦੇ ਅਲੱਗ-ਅਲੱਗ ਖੇਤਰਾਂ ਤੋਂ ਇਕੱਤਰ ਕੀਤੇ ਗਏ 168 ਭੂਜਲ ਨਮੂਨਿਆਂ ਦੇ ਸਾਵਧਾਨੀ ਪੂਰਬਕ ਵਿਸ਼ਲੇਸ਼ਣ ਵਿਚ ਜ਼ਰਜ਼ਰ ਚੱਟਾਨਾਂ ਅਤੇ ਭੂਜਲ ਤੋਂ ਰਿਸਣ ਵਾਲੇ ਜ਼ਹਿਰੀਲਾ 'ਆਰਸੈਨਿਕ' (ਸੰਖੀਆ) ਦੇ ਅੰਸ਼ ਖਤਰਨਾਕ ਸੀਮਾ ਤੱਕ ਪਾਏ ਗਏ। ਇਹ ਦਾਅਵਾ ਐਗਰੋਕੈਮੀਕਲਜ਼ ਪਾਲਿਸੀ ਗਰੁੱਪ ਦੇ ਜਨਰਲ ਮੈਨੇਜਰ ਰਾਜਨ ਸੁਦਰਸ਼ਨ ਨੇ ਕੀਤਾ। ਪੀ ਏ ਯੂ ਦੇ ਡਾ. ਐਚ ਐਸ ਹੁੰਦਲ ਦੀ ਰਿਪੋਰਟ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਰੋਗੀ ਵਿਚ ਆਰਸਨਿਕ ਜ਼ਹਿਰ ਦੇ ਲੱਛਣਾਂ ਨੂੰ ਉਭਰਨ ਵਿਚ 6 ਤੋਂ 24 ਮਹੀਨਿਆਂ ਤੱਕ ਦਾ ਸਮਾਂ ਲੱਗ ਜਾਂਦਾ ਹੈ। ਆਰਸਨਿਕ ਜ਼ਹਿਰ ਦੇ ਲੱਛਣਾਂ ਵਿਚ ਚਮੜੀ ਦਾ ਕਾਲਾਪਣ ਤੇ ਮੋਟਾ ਹੋਣਾ, ਸਰੀਰ ਦੇ ਵੱਖ ਵੱਖ ਹਿੱਸਿਆਂ ਵਿਚ ਕਾਲੇ ਸਫੈਦ ਦਾਗ ਅਤੇ ਅਖੀਰ ਵਿਚ ਚਮੜੀ ਦਾ ਕੈਂਸਰ, ਇਸ ਦੇ ਕਾਰਨ ਹੋਰ ਜਟਿਲਤਾਵਾਂ ਕੀਟਨਾਸ਼ਕਾਂ ਦੇ ਬਜਾਏ ਆਰਸੈਨਿਕ ਜ਼ਹਿਰ ਤੋਂ ਪਾਇਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੀ ਜੀ ਆਈ ਐਮ ਈ ਆਰ ਵਲੋਂ ਪ੍ਰਕਾਸ਼ਤ ਇਕ ਰਿਪੋਰਟ ਵਿਚ ਉੱਚ ਕੈਲੋਰੀ ਭੋਜਨ, ਅਲਕੋਹਲ ਅਤੇ ਤੰਬਾਕੂ ਦੇ ਸੇਵਨ ਨੂੰ ਇਸ ਖੇਤਰ ਵਿਚ ਵਿਚ ਕੈਂਸਰ ਦੇ ਵਧਦੇ ਅਸਰ ਲਈ ਜ਼ਿੰਮੇਵਾਰ ਮੰਨਿਆ ਗਿਆ ਹੈ।


North American Truck Stop

ਖ਼ੁਸ਼ਖਬਰੀ! ਖ਼ੁਸ਼ਖਬਰੀ!! ਖ਼ੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440


GILL
DIGITAL VIDEO
Harry
Harry Gill 209-648-9716
Jaji 916-470-9781
Jaji
ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ,
ਗਰੈਜੁਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ
ਦੇ ਸਮਾਗਮਾਂ ਲਈ ਵਧੀਆ ਅਤੇ
ਭਰੋਸੇਮੰਦ ਸੇਵਾਵਾਂ ਪ੍ਰਦਾਨ
ਕਰਦੇ ਹਾਂ ਇਕ
ਵਾਰ ਸੇਵਾ ਦਾ
ਮੌਕਾ ਜਰੂਰ ਦਿਓ
www.gilldigitalvideo.com
email: gillvideo@yahoo.com


M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਉਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ
BRIDGESTONE
MICHELIN
Firestone
YOKOHAMA
GOODYEAR
BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh
Cell: 209-450-8981
Off : 209-456-0182


ਸਮੋਗ ਚੈਕ
ਸਮੋਗ ਚੈਕ
SMOG
SMOG CHECK
STATE OF CALIFORNIA LICENSED
ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ
ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ
Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।
Big Christmas
Special
39.75
Big + DMV Certificate
Free Repair
Upto $500
Ask for Tech
• 901 California Ave & P : 661.325-6666
• 1629 California Ave & H : 661.323.3333
• 406 S. Chester Ave & Terrace Way : 661.832.4444
(Inside Gas Station)
• 5333 Whtie Ln & Grissom : 661396.7664
(Inside Big Brand Tire) (Smog)
• 1017 Bearmountain Blvd (Arvin): 661.854.7664
• 1222 Golden State & M : 661.326.0346 (Smog)
• 1506 N. Black Stone & Mckinley: 559.268.7574
• 2597 N Black Stone : 559.222.9999
(Between Clinton & Shield)
• 1161-I Street Reedley &12th St : 559.638.9017
• 416 Orisi Ca & 63 Hwy : 559.528.6848
• 2420 Whiteson Ave & Thompson: 559.896.5555
(By Kragen Auto Parts) Selma
• 646 Dinuba Ave (Reedley) : 559.638.3243
(By the DMV 3073)
1512 Dairy Ave : 559.922.4500
Corcoran CA
MOST CARS
ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ
ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ
Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।


B&B
REGISTRATION & TRAVEL SERVICES
ALL DOMESTIC &
INTERNATIONAL AIR TICKET
○ICC ○DOT ○IRP ○FUEL TAX
○ALL TRUCK PAPER WORK
& INSURANCE ETC.
ਹਵਾਈ ਜਹਾਜ ਦੀਆਂ ਸਸਤੀਆਂ ਟਿਕਟਾਂ ਲਈ ਸੰਪਰਕ ਕਰੋ
Call : Sukhvir
Office: 661-832-5500
Office: 661-832-5510
Fax : 661-832-5520
bb4dmv@yahoo.com
3905 Hughes Ln, Ste. C Bakersfield CA 93304

# 'ਭੰਡੀ ਪ੍ਰਚਾਰ' ਹੀ ਸਾਬਤ ਹੋਈਆਂ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਕਾਨਫਰੰਸਾਂ

## ਅਕਾਲੀ ਦਲ ਦੀ ਕਾਨਫ੍ਰੰਸ 'ਚ ਸ਼੍ਰੋਮਣੀ ਕਮੇਟੀ ਚੋਣਾਂ ਦਾ ਪ੍ਰਚਾਰ

## ਕੈਪਟਨ ਦੇ ਨਾ ਪਹੁੰਚਣ ਕਾਰਨ ਕਾਂਗਰਸੀਆਂ ਦਾ ਉਤਸ਼ਾਹ ਠੰਢਾ

## ਮਾਨ ਵੱਲੋਂ ਸਿੱਖਾਂ ਨੂੰ ਹੱਕ-ਸੱਚ 'ਤੇ ਪਹਿਰਾ ਦੇਣ ਦਾ ਸੱਦਾ

## ਲੌਂਗੋਵਾਲ, 1920 ਦਲ ਵਲੋਂ ਚੋਣਾਂ ਸਾਂਝੀਆਂ ਲੜਨ ਦਾ ਐਲਾਨ





**ਫ਼ਤਿਹਗੜ੍ਹ ਸਾਹਿਬ** : ਫ਼ਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਦੀ 305 ਵੀਂ ਲਾਸਾਨੀ ਸ਼ਹਾਦਤ ਮੌਕੇ ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੇ ਗਏ ਸ਼ਰਧਾਂਜਲੀ ਸਮਾਗਮ ਵਿਚੋਂ ਸਮੁੱਚੀ ਭਾਜਪਾ ਲੀਡਰਸ਼ਿਪ, ਮੰਤਰੀ ਮੰਡਲ, ਸੰਸਦੀ ਸਕੱਤਰ ਅਤੇ ਜ਼ਿਆਦਾਤਰ ਵਿਧਾਇਕ ਗ਼ੈਰ ਹਾਜ਼ਰ ਰਹੇ ਅਤੇ ਮੁੱਖ ਮੰਤਰੀ ਵੀ ਲੋਕਾਂ ਨੂੰ ਕੋਈ ਨਵਾਂ ਪ੍ਰੋਗਰਾਮ ਦੇਣ ਵਿਚ ਅਸਫ਼ਲ ਰਹੇ। ਉਧਰ ਕੁੱਝ ਦੇਰ ਬੈਠਣ ਤੋਂ ਬਾਅਦ ਹੀ ਸੁਖਬੀਰ ਸਿੰਘ ਬਾਦਲ ਵੀ ਸਮਾਗਮ ਨੂੰ ਸੰਬੋਧਨ ਕਰ ਕੇ ਚਲੇ ਗਏ ਅਤੇ ਉਨ੍ਹਾਂ ਤੋਂ ਕੁੱਝ ਸਮਾਂ ਬਾਅਦ ਹੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿਘ ਢੀਂਡਸਾ ਵੀ ਸੰਬੋਧਨ ਕਰ ਕੇ ਚਲੇ ਗਏ। ਤੇਜ਼ ਤਰਾਰ ਆਗੂ ਬੀਰ ਦਵਿੰਦਰ ਸਿੰਘ ਜਿਨ੍ਹਾਂ ਦਾ ਇਹ ਜੱਦੀ ਹਲਕਾ ਹੈ, ਸਮਾਗਮ ਵਿਚੋਂ ਗ਼ੈਰ ਹਾਜ਼ਰ ਰਹੇ।

ਜ਼ਿਕਰਯੋਗ ਹੈ ਕਿ ਕਾਫ਼ੀ ਲੰਮਾ ਸਮਾਂ ਇਸ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਮਰਹੂਮ ਸਾਬਕਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਇੰਚਾਰਜ ਰਹੇ ਪਰ ਅੱਜ ਉਨ੍ਹਾਂ ਦਾ ਕਿਸੇ ਨੇ ਜ਼ਿਕਰ ਨਾ ਕੀਤਾ। ਉਨ੍ਹਾਂ ਦਾ ਫ਼ਰਜ਼ੰਦ ਵਿਧਾਇਕ ਜਸਜੀਤ ਸਿੰਘ ਬੰਨੀ ਭਾਵੇਂ ਸਟੇਜ 'ਤੇ ਬੈਠਾ ਸੀ ਪਰ ਉਸ ਵਲ ਕਿਸੇ ਨੇ ਕੋਈ ਧਿਆਨ ਨਾ ਦਿਤਾ ਜਦਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫ਼ੀ ਲੰਮਾ ਸਮਾਂ ਸਟੇਜ 'ਤੇ ਬੈਠੇ ਰਹੇ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਚੋਣਾਂ ਵਲ ਇਸ਼ਾਰਾ ਕੀਤਾ ਅਤੇ ਕਿਹਾ ਕਿ ਕਾਂਗਰਸ ਪਾਰਟੀ ਉਨ੍ਹਾਂ ਸ਼ਕਤੀਆਂ ਦੀ ਮਦਦ ਕਰ ਰਹੀ ਹੈ ਜਿਹੜੀਆਂ ਪੰਜਾਬ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਪਰਮਜੀਤ ਸਿੰਘ ਸਰਨਾ ਉਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਕਾਂਗਰਸ ਦਾ ਝੋਲੀ ਚੁੱਕ ਬਣਿਆ ਹੋਇਆ ਹੈ ਅਤੇ ਪੰਜਾਬ ਦੀ ਸ਼ਾਂਤੀ ਨੂੰ ਅੱਗ ਲੱਗਾਉਣ ਉਤੇ ਤੁਲਿਆ ਹੋਇਆ ਹੈ। ਉਨ੍ਹਾਂ ਅਕਾਲੀ ਵਰਕਰਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਸਬੰਧੀ ਲਾਮਬੰਦ ਕਰਦਿਆਂ ਕਿਹਾ ਕਿ ਉਹ ਹੁਣ ਤੋਂ ਹੀ ਇਨ੍ਹਾਂ ਚੋਣਾਂ ਦੀ ਤਿਆਰੀ ਕਰ ਲੈਣ ਕਿਉਂਕਿ ਅਗਲੇ ਸਾਲ ਸ਼੍ਰੋਮਣੀ ਕਮੇਟੀ ਚੋਣਾਂ ਸਿਰ 'ਤੇ ਹਨ। ਉਨ੍ਹਾਂ ਕਿਹਾ ਕਿ ਸਰਨਾ ਅਤੇ ਕਾਂਗਰਸ ਨੂੰ ਚੋਣਾਂ ਵਿਚ ਕਰਾਰੀ ਹਾਰ ਦਿਤੀ ਜਾਵੇਗੀ।

ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਹੀ ਜ਼ੁਲਮ ਵਿਰੁਧ ਅਤੇ ਆਮ ਆਦਮੀ ਦੀ ਲੜਾਈ ਲੜੀ ਹੈ ਜਦਕਿ ਇਸ ਦੇ ਉਲਟ ਕਾਂਗਰਸ ਨੇ ਹਮੇਸ਼ਾ ਹੀ ਆਮ ਆਦਮੀ ਦੇ ਹੱਕਾਂ ਉਤੇ ਡਾਕਾ ਮਾਰਿਆ ਹੈ। ਉਨ੍ਹਾਂ '84 ਦੇ ਕਤਲੇਆਮ ਦੀ ਗੱਲ ਕਰਦਿਆਂ ਕਿਹਾ ਕਿ ਕੇਂਦਰ ਨੇ '84 ਦੇ ਕਾਤਲਾਂ ਨੂੰ ਕੋਈ ਸਜ਼ਾ ਨਹੀਂ ਦਿਤੀ। ਭਾਵੇਂ ਅਨੇਕਾਂ ਹੀ ਕਮਿਸ਼ਨ ਬਿਠਾਏ ਗਏ ਪਰ ਕੇਂਦਰ ਦਾ ਮਕਸਦ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ ਨਹੀਂ ਸੀ ਸਗੋਂ ਉਸ ਦਾ ਮਕਸਦ ਦੋਸ਼ੀਆਂ ਨੂੰ ਬਚਾਉਣਾ ਸੀ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਸੀ.ਬੀ.ਆਈ ਨੂੰ ਰੀਪੋਰਟ ਸੌਂਪੀ ਨੂੰ ਕਾਫ਼ੀ ਸਮਾਂ ਹੋ ਗਿਆ ਹੈ ਪਰ ਹਾਲੇ ਤਕ ਚਾਲਾਨ ਪੇਸ਼ ਨਹੀਂ ਕੀਤਾ ਅਤੇ ਨਾ ਹੀ ਮਨਜ਼ੂਰੀ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲ ਵਿਚ ਇਕ ਨਵੀਂ ਖੇਡ ਨੀਤੀ ਬਣਾਈ ਜਾ ਰਹੀ ਹੈ ਜਿਸ ਵਿਚ 1200 ਪਿੰਡਾਂ ਨੂੰ ਇਕ ਲੱਖ ਰੁਪਏ ਦੀ ਗ੍ਰਾਂਟ ਦਿਤੀ ਜਾਵੇਗੀ ਜਿਸ ਨਾਲ ਖੇਡਾਂ ਦਾ ਸਾਮਾਨ ਖ਼ਰੀਦ ਕੇ ਨੌਜਵਾਨਾਂ ਨੂੰ ਦਿਤਾ ਜਾਵੇਗਾ ਤਾਂ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰਵਾਇਆ ਜਾਵੇ। ਇਸ ਮੌਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਅਪਣੇ ਪ੍ਰਭਾਵਸ਼ਾਲੀ ਭਾਸ਼ਨ ਵਿਚ ਕਿਹਾ ਕਿ ਕਾਂਗਰਸ ਦੇ ਸ਼੍ਰੋਮਣੀ ਕਮੇਟੀ ਚੋਣਾਂ ਸਬੰਧੀ ਮਨਸੂਬੇ ਸਿਰੇ ਨਹੀਂ ਚੜ੍ਹ ਸਕਣਗੇ ਕਿਉਂਕਿ ਪੰਜਾਬ ਦੇ ਲੋਕ ਕਾਂਗਰਸ ਦੀਆਂ ਚਾਲਾਂ ਤੋਂ ਸੁਚੇਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਜੋ ਕਮੇਟੀ ਦੀਆਂ ਚੋਣਾਂ ਸਬੰਧੀ ਵੱਡੇ-ਵੱਡੇ ਦਾਅਵੇ ਕਰਦੇ ਹਨ, ਉਨ੍ਹਾਂ ਨੂੰ ਵੀ ਮੂੰਹ ਦੀ ਖਾਣੀ ਪਵੇਗੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਵਿਲੱਖਣ ਹੈ ਕਿਉਂਕਿ ਮੁਗ਼ਲ ਹਕੂਮਤ ਨੇ ਉਨ੍ਹਾਂ ਦੇ ਪੌਣੇ ਚਾਰ ਸਾਲਾ ਪੁੱਤਰ ਦਾ ਜਿਗਰ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਪਾਇਆ ਪਰ ਉਹ ਫਿਰ ਵੀ ਅਡੋਲ ਰਹੇ। ਉਨ੍ਹਾਂ ਕਿਹਾ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਚਪੜਚਿੜੀ ਵਿਖੇ ਯਾਦਗਾਰ ਸਥਾਪਤ ਕੀਤੀ ਜਾਵੇਗੀ ਅਤੇ ਫ਼ਤਿਹਗੜ੍ਹ ਸਾਹਿਬ ਦੇ ਦਸ ਏਕੜ ਥੇਹ 20 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਿਊਜ਼ੀਅਮ ਦੀ ਸਥਾਪਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਕ ਜਾਗ੍ਰਿਤੀ ਯਾਤਰਾ ਨੰਦੇੜ ਸਾਹਿਬ ਤੋਂ ਸ਼ੁਰੂ ਕੀਤੀ ਜਾਵੇਗੀ ਜੋ ਚਪੜਚਿੜੀ ਹੁੰਦੀ ਹੋਈ ਫ਼ਤਿਹਗੜ੍ਹ ਸਾਹਿਬ ਪਹੁੰਚੇਗੀ। ਇਸ ਮੌਕੇ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਅਕਾਲੀ ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਚੀਮਾ, ਹਲਕਾ ਵਿਧਾਇਕ ਦੀਦਾਰ ਸਿੰਘ ਭੱਟੀ, ਸਮਰਾਲਾ ਦੇ ਵਿਧਾਇਕ ਜਗਜੀਵਨ ਸਿੰਘ ਖੀਰਨੀਆ, ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਆਦਿ ਮੌਜੂਦ ਸਨ।

**ਕਾਂਗਰਸ ਦੀ ਕਾਨਫਰੰਸ ਫਿੱਕੀ ਰਹੀ :** ਸ਼ਹੀਦੀ ਦਿਹਾੜੇ ਮੌਕੇ ਕਾਂਗਰਸੀ ਵਰਕਰਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਦੀ ਸਿਆਸੀ ਕਾਨਫ਼ਰੰਸ ਵਿਚ ਆਮਦ ਸਬੰਧੀ ਭਾਰੀ ਉਤਸ਼ਾਹ, ਉਨ੍ਹਾਂ ਦੇ ਨਾ ਪਹੁੰਚਣ ਕਾਰਨ ਠੰਢਾ ਪੈ ਗਿਆ ਅਤੇ ਉਹ ਵਾਰ-ਵਾਰ ਕੈਪਟਨ ਅਮਰਿੰਦਰ ਸਿੰਘ ਦਾ ਰਾਹ ਤਕਦੇ ਰਹੇ। ਸੀਨੀਅਰ ਕਾਂਗਰਸੀ ਆਗੂ ਲਿਬੜਾ ਅਤੇ ਨਰਿੰਦਰ ਸਿੰਘ ਟਿਵਾਣਾ ਵੀ ਗ਼ੈਰ ਹਾਜ਼ਰ ਰਹੇ। ਕਾਨਫ਼ਰੰਸ ਵਿਚ ਬਾਦਲ ਸਰਕਾਰ ਨੂੰ ਪੰਜਾਬ ਤੇ ਕਿਸਾਨ ਵਿਰੋਧੀ ਦਸਦਿਆਂ ਤਾਬੜਤੋੜ ਹਮਲੇ ਕੀਤੇ ਗਏ। ਕਾਂਗਰਸ ਦੀ ਇਸ ਰਾਜਸੀ ਕਾਨਫ਼ਰੰਸ ਵਿਚ ਇਹ ਗੱਲ ਵੇਖਣ ਨੂੰ ਜ਼ਰੂਰ ਮਿਲੀ ਹੈ ਕਿ ਕਾਂਗਰਸ ਨੇ ਲੋਕਾਂ ਦੇ ਇਕੱਠ ਨੂੰ ਬਿਠਾਈ ਰੱਖਣ ਲਈ ਧਾਰਮਕ ਪ੍ਰੋਗਰਾਮ ਦੀ ਬਜਾਏ ਹਾਸਰਾਸ ਕਲਾਕਾਰ ਗੁਰਦੇਵ ਸਿੰਘ ਭਜਨਾ ਅਮਲੀ ਅਤੇ ਸੰਤੀ ਦੇ ਟੋਟਕਿਆਂ ਦਾ ਸਹਾਰਾ ਲਿਆ ਅਤੇ ਥੋੜੇ-ਥੋੜੇ ਸਮੇਂ ਬਾਅਦ ਕਲਾਕਾਰਾਂ ਨੂੰ ਸਟੇਜ ਤੇ ਪ੍ਰੋਗਰਾਮ ਪੇਸ਼ ਕਰਨ ਲਈ ਬੁਲਾਇਆ ਜਾਂਦਾ ਰਿਹਾ। ਕਾਨਫ਼ਰੰਸ ਨੂੰ ਸਫਲ ਬਣਾਉਣ ਲਈ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ ਰਾਏ ਨੇ ਕਾਫ਼ੀ ਯੋਗਦਾਨ ਪਾਇਆ। ਇਸ ਮੌਕੇ ਆਲ ਇੰਡੀਆ ਕਾਂਗਰਸ ਦੀ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਸ੍ਰੀਮਤੀ ਮੋਹਸਿਨਾ ਕਿਦਵਈ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੇ ਜਬਰ ਅਤੇ ਜ਼ੁਲਮ ਵਿਰੁਧ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਰੰਭੀ ਲੜਾਈ ਦੌਰਾਨ ਫ਼ਤਿਹਗੜ੍ਹ ਸਾਹਿਬ ਵਿਖੇ ਕੁਰਬਾਨੀਆਂ ਦਿਤੀਆਂ। ਉਨ੍ਹਾਂ ਨੇ ਕਿਹਾ ਕਿ ਸਾਨੂੰ ਅਪਣੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਯਾਦ ਰਖਦਿਆਂ ਜਬਰ ਅਤੇ ਜ਼ੁਲਮ ਵਿਰੁਧ ਜਿੰਨੀਆਂ ਵੀ ਕੁਰਬਾਨੀਆਂ ਕਰਨੀਆਂ ਪੈਣ, ਪਿਛੇ ਨਹੀਂ ਹਟਣਾ ਚਾਹੀਦਾ ਅਤੇ ਹਮੇਸ਼ਾ ਇਨਸਾਨੀਅਤ ਨੂੰ ਪਹਿਲ ਦਿੰਦੇ ਹੋਏ ਜਾਤ-ਪਾਤ ਊਚ ਨੀਚ, ਭੇਦ-ਭਾਵ ਖ਼ਤਮ ਕਰ ਕੇ ਇਕਮੁਠ ਹੋ ਕੇ ਮਨੁੱਖਤਾ ਦੀ ਰਾਖੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਲੋਕਾਂ ਦੀ ਸਰਕਾਰ ਨਹੀਂ, ਸਿਰਫ਼ ਇਕ ਪਰਵਾਰ ਦੀ ਸਰਕਾਰ ਹੈ ਜੋ ਹਿਲਟਰਸ਼ਾਹੀ ਦੀ ਦੁਕਾਨ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਸਰਕਾਰ ਕੇਂਦਰ ਸਰਕਾਰ ਵਲੋਂ ਭੇਜੇ ਗਏ ਫ਼ੰਡਾਂ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਉਸ ਨੂੰ ਚੰਗੇ ਢੰਗ ਨਾਲ ਲੋਕਾਂ ਤਕ ਨਹੀਂ ਪਹੁੰਚਾ ਰਹੀ। ਉਨ੍ਹਾਂ ਕਿਹਾ ਕਿ ਕੇਂਦਰ ਵਲੋਂ ਜਿੰਨਾਂ ਪੈਸਾ ਪੰਜਾਬ ਦੇ ਵਿਕਾਸ ਲਈ ਭੇਜਿਆ ਜਾ ਰਿਹਾ ਹੈ, ਉਸ ਨੂੰ ਖ਼ੁਰਦ-ਬੁਰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਬੇਇਨਸਾਫ਼ੀ ਦਾ ਟਾਕਰਾ ਕਰਨ ਲਈ ਅਤੇ ਇਸ ਸਰਕਾਰ ਨੂੰ ਲਾਂਭੇ ਕਰਨ ਲਈ ਇਕਮੁਠ ਹੋਣ ਦਾ ਸੱਦਾ ਕੀਤਾ। ਸ੍ਰੀਮਤੀ ਰਾਜਿੰਦਰ ਕੌਰ ਭੱਠਲ ਸਾਬਕਾ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਜਬਰ ਜ਼ੁਲਮ ਅਤੇ ਅਨਿਆਂ ਵਿਰੁਧ ਲੜਦਿਆਂ ਅਪਣਾ ਸਾਰਾ ਪਰਵਾਰ ਵਾਰ ਦਿਤਾ ਪਰ ਪ੍ਰਕਾਸ਼ ਸਿੰਘ ਬਾਦਲ ਜੋ ਅਪਣੇ-ਆਪ ਨੂੰ ਸਿੱਖਾਂ ਅਤੇ ਕਿਸਾਨਾਂ ਦਾ ਹਮਾਇਤੀ ਦੱਸਦਾ ਹੈ, ਗ਼ਰੀਬ ਤੇ ਕਰਜ਼ਈ ਕਿਸਾਨਾਂ ਨੂੰ ਜੇਲਾਂ ਵਿਚ ਡੱਕ ਰਿਹਾ ਹੈ ਅਤੇ ਪੰਜਾਬ ਦੇ ਹਰ ਵਰਗ ਦੇ ਲੋਕਾਂ ਤੇ ਜ਼ੁਲਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਬਣਾਉਣੀ ਹੁੰਦੀ ਹੈ ਤਾਂ



ਲੋਕਾਂ ਦਾ ਨਾਮ ਲਿਆ ਜਾਂਦਾ, ਜਦੋਂ ਸਰਕਾਰ ਬਣ ਜਾਂਦੀ ਹੈ ਤਾਂ ਉਸ ਵਿਚ ਅਪਣੇ ਪਰਵਾਰ ਦੇ ਮੈਂਬਰ ਲਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਪੰਜਾਬ ਨੂੰ ਲੁੱਟ ਰਹੀ ਹੈ ਅਤੇ ਕੁੱਟ ਰਹੀ ਹੈ। ਨਰੇਗਾ ਸਕੀਮ ਅਧੀਨ ਜੋ ਪੈਸਾ ਕੇਂਦਰ ਸਰਕਾਰ ਨੇ ਭੇਜਿਆ ਹੈ, ਉਸ ਦੀ ਵਰਤੋਂ ਬਿਲਕੁਲ ਠੀਕ ਢੰਗ ਨਾਲ ਨਹੀਂ ਹੋ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ ਪੀ ਨੇ ਕਿਹਾ ਕਿ ਜਿਥੇ ਪੰਜਾਬ ਅਤੇ ਮਨੁੱਖਤਾ ਦੀ ਰਾਖੀ ਲਈ ਗੁਰੂ ਗੋਬਿੰਦ ਸਿੰਘ ਨੇ ਅਪਣਾ ਪਰਵਾਰ ਵਾਰ ਦਿਤਾ, ਉਥੇ ਬਾਦਲ ਪੰਜਾਬ ਨੂੰ ਬਰਬਾਦੀ ਵਲ ਲੈ ਕੇ ਜਾ ਰਿਹਾ ਹੈ। ਗ਼ਰੀਬਾਂ ਨੂੰ ਪੈਨਸ਼ਨਾਂ ਨਹੀਂ ਮਿਲ ਰਹੀਆਂ, ਸ਼ਗਨ ਸਕੀਮ ਖ਼ਤਮ ਹੋ ਚੁੱਕੀ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਬਕਾਏ ਨਹੀਂ ਮਿਲ ਰਹੇ। ਉਨ੍ਹਾਂ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਰੋਜ਼ ਇਹ ਰੌਲਾ ਪਾ ਰਿਹਾ ਹੈ ਕਿ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੈ, ਖ਼ਜ਼ਾਨਾ ਕਦੇ ਵੀ ਖ਼ਾਲੀ ਨਹੀਂ ਹੋ ਸਕਦਾ ਹੈ। ਸਿਰਫ਼ ਅਕਾਲੀਆਂ ਦੀ ਅਕਲ ਦਾ ਖ਼ਜ਼ਾਨਾ ਖ਼ਾਲੀ ਹੈ। ਮਹਿੰਦਰ ਸਿੰਘ ਕੇਪੀ ਨੇ ਕਿਹਾ ਕਿ ਉਹ 40 ਮੁਕਤਿਆਂ ਦੇ ਸ਼ਹਿਰ ਮੁਕਤਸਰ ਨੂੰ ਮੁਕਤਸਰ ਸਾਹਿਬ ਦਾ ਨਾਮ ਦੇਣ ਲਈ ਪ੍ਰਧਾਨ ਮੰਤਰੀ ਨਾਲ ਗੱਲ ਕਰਨਗੇ। ਜਗਮੀਤ ਸਿੰਘ ਬਰਾੜ ਮੈਂਬਰ ਵਰਕਿੰਗ ਕਮੇਟੀ ਆਲ ਇੰਡੀਆ ਕਾਂਗਰਸ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਭਾਰਤ ਦੀ ਆਬਰੂ, ਨਕਸ਼ਾ ਅਤੇ ਅਣਖ ਸਿਰਫ਼ ਸ਼ਹਾਦਤਾਂ 'ਤੇ ਨਿਰਭਰ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਇਕ ਲਾਸਾਨੀ ਸ਼ਹਾਦਤ ਹੈ ਜਿਸ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਚਮਕੌਰ ਸਾਹਿਬ ਦੇ ਮੇਲੇ ਵਿਚ ਅਕਾਲੀ ਦਲ ਵਲੋਂ ਨਾ ਪਹੁੰਚਣਾ ਬਹੁਤ ਨਾਮੋਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ 1920 ਤੋਂ ਬਾਅਦ ਅਕਾਲੀ ਦਲ ਵਿਚ ਕਿਸੇ ਵੀ ਦਲਿਤ ਵਿਅਕਤੀ ਨੂੰ ਨੇਤਾ ਨਹੀਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਾਦਲ ਦਾ 500 ਬਸਾਂ ਦਾ ਫ਼ਲੀਟ ਚੱਲ ਰਿਹਾ ਹੈ ਅਤੇ ਸਾਰੇ ਆਰਥਕ ਸੋਮਿਆਂ 'ਤੇ ਬਾਦਲ ਪਰਵਾਰ ਦਾ ਕਬਜ਼ਾ ਹੈ। ਇਸ ਮੌਕੇ ਸੁਖਦੇਵ ਸਿੰਘ ਲਿਬੜਾ ਮੈਂਬਰ ਪਾਰਲੀਮੈਂਟ, ਸ਼ਮਸ਼ੇਰ ਸਿੰਘ ਦੂਲੋ, ਡਾ. ਹਰਨਾਮਦਾਸ ਜੌਹਰ, ਬਲਬੀਰ ਸਿੰਘ ਸਿੱਧੂ, ਦਰਸ਼ਨ ਸਿੰਘ ਬਰਾੜ, ਹਰਮਿੰਦਰ ਸਿੰਘ, ਸਾਧੂ ਸਿੰਘ ਧਰਮਸੋਤ ਸ਼ਰਮਾ ਆਦਿ ਹਾਜ਼ਰ ਸਨ।

**ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਕਾਨਫਰੰਸ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇੱਥੇ ਕੀਤੀ ਗਈ ਇਤਿਹਾਸਕ ਕਾਨਫ਼ਰੰਸ ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣੀ ਤਕਰੀਰ ਵਿਚ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੁੰਦੇ ਹੋਏ ਸਮੁੱਚੇ ਸਿੱਖ ਭਾਈਚਾਰੇ ਨੂੰ ਸਾਹਿਬਜ਼ਾਦਿਆਂ ਦੀ ਤਰ੍ਹਾਂ ਅਡੋਲ ਚਿੱਤ ਹੋ ਕੇ ਸੱਚ-ਹੱਕ ਉਤੇ ਪਹਿਰਾ ਦੇਣ ਦੀ ਅਪੀਲ ਕੀਤੀ। ਸ. ਮਾਨ ਨੇ ਕਿਹਾ ਕਿ ਇੱਕ ਪਾਸੇ ਮਨੁੱਖਤਾ ਅਤੇ ਸਿੱਖੀ ਸਿਧਾਂਤਾ ਲਈ ਦਸਮ ਪਿਤਾ ਨੇ ਆਪਣਾ ਸਮੁੱਚਾ ਸਰਬੰਸ ਵਾਰ ਦਿੱਤਾ ਅਤੇ ਆਪਣੇ ਮਾਸੂਮ ਸਾਹਿਬਜ਼ਾਦਿਆਂ ਨੂੰ ਮੈਦਾਨੇ ਜੰਗ ਵਿਚ ਆਪ ਖੁਦ ਤਿਆਰ ਕਰਕੇ ਤੋਰਿਆ ਪਰ ਦੂਜੇ ਪਾਸੇ ਸਾਡੇ ਅੱਜ ਦੇ ਅਖੌਤੀ ਆਗੂ ਹਨ, ਜੋ ਆਪਣੇ ਧੀਆਂ, ਪੁੱਤਰਾਂ, ਸਬੰਧੀਆਂ ਲਈ ਹਰ ਤਰ੍ਹਾਂ ਦੀ ਬੇਈਮਾਨੀ, ਫਰੇਬ ਕਰਨ ਤੋਂ ਵੀ ਨਹੀਂ ਝਿਜਕਦੇ। ਇਸ ਤੋਂ ਇਲਾਵਾ ਇਹ ਆਗੂ ਸਿੱਖੀ ਸਿਧਾਂਤਾਂ ਅਤੇ ਸੋਚ ਨੂੰ ਪਿੱਠ ਦੇ ਕੇ ਆਪੋ-ਆਪਣੇ ਪਰਿਵਾਰਾਂ, ਕਟੂੰਬਾਂ ਨੂੰ ਗ਼ੈਰ-ਇਖਲਾਕੀ ਅਤੇ ਗ਼ੈਰ-ਸਮਾਜਿਕ ਢੰਗ ਨਾਲ ਧਾਰਮਿਕ ਸੰਸਥਾਵਾਂ ਅਤੇ ਸਿਆਸਤ ਉੱਤੇ ਕਬਜ਼ੇ ਕਰਾਉਣ ਅਤੇ ਗੁਰੂ ਦੀਆਂ ਗੋਲਕਾਂ ਤੇ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਕਰਨ ਵਿਚ ਮਲੀਨ ਹੋਏ ਪਏ ਹਨ।

ਅੱਜ ਦੇ ਇਕੱਠ ਵਿਚ 20 ਦੇ ਕਰੀਬ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਨਾਲ ਸੰਬੰਧਿਤ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ, ਜਿਨ੍ਹਾਂ 'ਚ ਮੁੱਖ ਸਰਬੱਤ ਦੇ ਭਲੇ ਦੀ ਵੱਡਮੁੱਲੀ ਸੋਚ ਨੂੰ ਲਾਗੂ ਕਰਨਾ, ਚੰਡੀਗੜ੍ਹ ਹੈਡਵਰਕਸ ਅਤੇ ਪੰਜਾਬੀ ਬੋਲਦੇ ਇਲਾਕੇ ਤੁਰੰਤ ਪੰਜਾਬ ਦੇ ਹਵਾਲੇ ਕਰਨ, ਜ਼ਿਮੀਦਾਰਾਂ ਨਾਲ ਸਰਕਾਰ ਅਤੇ ਬੈਂਕਾਂ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਬੰਦ ਕਰਨ, ਬੇਰੁਜ਼ਗਾਰੀ, ਗ਼ਰੀਬੀ, ਰਿਸ਼ਵਤਖੋਰੀ ਲਈ ਬਾਦਲ ਹਕੂਮਤ ਨੂੰ ਜ਼ਿੰਮੇਵਾਰ ਠਹਿਰਾਉਣ, ਸ਼ਹਿਰਾਂ, ਪਿੰਡਾਂ ਅਤੇ ਸਰਕਾਰੀ ਸੰਸਥਾਵਾਂ ਦੇ ਬੋਰਡਾਂ ਦੇ ਨਾਮ ਪੰਜਾਬੀ ਵਿਚ ਲਿਖਣ ਆਦਿ ਸ਼ਾਮਲ ਸਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਕਾਨਫਰੰਸ 'ਚ ਸ. ਸਿਮਰਨਜੀਤ ਸਿੰਘ ਮਾਨ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂਆਂ ਭਾਈ ਧਿਆਨ ਸਿੰਘ ਮੰਡ, ਭਾਗ ਸਿੰਘ ਸੁਰਤਾਪੁਰ, ਜਸਪਾਲ ਸਿੰਘ ਮੰਗਲ ਆਦਿ ਆਗੂਆਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸ਼੍ਰੋਮਣੀ ਅਕਾਲੀ ਦਲ 1920 ਅਤੇ ਦਿੱਲੀ ਅਕਾਲੀ ਦਲ ਦੀ ਸਾਂਝੀ ਕਾਨਫ਼ਰੰਸ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਸਾਂਝੇ ਤੌਰ ਤੇ ਲੜਨ ਦਾ ਐਲਾਨ ਕੀਤਾ ਗਿਆ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲੌਂਗੋਵਾਲ ਦਲ ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਕਿਹਾ, ''ਪਰਚੀਆਂ ਅਤੇ ਲਿਫ਼ਾਫਿਆਂ ਵਿਚੋਂ ਨਿਕਲਦੇ ਪ੍ਰਧਾਨ ਗੁਰਧਾਮਾਂ ਵਿਚੋਂ ਬਾਹਰ ਕੀਤੇ ਜਾਣਗੇ ਅਤੇ ਸਿੱਖਾਂ ਉਤੇ ਗੋਲੀਆਂ ਚਲਾਉਣ ਵਾਲੇ ਬਾਦਲਕਿਆਂ ਦੇ ਚੁੰਗਲ ਵਿਚੋਂ ਪੰਜਾਬ ਅਤੇ ਪੰਜਾਬੀਅਤ ਨੂੰ ਮੁਕਤ ਕਰਵਾਇਆ ਜਾਵੇਗਾ।'' ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਫੈਲਿਆ ਭ੍ਰਿਸ਼ਟਾਚਾਰ ਕਿਸੇ ਤੋਂ ਛੁਪਿਆ ਨਹੀਂ ਰਿਹਾ ਤੇ ਇਸ ਦੇ ਪ੍ਰਬੰਧਕਾਂ ਨੇ 'ਗੁਰੂ ਕੀ ਗੋਲਕ' ਦੇ ਮੂੰਹ ਬਾਦਲ ਪਰਵਾਰ ਲਈ ਖੋਲ੍ਹ ਦਿਤੇ ਹਨ।

## ਅਦਾਲਤ ਵਲੋਂ ਚੀਮਾ ਤੇ ਗੁਰਦੁਆਰਾ ਚੋਣ ਕਮਿਸ਼ਨ ਤਲਬ



**ਹੁਸ਼ਿਆਰਪੁਰ :** ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਚੋਣ ਲੜਨ ਲਈ ਇਸਤੇਮਾਲ ਕੀਤੇ ਗਏ ਜਾਅਲੀ ਸੰਵਿਧਾਨ ਸੰਬੰਧੀ ਦੋਸ਼ਾਂ ਨੂੰ ਲੈ ਕੇ ਹੁਸ਼ਿਆਰਪੁਰ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਗੁਰਜੰਟ ਸਿੰਘ ਦੀ ਅਦਾਲਤ 'ਚ ਬਕਾਇਆ ਪਈ ਪਟੀਸ਼ਨ ਦੀ ਸੁਣਵਾਈ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਦਾਲਤ ਵਿਚ ਹਾਜ਼ਰ ਨਹੀਂ ਹੋਏ। ਮਾਣਯੋਗ ਅਦਾਲਤ ਨੇ ਡਾ. ਚੀਮਾ ਅਤੇ ਗੁਰਦੁਆਰਾ ਚੋਣ ਕਮਿਸ਼ਨ ਦੇ ਸੈਕਟਰੀ ਨੂੰ ਕੇਸ ਦੀ ਅਗਲੀ ਸੁਣਵਾਈ ਮੌਕੇ 11 ਫਰਵਰੀ 2010 ਨੂੰ ਰਿਕਾਰਡ ਲੈ ਕੇ ਅਦਾਲਤ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ।

ਵਰਨਣਯੋਗ ਹੈ ਕਿ ਮਾਲਟਾ ਕਾਂਡ ਦੁਰਘਟਨਾ ਜਾਂਚ ਕਮੇਟੀ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਇਸਤੇਮਾਲ ਕੀਤੇ ਜਾ ਰਹੇ ਦੋ ਸੰਵਿਧਾਨਾਂ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੇ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਪਾਰਟੀ ਦੇ ਹੁਸ਼ਿਆਰਪੁਰ ਜ਼ਿਲਾ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਖਿਲਾਫ 20 ਫਰਵਰੀ 2009 ਨੂੰ ਦੋਸ਼ ਲਗਾਇਆ ਸੀ ਕਿ ਸਾਲ 1920 ਵਿਚ ਜਦੋਂ ਅਕਾਲੀ ਦਲ ਹੋਂਦ ਵਿਚ ਆਇਆ, ਉਸ ਸਮੇਂ ਇਸਦੇ ਸੰਵਿਧਾਨ ਵਿਚ ਲਿਖਿਆ ਗਿਆ ਸੀ ਕਿ ਇਹ ਸਿੱਖਾਂ ਦੀ ਪਾਰਟੀ ਹੈ ਤੇ ਸਿਰਫ ਸਿੱਖ ਵਿਅਕਤੀ ਹੀ ਇਸਦਾ ਮੈਂਬਰ ਹੋ ਸਕਦਾ ਹੈ। ਇਸੇ ਦੌਰਾਨ ਸਾਲ 1989 ਵਿਚ ਕੇਂਦਰੀ ਚੋਣ ਕਮਿਸ਼ਨ ਨੇ ਰੀਪ੍ਰਜ਼ੈਂਟੇਸ਼ਨ ਆਫ਼ ਪੀਪਲਜ਼ ਐਕਟ 1951 ਵਿਚ ਸੈਕਸ਼ਨ 29-ਏ ਸ਼ਾਮਲ ਕੀਤਾ, ਜਿਸ ਵਿਚ ਸਪੱਸ਼ਟ ਕੀਤਾ ਗਿਆ ਸੀ ਕਿ ਧਰਮ ਨਿਰਪੱਖ ਰਾਜਨੀਤਕ ਪਾਰਟੀਆਂ ਹੀ ਚੋਣ ਲੜ ਸਕਦੀਆਂ ਹਨ ਅਤੇ ਚੋਣ ਕਮਿਸ਼ਨ ਕੋਲ ਆਪਣੀ ਰਜਿਸਟਰੇਸ਼ਨ ਕਰਵਾ ਸਕਦੀਆਂ ਹਨ। ਖੇੜਾ ਵਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 14 ਅਗਸਤ 1989 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰੀ ਚੋਣ ਕਮਿਸ਼ਨ ਕੋਲ ਜਿਹੜਾ ਸੰਵਿਧਾਨ ਅਤੇ ਅਰਜ਼ੀ ਪੇਸ਼ ਕੀਤੀ, ਉਸ ਵਿਚ ਇਸ ਪਾਰਟੀ ਦੇ ਧਰਮ ਨਿਰਪੱਖ ਹੋਣ ਦਾ ਵਰਨਣ ਕੀਤਾ ਗਿਆ ਸੀ, ਜਿਸਤੋਂ ਸਾਫ਼ ਜ਼ਾਹਿਰ ਹੈ ਕਿ ਇਸ ਪਾਰਟੀ ਵਲੋਂ 2-2 ਸੰਵਿਧਾਨ ਇਸਤੇਮਾਲ ਕੀਤੇ ਜਾ ਰਹੇ ਹਨ।

# ਰਾਜਸੀ ਖਿੱਚੋਤਾਣ ਤੇ ਉਥਲ-ਪੁਥਲ ਦਾ ਰਿਹਾ ਇਹ ਸਾਲ

**ਚੰਡੀਗੜ੍ਹ :** ਪੰਜਾਬ ਦੇ ਰਾਜਨੀਤਕ ਅਤੇ ਸਮਾਜਿਕ ਪਿੜ 'ਚ ਸਾਲ 2009 ਦੌਰਾਨ ਵਾਪਰੀਆਂ ਅਹਿਮ ਘਟਨਾਵਾਂ ਲੋਕ ਮਨਾਂ 'ਤੇ ਉਕਰੀਆਂ ਰਹਿਣਗੀਆਂ। ਬਾਰਾਂ ਮਹੀਨਿਆਂ ਦੇ ਸਮੇਂ ਦੌਰਾਨ ਵਾਪਰੀਆਂ ਵੱਡੀਆਂ ਰਾਜਨੀਤਕ ਘਟਨਾਵਾਂ ਕਾਰਨ ਜਿੱਥੇ ਪੰਜਾਬ ਦੀ ਸੱਤਾਧਾਰੀ ਅਤੇ ਵਿਰੋਧੀ ਧਿਰ ਲਈ ਇਹ ਸਾਲ ਕਈ ਤਰ੍ਹਾਂ ਦੇ ਤਜ਼ਰਬਿਆਂ ਵਾਲਾ ਮੰਨਿਆ ਜਾਵੇਗਾ, ਉਥੇ ਪੰਜਾਬ ਵਾਸੀਆਂ ਲਈ ਇਹ ਕੌੜੀਆਂ ਯਾਦਾਂ ਛੱਡਣ ਵਾਲਾ ਵਰ੍ਹਾ ਵੀ ਸੀ।

ਰਾਜਨੀਤਕ ਪੱਖ ਤੋਂ ਦੇਖਿਆ ਜਾਵੇ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਾਲ ਦੇ ਸ਼ੁਰੂਆਤੀ ਦਿਨਾਂ 'ਚ ਆਪਣੇ ਫਰਜ਼ੰਦ ਸੁਖਬੀਰ ਬਾਦਲ ਨੂੰ ਪੰਜਾਬ ਸਰਕਾਰ 'ਚ ਉਪ ਮੁੱਖ ਮੰਤਰੀ ਬਣਾਇਆ। ਸੂਬੇ ਦੀ ਸਿਆਸਤ 'ਚ ਇਸ ਤੋਂ ਬਾਅਦ ਵਾਪਰੀ ਇਕ ਵੱਡੀ ਘਟਨਾ ਵੀ ਪੰਜਾਬੀਆਂ ਲਈ ਨਾ ਭੁੱਲਣਯੋਗ ਰਹੀ। ਉਹ ਹੈ ਸ਼੍ਰੋਮਣੀ ਅਕਾਲੀਦਲ ਦੇ ਸੀਨੀਅਰ ਆਗੂ ਕੈਪਟਨ ਕੰਵਲਜੀਤ ਸਿੰਘ ਦਾ ਇਕ ਸੜਕ ਹਾਦਸੇ 'ਚ ਦੇਹਾਂਤ ਹੋਣਾ। ਸਾਲ ਦੇ ਆਖਰੀ ਮਹੀਨੇ ਪੰਜਾਬ ਵਿਧਾਨ ਸਭਾ 'ਚ ਹਾਕਮ ਅਤੇ ਵਿਰੋਧੀ ਧਿਰ ਦੇ ਵਿਧਾਇਕਾਂ ਵਲੋਂ ਇਕ-ਦੂਜੇ ਦੀਆਂ ਪੱਗਾਂ ਲਾਹੁਣ ਦਾ ਵਰਤਾਰਾ ਇਸ ਸਾਲ ਦੀਆਂ ਇਤਿਹਾਸਕ ਘਟਨਾਵਾਂ 'ਚ ਸ਼ੁਮਾਰ ਹੋ ਗਿਆ। ਸਾਲ ਦੇ ਮੱਧ ਵੇਲੇ ਡੇਰਾ ਬੱਲਾਂ ਦੇ ਸੰਤ ਰਾਮਾਨੰਦ ਦੀ ਹੱਤਿਆ ਤੋਂ ਬਾਅਦ ਪੰਜਾਬ 'ਚ ਹੋਈ ਹਿੰਸਾ ਨੂੰ ਵੀ ਲੋਕ ਲੰਬੇ ਸਮੇਂ ਤੱਕ ਭੁਲਾ ਨਹੀਂ ਸਕਣਗੇ। ਇਸੇ ਤਰ੍ਹਾਂ ਅਮਨ-ਕਾਨੂੰਨ ਦੇ ਮਾਮਲੇ 'ਚ ਸਾਲ ਦੇ ਆਖਰੀ ਮਹੀਨੇ 'ਚ ਲੁਧਿਆਣਾ 'ਚ ਪਹਿਲਾਂ ਪ੍ਰਵਾਸੀ ਮਜ਼ਦੂਰਾਂ ਵਲੋਂ ਹਿੰਸਾ ਦਾ ਰਾਹ ਫੜਨਾ ਅਤੇ ਫਿਰ ਆਸੂਤੋਸ਼ ਦੇ ਸਮਾਗਮ ਤੋਂ ਬਾਅਦ ਦੀਆਂ ਘਟਨਾਵਾਂ ਨੇ ਜਿਥੇ ਸਰਕਾਰ ਨੂੰ ਨਮੋਸ਼ੀ ਦਿੱਤੀ, ਉਥੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਦੀਆਂ ਤੰਦਾਂ ਨੂੰ ਵੀ ਵਿਗਾੜਿਆ।

ਰਾਜਨੀਤੀ ਦੇ ਖੇਤਰ 'ਚ ਹੀ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਦਾ ਉਭਾਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿਦਰ ਸਿੰਘ ਦੀ ਪਤਨੀ ਪਰਨੀਤ ਕੌਰ ਦੇ ਕੇਂਦਰੀ ਮੰਤਰੀ ਮੰਡਲ 'ਚ ਰਾਜ ਮੰਤਰੀ ਬਣਨਾ ਹੀ ਅਹਿਮ ਘਟਨਾਵਾਂ ਹਨ। ਅਕਾਲੀ ਰਾਜਨੀਤੀ ਵਿਚ ਸਿਖਰ ਤੱਕ ਬਾਦਲ ਪਰਿਵਾਰ ਵਿਚੋਂ ਪਹਿਲੀ ਵਾਰੀ ਕੋਈ ਔਰਤ ਸਿਆਸਤ 'ਚ ਆਪਣੀ ਥਾਂ ਬਣਾਉਣ 'ਚ ਕਾਮਯਾਬ ਹੋਈ ਹੈ। ਹਰਸਿਮਰਤ ਕੌਰ ਪਹਿਲੀ ਵਾਰੀ ਲੋਕ ਸਭਾ ਮੈਂਬਰ ਚੁਣੀ ਗਈ। ਪਾਰਲੀਮੈਂਟ ਵਿਚ ਦੋ ਵਾਰੀ ਪੰਜਾਬ ਦੇ ਮੁੱਦਿਆਂ 'ਤੇ ਬੋਲਣ ਨਾਲ ਬਾਦਲ ਪਰਿਵਾਰ ਦੀ ਨੂੰਹ ਚੰਗੀ ਬੁਲਾਰੀ ਵੀ ਸਾਬਤ ਹੋਈ। ਦੇਖਿਆ ਜਾਵੇ ਤਾਂ ਜਿਸ ਤਰ੍ਹਾਂ ਹਰਸਿਮਰਤ ਅਤੇ ਪਰਨੀਤ ਕੌਰ ਨੇ ਕੇਂਦਰੀ ਸਿਆਸਤ 'ਚ ਆਪਣੀ ਭੱਲ ਬਣਾਈ ਹੈ, ਉਸ ਨੇ ਪੰਜਾਬਣਾਂ ਦਾ ਮਾਣ ਕੌਮੀ ਪੱਧਰ 'ਤੇ ਕਾਫੀ ਵਧਾਇਆ ਹੈ। ਅਮਰਿੰਦਰ



ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਤੇ ਹਰਸਿਮਰਤ ਕੌਰ



ਅਮਰਿਦਰ ਸਿੰਘ, ਪ੍ਰਨੀਤ ਕੌਰ ਤੇ ਰਣਇੰਦਰ ਸਿੰਘ

ਸਿੰਘ ਦੇ ਪਰਿਵਾਰ ਲਈ ਪਰਨੀਤ ਕੌਰ ਦਾ ਤੀਜੀ ਵਾਰੀ ਲੋਕ ਸਭਾ ਦਾ ਮੈਂਬਰ ਚੁਣਿਆ ਜਾਣਾ ਜਿਥੇ ਸ਼ੁਭ ਸ਼ਗਨ ਹੈ, ਉਥੇ ਸਾਬਕਾ ਮੁੱਖ ਮੰਤਰੀ ਦਾ ਸਪੁੱਤਰ ਰਣਇੰਦਰ ਸਿੰਘ ਦਾ ਪਹਿਲੀ ਹੀ ਚੋਣ 'ਚ ਹਾਰ ਜਾਣਾ ਸਿਆਸੀ ਝਟਕੇ ਤੋਂ ਘੱਟ ਨਹੀਂ ਸੀ। ਉਂਝ ਲੋਕ ਸਭਾ ਚੋਣਾਂ ਦੌਰਾਨ 8 ਸੀਟਾਂ 'ਤੇ ਜਿੱਤ ਕੇ ਕਾਂਗਰਸ 'ਚ ਜਾਨ ਹੀ ਨਹੀਂ ਪਾਈ ਸਗੋਂ ਕੈਪਟਨ ਅਮਰਿੰਦਰ ਸਿੰਘ ਦੇ ਮੁੜ ਉਭਾਰ ਦਾ ਮੈਦਾਨ ਵੀ ਤਿਆਰ ਕੀਤਾ। ਇਹ ਵੱਖਰੀ ਗੱਲ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਲਈ ਇਸ ਵਰ੍ਹੇ ਕਾਂਗਰਸੀਆਂ ਦੀ ਖਾਨਾਜੰਗੀ ਸਿਖਰਾਂ 'ਤੇ ਰਹੀ। ਅਮਰਿੰਦਰ ਸਿੰਘ ਆਪਣੀ ਚੜ੍ਹਤ ਦੇ ਬਾਵਜੂਦ ਪਾਰਟੀ ਅੰਦਰਲੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਹੇ। ਉਂਝ ਪੰਜਾਬ ਦੀ ਰਾਜਨੀਤੀ 'ਚ ਇਹ ਵੀ ਪਹਿਲੀ ਦਫਾ ਹੋਇਆ ਕਿ ਨੀਲੀਆਂ ਪੱਗਾਂ ਵਾਲਿਆਂ ਨੇ ਕਾਂਗਰਸ ਦਾ ਹੱਥ ਫੜ੍ਹ ਲਿਆ। ਸੁਖਦੇਵ ਸਿੰਘ ਲਿਬੜਾ ਅਤੇ ਹੋਰਨਾਂ ਕਈ ਅਕਾਲੀਆਂ ਦੀਆਂ ਦਲਬਦਲੀਆਂ ਇਸ ਸਾਲ ਦੀਆਂ ਅਹਿਮ ਰਾਜਨੀਤਕ ਘਟਨਾਵਾਂ ਸਾਬਤ ਹੋਈਆਂ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹਿਲੀ ਵਾਰੀ ਜਲਾਲਾਬਾਦ ਤੋਂ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਇਸ ਨੂੰ ਵੀ ਇਤਫਾਕ ਹੀ ਕਿਹਾ ਜਾ ਸਕਦਾ ਹੈ ਕਿ ਉਪ ਮੁੱਖ ਮੰਤਰੀ ਵਜੋਂ ਪਹਿਲੀ ਵਾਰ ਸਹੁੰ ਚੁੱਕਣ ਤੋਂ ਬਾਅਦ ਉਹ ਵਿਧਾਨਕ ਸ਼ਰਤ ਪੂਰੀ ਨਾ ਕਰਨ ਕਾਰਨ ਅਸਤੀਫਾ ਦੇ ਗਏ ਅਤੇ ਫਿਰ ਉਪ ਮੁਖ ਮੰਤਰੀ ਵਜੋਂ ਹਲਫ ਲਿਆ। ਸੁਖਬੀਰ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ 'ਤੇ ਪਹੁੰਚਾਉਣ ਲਈ ਉਨ੍ਹਾਂ ਦੇ ਬਿਕਰਮਜਤ ਸਿੰਘ ਮਜੀਠੀਆ ਨੂੰ ਮੰਤਰੀ ਮੰਡਲ ਤੋਂ ਬਾਹਰ ਹੋਣਾ ਪਿਆ।

ਪੰਜਾਬ ਅੰਦਰ ਇਸ ਸਾਲ ਦੌਰਾਨ 4 ਉਪ ਚੋਣਾਂ ਹੋਈਆਂ। ਇਨ੍ਹਾਂ ਸਾਰੀਆਂ ਚੋਣਾਂ 'ਚ ਸੱਤਾਧਾਰੀ ਧਿਰ ਜੇਤੂ ਰਹੀ। ਹਾਕਮ ਗਠਜੋੜ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਕੁੜੱਤਣ ਕਾਰਨ ਵੀ ਰਾਜਨੀਤਕ ਮਾਹੌਲ ਗਰਮ ਰਿਹਾ। ਵਿਧਾਨ ਸਭਾ 'ਚ ਢਾਈ ਸਾਲ ਤੱਕ ਸ਼ਾਂਤੀ ਰਹਿਣ ਤੋਂ ਬਾਅਦ ਪਹਿਲੀ ਵਾਰ ਵਿਰੋਧੀ ਧਿਰ ਨੇ ਹਮਲਾਵਰ ਰੁਖ ਅਖਤਿਆਰ ਕਰਦਿਆਂ ਪਹਿਲਾਂ ਅਮਨ ਕਾਨੂੰਨ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਅਤੇ ਫਿਰ ਸਪੀਕਰ ਨਿਰਮਲ ਸਿੰਘ ਕਾਹਲੋਂ ਵਿਰੁਧ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਵਿਧਾਨ ਸਭਾ ਦੀ ਕਾਰਵਾਈ ਨਾ ਚੱਲਣ ਦਿੱਤੀ। ਇਨ੍ਹਾਂ ਘਟਨਾਵਾਂ ਨਾਲ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਵੀ ਸੁਰਖੀਆਂ 'ਚ ਰਹੀ। ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਸੁਰਜੀਤੀ ਵੀ ਇਸ ਸਾਲ ਦੀ ਇਕ ਮੁੱਖ ਘਟਨਾ ਬਣੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਇਸ ਸਾਲ ਕੁਝ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਪੰਜਾਬ ਦੀ ਰਾਜਨੀਤੀ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸ਼ਹਿ 'ਤੇ ਬਾਦਲਾਂ ਨਾਲ ਖਹਿੰਦਾ ਆ ਰਿਹਾ ਇਹ ਆਗੂ ਅਕਾਲੀਆਂ ਦੇ ਹੀ ਨਹੀਂ ਸਗੋਂ ਕਾਂਗਰਸੀਆਂ ਦੇ ਵੀ ਨਿਸ਼ਾਨੇ 'ਤੇ ਆ ਗਿਆ ਹੈ। ਬਿਜਲੀ ਦੇ ਸੰਕਟ ਹੋਰ ਵੀ ਡੂੰਘਾ ਹੋਣ ਕਾਰਨ ਰਾਜ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਵਿਜੀਲੈਂਸ ਬਿਊਰੋ ਵਲੋਂ ਉਦਯੋਗ ਵਿਭਾਗ ਪੰਜਾਬ ਦੇ ਡਾਇਰੈਕਟਰ ਤੇ ਆਈ. ਏ. ਐਸ. ਅਧਿਕਾਰੀ ਵਿਜੇ ਕੁਮਾਰ ਜੰਜੂਆ ਨੂੰ ਰਿਸ਼ਵਤ ਲੈਣ ਦੇ ਕਥਿਤ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰਨਾ ਵੀ ਵੱਡੀ ਘਟਨਾ ਰਹੀ।

# 1994 'ਚ ਅਮਰਿੰਦਰ, ਬਰਨਾਲਾ, ਮਾਨ, ਤਲਵੰਡੀ ਤੇ ਟੌਹੜਾ ਨੇ ਚੁੱਕੀ ਸੀ ਖਾਲਿਸਤਾਨ ਬਾਰੇ ਸਹੁੰ

**ਚੰਡੀਗੜ੍ਹ:** 26 ਜਨਵਰੀ 1986 ਨੂੰ ਅਕਾਲ ਤਖਤ ਸਾਹਿਬ ਤੇ ਹੋਏ ਸਰਬਤ ਖਾਲਸੇ ਦੇ ਇਕੱਠ 'ਚ ਸਿਆਸੀ ਤੇ ਧਾਰਮਿਕ ਜਥੇਬੰਦੀਆਂ ਦੀ ਹਾਜ਼ਰੀ 'ਚ ਖਾਲਿਸਤਾਨ ਕਾਇਮ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਤੇ 1 ਮਈ 1994 ਨੂੰ ਉਸ ਸਮੇਂ ਦੇ ਅਕਾਲ ਤਖਤ ਸਾਹਿਬ ਉਪਰ ਸਮੁੱਚੀਆਂ ਪੰਥਕ ਧਿਰਾਂ ਦੀ ਪ੍ਰਵਾਨਗੀ ਨਾਲ ਤਿਆਰ ਕੀਤੀ ਗਈ ਸ਼ਬਦਾਵਲੀ ਤਹਿਤ ਖਾਲਿਸਤਾਨ ਦੀ ਪ੍ਰਾਪਤੀ ਲਈ ਤਿਆਰ ਪ੍ਰਣ ਪੱਤਰ ਦੇ ਆਧਾਰ 'ਤੇ ਸਹੁੰ ਚੁੱਕਣ ਵਾਲਿਆਂ 'ਚ ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਜਗਦੇਵ ਸਿੰਘ ਤਲਵੰਡੀ, ਭਾਈ ਮਨਜੀਤ ਸਿੰਘ, ਕ. ਜਮਸੇਰ ਸਿੰਘ ਬਾਲਾ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼ਾਮਲ ਸਨ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਜੋ ਖੁਦ ਵੀ ਇਨ੍ਹਾਂ ਆਗੂਆਂ ਨਾਲ ਸਹੁੰ ਚੁੱਕਣ ਵਾਲਿਆਂ 'ਚ ਸ਼ਾਮਲ ਸਨ, ਨੇ ਆਪਣੇ ਖਾਲਿਸਤਾਨ ਸਬੰਧੀ ਦਸਤਾਵੇਜ਼ 'ਚ ਇਸ ਸਬੰਧੀ ਪੁਰਾਣੀ ਇਤਿਹਾਸਕ ਫੋਟੋ, ਦਸਤਖਤਾਂ ਵਾਲਾ ਪੱਤਰ ਤੇ ਵੇਰਵੇ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ 1990 'ਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮਹਾਨ ਸ਼ਹੀਦੀ ਅਸਥਾਨ 'ਤੇ ਸ਼ਹੀਦੀ ਕਾਨਫਰੰਸ 'ਚ ਪ੍ਰਕਾਸ਼ ਸਿੰਘ ਬਾਦਲ, ਸਵਰਗੀ ਗੁਰਚਰਨ ਸਿੰਘ ਟੌਹੜਾ ਤੋਂ ਇਲਾਵਾ ਜਗਦੇਵ ਸਿੰਘ ਤਲਵੰਡੀ ਤੇ ਸਮੁੱਚੀ ਸਿੱਖ ਲੀਡਰਸ਼ਿਪ ਨੇ ਪਹੁੰਚ ਕੇ ਸਾਂਝੀ ਸਟੇਜ ਤੋਂ ਉਨ੍ਹਾਂ ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨਾਲ ਖਾਲਿਸਤਾਨ ਦੇ ਮੁੱਦੇ 'ਤੇ ਦਿੱਲੀ ਜਾ ਕੇ ਗੱਲ ਕਰਨ ਦਾ ਅਧਿਕਾਰ ਦਿੱਤਾ ਸੀ। ਉਨ੍ਹਾਂ ਕਿਹਾ ਇਸ 'ਤੇ ਅਮਲ ਕਰਦਿਆਂ ਮੈਂ ਕਾਨਫਰੰਸ ਦੀ ਸਮਾਪਤੀ ਤੋਂ ਫੌਰਨ ਬਾਅਦ ਸਮੁੱਚੀ ਲੀਡਰਸ਼ਿਪ ਦੀ ਭਾਵਨਾ ਅਨੁਸਾਰ ਸੰਪੂਰਨ ਬਾਦਸ਼ਾਹੀ ਆਜ਼ਾਦ ਸਿੱਖ ਰਾਜ ਨੂੰ ਜਮਹੂਰੀਅਤ ਤੇ ਅਮਨਮਈ ਤਰੀਕੇ ਨਾਲ ਕਾਇਮ ਕਰਨ ਦਾ ਯਾਦ ਪੱਤਰ ਤਿਆਰ ਕਰਕੇ 28 ਦਸੰਬਰ 1990 ਨੂੰ ਦਿੱਲੀ ਜਾ ਕੇ ਚੰਦਰ ਸ਼ੇਖਰ ਨੂੰ ਸੌਂਪਿਆ ਸੀ। ਭਾਰਤੀ ਹਕੂਮਤ ਤੇ ਸਿੱਖਾਂ ਦੇ ਰਿਕਾਰਡ 'ਚ ਇਹ ਲਿਖਤਾਂ ਅੱਜ ਵੀ ਮੌਜੂਦ ਹਨ। ਉਨ੍ਹਾਂ ਵੇਰਵੇ ਦਿੰਦਿਆਂ ਦੱਸਿਆ ਕਿ 22 ਦਸੰਬਰ 1992 'ਚ ਸਮੂਹ ਮੁਲਕਾਂ ਦੀ ਸਾਂਝੀ ਜਥੇਬੰਦੀ ਯੂ.ਐਨ.ਓ. ਦੇ ਉਸ ਸਮੇਂ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਦਿੱਲੀ ਪਹੁੰਚਣ ਤੇ ਸਮੁੱਚੀ ਲੀਡਰਸ਼ਿਪ ਵਲੋਂ ਦਸਤਖਤ ਕਰਕੇ ਜੋ ਯਾਦ ਪੱਤਰ ਦਿਤਾ ਗਿਆ ਸੀ ਉਸ ਉਪਰ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਤੇ ਨੌਰੰਗ ਸਿੰਘ ਬੱਬਰ ਖਾਲਸਾ ਆਦਿ ਆਗੂਆਂ ਦੇ ਦਸਤਖਤ ਸਨ। ਇਨ੍ਹਾਂ ਦਸਤਖਤਾਂ ਵਾਲੀ ਕਾਪੀ ਵੀ ਸ. ਮਾਨ ਵਲੋਂ ਜਾਰੀ ਕੀਤੀ ਗਈ ਹੈ। ਸ. ਮਾਨ ਨੇ ਇਹ ਵੀ ਯਾਦ ਕਰਾਇਆ ਕਿ ਬੁਤਰਸ ਘਾਲੀ ਨੂੰ ਦਿੱਤੇ ਗਏ ਯਾਦ ਪੱਤਰ 'ਚ ਸਪਸ਼ਟ ਤੌਰ 'ਤੇ ਸਿੱਖ ਕੌਮ ਲਈ ਆਪਣੇ ਸਿੱਖ ਰਾਜ ਖਾਲਿਸਤਾਨ ਨੂੰ ਕਾਇਮ ਕਰਨ ਦੀ ਮੰਗ ਕੀਤੀ ਗਈ ਸੀ ਸੀ ਤੇ ਇਸ ਕਾਰਨ ਇਸੇ ਲਿਖਤ 'ਤੇ ਦਸਤਖਤ ਕਰਨ ਵਾਲਿਆਂ ਨੂੰ ਹਿੰਦ ਹਕੂਮਤ ਨੇ ਤਿਹਾੜ ਜੇਲ ਦਿੱਲੀ 'ਚ ਬੰਦੀ ਬਣਾ ਲਿਆ ਸੀ ਤੇ ਇਸ ਦਾ ਸਬੂਤ ਜੇਲ ਦੇ ਰਿਕਾਰਡ ਤੋਂ ਮਿਲ ਸਕਦਾ ਹੈ।

ਸ. ਮਾਨ ਨੇ ਆਉਂਦੀਆਂ ਐਸ.ਜੀ.ਪੀ.ਸੀ. ਚੋਣਾਂ ਦੇ ਮੱਦੇਨਜ਼ਰ ਆਪਣੀ ਪਾਰਟੀ ਦੇ ਜਾਰੀ ਕੀਤੇ ਗਏ 8 ਸਫਿਆਂ ਦੇ ਖਾਲਿਸਤਾਨ ਸਬੰਧੀ ਦਸਤਾਵੇਜ਼ 'ਚ ਐਲਾਨ ਕੀਤਾ ਹੈ ਕਿ ਬਾਕੀ ਸਾਰੇ ਅਕਾਲੀ ਨੇਤਾ ਖਾਲਸਾ ਰਾਜ ਦਾ ਮਿਸ਼ਨ ਛੱਡ ਚੁੱਕੇ ਹਨ ਪ੍ਰੰਤੂ ਉਹ ਅੱਜ ਵੀ ਆਪਣੇ ਇਸ ਨਿਸ਼ਾਨੇ ਉਪਰ ਕਾਇਮ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਬਖਸ਼ਿਸ਼ ਨਾਲ ਆਪਣੇ ਆਖਰੀ ਸਵਾਸਾਂ ਤੱਕ ਸਿੱਖ ਕੌਮ ਦੀ ਅਜ਼ਾਦੀ ਨਾਲ ਸਬੰਧਤ ਉਸਾਰੇ ਜਾਣ ਵਾਲੇ ਖਾਲਿਸਤਾਨ ਦੇ ਮਹੱਲ ਦੀ ਉਸਾਰੀ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਪੁਰਅਮਨ ਤੇ ਲੋਕਤੰਤਰੀ ਤਰੀਕੇ ਨਾਲ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਜੱਦੋ-ਜਹਿਦ ਜਾਰੀ ਰੱਖੀ ਜਾਵੇਗੀ।

ਸ. ਮਾਨ ਨੇ ਕਿਹਾ ਕਿ 26 ਜਨਵਰੀ 1950 ਨੂੰ ਆਜ਼ਾਦ ਹਿੰਦੁਸਤਾਨ ਦਾ ਵਿਧਾਨ ਲਾਗੂ ਕਰਦੇ ਸਮੇਂ ਭੁਪਿੰਦਰ ਸਿੰਘ ਮਾਨ ਤੇ ਹੁਕਮ ਸਿੰਘ ਜੋ ਭਾਰਤੀ ਵਿਧਾਨਕਰਤਾ ਕਮੇਟੀ ਦੇ ਅੰਗਰੇਜ਼ਾ ਤੇ ਸਿੱਖਾਂ ਦੇ ਨੁਮਾਇੰਦੇ ਸਨ, ਨੇ ਸਿੱਖ ਕੌਮ ਨਾਲ ਧੋਖਾ ਕਰਨ ਵਾਲੇ ਵਿਧਾਨ 'ਤੇ ਦਸਤਖਤ ਨਹੀਂ ਸਨ ਕੀਤੇ। ਇਹ ਇਤਿਹਾਸਕ ਗੱਲ ਵੀ ਸਿੱਖ ਕੌਮ ਨੂੰ ਵਿਧਾਨਕ, ਕਾਨੂੰਨੀ ਤੇ ਇਖਲਾਕੀ ਤੌਰ'ਤੇ ਆਪਣਾ ਸਿੱਖ ਰਾਜ ਮੰਗਣ ਦਾ ਜਮਹੂਰੀ ਹੱਕ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ 1966 'ਚ ਪੰਜਾਬੀ ਸੂਬਾ ਬਣਾਉਂਦੇ ਹੋਏ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਦਰਿਆਵਾਂ ਤੇ ਨਹਿਰਾਂ ਦਾ ਪਾਣੀ ਤੇ ਹੈੱਡ ਵਰਕਸ ਜਬਰੀ ਪੰਜਾਬ ਤੋਂ ਬਾਹਰ ਰੱਖ ਕੇ ਸਿੱਖਾਂ ਨਾਲ ਵੱਡੀਆਂ ਬੇਇਨਸਾਫੀਆਂ ਕੀਤੀਆਂ ਗਈਆਂ ਹਨ।

## ਖਾਲਿਸਤਾਨ ਬਾਰੇ ਸਹੁੰ ਚੁੱਕਣ ਲਈ ਮਜਬੂਰ ਕੀਤਾ ਗਿਆ-ਤਲਵੰਡੀ

**ਲੁਧਿਆਣਾ:** 1994 'ਚ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਉਸ ਵੇਲੇ ਸਥਿਤੀ ਹੀ ਅਜਿਹੀ ਪੈਦਾ ਕਰ ਦਿੱਤੀ ਸੀ ਕਿ ਖਾਲਿਸਤਾਨ ਦੀ ਮੰਗ ਨਾ ਚਾਹੁੰਦੇ ਹੋਏ ਵੀ ਉਥੇ ਪਹੁੰਚੇ ਅਕਾਲੀ ਨੇਤਾਵਾਂ ਲਈ ਸਹੁੰ ਚੁੱਕਣਾ ਮਜਬੂਰੀ ਬਣ ਗਿਆ। ਇਹ ਪ੍ਰਗਟਾਵਾ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸਿਮਰਨਜੀਤ ਸਿੰਘ ਮਾਨ ਵੱਲੋਂ ਦਿੱਤੇ ਗਏ ਉਸ ਬਿਆਨ ਸਬੰਧੀ ਆਪਣਾ ਪੱਖ ਪੇਸ਼ ਕਰਦਿਆਂ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਸਾਰੇ ਆਕਲੀ ਲੀਡਰਾਂ ਨੇ ਖਾਲਿਸਤਾਨ ਦੀ ਸਹੁੰ ਚੁੱਕੀ।

ਜਥੇ. ਤਲਵੰਡੀ ਨੇ ਕਿਹਾ ਕਿ ਪ੍ਰੋ. ਮਨਜੀਤ ਸਿੰਘ ਸ਼ਹਿਰੀ ਸਿੱਖ ਹੋਣ 'ਤੇ ਬੜਾ ਚਲਾਕ ਤੇ ਹੁਸ਼ਿਆਰ ਵਿਅਕਤੀ ਸੀ। ਉਸਨੇ ਉਸ ਵੇਲੇ ਸ. ਮਾਨ ਦੇ ਬਹਿਕਾਵੇ 'ਚ ਆ ਕੇ ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਦਾਸ ਨੂੰ ਸਹੁੰ ਚੁੱਕਣ ਲਈ ਮਜਬੂਰ ਕਰ ਦਿੱਤਾ।


## Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੌਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/biodata to angelhavok@aol.com

Sikh Parents seeking a Jatt Skih match for beautiful, U.S. Citizen daughter, Born and raised in India, Feb 1978, 5' 7", Licensed Vocational Nurse, California; working as LVN and studying for Regd Nursing Diploma. Family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

## Change of Name

I, Parminder Singh, resident of Nihalpur, PO Jhinger Kalan, District Hoshiarpur, now living at 30 Godello Ct., Sacramento, CA 95833, have changed my name to Parminder Singh Mashiana after adding my family name to my name. All concerned please note.

East to West Realty

A Real Estate & Investment Agency

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ

(916) 501-3974

(916) 729-5453

Email:nandsbrar@gmail.com

Hiring New Realtors



Nand S. Brar

Broker/Owner

DRE Lic No: 01816328

# ਪੰਜਾਬ ਟਾਈਮਜ਼

ਸਨਿਚਰਵਾਰ, 2 ਜਨਵਰੀ 2010


*ਭਰੋਸੇ ਵਿਚੋਂ ਪਹਿਲਕਦਮੀ ਕਰਨ ਦਾ ਹੌਸਲਾ ਮਿਲਦਾ ਹੈ – ਟੌਮ ਵਾਟਸਨ*

## ਤਿਲੰਗਾਨਾ ਮੁੱਦਾ ਫਿਰ ਮਘਿਆ

ਕੇਂਦਰ ਸਰਕਾਰ ਵਲੋਂ ਤਿਲੰਗਾਨਾ ਰਾਜ ਕਾਇਮ ਕਰਨ ਦੇ ਆਪਣੇ ਬਿਆਨ ਤੋਂ ਮੁੱਕਰਨ ਤੋਂ ਪਿਛੋਂ ਇਸ ਨਵੇਂ ਸੂਬੇ ਦੀ ਕਾਇਮੀ ਦਾ ਸੰਘਰਸ਼ ਮੁੜ ਕੇ ਸ਼ੁਰੂ ਹੋ ਗਿਆ। ਇਸ ਮਾਮਲੇ ਨੂੰ ਲੈ ਕੇ ਹੁਣ ਤਿਲੰਗਾਨਾ ਪੱਖੀ ਸ਼ਕਤੀਆਂ ਵਲੋਂ ਵੱਡੀ ਪੱਧਰ ‘ਤੇ ਮੁਜ਼ਾਹਰੇ, ਰੋਸ ਪ੍ਰਦਰਸ਼ਨ ਅਤੇ ਸਾੜ-ਫੂਕ ਕੀਤੀ ਜਾ ਰਹੀ ਹੈ।

ਯਾਦ ਰਹੇ, ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਆਪਣੇ ਬਿਆਨ ਵਿਚ ਕਿਹਾ ਸੀ ਕਿ ਤਿਲੰਗਾਨਾ ਮੁੱਦੇ ’ਤੇ ਹੁਣ ਵਿਆਪਕ ਸਲਾਹ-ਮਸ਼ਵਰੇ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਸਰਕਾਰ ਦੇ ਕਈ ਹੋਰ ਸੀਨੀਅਰ ਮੰਤਰੀਆਂ ਨੇ ਵੀ ਇਹ ਗੱਲ ਦੁਹਰਾਈ ਹੈ ਕਿ ਇਸ ਮੁੱਦੇ ਨੂੰ ਲੈ ਕੇ ਹਾਲੇ ਵਿਆਪਕ ਪੱਧਰ ‘ਤੇ ਵਿਚਾਰ-ਚਰਚਾ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਤਿਲੰਗਾਨਾ ਮੁੱਦੇ ਦੇ ਸੰਦਰਭ ਵਿਚ ਰਾਜਾਂ ਦੇ ਪੁਨਰਗਠਨ ਲਈ ਇਕ ਹੋਰ ਕਮਿਸ਼ਨ ਕਾਇਮ ਕਰਨ ਦਾ ਵਿਚਾਰ ਪੇਸ਼ ਕੀਤਾ ਹੈ। ਸਰਕਾਰੀ ਸੂਤਰਾਂ ਦਾ ਆਖਣਾ ਹੈ ਕਿ ਆਜ਼ਾਦੀ ਤੋਂ ਬਾਅਦ ਹੋਂਦ ਵਿਚ ਆਉਣ ਵਾਲੀ ਇਸ ਕਿਸਮ ਦੀ ਇਹ ਦੂਜੀ ਸੰਸਥਾ ਹੋਵੇਗੀ, ਜੋ ਇਸ ਸਮੁੱਚੇ ਮੁੱਦੇ ਦੀ ਡੂੰਘੀ ਪੜਚੋਲ ਕਰਨ ਤੋਂ ਬਾਅਦ ਆਪਣੀਆਂ ਸਿਫਾਰਸ਼ਾਂ ਕਰੇਗੀ। ਕੁਝ ਆਲੋਚਕਾਂ ਦਾ ਆਖਣਾ ਹੈ ਕਿ ਕੇਂਦਰ ਸਰਕਾਰ ਵਲੋਂ ਕਮਿਸ਼ਨ ਦਾ ਇਹ ਵਿਚਾਰ ਅਸਲ ਵਿਚ ਮੁੱਦੇ ਨੂੰ ਅੱਗੇ ਪਾਉਣ ਦੇ ਮਕਸਦ ਨਾਲ ਹੀ ਲਿਆਂਦਾ ਗਿਆ ਹੈ। ਕੁਝ ਵੀ ਹੋਵੇ, ਇਹ ਰਾਇ ਵੀ ਉਭਰ ਰਹੀ ਹੈ ਕਿ ਕਮਿਸ਼ਨ ਬਣਨ ਨਾਲ ਆਮ ਰਾਏ ਬਣਾਉਣ ਅਤੇ ਸ਼ਾਂਤੀ ਵਾਲੇ ਹਾਲਾਤ ਪੈਦਾ ਕਰਨ ਵਿਚ ਮਦਦ ਮਿਲੇਗੀ।

ਇਥੇ ਇਹ ਯਾਦ ਕਰਵਾਉਣਾ ਵੀ ਬਣਦਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਲੰਘੀ 9 ਦਸੰਬਰ ਨੂੰ ਵੱਖਰਾ ਤੇਲੰਗਾਨਾ ਰਾਜ ਕਾਇਮ ਕਰਨ ਲਈ ਅਮਲ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ ਅਤੇ ਇਸ ਦਾ ਆਂਧਰਾ ਦੇ ਰਾਇਲ ਸੀਮਾ ਅਤੇ ਤੱਟੀ ਖੇਤਰਾਂ ਵਿਚ ਜ਼ੋਰਦਾਰ ਵਿਰੋਧ ਹੋਇਆ ਸੀ। ਸ੍ਰੀ ਚਿਦੰਬਰਮ ਨੇ ਹੁਣ ਆਪਣਾ ਬਿਆਨ ਬਦਲਦਿਆਂ ਕਿਹਾ ਹੈ ਕਿ 9 ਦਸੰਬਰ ਦੇ ਬਿਆਨ ਤੋਂ ਬਾਅਦ ਰਾਜ ਦੀ ਸਥਿਤੀ ਬਦਲ ਗਈ ਹੈ ਅਤੇ ਰਾਜ ਵਿਚ ਸਾਰੀਆਂ ਸਿਆਸੀ ਪਾਰਟੀਆਂ ਅਤੇ ਗਰੁੱਪਾਂ ਨਾਲ ਵਿਆਪਕ ਚਰਚਾ ਦੀ ਲੋੜ ਖੜ੍ਹੀ ਹੋ ਗਈ ਹੈ। ਇਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ 9 ਦਸੰਬਰ ਨੂੰ ਕੇਂਦਰ ਵਲੋਂ ਤਿਲੰਗਾਨਾ ਸੂਬੇ ਦੀ ਕਾਇਮੀ ਸੰਬੰਧੀ ਐਲਾਨ ਕਰਨ ਤੋਂ ਪਿਛੋਂ ਦੇਸ਼ ਦੇ ਬਹੁਤ ਸਾਰੇ ਰਾਜਾਂ ਵਿਚ ਨਵੇਂ ਸੂਬਿਆਂ ਦੀਆਂ ਮੰਗਾਂ ਉਠ ਖੜ੍ਹੀਆਂ ਹੋਈਆਂ ਸਨ। ਇਥੋਂ ਤੱਕ ਕਿ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬੀਬੀ ਮਾਇਆਵਤੀ, ਸਾਬਕਾ ਭਾਜਪਾ ਆਗੂ ਸ੍ਰੀ ਜਸਵੰਤ ਸਿੰਘ ਅਤੇ ਅਜੀਤ ਸਿੰਘ ਜਿਹੇ ਸੀਨੀਅਰ ਆਗੂਆਂ ਨੇ ਵੀ ਆਪੋ-ਆਪਣੇ ਖੇਤਰਾਂ ਲਈ ਛੋਟੇ ਸੂਬੇ ਬਣਾਉਣ ਦੀ ਮੰਗ ਉਭਾਰ ਦਿੱਤੀ ਸੀ। ਇਨ੍ਹਾਂ ਮੰਗਾਂ ਦੇ ਮੱਦੇਨਜ਼ਰ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਨਵਾਂ ਰਾਜ ਪੁਨਰਗਠਨ ਕਮਿਸ਼ਨ ਗੋਰਖਾਲੈਂਡ (ਪੱਛਮੀ ਬੰਗਾਲ), ਬੁੰਦੇਲਖੰਡ ਅਤੇ ਹਰਿਤ ਪ੍ਰਦੇਸ਼ (ਉਤਰ ਪ੍ਰਦੇਸ਼) ਆਦਿ ਖੇਤਰਾਂ ਵਿਚ ਵੱਖਰੇ ਰਾਜ ਬਣਾਉਣ ਦੀਆਂ ਮੰਗਾਂ ਉਪਰ ਵੀ ਵਿਚਾਰ ਕਰ ਸਕਦਾ ਹੈ।

ਜੇ ਸਿਆਸੀ ਲੀਡਰਸ਼ਿਪ ਸੱਚ ਮੁੱਚ ਰਾਜਾਂ ਲਈ ਪੁਨਰਗਠਨ ਕਮਿਸ਼ਨ ਕਾਇਮ ਕਰਨ ਦੇ ਹੱਕ ਵਿਚ ਫੈਸਲਾ ਲੈਂਦੀ ਹੈ ਤਾਂ ਇਹ ਮੁੱਦਾ ਪ੍ਰਵਾਨਗੀ ਲਈ ਕੇਂਦਰੀ ਕੈਬਨਿਟ ਕੋਲ ਜਾਵੇਗਾ, ਇਸ ਤੋਂ ਪਿਛੋਂ ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਕਿਸੇ ਸੇਵਾਮੁਕਤ ਜੱਜ ਨੂੰ ਕਮਿਸ਼ਨ ਦਾ ਮੁਖੀ ਥਾਪਿਆ ਜਾਵੇਗਾ ਤੇ ਕੁਝ ਮੈਂਬਰ ਹੋਰ ਵੀ ਲਏ ਜਾ ਸਕਦੇ ਹਨ। ਇਸ ਅਮਲ ਦੇ ਅਗੇ ਵਧਣ ਨਾਲ ਸਰਕਾਰ ਨੂੰ ਹਿੰਸਾ ਅਤੇ ਬਦਅਮਨੀ ਤੋਂ ਸਾਹ ਮਿਲ ਸਕਦਾ ਹੈ ਅਤੇ ਇਹੋ ਹਾਲ ਦੀ ਘੜੀ ਕੇਂਦਰ ਸਰਕਾਰ ਦਾ ਮਿਸ਼ਨ ਜਾਪਦਾ ਹੈ। ਇਸ ਮੁੱਦੇ ਉਪਰ ਚੱਲੀ ਚਰਚਾ ਨੂੰ ਵਧੇਰੇ ਸਪੱਸ਼ਟ ਕਰਦਿਆਂ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਨੇ ਕਿਹਾ ਹੈ ਕਿ ਇਸ ਮਸਲੇ ‘ਤੇ ਆਮ ਸਹਿਮਤੀ ਦੀ ਲੋੜ ਹੈ ਅਤੇ ਸਮਾਂ ਪਾ ਕੇ ਲੋਕ ਕਮਿਸ਼ਨ ਦੇ ਵਿਚਾਰ ਨੂੰ ਪ੍ਰਵਾਨ ਕਰ ਲੈਣਗੇ। ਉਨ੍ਹਾਂ ਦਲੀਲ ਦਿੱਤੀ ਕਿ ਕੋਈ ਵੀ ਅਹਿਮ ਫੈਸਲਾ ਹਰ ਇਕ ਦੀ ਸਹਿਮਤੀ ਨਾਲ ਅਤੇ ਹਰ ਇਕ ਨਾਲ ਸਲਾਹ-ਮਸ਼ਵਰੇ ਤੋਂ ਪਿਛੋਂ ਹੀ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਸਰਕਾਰ ਦੇ ਮਨਸ਼ੇ ਨੂੰ ਉਕਾ ਹੀ ਸਪਸ਼ਟ ਕਰ ਦਿੱਤਾ ਤੇ ਕਿਹਾ ਕਿ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਕਤਰਫਾ ਫੈਸਲੇ ਨੂੰ ਅਚਾਨਕ ਲਾਗੂ ਨਹੀਂ ਕੀਤਾ ਜਾ ਸਕਦਾ। ਤੇਲੰਗਾਨਾ ਦੀ ਕਾਇਮੀ ਦੇ ਮਾਮਲੇ ਵਿਚ ਇਸ ਖਿੱਤੇ ਦੀਆਂ ਸਾਰੀਆਂ ਪਾਰਟੀਆਂ ਇਕਮਤ ਹਨ ਜਦੋਂਕਿ ਬਾਕੀ ਆਂਧਰਾ ਪ੍ਰਦੇਸ਼ ਦੀਆਂ ਸਾਰੀਆਂ ਪਾਰਟੀਆਂ ਆਂਧਰਾ ਪ੍ਰਦੇਸ਼ ਨੂੰ ਇਕਮੁੱਠ ਰੱਖਣ ਦੇ ਹਿਤ ਵਿਚ ਹਨ। ਆਂਧਰਾ ਪ੍ਰਦੇਸ਼ ਅਸੈਂਬਲੀ ਦੀਆਂ ਕੁੱਲ 294 ਸੀਟਾਂ ਹਨ ਅਤੇ ਇਸ ਵਿਚੋਂ 119 ਮੈਂਬਰ ਤੇਲੰਗਾਨਾ ਖੇਤਰ ਨਾਲ ਸੰਬੰਧਤ ਹਨ। ਕੇਂਦਰੀ ਗ੍ਰਹਿ ਮੰਤਰੀ ਵਲੋਂ ਆਪਣੇ ਪਹਿਲੇ ਬਿਆਨ ਤੋਂ ਪਿੱਛੇ ਹਟਣ ਨਾਲ ਸਾਰੀਆਂ ਪਾਰਟੀਆਂ ਨਾਲ ਸੰਬੰਧਤ ਇਥੋਂ ਦੇ 82 ਵਿਧਾਇਕਾਂ ਨੇ ਅਸਤੀਫ਼ੇ ਦੇ ਦਿੱਤੇ। ਇਨ੍ਹਾਂ ਵਿਚ 39 ਵਿਧਾਇਕ ਤੇਲਗੂ ਦੇਸਮ ਨਾਲ ਸੰਬੰਧਤ ਹਨ, 30 ਕਾਂਗਰਸ ਪਾਰਟੀ ਨਾਲ, 10 ਟੀ. ਆਰ. ਐਸ. ਅਤੇ 2 ਪਰਜਾਰਾਜਮ ਅਤੇ 1 ਭਾਰਤੀ ਜਨਤਾ ਪਾਰਟੀ ਨਾਲ ਸੰਬੰਧਤ ਹੈ। ਇੰਜ ਅਸੀਂ ਵੇਖਦੇ ਹਾਂ ਕਿ ਤੇਲੰਗਾਨਾ ਖੇਤਰ ਦੇ ਅਸੈਂਬਲੀ ਮੈਂਬਰਾਂ ਦੀ ਬਹੁਗਿਣਤੀ ਨਵਾਂ ਸੂਬਾ ਬਣਾਉਣ ਦੇ ਹੱਕ ਵਿਚ ਹੈ। ਇਹੋ ਹਾਲ ਇਸ ਖੇਤਰ ਨਾਲ ਸੰਬੰਧਤ ਸੰਸਦ ਮੈਂਬਰਾਂ ਦਾ ਹੈ। ਉਨ੍ਹਾਂ ਦੀ ਬਹੁਗਿਣਤੀ ਵੀ ਤੇਲੰਗਾਨਾ ਸੂਬਾ ਕਾਇਮ ਕਰਨ ਦੇ ਹੱਕ ਵਿਚ ਖੜ੍ਹੀ ਹੈ। ਆਂਧਰਾ ਪ੍ਰਦੇਸ਼ ਦੇ 42 ਲੋਕ ਸਭਾ ਹਲਕਿਆਂ ਵਿਚੋਂ 17 ਹਲਕੇ ਤੇਲੰਗਾਨਾ ਖੇਤਰ ਵਿਚ ਪੈਂਦੇ ਹਨ। ਸਾਰੀ ਸਥਿਤੀ ਦੇ ਬਾਵਜੂਦ ਆਂਧਰਾ ਅਸੈਂਬਲੀ ਵਿਚ ਇਸ ਵੇਲੇ ਜਿਸ ਕਿਸਮ ਦੀ ਹਾਲਤ ਹੈ, ਉਸ ਤੋਂ ਨਹੀਂ ਲੱਗਦਾ ਕਿ ਨਵੇਂ ਸੂਬੇ ਦੇ ਹੱਕ ਵਿਚ ਮਤਾ ਪਾਸ ਹੋ ਸਕਦਾ ਹੈ। ਅਸਲ ਵਿਚ ਇਸ ਮੁੱਦੇ ਨੂੰ ਲੈ ਕੇ ਰਾਜਨੀਤੀਵਾਨਾਂ ਵਲੋਂ ਵੱਖ-ਵੱਖ ਖੇਤਰਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਥਾਂ ਇਸ ਨੂੰ ਸੰਜੀਦਾ ਢੰਗ ਨਾਲ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਪਿਛਲੇ ਦਿਨੀਂ ਸਿਰਫ ਇਕ ਦਿਨ ਵਿਚ ਹੀ ਤੇਲੰਗਾਨਾ ਖੇਤਰ ਵਿਚ ਅੰਦੋਲਨਕਾਰੀਆਂ ਨੇ ਤਕਰੀਬਨ 100 ਬੱਸਾਂ ਸਾੜ ਦਿੱਤੀਆਂ। ਕਈ ਹੋਰ ਥਾਵਾਂ ਉਪਰ ਵੀ ਅਗਜ਼ਨੀ ਦੀਆਂ ਘਟਨਾਵਾਂ ਅਤੇ ਵਿਖਾਵੇ ਹੋਏ। ਇਸ ਤੋਂ ਪਤਾ ਲੱਗਦਾ ਹੈ ਕਿ ਹਾਲਤ ਕਿੰਨੇ ਖਰਾਬ ਹਨ ਅਤੇ ਅਮਨ-ਕਾਨੂੰਨ ਦੀ ਸਥਿਤੀ ਕਿੰਨੀ ਮਾੜੀ ਹੈ। ਪੈਦਾ ਹੋਈ ਸਥਿਤੀ ਦੇ ਸੰਦਰਭ ਵਿਚ ਕੇਂਦਰ ਅਤੇ ਰਾਜ ਸਰਕਾਰ ਦਾ ਪਹਿਲਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਤਰ੍ਹਾਂ ਲੋਕਾਂ ਦੇ ਜਜ਼ਬਾਤ ਠੰਡੇ ਕੀਤੇ ਜਾਣ ਅਤੇ ਅਮਨ-ਅਮਾਨ ਵਾਲੀ ਹਾਲਤ ਪੈਦਾ ਕੀਤੀ ਜਾਵੇ। ਕੇਂਦਰ ਸਰਕਾਰ ਨੂੰ ਵੀ ਮਸਲੇ ਦੀ ਤਹਿ ਤੱਕ ਜਾ ਕੇ ਯੋਗ ਹੱਲ ਤਿਆਰ ਕਰਨੇ ਚਾਹੀਦੇ ਹਨ। ਇਸ ਗੱਲ ਨਾਲ ਤਕਰੀਬਨ ਸਾਰੇ ਹੀ ਵਿਸ਼ਲੇਸ਼ਕ ਸਹਿਮਤ ਹਨ ਕਿ ਆਂਧਰਾ ਪ੍ਰਦੇਸ਼ ਦਾ ਵਿਕਾਸ ਕਾਫੀ ਅਸਾਵਾਂ ਜਿਹਾ ਹੈ। ਹੈਦਰਾਬਾਦ ਸਮੇਤ ਕੁਝ ਖਿੱਤੇ ਕਾਫੀ ਵਿਕਾਸ ਕਰ ਗਏ ਹਨ ਜਦਕਿ ਦੂਜੇ ਪੱਛੜ ਗਏ ਹਨ। ਇਹੋ ਹਾਲ ਤੇਲੰਗਾਨਾ ਖੇਤਰ ਦਾ ਹੈ। ਇਸ ਖੇਤਰ ਦੇ ਲੋਕਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ ਅਤੇ ਸਥਾਨਕ ਲੋਕ ਆਪਣੇ-ਆਪ ਨੂੰ ਆਂਧਰਾ ਮੁੱਖ ਧਾਰਾ ਦੇ ਗੁਲਾਮ ਮਹਿਸੂਸ ਕਰਦੇ ਹਨ।

ਇਸ ਤਰ੍ਹਾਂ ਦੀਆਂ ਭਾਵਨਾਵਾਂ ਵੀ ਕਈ ਵਾਰ ਸਾਹਮਣੇ ਆ ਚੁੱਕੀਆਂ ਹਨ ਕਿ ਤੇਲੰਗਾਨਾ ਖੇਤਰ ਆਂਧਰਾ ਅਤੇ ਕੇਂਦਰ ਦੀ ਬਸਤੀ ਹੈ। ਕੇਂਦਰ ਅਤੇ ਰਾਜ ਸਰਕਾਰ ਦੀ ਪਹਿਲੀ ਯੋਜਨਾ ਇਹ ਹੋਣੀ ਚਾਹੀਦੀ ਹੈ ਕਿ ਅਜਿਹੀਆਂ ਭਾਵਨਾਵਾਂ ਨੂੰ ਸਮਾਪਤ ਕੀਤਾ ਜਾਵੇ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਧਰਮੀਂ ਬਾਬਲ ਦੀ ਪ੍ਰੇਸ਼ਾਨੀ!

ਮੱਤਿ ਮਾਰੀ ਮੁੰਡ੍ਹੀਰ ਦੀ ਫੈਸ਼ਨਾਂ ਨੇ, ਵਰਕਾ ਪਾੜ’ਤਾ ਧਰਮ ਦੇ ਪਿਆਰ ਵਾਲਾ।
ਫਿਲਮੀ ਐਕਟਰਾਂ ਵਾਂਗ ਮੂੰਹ ਰੜੇ ਕੀਤੇ, ਭੋਗ ਪਾਇਆ ਏ ਸਿੱਖੀ ਨੁਹਾਰ ਵਾਲਾ।

ਚੂਪੇ ਅੰਬ ਦੀ ਗੁਟੀ ਦੇ ਵਾਂਗ ਬੂਥੇ, ਨਸ਼ਿਆਂ ਕੀਤਾ ਏ ਹਾਲ ਬਿਮਾਰ ਵਾਲਾ।
ਛੈਕਰ-ਖੇਲ੍ਹ ਨੇ ਵਿਰਸੇ ਨੂੰ ਪਿੱਠ ਦੇ ਕੇ, ਹੱਥੀਂ ਤਿਆਗਿਆ ਰੂਪ ‘ਸਰਦਾਰ’ ਵਾਲਾ।

ਜਾਣੇ ਸਤਿਗੁਰੂ ਆਏਗਾ ਕਦੋਂ ਮੁੜਕੇ! ਸਿੱਖੀ ਬਾਗ ’ਤੇ ਮੌਸਮ ਬਹਾਰ ਵਾਲਾ।
ਧੀ ਦੇ ਫਿਕਰ ਵਿਚ ਬਾਬਲ ਪ੍ਰੇਸ਼ਾਨ ਫਿਰਦਾ, ਵਰ ਲੱਭਦਾ ਨਹੀਉਂ ਦਸਤਾਰ ਵਾਲਾ!

## ਖਬਰਾਂ ਦੀ ਸੁੱਚਤਾ ਨੂੰ ਬਰਕਰਾਰ ਰੱਖਿਆ ਜਾਵੇ

**ਰਾਜਦੀਪ ਸਰਦੇਸਾਈ**

ਅਸੀਂ ਇਹੋ ਜਿਹੇ ਸਮੇਂ ‘ਚ ਰਹਿ ਰਹੇ ਹਾਂ ਜਿੱਥੇ ਭ੍ਰਿਸ਼ਟਾਚਾਰ ਪੱਕਾ ਰੂਪ ਲੈ ਚੁੱਕਿਆ ਹੈ। ਨੇਤਾਵਾਂ ਤੋਂ ਲੈ ਕੇ ਜੱਜ, ਉੱਚ ਅਧਿਕਾਰੀ ਨੌਕਰਸ਼ਾਹਾਂ ਤੋਂ ਲੈ ਕੇ ਪੁਲਿਸ ਅਧਿਕਾਰੀ, ਕਾਰਪੋਰੇਟ ਦੇ ਕਰਤਾ-ਧਰਤਾਵਾਂ ਤੋਂ ਲੈ ਕੇ ਛੋਟੇ ਕਰਮਚਾਰੀਆਂ ਤੱਕ ਮਾਨੋ ਹਰੇਕ ਦੀ ਕੀਮਤ ਤੈਅ ਹੈ। ਪੱਤਰਕਾਰ ਹੋਣ ਦੇ ਨਾਤੇ ਸਾਡੇ ਕੰਮ ਦਾ ਤਕਾਜਾ ਹੈ ਕਿ ਅਸੀਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਪੜਤਾਲ ਕਰੀਏ ਅਤੇ ਉਨ੍ਹਾਂ ਨੂੰ ਉਜਾਗਰ ਕਰੀਏ। ਇਸ ਲਈ ਜਦੋਂ ਇਕ ਮਧੂਕੋਡਾ ਨੂੰ ਜੇਲ੍ਹ ਭੇਜਿਆ ਜਾਂਦਾ ਹੈ ਤਾਂ ਅਸੀਂ ਇਹ ਸੋਚ ਕੇ ਖੁਸ਼ ਹੁੰਦੇ ਹਾਂ ਕਿ ਕਾਨੂੰਨ ਨੇ ਸਾਬਕਾ ਮੁੱਖ ਮੰਤਰੀ ਨੂੰ ਦਬੋਚ ਲਿਆ ਗਿਆ ਹੈ।

ਜਦ ਇਕ ਜੱਜ ਦੇ ਖਿਲਾਫ ਦੋਸ਼ਾਂ ਦੀ ਵਜ੍ਹਾ ਨਾਲ ਮਹਾਦੋਸ਼ ਦੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ ਤਾਂ ਅਸੀਂ ਸ਼ਾਂਤੀ ਜ਼ਾਹਿਰ ਕਰਦੇ ਹਾਂ। ਜਦ ਇਕ ਇੰਫੋਟੈਕ ਹਸਤੀ ਨੂੰ ਸਜ਼ਾ ਮਿਲਦੀ ਹੈ ਤਾਂ ਅਸੀਂ ਕੰਪਨੀਆਂ ਦੇ ਕੰਮਕਾਜ ਵਿਚ ਸੁਧਾਰ ਦੀ ਉਮੀਦ ਕਰਦੇ ਹਾਂ। ਪਰ ਜਦ ਕੈਮਰਾ ਅੰਦਰ ਵਲ ਨੂੰ ਘੁੰਮਦਾ ਹੈ, ਜਦ ਖੁਦ ਖ਼ਬਰ ਦੀ ਕੀਮਤ ਤੈਅ ਹੋਣ ਲਗਦੀ ਹੈ, ਉਦੋਂ ਕੀ ਹੁੰਦਾ ਹੈ?

ਭ੍ਰਿਸ਼ਟ ਨੇਤਾ ਜਾਂ ਬਿਜਨਸ ਲੀਡਰ ਨੂੰ ਜੇਲ੍ਹ ਭੇਜਿਆ ਜਾਂਦਾ ਹੈ। ਜੱਜ ਦੇ ਖਿਲਾਫ ਮਹਾਦੋਸ਼ ਹੋ ਸਕਦਾ ਹੈ, ਬਾਬੂ ਤੇ ਭ੍ਰਿਸ਼ਟਾਚਾਰ ਨਿਰੋਧਕ ਕਾਨੂੰਨ ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ ਪਰ ਖ਼ਬਰ ਦੇ ਬਦਲੇ ਧਨ ਨੂੰ ਪਹਿਲ ਦੇਣ ਵਾਲੇ ਸੰਪਾਦਕ, ਰਿਪੋਰਟਰ ਦਾ ਕੀ ਹੁੰਦਾ ਹੈ? ਹਾਲ ਹੀ ਵਿਚ ਪੱਤਰਕਾਰਤਾ ਦੀਆਂ ਜੜ੍ਹਾਂ ’ਤੇ ਹਮਲਾ ਕਰਨ ਵਾਲੀ ‘ਪੇਡ ਨਿਊਜ਼’ ਦਾ ਵਿਵਾਦ ਉਸ ਸਿਧਾਂਤ ਦੀ ਬੁਨਿਆਦ ’ਤੇ ਵੀ ਚੋਟ ਕਰਦਾ ਹੈ ਜਿਸਦੀ ਸੁਗੰਧ ਨਾਲ ਅਸੀਂ ਬੱਝੇ ਹੋਏ ਹਾਂ। ਉਹ ਸਿਧਾਂਤ ਹੈ ਜਵਾਬਦੇਹੀ ਦਾ। ਜਦ ਅਸੀਂ ਆਪਣੇ ਖੁਦ ਦੇ ਪੇਸ਼ੇ ਵਿਚ ਉਠ ਰਹੇ ਤੂਫਾਨ ਦੇ ਲਈ ਅੱਖਾਂ ਬੰਦ ਰਖਦੇ ਹਾਂ ਸਾਨੂੰ ਲੋਕਤੰਤਰ ਦੇ ਦੂਜੇ ਸਤੰਭਾਂ ਦੇ ਖਿਲਾਫ ਕਾਰਵਾਈ ਦੀ ਮੰਗ ਕਰਨ ਦਾ ਕੀ ਨੈਤਿਕ ਹੱਕ ਹੈ?




***ਪੱਤਰਕਾਰਾਂ ਦੀ ਬਰਾਦਰੀ ਖੁਦ ਨੂੰ ਨੈਤਿਕ ਸਮਝਣ ਵਾਲੀ ਅਤੇ ਸਨਕੀ ਹੁੰਦੀ ਹੈ। ਸਨਕੀਪੁਣੇ ਦੇ ਚਲਦੇ ਅਸੀਂ ਮੰਨਦੇ ਹਾਂ ਕਿ ਗਲਾਸ ਹਮੇਸ਼ਾ ਅੱਧਾ ਖਾਲੀ ਹੁੰਦਾ ਹੈ। ਆਪਣੇ ਆਪ ਨੂੰ ਨੈਤਿਕ ਸਮਝਣ ਨਾਲ ਜਦ ਸਾਨੂੰ ਗਿਰਦੇ ਨੈਤਿਕ ਮਾਨਦੰਡ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਅਸੀਂ ਗੁੱਸੇ ਨਾਲ ਭਰ ਉਠਦੇ ਹਾਂ। ‘ਪੇਡ ਨਿਊਜ਼’ ਦੇ ਸੰਕਟ ’ਤੇ ਇਨ੍ਹਾਂ ਦੋਵਾਂ ਹੀ ਪ੍ਰਤੀਕ੍ਰਿਆਵਾਂ ਦੀ ਜਰੂਰਤ ਨਹੀਂ ਹੈ। ਜਰੂਰਤ ਵਿਵਹਾਰਿਕ ਕੁਸ਼ਲਤਾ ਦੇ ਨਾਲ ਮੁਸ਼ਕਿਲਾਂ ਨੂੰ ਸਵੀਕਾਰ ਕਰਨ ਤੇ ਨਾਲ ਹੀ ਗਿਰਦੀ ਸ਼ਾਖ ਬਹਾਲ ਕਰਨ ਦੇ ਰੂਪ ’ਚ ਦੇਖਣ ਦੀ ਹੈ।***

ਪੱਤਰਕਾਰਾਂ ਦੀ ਬਰਾਦਰੀ ਖੁਦ ਨੂੰ ਨੈਤਿਕ ਸਮਝਣ ਵਾਲੀ ਅਤੇ ਸਨਕੀ ਹੁੰਦੀ ਹੈ। ਸਨਕੀਪੁਣੇ ਦੇ ਚਲਦੇ ਅਸੀਂ ਮੰਨਦੇ ਹਾਂ ਕਿ ਗਿਲਾਸ ਹਮੇਸ਼ਾ ਅੱਧਾ ਖਾਲੀ ਹੁੰਦਾ ਹੈ। ਆਪਣੇ ਆਪ ਨੂੰ ਨੈਤਿਕ ਸਮਝਣ ਦੀ ਵਜ੍ਹਾ ਨਾਲ ਜਦ ਸਾਨੂੰ ਗਿਰਦੇ ਨੈਤਿਕ ਮਾਨਦੰਡ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਅਸੀਂ ਗੁੱਸੇ ਨਾਲ ਭਰ ਉਠਦੇ ਹਾਂ। ‘ਪੇਡ ਨਿਊਜ਼’ ਦੇ ਸੰਕਟ ’ਤੇ ਇਨ੍ਹਾਂ ਦੋਵਾਂ ਹੀ ਪ੍ਰਤੀਕ੍ਰਿਆਵਾਂ ਦੀ ਜਰੂਰਤ ਨਹੀਂ ਹੈ। ਜ਼ਰੂਰਤ ਵਿਵਹਾਰਿਕ ਕੁਸ਼ਲਤਾ ਦੇ ਨਾਲ ਮੁਸ਼ਕਿਲਾਂ ਨੂੰ ਸਵੀਕਾਰ ਕਰਨ ਅਤੇ ਨਾਲ ਹੀ ਗਿਰਦੀ ਸ਼ਾਖ ਨੂੰ ਬਹਾਲ ਕਰਨ ਦੇ ਮੌਕੇ ਦੇ ਰੂਪ ਵਿਚ ਦੇਖਣ ਦੀ ਹੈ।

ਪਹਿਲਾਂ ਤਾਂ ਸਾਨੂੰ ਸਮਝਣਾ ਚਾਹੀਦਾ ਹੈ ਕਿ ‘ਪੇਡ ਨਿਊਜ਼’ ਕੀ ਹੈ। ਹਾਲ ਹੀ ਵਿਚ ਕੁਝ ਲੇਖਾਂ ਵਿਚ ਜਾਇਜ ‘ਐਡਵਰਟੋਰੀਅਲ’ ਅਤੇ ਖਬਰਾਂ ਦੀ ਅਨੈਕਿਤਾ ‘ਵਿਕਰੀ’ ਨੂੰ ਇਕ ਮੰਨ ਲਿਆ ਗਿਆ ਹੈ। ਫਰਕ ‘ਐਲਾਨ’ ਦੇ ਸਿਧਾਂਤ ਵਿਚ ਹੈ।

ਜੇਕਰ ਇਕ ਰਾਜਨੇਤਾ ਜਾਂ ਕਾਰਪੋਰੇਟ ਘਰਾਣਾ ਅਖ਼ਬਾਰ ਵਿਚ ਸੰਪਾਦਕੀ ਜਗ੍ਹਾ ਜਾਂ ਟੀ.ਵੀ. ਤੇ ਏਅਰਟਾਈਮ ਖਰੀਦਣਾ ਚਾਹੁੰਦਾ ਹੈ ਤਾਂ ਉਹ ਇਦਾਂ ਕਰ ਸਕਦਾ ਹੈ, ਪਰ ਇਸਦੇ ਲਈ ਉਸਨੂੰ ਨਿਯਮ ਅਨੁਸਾਰ ਇਸਦਾ ਐਲਾਨ ਕਰਨਾ ਹੋਵੇਗਾ। ਜਦ ਰਾਜਨੀਤਕ, ਵਿਵਸਾਇਕ ਬ੍ਰਾਂਡ ਪਾਰਦਰਸ਼ੀ ਢੰਗ ਨਾਲ ਪੇਸ਼ ਕੀਤੇ ਜਾਂਦੇ ਹਨ, ਜਦੋਂ ਵਿਗਿਆਪਨ ਫਾਰਮ ਜਾਂ ਕੰਟੈਂਟ ਵਿਚ ਸਾਫ ਫਰਕ ਦੇ ਬਿਨਾ ਖ਼ਬਰ ਦੇ ਰੂਪ ਵਿਚ ਪਾਠਕ ਜਾਂ ਦਰਸ਼ਕ ਦੇ ਸਾਹਮਣੇ ਆਉਂਦਾ ਹੈ, ਉਦੋਂ ਉਹ ਖ਼ਬਰਾਂ ਦੀ ਮਰਿਯਾਦਾ ਦਾ ਉਲੰਘਣ ਹੈ।

ਦੂਜਾ, ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ‘ਪੇਡ ਨਿਊਜ਼’ ਰਾਤੋ ਰਾਤ ਵਾਪਰੀ ਘਟਨਾ ਨਹੀਂ ਹੈ ਜੋ ਚੋਣ ‘ਪੈਕੇਜ’ ਦੇ ਨਾਲ ਸ਼ੁਰੂ ਹੋਈ ਹੋਵੇ। ਮਿਸਾਲ ਦੇ ਲਈ, ਫਿਲਮ ਅਤੇ ਖੇਡ ਪੱਤਰਕਾਰਤਾ ਵਿਚ ਖ਼ਬਰ ਅਤੇ ਜਨਸੰਪਰਕ ਵਿਚ ਫਰਕ ਮਿਟਾਉਣ ਦੇ ਲਈ ਮਜ਼ਬੂਰ ਕੀਤਾ ਜਾਂਦਾ ਹੈ। ਕਾਰਪੋਰੇਟ ਭਾਰਤ, ਰਾਜਨੀਤਕ ਭਾਰਤ ਵਿਚ ਇਕ ਕਦਮ ਅੱਗੇ ਰਿਹਾ ਹੈ, ‘ਪ੍ਰਾਈਵੇਟ ਟ੍ਰੀਟੀਜ’ ਪਿਛਲੇ ਕੁਝ ਸਾਲਾਂ ਤੋਂ ਹੋਂਦ ਵਿਚ ਹੈ, ਜਿਨ੍ਹਾਂ ਰਾਹੀਂ ਅਖ਼ਬਾਰ ਬਿਜਨੈਸ ਇਕੱਠ ਦੇ ਨਾਲ ਕੰਪਨੀ ਵਿਚ ਹਿੱਸੇਦਾਰੀ ਦੇ ਬਦਲੇ ਅਨੁਕੂਲ ਕਵਰੇਜ ਦਾ ਸਮਝੌਤਾ ਕਰਦੇ ਹਨ। ਅਨੁਕੂਲ ਮੀਡੀਆ ਕਵਰੇਜ ਲਈ ਧਨ ਅਦਾ ਕਰਨ ਵਾਲੀ ਰਾਜਨੀਤਕ ਉਮੀਦਵਾਰੀ ਦੀ ਜਿੱਤ ਦੀ ਗਾਰੰਟੀ ਨਹੀਂ ਹੁੰਦੀ, ਜਦਕਿ ‘ਪ੍ਰਾਈਵੇਟ ਟ੍ਰੀਟੀਜ’ ਦੇ ਰਾਹੀਂ ਕਾਰਪੋਰੇਟ ਘਰਾਣੇ ਨੂੰ ਪੱਤਰਕਾਰੀ ਨਿਰਪੱਖਤਾ ਤੋਂ ਬਚਣ ਲਈ ਲਗਭਗ ਅਮਿਟ ਗਰੰਟੀ ਮਿਲ ਜਾਂਦੀ ਹੈ।

ਤੀਜੇ, ਸਾਨੂੰ ਇਹ ਮੰਨਣਾ ਹੋਵੇਗਾ ਕਿ ਸਾਰੇ ਸੰਬੰਧਿਤ ਪੱਖਾਂ ਵਿਚ ‘ਪੇਡ ਨਿਊਜ਼’ ਨੂੰ ਅਪਨਾਉਣ ਦਾ ਲਾਲਚ ਆਖਿਰ ਕਿਉਂ ਵਧਦਾ ਜਾ ਰਿਹਾ ਹੈ? ਚੋਣਾਂ ਦੇ ਮਾਮਲੇ ਵਿਚ ਹੁਣ ਇਹ ਰਹੱਸ ਨਹੀਂ ਹੈ ਕਿ ਸਭਾਵਾਂ ਅਤੇ ਪ੍ਰਚਾਰ ਸਮੱਗਰੀ ’ਤੇ ਕੰਟਰੋਲ ਲਾ ਕੇ ਊਟ-ਪਟਾਂਗ ਖਰਚਿਆਂ ਨੂੰ ਰੋਕਣ ਦੀਆਂ ਚੋਣ ਕਮਿਸ਼ਨ ਦੀਆਂ ਕੋਸ਼ਿਸ਼ਾਂ ਦੇ ਚਲਦੇ ਚੋਣਾਂ ਵਿਚ ਰਾਜਨੀਤਕ ਧਨ ਦਾ ਪ੍ਰਵਾਹ ‘ਭੂਮੀਗਤ’ ਢੰਗ ਨਾਲ ਹੋਣ ਲੱਗਿਆ ਹੈ। ਸ਼ਰਾਬ ਦੀ ਤਰ੍ਹਾਂ ‘ਪੇਡ ਨਿਊਜ਼’ ਇਸ ‘ਸਮਾਨੰਤਰ’ ਚੋਣ ਮਸ਼ੀਨਰੀ ਦਾ ਹਿੱਸਾ ਹੈ। ਸਿਰਫ ਨੈਟਵਰਕ ਅਤੇ ਅਖ਼ਬਾਰਾਂ ’ਤੇ ਕਈ ਖੇਤਰੀ ਰਾਜਨੀਤਕਾਂ ਦੇ ਕੰਟਰੋਲ ਦੇ ਚਲਦੇ ਖਾਸ ਕਰਕੇ ਸਥਾਨਕ ਮੀਡੀਆ ਆਸਾਨੀ ਨਾਲ ਮੁੱਲ ਅਤੇ ਸਮਝੌਤਾ ਕਰ ਲੈਂਦੇ ਹਨ।

ਇਹੀ ਨਹੀਂ, ਹਾਲ ਦੇ ਸਾਲਾਂ ਵਿਚ ਨਿਊਜ਼ ‘ਬਿਜਨਸ’ ਦੇ ਸਵਰੂਪ ਵਿਚ ਬੁਨਿਆਦੀ ਬਦਲਾਓ ਆਏ ਹਨ। ਟੈਲੀਵੀਜ਼ਨ ਉਤੇ ਅਤੇ ਕੁਝ ਹਦ ਤੱਕ ਅਖ਼ਬਾਰ ਵਿਚ ਖ਼ਬਰਾਂ ਦੀ ਜਗ੍ਹਾ ਸੰਕੁਚਿਤ ਹੁੰਦੀ ਗਈ ਹੈ ਅਤੇ ਮੁਕਾਬਲਾ ਬਾਜ਼ਾਰ ਵਿਚ ਵਿੱਤੀ ਦਬਾਅ ਵਧ ਗਏ ਹਨ। ਹਾਲਾਂ ਕਿ ਵਿਗਿਆਪਨਾਂ ਦੇ ਪ੍ਰਕਾਸ਼ਨ ਵਿਚ ਵਾਧਾ ਹੋਇਆ ਹੈ। ਪਰ ਵਧਦੇ ਖ਼ਰਚਿਆਂ ਦੀ ਵਜ੍ਹਾ ਨਾਲ ਉਹ ਬਰਾਬਰ ਹੋ ਗਈ ਹੈ। ਅਖ਼ਬਾਰ ਦੀ ਕੀਮਤ ਜਾਂ ਚੈਨਲ ਦੇ ਪ੍ਰਚਾਰ-ਪ੍ਰਸਾਰ ਵਿਚ ਹੁਣ ਵੀ ਹਾਂ ਪੱਖੀ ਮਾਨਦੰਡਾਂ ਤੋਂ ਕਾਫੀ ਘੱਟ ਹੈ। ਇਸ ਕਠਿਨ ਬਾਹਰੀ ਮਾਹੌਲ ਵਿਚ ‘ਪੇਡ ਨਿਊਜ਼’ ਕੁਝ ਦੇ ਲਈ ਹੋਂਦ ਬਣਾਏ ਰੱਖਣ ਦਾ ਰਸਤਾ ਬਣ ਗਈ ਹੈ। ਇਸ ਪ੍ਰਕ੍ਰਿਆ ਵਿਚ ਪੱਤਰਕਾਰ ਤੇ ਵਿਗਿਆਪਨਦਾਤਾ ਦੇ ਵਿਚ, ਖ਼ਬਰ ਅਤੇ ਮਾਰਕੀਟਿੰਗ ਦੇ ਵਿਚ ਮੌਜੂਦ ‘ਚੀਨ ਦੀ ਦੀਵਾਰ’ ਲਗਭਗ ਬਿਲਕੁਲ ਗਾਇਬ ਹੋ ਚੁੱਕੀ ਹੈ। ਤਾਂ ਵੀ ‘ਪੇਡ ਨਿਊਜ਼’ ਨੂੰ ਜਾਇਜ਼ ਬਣਾਉਣ ਲਈ ਮਾਰਕੀਟਿੰਗ ਟੀਮਾਂ ਨੂੰ ਦੋਸ਼ੀ ਠਹਿਰਾ ਕੇ ਅਸੀਂ ਪੱਤਰਕਾਰ ਦੇ ਰੂਪ ਵਿਚ ਆਪਣੀ ਜ਼ਿੰਮੇਦਾਰੀ ਤੋਂ ਪੱਲਾ ਝਾੜ ਰਹੇ ਹੋਵਾਂਗੇ। ਅਖ਼ਬਾਰ ਦੇ ਅੰਤ ਵਿਚ ਸੰਪਾਦਕ ਦਾ ਨਾਮ ਜਾਂਦਾ ਹੈ, ਪ੍ਰੌਪਰਾਈਟਰ ਜਾਂ ਮਾਰਕੀਟਿੰਗ ਗੁਰੂ ਦਾ ਨਹੀਂ। ਅਖ਼ਬਾਰ ਵਿਚ ਜੋ ਛੱਪ ਰਿਹਾ ਹੈ ਜਾਂ ਚੈਨਲ ਤੋਂ ਜੋ ਪ੍ਰਸਾਰਿਤ ਹੋ ਰਿਹਾ ਹੈ, ਉਸਦੇ ਲਈ ਕਾਨੂੰਨਨ ਸੰਪਾਦਕ ਹੀ ਜ਼ਿੰਮੇਵਾਰ ਹੈ। ਸੇਲਜ਼ ਤੇ ਮਾਰਕੀਟਿੰਗ ਪ੍ਰੋਫੈਸ਼ਨਲ ਨੂੰ ਮਾਲੀਆ ਵਧਾਉਣ ਦਾ ਪੈਸਾ ਮਿਲਦਾ ਹੈ, ਤਾਂ ਸੰਪਾਦਕੀ ਪ੍ਰੋਫੈਸ਼ਨਲ ਨੂੰ ਕੰਟੈਂਟ ਨੂੰ ਬਿਹਤਰ ਬਣਾਉਣ ਦਾ। ਪੱਤਰਕਾਰ ਦਾ ਕੰਮ ਕੰਟੈਂਟ ਨੂੰ ਸੰਪਾਦਕੀ ਤੌਰ ‘ਤੇ ਬਿਹਤਰ ਬਣਾਉਣਾ ਹੈ, ਨਾ ਕਿ ਉਸਨੂੰ ਵਧ ਤੋਂ ਵਧ ਪੈਸਿਆਂ ‘ਚ ਵੇਚਣਾ। ਇਸ ਸੰਪਾਦਕੀ ਬਿਹਤਰੀ ਵਿਚ ਇਮਾਨਦਾਰੀ ਅਤੇ ਵਿਸ਼ਵਾਸਯੋਗਤਾ ਦੇ ਸਿਧਾਂਤ ਬੇਹਦ ਅਹਿਮ ਹਨ, ਦੋਵਾਂ ਨੂੰ ਨਕਦ ਧਨਰਾਸ਼ੀ ਨਾਲ ਨਹੀਂ ਤੋਲਿਆ ਜਾ ਸਕਦਾ। ਬਦਕਿਸਮਤੀ ਨਾਲ ਖ਼ਬਰਾਂ ਦੇ ਵਾਚ ਡਾਗ ਦੇ ਰੂਪ ਵਿਚ ਸੰਪਾਦਕ ਦੀ ਘਟਦੀ ਭੂਮਿਕਾ ਅਤੇ ਰਾਤੋ ਰਾਤ ਉਭਰੇ ਮਾਲਕਾਂ ਦੇ ਚਲਦੇ ਇਕ ਜ਼ੀਰੋ ਪੈਦਾ ਹੁੰਦੀ ਹੈ ਜਿਸਦੀ ਵਜ੍ਹਾ ਨਾਲ ਨਿਯਮਾਂ ਅਤੇ ਮਾਪਦੰਡਾਂ ਲਈ ਲਗਭਗ ਸੰਪੂਰਣਤਾ ਦੀ ਸਥਿਤੀ ਬਣ ਗਈ ਹੈ। ਜੇਕਰ ਖ਼ਬਰਾਂ ਦੀ ਸ਼ਾਖ ਘਟਾਉਣ ਵਿਚ ਸੰਪਾਦਕਾਂ ਦਾ ਸਹਿਯੋਗ ਰਿਹਾ ਹੈ ਤਾਂ ਹੁਣ ਉਨ੍ਹਾਂ ਦਾ ਮਹੱਤਵ ਬਹਾਲ ਕਰਨ ਵਿਚ ਵੀ ਉਨ੍ਹਾਂ ਨੂੰ ਹੀ ਪਹਿਲੀ ਭੂਮਿਕਾ ਨਿਭਾਉਣੀ ਹੋਵੇਗੀ। ਜੇਕਰ ਦੇਸ਼ ਦਾ ਹਰ ਸੰਪਾਦਕ ‘ਪੇਡ ਨਿਊਜ਼’ ਦੇ ਮਾਮਲੇ ਵਿਚ ਸਖ਼ਤ ਅਨੁਸ਼ਾਸਨ ਦਾ ਪਾਲਣ ਕਰਨ ਤੇ ਸਹਿਮਤ ਹੋ ਜਾਵੇ, ਜੇਕਰ ਐਲਾਨ ਦੇ ਨਿਯਮਾਂ ਦੇ ਅਨੁਪਾਲਣ ’ਤੇ ਜੋਰ ਦਿੱਤਾ ਜਾਵੇ ਤਾਂ ਇਸ ਕੈਂਸਰ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਸਹੀ ਸੋਚ ਰੱਖਣ ਵਾਲੀਆਂ ਜ਼ਿਆਦਾ ਸਮਾਚਾਰ ਸੰਸਥਾਵਾਂ ਸਵੀਕਾਰ ਕਰਨਗੀਆਂ ਕਿ ‘ਪੇਡ ਨਿਊਜ਼’ ਅੰਤ ਉਨ੍ਹਾਂ ਦੇ ਬ੍ਰਾਂਡ ਨੂੰ ਮਿਟਾ ਦੇਵੇਗੀ ਅਤੇ ਇਹ ਜ਼ਿੰਮੇਵਾਰੀ ਸੰਪਾਦਕਾਂ ’ਤੇ ਹੈ ਕਿ ਉਹ ਸਾਰੇ ਮੀਡੀਆ ਫੋਰਮ ਰਾਹੀਂ ਸਹੀ ਰਾਹ ’ਤੇ ਆਉਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਸ਼ਰਮਿੰਦਾ ਅਤੇ ਅਲਗ-ਥਲੱਗ ਕਰਨ ਲਈ ਨੈਤਿਕ ਦਬਾਅ ਪਾਉਣ। ਪ੍ਰਕ੍ਰਿਆ ਹੋਲੀ ਹੋ ਸਕਦੀ ਹੈ, ਪਰ ਇਸਦੀ ਸਫਲਤਾ ਇਸ ਪੇਸ਼ੇ ਦੇ ਭਵਿਖ ਦੇ ਲਈ ਬਹੁਤ ਅਹਿਮ ਹੈ।

ਕੌਮੀ ਦਰਪਣ

# ਨਵੇਂ ਰਾਜਾਂ ਦੀ ਲੋੜ ਤੇ ਰਾਜਨੀਤੀ ਦੇ ਰੰਗ

**ਡਾ. ਪ੍ਰਿਥੀਪਾਲ ਸਿੰਘ ਸੋਹੀ**

ਭਾਰਤੀ ਗ੍ਰਹਿ ਮੰਤਰੀ ਦੇ ਇਕ ਬਿਆਨ, ਕਿ ਆਂਧਰਾ ਪ੍ਰਦੇਸ਼ ਦੇ ਇਕ ਹਿੱਸੇ ਤੇਲੰਗਾਨਾ ਨੂੰ 'ਰਾਜ' ਦਾ ਦਰਜਾ ਦੇਣ ਲਈ ਕਿਰਿਆ ਸ਼ੁਰੂ ਕਰ ਦਿੱਤੀ ਹੈ, ਨੇ ਆਂਧਰਾ ਪ੍ਰਦੇਸ਼ ਅਤੇ ਬਾਕੀ ਦੇ ਦੇਸ਼ ਵਿਚ ਇਕ ਨਵੀਂ ਰਾਜਨੀਤਕ ਅਤੇ ਖੇਤਰਵਾਦ ਦੀ ਲਹਿਰ ਸ਼ੁਰੂ ਕਰ ਦਿੱਤੀ ਹੈ। ਤੱਟ ਵਰਤੀ ਖੇਤਰ ਜੋ ਕਿ ਆਂਧਰਾ ਪ੍ਰਦੇਸ਼ ਰਹੇਗਾ ਅਤੇ ਤੇਲੰਗਾਨਾ ਖੇਤਰ ਜੋ ਨਵਾਂ ਰਾਜ ਬਣੇਗਾ, ਵਿਚ ਨਵੀਂ ਦਰਾੜ ਖੜ੍ਹੀ ਹੋ ਗਈ ਹੈ। ਤੇਲੰਗਾਨਾ ਰਾਸ਼ਟਰ ਸਮਿਤੀ ਦੇ ਮੁਖੀ ਕੇ. ਚੰਦਰਸ਼ੇਖਰ ਰਾਓ ਦਾ ਇਹ ਕਹਿਣਾ ਕਾਫੀ ਉਚਿਤ ਪ੍ਰਤੀਤ ਹੁੰਦਾ ਹੈ ਕਿ ਹੁਣ ਤੀਰ ਕਮਾਨ ਚੋਂ ਨਿਕਲ ਚੁੱਕਿਆ ਹੈ। ਇਸ ਲਈ ਤੇਲੰਗਾਨਾ ਤਾਂ ਬਣ ਕੇ ਹੀ ਰਹੇਗਾ। ਜਦੋਂ ਕਿ ਇਕ ਵਾਰ ਕੇਂਦਰੀ ਸਰਕਾਰ ਇਸ ਨੂੰ ਪ੍ਰਵਾਨ ਕਰ ਚੁੱਕੀ ਹੈ, ਹੁਣ ਇਸ ਤੋਂ ਵਾਪਸ ਨਹੀਂ ਮੁੜਿਆ ਜਾ ਸਕਦਾ। ਰਿਆਲਾ ਸੀਮਾ ਅਤੇ ਤਟਵਰਤੀ ਖੇਤਰਾਂ ਦੇ ਲੀਡਰ ਜਿੰਨੇ ਮਰਜ਼ੀ ਅਸਤੀਫੇ ਦੇ ਲੈਣ, ਰੌਲਾ ਪਾ ਲੈਣ ਜਾਂ ਬੰਦ ਦੇ ਸੱਦੇ ਦੇ ਲੈਣ ਪਰ ਹੁਣ ਤੇਲੰਗਾਨਾ ਨੂੰ ਰਾਜ ਬਣਨ ਤੋਂ ਰੋਕਣਾ ਮੁਸ਼ਕਲ ਹੈ। ਕੇਂਦਰ ਸਰਕਾਰ ਪਾਸ ਕੇਵਲ ਇਕ ਹੀ ਸਮਾਂ ਟਪਾਊ ਬਦਲ ਹੈ ਕਿ ਇਸਦੀ ਬਣਤਰ ਨੂੰ ਕੁਝ ਸਮੇਂ ਲਈ ਟਾਲ ਮਟੋਲ ਕਰਕੇ ਜਾਂ ਦੂਜਾ ਰਾਜ ਪੁਨਰ ਗਠਨ ਕਮਿਸ਼ਨ ਬੈਠਾ ਕੇ ਕੁਝ ਸਮੇਂ ਲਈ ਅੱਗੇ ਪਾ ਦਿੱਤਾ ਜਾਵੇ।

ਤੇਲੰਗਾਨਾ ਰਾਜ ਦੀ ਮੰਗ ਕੋਈ ਨਵੀਂ ਮੰਗ ਨਹੀਂ ਹੈ। ਅਸਲ ਵਿਚ ਇਹ ਮੰਗ 1948 ਤੋਂ ਹੀ ਚਲੀ ਆ ਰਹੀ ਹੈ, ਜਦੋਂ ਹੈਦਰਾਬਾਦ ਨਿਜ਼ਾਮ ਦੇ ਸੁਤੰਤਰ ਰਾਜ (ਦੇਸ਼) ਨੂੰ ਭਾਰਤ ਵਿਚ ਸ਼ਾਮਲ ਕੀਤਾ ਗਿਆ ਸੀ। ਉਸ ਸਮੇਂ ਤਿਲੰਗਾਨਾ ਖੇਤਰ ਵਿਚ ਇਕ ਬਹੁਤ ਵੱਡੀ ਕਮਿਊਨਿਸਟ ਲਹਿਰ ਉੱਠੀ ਸੀ ਜੋ ਕੇਂਦਰੀ ਸਰਕਾਰ ਨੇ ਦਬਾ ਦਿੱਤੀ ਸੀ। ਇਸ ਸਮੇਂ ਇਹ ਕਿਹਾ ਜਾਂਦਾ ਸੀ ਕਿ ਕਮਿਊਨਿਸਟ ਲੀਡਰਸ਼ਿਪ ਨੇ ਕ੍ਰਾਂਤੀ ਦੀ ਪੌੜੀ, ਸਿਰੇ ਪਹੁੰਚ ਕੇ ਪਿੱਛੇ ਖਿੱਚ ਲਈ ਸੀ। ਖੈਰ, ਹੈਦਰਾਬਾਦ ਭਾਰਤ 'ਚ ਸ਼ਾਮਲ ਹੋ ਗਿਆ। ਉਸ ਤੋਂ ਬਾਅਦ ਜਦੋਂ ਸ. ਪਟੇਲ ਦੀ ਸੋਚ ਅਧੀਨ ਰਾਜਾਂ ਦਾ ਪੁਨਰਗਠਨ ਸ਼ੁਰੂ ਹੋਇਆ ਤਾਂ ਪੋਟੀ ਸ੍ਰੀਰਮੂਲੂ ਨੇ ਮਦਰਾਸ ਵਿਚ ਤੇਲਗੂ ਭਾਸ਼ਾ ਦੇ ਆਧਾਰ 'ਤੇ ਨਵੇਂ ਰਾਜ ਆਂਧਰਾ ਪ੍ਰਦੇਸ਼ ਦੀ ਮੰਗ ਲਈ ਮਰਨ ਵਰਤ ਰੱਖ ਦਿੱਤਾ। ਪਰ ਪੰਡਤ ਨਹਿਰੂ ਉਨ੍ਹਾਂ ਦੇ ਵਰਤ ਅੱਗੇ ਨਹੀਂ ਝੁਕੇ, ਸ੍ਰੀਰਮੂਲੂ 58 ਦਿਨਾਂ ਬਾਅਦ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਆਂਧਰਾ ਪ੍ਰਦੇਸ਼ ਨਾਂ ਦਾ ਰਾਜ ਬਣਾਇਆ ਗਿਆ ਪਰ ਮਦਰਾਸ ਸ਼ਹਿਰ ਇਸ ਵਿਚ ਸ਼ਾਮਲ ਨਾ ਕੀਤਾ ਗਿਆ। ਹੁਣ ਕੇ. ਚੰਦਰਸ਼ੇਖਰ ਰਾਓ ਨੇ ਗਿਆਰਾਂ ਦਿਨ ਦੀ ਭੁੱਖ ਹੜਤਾਲ ਕਰਕੇ ਤੇਲੰਗਾਨਾ ਦੀ ਮੰਗ ਵੀ ਪ੍ਰਵਾਨ ਕਰਵਾ ਲਈ ਅਤੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਨੂੰ ਵੀ ਸਰ ਕਰ ਲਿਆ। ਜਿੱਤ ਦੀਆਂ ਖੁਸ਼ੀਆਂ ਹਾਲੀਂ ਮਨਾਉਣੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਤਟਵਰਤੀ ਆਂਧਰਾ ਅਤੇ ਰਿਆਲਸੀਮਾ ਖੇਤਰ ਦੇ ਲੀਡਰਾਂ ਨੇ ਅਹੁਦਿਆਂ ਤੋਂ ਅਸਤੀਫੇ ਦੇਣ ਦੀ ਕਿਰਿਆ ਜਾਂ ਰਾਜਨੀਤੀ ਸ਼ੁਰੂ ਕਰ ਦਿੱਤੀ। ਸਾਰੀਆਂ ਹੀ ਸਿਆਸੀ ਪਾਰਟੀਆਂ ਦੀ ਵਿਚਾਰਧਾਰਾ ਅਤੇ ਕੇਡਰ ਖੇਰੂੰ-ਖੇਰੂੰ ਹੋ ਗਿਆ। ਹਰ ਲੀਡਰ ਨੂੰ ਸਿਰਫ ਆਪਣੇ ਰਾਜਨੀਤਕ ਭਵਿੱਖ ਦੀ ਚਿੰਤਾ ਹੋ ਗਈ।

ਰਿਆਲਾਸੀਮਾ ਅਤੇ ਤਟਵਰਤੀ ਆਂਧਰਾ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੇ ਆਪਣੇ ਵੋਟਰਾਂ ਨੂੰ ਖੁਸ਼ ਕਰਨ ਲਈ ਅਸਤੀਫੇ ਸੌਂਪ ਦਿੱਤੇ। ਦੂਜੇ ਪਾਸੇ ਤਿਲੰਗਾਨਾ ਖੇਤਰ ਨਾਲ ਸਬੰਧਤ ਵਿਧਾਇਕਾਂ ਨੇ ਆਪਣੀ ਸਾਂਝੀ ਮੀਟਿੰਗ ਕਰ ਲਈ। ਸਭ ਲੀਡਰ ਪਾਰਟੀਆਂ ਨੂੰ ਛੱਡ ਕੇ ਖੇਤਰੀ ਆਧਾਰ ਤੇ ਇਕੱਠੇ ਹੋ ਗਏ। ਕਾਂਗਰਸ, ਭਾਜਪਾ, ਤੇਲਗੂ ਦੇਸਮ, ਪਰਜਾ ਰਜਿਯਮ ਅਤੇ ਸੀ.ਪੀ.ਆਈ. ਜੋ ਪਹਿਲਾਂ ਵੱਖਰੇ ਤਿਲੰਗਾਨਾ ਪ੍ਰਾਂਤ ਦੀ ਹਮਾਇਤ ਕਰਦੀਆਂ ਸਨ, ਹੁਣ ਸਾਰੇ ਹੀ ਵੰਡੇ ਗਏ। ਪਹਿਲਾਂ ਮਈ 'ਚ ਲੋਕ ਸਭਾ ਚੋਣਾਂ ਸਮੇਂ ਇਨ੍ਹਾਂ ਸਭ ਨੇ ਵੱਖਰੇ ਤਿਲੰਗਾਨਾ ਦੀ ਹਮਾਇਤ ਕੀਤੀ ਸੀ। ਪਰ ਹੁਣ ਇਕਦਮ ਸਭ ਵੰਡੇ ਗਏ। ਇਸ ਤੋਂ ਇਕ ਗੱਲ ਸਪਸ਼ਟ ਹੋ ਗਈ ਕਿ ਰਾਜਨੀਤਕ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਨੂੰ ਵੀ ਖੇਤਰੀ ਲੀਡਰ ਆਪਣੇ ਰਾਜਨੀਤਕ ਸੁਆਰਥ ਲਈ ਅੱਖਾਂ ਵਿਖਾ ਸਕਦੇ ਹਨ। ਫਿਲਹਾਲ ਤੇਲੰਗਾਨਾ ਪੱਖੀ ਅਤੇ ਵਿਰੋਧੀ ਜੋਰ ਅਜ਼ਮਾਈ ਕਰ ਰਹੇ ਹਨ।

ਕੇਂਦਰੀ ਸਰਕਾਰ ਅਤੇ ਕਾਂਗਰਸ ਵੀ ਹੁਣ ਮਾਮਲੇ ਨੂੰ ਥੋੜ੍ਹਾ ਦੇਰੀ ਨਾਲ ਨਜਿੱਠਣ ਦੇ ਰਉਂ ਵਿਚ ਹੈ। ਕੇਂਦਰ ਸਰਕਾਰ ਦੀ ਜਲਦਬਾਜ਼ੀ ਕੁਝ ਆਤਮਘਾਤੀ ਸਿੱਧ ਹੋਈ ਹੈ। ਜੇ ਉਹ ਵੱਖਰਾ ਤੇਲੰਗਾਨਾ ਬਣਾਉਂਦੀ ਹੈ ਤਾਂ ਆਂਧਰਾ 'ਚ ਇਸ ਦੀ ਸਿਆਸੀ ਸਾਖ ਨੂੰ ਖੋਰਾ ਲੱਗਦਾ ਹੈ। ਤੇਲੰਗਾਨਾ 'ਚ ਭਾਵੇਂ ਉਸਦੀ ਭੱਲ ਬਣੇਗੀ ਪਰ ਉਥੇ ਤੇਲੰਗਾਨਾ ਰਾਸ਼ਟਰ ਸਮਿਤੀ ਮੁੱਖ ਰੂਪ ਵਿਚ ਲਾਭ ਪ੍ਰਾਪਤ ਕਰੇਗੀ। ਕਾਂਗਰਸ ਦੂਜੇ ਨੰਬਰ 'ਤੇ ਰਹਿ ਕੇ ਇਸ ਪਾਰਟੀ ਨਾਲ ਸਮਝੌਤਾ ਹੀ ਕਰ ਸਕਦੀ ਹੈ।

ਇਸ ਘਟਨਾਕ੍ਰਮ ਨਾਲ ਅਗਲਾ ਜੋ ਰਾਜਨੀਤਕ ਮਸਲਾ ਪੈਦਾ ਹੋਇਆ ਹੈ ਉਹ ਹੈ ਕਿ ਹੋਰ ਨਵੇਂ ਰਾਜਾਂ ਦੀਆਂ ਮੰਗਾਂ ਸ਼ੁਰੂ ਹੋ ਗਈਆਂ ਹਨ। ਜੋ ਮੰਗਾਂ ਲੰਬੇ ਸਮੇਂ ਤੋਂ ਦੱਬੀਆਂ ਪਈਆਂ ਸਨ, ਹੁਣ ਫਿਰ ਉਭਰ ਆਈਆਂ ਹਨ। ਉੱਤਰ ਪ੍ਰਦੇਸ਼ ਵਿਚੋਂ ਤਿੰਨ, ਮੱਧ ਪ੍ਰਦੇਸ਼ 'ਚੋਂ ਦੋ, ਅਸਾਮ, ਗੁਜਰਾਤ, ਕਰਨਾਟਕ, ਮਹਾਰਾਸ਼ਟਰ, ਰਾਜਸਥਾਨ, ਪੱਛਮੀ ਬੰਗਾਲ ਵਿਚੋਂ ਇਕ-ਇਕ ਹੋਰ ਰਾਜ ਨਿਕਲਣ ਦੀਆਂ ਮੰਗਾਂ ਦਾ ਹੜ੍ਹ ਆ ਗਿਆ ਹੈ।




ਕੇਂਦਰੀ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਨੂੰ ਇਹ ਬਿਆਨ ਵੀ ਦੇਣਾ ਪਿਆ ਕਿ ਹੋਰ ਰਾਜਾਂ ਦੀ ਮੰਗ ਪ੍ਰਵਾਨ ਨਹੀਂ ਕੀਤੀ ਜਾਵੇਗੀ। ਪਰ ਕੀ ਇਹ ਬਿਆਨ ਨਵੇਂ ਰਾਜਾਂ ਨੂੰ ਬਣਨ ਤੋਂ ਰੋਕ ਦੇਵੇਗਾ? ਇਨ੍ਹਾਂ ਰਾਜਾਂ ਦੇ ਬਣਨ ਦੀ ਕਿਰਿਆ ਤਾਂ ਅਮਲ ਵਿਚ ਉਦੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਨਵੰਬਰ 2000 ਵਿਚ ਉਤਰਾਖੰਡ, ਛੱਤੀਸਗੜ੍ਹ ਅਤੇ ਝਾਰਖੰਡ ਪ੍ਰਾਂਤ ਬਣੇ ਸਨ। ਇਹ ਪ੍ਰਾਂਤ ਭਾਸ਼ਾ ਦੇ ਆਧਾਰ 'ਤੇ ਨਹੀਂ ਬਣੇ ਸਨ ਜੋ ਕਿ ਪਹਿਲੇ ਰਾਜ ਪੁਨਰਗਠਨ ਕਮਿਸ਼ਨ ਦੀ ਨੀਤੀ ਸੀ। 1956 'ਚ ਬਣੇ ਇਸ ਕਮਿਸ਼ਨ ਨੇ ਭਾਸ਼ਾ ਨੂੰ ਆਧਾਰ ਬਣਾ ਕੇ ਹੀ ਨਵੇਂ ਸੂਬਿਆਂ ਦੀ ਸਿਫਾਰਸ਼ ਕੀਤੀ ਸੀ ਪਰ 2000 'ਚ ਭਾਸ਼ਾ ਦੀ ਥਾਂ ਖੇਤਰੀ ਅਤੇ ਆਰਥਿਕ ਵਿਕਾਸ ਨੂੰ ਆਧਾਰ ਬਣਾ ਕੇ ਉਪਰੋਕਤ ਤਿੰਨ ਰਾਜਾਂ ਦੀ ਸਥਾਪਨਾ ਕੀਤੀ ਗਈ ਸੀ।

ਹੁਣ ਜੇ 9-10 ਨਵੇਂ ਰਾਜਾਂ ਦੀ ਮੰਗ ਮੁੜ ਸਰਗਰਮ ਹੋ ਰਹੀ ਹੈ, ਇਨ੍ਹਾਂ ਵਿਚ ਵੀ ਭਾਸ਼ਾ ਦੀ ਥਾਂ ਖੇਤਰੀ ਅਤੇ ਆਰਥਿਕ ਮੁੱਦੇ ਭਾਰੂ ਹਨ। ਤੇਲੰਗਾਨਾ ਦੇ ਲੋਕ ਵੀ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਆਰਥਿਕ ਤੌਰ 'ਤੇ ਵਿਤਕਰਾ ਹੋ ਰਿਹਾ ਹੈ। ਉਥੇ ਕੋਈ ਵੱਡਾ ਉਦਯੋਗ ਸਥਾਪਤ ਨਹੀਂ ਕੀਤਾ ਗਿਆ। ਬੀੜੀ ਉਦਯੋਗ 'ਚ ਘੱਟ ਦਿਹਾੜੀ 'ਤੇ ਲੋਕ ਕੰਮ ਕਰ ਰਹੇ ਹਨ। ਖੇਤੀ ਲਈ ਪਾਣੀ ਦਾ ਉਚਿਤ ਪ੍ਰਬੰਧ ਨਹੀਂ ਹੈ। ਇਹੋ ਜਿਹੇ ਦੀ ਦੋਸ਼ ਗੋਰਖਾਲੈਂਡ, ਬੁੰਦੇਲਖੰਡ, ਵਿਦਰਭ ਅਤੇ ਸੌਰਾਸ਼ਟਰ ਦੇ ਲੀਡਰ ਲਾ ਰਹੇ ਹਨ।

ਕੇਂਦਰ ਸਰਕਾਰ ਹੁਣ ਆਪਣੀ ਇੱਛਾ ਅਨੁਸਾਰ ਕਿਸੇ ਖੇਤਰ ਨੂੰ ਵੱਖਰਾ ਰਾਜ ਘੋਸ਼ਿਤ ਨਹੀਂ ਕਰ ਸਕਦੀ। ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਰੌਲਾ ਪਵੇਗਾ। ਅਸਲ 'ਚ ਨਵੇਂ ਰਾਜਾਂ ਦੀ ਸਥਾਪਨਾ ਲਈ ਹੁਣ ਮੁੜ ਨਵੀਂ ਨੀਤੀ ਦੀ ਲੋੜ ਹੈ। ਨਵੇਂ ਰਾਜ ਸਿਰਫ ਇਸ ਆਧਾਰ 'ਤੇ ਨਹੀਂ ਬਣਾ ਦੇਵੇ ਚਾਹੀਦੇ ਕਿ ਕਿਸੇ ਵਿਸ਼ੇਸ਼ ਲੀਡਰ ਨੇ ਆਪਣਾ ਇਕ ਗਰੁੱਪ ਬਣਾ ਕੇ ਸੰਘਰਸ਼ ਸ਼ੁਰੂ ਕਰ ਦਿੱਤਾ ਹੈ, ਮਰਨ ਵਰਤ ਰੱਖ ਦਿੱਤਾ ਅਤੇ ਕੇਂਦਰ ਨੇ ਰਾਜ ਐਲਾਨ ਦਿੱਤਾ। ਇਹ ਵੇਖਿਆ ਜਾਣਾ ਚਾਹੀਦਾ ਹੈ ਕਿ ਵੱਡੇ ਰਾਜਾਂ ਵਿਚ ਕੀ ਵਾਕਿਆ ਹੀ ਕਿਸੇ ਖਾਸ ਭੂਗੋਲਿਕ ਖੇਤਰ ਨਾਲ ਵਿਤਕਰਾ ਹੋ ਰਿਹਾ ਹੈ? ਕੀ ਉਥੇ ਖੇਤਰੀ ਆਰਥਿਕ ਅਸੰਤੁਲਨ ਪੈਦਾ ਕੀਤਾ ਗਿਆ ਹੈ? ਕੀ ਨਵਾਂ ਰਾਜ ਬਣਨ ਨਾਲ ਉਸਦਾ ਵਿਕਾਸ ਸੰਭਵ ਹੋ ਸਕੇਗਾ? ਕੀ ਉਸ ਖੇਤਰ ਪਾਸ ਆਪਣੇ ਸਾਧਨ ਹਨ ਜਾਂ ਨਹੀਂ। ਇਸ ਤੋਂ ਵੀ ਵਧ ਉਸ ਖੇਤਰ ਦੇ ਲੋਕਾਂ ਦਾ ਜਨਮਤ ਸੰਗ੍ਰਹਿ ਵੀ ਜੇ ਹੋ ਸਕੇ ਤਾਂ ਕਰਵਾ ਲੈਣਾ ਚਾਹੀਦਾ ਹੈ।

ਸਾਡੀ ਰਾਜਨੀਤਕ ਲੀਡਰਸ਼ਿਪ ਦੀ ਸੋਚ ਬਹੁਤ ਖੇਤਰੀ ਹੋ ਗਈ ਹੈ। ਕੇਂਦਰ 'ਚ ਜਿਹੜਾ ਰੇਲ ਮੰਤਰੀ ਬਣਦਾ ਹੈ ਉਸਦੀ ਇੱਛਾ ਹੁੰਦੀ ਹੈ ਕਿ ਰੇਲ ਦੇ ਪ੍ਰਾਜੈਕਟ ਉਸਦੇ ਰਾਜ ਵਿਚ ਅੱਗੋਂ ਉਸਦੇ ਚੋਣ ਖੇਤਰ ਵਿਚ ਹੀ ਲੱਗਣ। ਬਾਕੀ ਦੇ ਮੰਤਰੀ ਵੀ ਇਸੇ ਤਰ੍ਹਾਂ ਸੋਚਦੇ ਅਤੇ ਕੰਮ ਕਰਦੇ ਹਨ। ਇਹ ਰਾਸ਼ਟਰੀ ਭਾਵਨਾ ਨਾਲ ਕੰਮ ਨਹੀਂ ਕਰਦੇ। ਇਹੀ ਹਾਲ ਪ੍ਰਾਂਤਾਂ ਵਿਚ ਹੈ, ਜਿਸ ਹਲਕੇ ਜਾਂ ਖੇਤਰ ਦਾ ਮੁੱਖ ਮੰਤਰੀ ਬਣ ਜਾਂਦਾ ਹੈ, ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਸਮੁੱਚੇ ਰਾਜ ਦੇ ਪੈਸੇ ਦਾ ਵੱਡਾ ਹਿੱਸਾ ਉਸਦੇ ਖੇਤਰ ਜਾਂ ਹਲਕੇ ਵਿਚ ਹੀ ਖਰਚਿਆ ਜਾਵੇ। ਇਹੋ ਕੁਝ ਪ੍ਰਾਂਤ ਦੇ ਮੰਤਰੀ ਕਰਦੇ ਹਨ। ਜਦੋਂ ਅਸੀਂ ਇੰਨੇ ਹੀ ਸੀਮਤ ਸੋਚ ਦੇ ਮਾਲਕ ਬਣ ਗਏ ਹਾਂ ਤਾਂ ਕਿਉਂ ਨਹੀਂ ਛੋਟੇ ਛੋਟੇ ਪ੍ਰਾਂਤ ਬਣਾ ਦਿੱਤੇ ਜਾਂਦੇ? ਦੂਜੇ ਵਿਧਾਨਕ ਹਲਕੇ ਖਤਮ ਕਰਕੇ ਅਨੁਪਾਤਕ ਪ੍ਰਤੀਨਿਧਤਾ ਦੇ ਆਧਾਰ 'ਤੇ ਪ੍ਰਾਂਤ ਵਿਚੋਂ ਹੀ, ਇਕੱਠੇ ਪ੍ਰਾਂਤ ਨੂੰ ਇਕ ਹਲਕਾ ਮੰਨ ਕੇ ਪ੍ਰਤੀਨਿਧਤਾ ਦੀ ਚੋਣ ਬਹੁ ਮੈਂਬਰੀ ਖੇਤਰ ਦੇ ਆਧਾਰ 'ਤੇ ਕੀਤੀ ਜਾਵੇ। ਖੈਰ, ਇਹ ਵੱਖਰਾ ਮਸਲਾ ਹੈ।

ਛੋਟੇ ਰਾਜ ਰਾਸ਼ਟਰੀ ਅਤੇ ਖੇਤਰੀ ਪਾਰਟੀਆਂ, ਦੋਵਾਂ ਲਈ ਹੀ ਰਾਜਨੀਤਕ ਤੌਰ 'ਤੇ ਲਾਹੇਵੰਦ ਹਨ। ਅੱਜ ਕੱਲ੍ਹ ਕੇਂਦਰ ਵਿਚ ਕੋਈ ਵੀ ਰਾਜਨੀਤਕ ਪਾਰਟੀ ਰਾਸ਼ਟਰੀ ਆਧਾਰ ਵਾਲੀ ਨਹੀਂ ਹੈ। ਸਾਰੀਆਂ ਹੀ ਪਾਰਟੀਆਂ ਮਿਲ ਜੁਲ ਕੇ ਸਰਕਾਰ ਬਣਾਉਂਦੀਆਂ ਹਨ। ਕਾਂਗਰਸ ਅਤੇ ਭਾਜਪਾ ਦੋ ਵੱਡੀਆਂ ਪਾਰਟੀਆਂ ਹਨ। ਜੇ ਵੱਡੇ ਪ੍ਰਾਂਤ ਹੋਣਗੇ ਤਾਂ ਕਈ ਖੇਤਰੀ ਪਾਰਟੀਆਂ 20, 30 ਜਾਂ 40 ਤੱਕ ਵੀ ਲੋਕ ਸਭ ਸੀਟਾਂ ਲੈ ਜਾਂਦੀਆਂ ਹਨ ਜਿਸ ਕਾਰਨ ਉਨ੍ਹਾਂ ਦੇ ਹੱਥ 'ਚ ਸ਼ਕਤੀ ਧੁਰਾ ਆ ਜਾਂਦਾ ਹੈ।

ਜੇ ਪ੍ਰਾਂਤ ਛੋਟੇ ਹੋਣਗੇ ਤਾਂ ਖੇਤਰੀ ਪਾਰਟੀ ਕੋਈ ਵੀ ਬਹੁਤ ਪ੍ਰਭਾਵਸ਼ਾਲੀ ਨਹੀਂ ਹੋਵੇਗੀ। ਛੋਟੀਆਂ-ਛੋਟੀਆਂ ਪਾਰਟੀਆਂ ਨੂੰ ਸਰਕਾਰ ਬਣਾਉਣ ਲਈ ਨਾਲ ਲਾਉਣਾ ਵੱਡੀ ਰਾਸ਼ਟਰੀ ਪਾਰਟੀ ਨੂੰ ਸੌਖਾ ਹੋਵੇਗਾ। ਇਸ ਲਈ ਦੋਵੇਂ ਵੱਡੀਆਂ ਪਾਰਟੀਆਂ ਛੋਟੇ ਰਾਜਾਂ ਦੇ ਹੱਕ ਵਿੱਚ ਹੋਣਗੀਆਂ।

ਛੋਟੇ ਰਾਜਾਂ ਦੇ ਬਣਨ ਨਾਲ ਵਧੇਰੇ ਖੇਤਰੀ ਰਾਜਨੀਤਕ ਪਾਰਟੀਆਂ ਉਭਰਨਗੀਆਂ ਅਤੇ ਉਨ੍ਹਾਂ ਦੇ ਰਾਜਨੀਤਕ ਹਿੱਤਾਂ ਦੀ ਪੂਰਤੀ ਹੋਵੇਗੀ। ਛੋਟੇ ਖੇਤਰ ਵਿਚ ਉਨ੍ਹਾਂ ਦੀ ਪਾਰਟੀ ਆਮ ਲੋਕਾਂ ਤੱਕ ਪਹੁੰਚ ਕਰਨ ਵਿਚ ਵਧੇਰੇ ਸਫਲ ਹੋਵੇਗੀ। ਜੇ ਅਸੀਂ ਵਰਤਮਾਨ ਸੰਸਦੀ ਢਾਂਚਾ ਕਾਇਮ ਹੀ ਰੱਖਣਾ ਹੈ ਅਤੇ ਇਕ ਮੈਂਬਰੀ ਚੋਣ ਖੇਤਰ ਵੀ ਇੰਜ ਹੀ ਰੱਖਣੇ ਹਨ ਫਿਰ ਛੋਟੇ ਰਾਜ ਬਣਾਉਣ ਦੀ ਨੀਤੀ ਤੇ ਅਮਲ ਕਰਨਾ ਚਾਹੀਦਾ ਹੈ। ਜੇ ਸੰਸਦੀ ਦੀ ਥਾਂ ਪ੍ਰਧਾਨਾਤਮਕ ਰਾਜਨੀਤਕ ਢਾਂਚਾ ਬਣਾਉਣਾ ਹੈ ਅਤੇ ਇਕ ਮੈਂਬਰੀ ਦੀ ਥਾਂ ਬਹੁ ਮੈਂਬਰੀ ਚੋਣ ਖੇਤਰ ਬਣਾਉਣੇ ਹੋਣ ਫਿਰ ਵੱਡੇ ਰਾਜ ਵੀ ਚੱਲ ਸਕਦੇ ਹਨ। ਫਿਰ ਸਭ ਖੇਤਰਾਂ ਦੇ ਵਿਕਾਸ ਦੀ ਵੱਡੀ ਯੋਜਨਾਬੰਦੀ ਤਿਆਰ ਕਰਕੇ ਵਿਕਾਸ ਦਾ ਮਾਡਲ ਅਪਨਾਉਣਾ ਪਵੇਗਾ। ਇਸ ਮਸਲੇ 'ਤੇ ਰਾਸ਼ਟਰੀ ਬਹਿਸ ਹੋਣੀ ਚਾਹੀਦੀ ਹੈ ਤੇ ਕਿਸੇ ਸਰਬਸੰਮਤੀ ਤੇ ਪਹੁੰਚਣਾ ਚਾਹੀਦਾ ਹੈ।

# ਦੇਸ਼ ਨੂੰ ਚਾਹੀਦੇ ਨਵੇਂ ਸ਼ਹਿਰ

**ਸ਼ੇਖਰ ਗੁਪਤਾ**

ਮਾਨਵਤਾ ਦੇ ਸੰਪੂਰਣ ਇਤਿਹਾਸ ਵਿਚ ਵੱਡੇ ਸ਼ਹਿਰ ਸਿਆਸੀ ਲਾਲਚ ਅਤੇ ਨਫਰਤ ਦਾ ਸਬੱਬ ਰਹੇ ਹਨ। ਪ੍ਰਾਚੀਨ ਕਾਲ ਵਿਚ ਸ਼ਹਿਰ ਆਪਣੀ ਵਿਜੈ ਦਾ ਝੰਡਾ ਲਹਿਰਾਉਣ ਵਾਲਿਆਂ ਨੂੰ ਆਕ੍ਰਿਸ਼ਤ ਕਰਦੇ ਸਨ, ਜੋ ਆਪਣੀ ਸਮ੍ਰਿਧੀ ਲਈ ਉਨ੍ਹਾਂ ਸ਼ਹਿਰਾਂ ਨੂੰ ਲੁੱਟਦੇ ਸਨ। ਹੁਣ ਲੋਕਤੰਤਰ ਵਿਚ ਸਿਆਸੀ ਵਰਗ ਇਹ ਜਾਣਦਾ ਹੈ ਕਿ ਉਸਦਾ ਅਸਲ ਵੋਟ ਬੈਂਕ ਦਿਹਾਤੀ ਇਲਾਕਿਆਂ ਵਿਚ ਅਤੇ ਅਸਲੀ ਧਨ ਸ਼ਹਿਰਾਂ ਵਿਚ ਹੈ। ਸਧਾਰਣ ਲੋਕਾਂ ਲਈ ਵੀ ਵੱਡੇ ਸ਼ਹਿਰ ਸਮਾਜਿਕ ਹੈਸੀਅਤ ਤੇ ਗੌਰਵ ਦਾ ਪ੍ਰਤੀਕ ਬਣ ਗਏ ਹਨ। ਇਸੇ ਲਈ ਤੇਲੰਗਾਨਾ ਦੇ ਨਿਰਮਾਣ ਨੂੰ ਕੇਂਦਰ ਦੀ ਇਜਾਜ਼ਤ ਮਿਲਣ 'ਤੇ ਸੰਬੰਧਿਤ ਸਾਰੇ ਤਰਕ ਘੱਟ ਵਧ ਹੈਦਰਾਬਾਦ ਦੇ ਇਰਦ ਗਿਰਦ ਸੀਮਤ ਹੋ ਗਏ ਹਨ। ਇਉਂ ਲਗਦਾ ਹੈ ਕਿ ਆਂਧਰਾ ਪ੍ਰਦੇਸ਼ ਦੇ ਨਿਵਾਸੀਆਂ ਨੂੰ ਤੇਲੰਗਾਨਾ ਖੇਤਰ ਵਿਚ ਆਉਣ ਵਾਲੇ ਜ਼ਿਲਿਆਂ ਨੂੰ ਗੁਆਉਣ ਨਾਲ ਉਨਾ ਫਰਕ ਨਹੀਂ ਪੈਂਦਾ, ਜਿਨਾ ਹੈਦਰਾਬਾਦ ਗੁਆਉਣ ਨਾਲ। ਠੀਕ ਉਸੇ ਤਰ੍ਹਾਂ ਜੋ ਤੇਲੰਗਾਨਾ ਵਿਚ ਰਹਿੰਦੇ ਹਨ, ਉਹ ਆਪਣੀ ਰਾਜਧਾਨੀ ਹੈਦਰਾਬਾਦ ਨੂੰ ਆਂਧਰਾ ਪ੍ਰਦੇਸ਼ ਦੇ ਨਾਲ ਸਾਂਝਾ ਕਰਨ ਦੇ ਲਈ ਇਛੁੱਕ ਨਹੀਂ ਹਨ। ਇਸ ਗੱਲ ਦੀ ਸੰਭਾਵਨਾ ਹੈ ਕਿ ਹੈਦਰਾਬਾਦ ਲਈ ਕੋਈ 'ਅਸਥਾਈ' ਬਦਲ ਨਿਕਲ ਆਏ। ਆਖਿਰਕਾਰ ਇਨ੍ਹਾਂ ਦੋਵਾਂ ਵਿਚੋਂ ਕਿਸੇ ਵੀ ਰਾਜ ਦੇ ਲਈ ਅਚਾਨਕ ਤੁਸੀਂ ਕੋਈ ਨਵੀਂ ਰਾਜਧਾਨੀ ਨਹੀਂ ਬਣਾ ਸਕਦੇ ਹੋ। ਉਸ ਦੇ ਬਾਅਦ ਜਿਵੇਂ ਕਿ ਭਾਰਤ ਵਿਚ ਹਮੇਸ਼ਾ ਹੁੰਦਾ ਹੈ, ਵਿਰੋਧ ਪ੍ਰਦਰਸ਼ਨ, ਬੇਕਾਰੀ ਅਤੇ ਇਨਸਾਨੀ ਜ਼ਿੰਦਗੀਆਂ ਨੂੰ ਹਾਨੀ ਦੇ ਨਾਲ ਉਹ 'ਅਸਥਾਈ' ਸਥਿਤੀ ਅਨਿਸ਼ਚਿਤ ਸਮੇਂ ਦੇ ਲਈ ਬਣੀ ਰਹੇਗੀ। ਪਰ ਇਕ ਲੰਬੀ ਸਮਾਂ ਸੀਮਾ ਵਿਚ ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ, ਦੋਵੇਂ ਹੀ ਰਾਜ ਇਸ ਵਿਚ ਨਾਖੁਸ਼ ਹੋਣਗੇ ਅਤੇ ਹੈਦਰਾਬਾਦ ਵਿਚ ਭੀੜ ਭੜਕਾ ਵਧ ਰਿਹਾ ਹੈ। ਹੈਦਰਾਬਾਦ ਇਕ ਸਿਆਸੀ ਯਤੀਮ ਦੀ ਤਰ੍ਹਾਂ ਹੋਵੇਗਾ, ਜੋ ਦੋ ਦੋ ਸਰਕਾਰਾਂ ਦਾ ਬੋਝ ਉਠਾ ਰਿਹਾ ਹੋਵੇਗਾ, ਲੇਕਿਨ ਬਦਲੇ ਵਿਚ ਇਸਨੂੰ ਬਹੁਤ ਘੱਟ ਮਿਲੇਗਾ। ਫਿਰ ਕੀ ਅਸੀਂ ਨਾ ਸੋਚੇ ਜਾਣ ਵਾਲੇ ਕਾਰਨ ਸੋਚ ਸਕਦੇ ਹਾਂ? ਹੈਦਰਾਬਾਦ ਨੂੰ ਤਿਲੰਗਾਨਾ ਦੇ ਨਾਲ ਜਾਣ ਦਿਓ ਅਤੇ ਆਂਧਰਾ ਪ੍ਰਦੇਸ਼ ਲਈ ਇਕ ਬਿਲਕੁਲ ਨਵੀਂ ਰਾਜਧਾਨੀ ਬਣਾਉਣ ਬਾਰੇ ਸੋਚੀਏ। ਬੇਸ਼ਕ ਜਦ ਤੱਕ ਇਹ ਨਹੀਂ ਹੋ ਜਾਂਦਾ, ਆਂਧਰਾ ਪ੍ਰਦੇਸ਼ ਦੀ ਸਰਕਾਰ ਦੀ ਸਾਰੀ ਵਿਵਸਥਾ ਹੈਦਰਾਬਾਦ ਤੋਂ ਚਲਦੀ ਰਹੇ।


ਆਂਧਰਾ ਪ੍ਰਦੇਸ਼ ਦਾ ਬਟਵਾਰਾ ਇਨਾ ਵਿਸ਼ੇਸ਼ ਹੈ ਕਿ ਇਸ ਬਾਰੇ ਟਿੱਪਣੀ ਕਰਨ ਵਾਲੇ ਦਾ ਕੰਮ ਹੋਰ ਵੀ ਜ਼ਿਆਦਾ ਮੁਸ਼ਕਿਲ ਹੋ ਜਾਂਦਾ ਹੈ। ਕੋਈ ਆਦਮੀ ਇਨ੍ਹਾਂ ਦੋ ਪੱਖਾਂ ਨੂੰ ਕਿਵੇਂ ਵਰਨਣ ਕਰੇਗਾ? ਦੋਵੇਂ ਤੇਲਗੂ ਹਨ, ਦੋਵਾਂ ਦੇ ਇਥੇ ਇਕੋ ਜਿਹੀ ਜਾਤ ਵਿਵਸਥਾ ਹੈ, ਇਕੋ ਜਿਹੀ ਨਸਲ ਸੰਸਕ੍ਰਿਤੀ ਅਤੇ ਹੋਰ ਚੀਜ਼ਾਂ ਹਨ। ਤੇਲੰਗਾਨਾ ਦੀ ਮੰਗ ਦੇ ਪਿਛੇ ਮੁੱਖ ਖੇਤਰੀ ਖਾਹਿਸ਼ਾਂ ਹਨ ਜਾਂ ਆਪਣੀ ਹੀ ਧਰਤੀ 'ਤੇ ਉਹ ਆਪਣਾ ਰਾਜਨੀਤਕ ਪ੍ਰਭੁਤਵ ਚਾਹੁੰਦੇ ਹਨ। ਜਿੱਥੋਂ ਤੱਕ ਕਿ ਸੱਤਾ ਸੰਸਥਾਵਾਂ ਦਾ ਸੁਆਲ ਹੈ, ਇਨ੍ਹਾਂ ਵਿਚ ਹੁਣ ਤੱਕ ਸਮੁੰਦਰ ਤੱਟੀ ਇਲਾਕਿਆਂ ਜਾਂ ਕ੍ਰਿਸ਼ਣਾ ਅਤੇ ਗੋਦਾਵਰੀ ਦੇ ਤੱਟ 'ਦੇ ਉਨ੍ਹਾਂ ਦਾ ਹੀ ਨਸਲ ਦੇ ਉਨ੍ਹਾਂ ਦੇ ਸਮ੍ਰਿਧ ਤੇ ਅਮੀਰ ਭਰਾਵਾਂ ਦਾ ਬੋਲਬਾਲਾ ਰਿਹਾ ਹੈ। ਤਿਲੰਗਾਨਾ ਇਕ ਸੁੱਕਿਆ ਤੇ ਗਰੀਬ ਇਲਾਕਾ ਹੈ, ਜਿਸਨੂੰ ਰਾਜ ਦੇ ਵੱਡੇ ਵੱਡੇ ਪ੍ਰੋਜੈਕਟਾਂ ਵਿਚ ਬਹੁਤ ਘੱਟ ਫਾਇਦਾ ਮਿਲਿਆ ਹੈ ਅਤੇ ਉਹ ਹੈਦਰਾਬਾਦ ਨੂੰ ਆਪਣੇ ਇਕ ਮਾਤਰ ਅਸਲੀ ਸਾਧਨ ਜਾਂ ਔਜ਼ਾਰ ਦੇ ਰੂਪ ਵਿਚ ਦੇਖਦਾ ਹੈ।

ਦੂਜੇ ਪਾਸੇ ਜ਼ਿਆਦਾ ਉਦਮੀ, ਊਰਜਾ ਨਾਲ ਭਰੇ ਹੋਏ ਅਤੇ ਸਮਰਿਧ ਸਮੁੰਦਰ ਤੱਟੀ ਜ਼ਿਲ੍ਹੇ ਇਹ ਮੰਨਦੇ ਹਨ ਕਿ ਨਵਾਂ ਸਮਰਿਧ ਹੈਦਰਾਬਾਦ ਉਨ੍ਹਾਂ ਦਾ ਇਨਾਮ ਹੈ ਅਤੇ ਇਹ ਉਨ੍ਹਾਂ ਦਾ ਹੀ ਸਿਰਜਣਾ ਹੈ। ਪਰ ਇਹ ਗੱਲ ਉਨ੍ਹਾਂ ਦੇ ਨਜ਼ਰੀਏ ਨੂੰ ਵੀ ਵਿਕ੍ਰਤ ਕਰਦੀ ਹੈ। ਅਸਲ ਵਿਚ ਆਂਧਰਾ ਪ੍ਰਦੇਸ਼ ਇਕ ਸਮੁੰਦਰ ਤੱਟੀ ਰਾਜ ਹੈ ਪਰ ਇਸਦੇ ਪੱਛਮੀ ਕਿਨਾਰੇ 'ਤੇ ਹੈਦਰਾਬਾਦ ਦੀ ਹਾਜ਼ਰੀ ਨੇ ਇਥੋਂ ਦੇ ਨਿਵਾਸੀਆਂ, ਖਾਸ ਕਰਕੇ ਇਥੋਂ ਦੇ ਉਦਮੀਆਂ, ਰਾਜਨੀਤਕਾਂ ਅਤੇ ਬੁੱਧੀਜੀਵੀਆਂ ਨੂੰ ਸਮੁੰਦਰ ਅਤੇ ਤੱਟੀ ਇਲਾਕਿਆਂ 'ਤੇ, ਜਿਥੇ ਅਸਲ ਸੰਭਾਵਨਾਵਾਂ ਹਨ ਅਤੇ ਅਮੀਰ ਲੋਕ ਰਹਿੰਦੇ ਹਨ, ਧਿਆਨ ਕੇਂਦਰਤ ਕਰਨ ਦੀ ਬਜਾਏ ਅੰਦਰ ਵਲ ਜ਼ਿਆਦਾ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਹੈ। ਆਂਧਰਾ ਪ੍ਰਦੇਸ਼ ਦੇ ਸਮੁੰਦਰੀ ਤੱਟ ਦੇ ਇਲਾਕਿਆਂ ਦੀ ਆਰਥਿਕ ਉੱਨਤੀ ਦੀ ਦਰ, ਸਮਰਿਧ ਹੁੰਦੀ ਖੇਤੀ ਅਤੇ ਲਗਭਗ 35 ਅਰਬ ਡਾਲਰ ਦੇ ਵਿਚਾਰਧੀਨ ਖੇਤੀ ਪ੍ਰੋਜੈਕਟ, ਨਵੀਂ ਬੰਦਰਗਾਹ ਅਤੇ ਬਿਜਲੀ ਪ੍ਰਜੈਕਟਾਂ ਨੂੰ ਦੇਖਦੇ ਹੋਏ ਸੁਭਾਵਿਕ ਰੂਪ ਨਾਲ ਉਥੋਂ ਦੇ ਲੋਕਾਂ ਦਾ ਝੁਕਾਅ ਉਸ ਦਿਸ਼ਾ ਵਿਚ ਹੋਣਾ ਚਾਹੀਦਾ। ਪਰ ਹੈਦਰਾਬਾਦ ਦੀ ਹਾਜ਼ਰੀ ਉਨ੍ਹਾਂ ਨੂੰ ਉਸ ਵਲ ਹੋਰ ਦੇਖਣ ਨੂੰ ਉਕਸਾਉਂਦੀ ਹੈ। ਇਹ ਉਹ ਵਕਤ ਹੈ, ਜਦ ਮੈਕਸੀਕੋ ਦੀ ਖਾੜੀ ਦੇ ਬਾਅਦ ਦੁਨੀਆਂ ਦੀ ਦੂਜੇ ਸਭ ਤੋਂ ਵੱਡੇ ਹਾਈਡਰੋਕਾਰਬਨ ਦੇ ਸਰੋਤ ਦੀ ਖੋਜ ਉਨ੍ਹਾਂ ਦੇ ਸਮੁੰਦਰ ਤੱਟ ਦੇ ਕੋਲ ਹੋਈ ਹੈ। ਵਾਈ ਐਸ ਆਰ ਇਹ ਜਾਣਦੇ ਸਨ ਇਸੇ ਲਈ ਉਹ ਸਮੁੰਦਰੀ ਤੱਟ ਦੇ ਜ਼ਿਲ੍ਹਿਆਂ ਵਿਚ ਬਿਜਲੀ ਤੇ ਖਾਦ ਯੋਜਨਾਵਾਂ ਤੇ ਧਿਆਨ ਕੇਂਦਰਿਤ ਕਰ ਰਹੇ ਸਨ ਤਾਂ ਕਿ ਉਹ ਊਰਜਾ ਦੀ ਇਸ ਨਵੀਂ ਖੋਜ ਦਾ ਜ਼ਿਆਦਾ ਹਿੱਸਾ ਆਪਣੇ ਰਾਜ ਦੇ ਲਈ ਇਸਤੇਮਾਲ ਕਰ ਸਕਣ। ਇਸ ਨਾਲ ਰਾਜ ਦਾ ਮਹੱਤਵ ਵਧਦਾ ਅਤੇ ਨਵੀਆਂ ਨੌਕਰੀਆਂ ਪੈਦਾ ਹੁੰਦੀਆਂ ਹਨ। ਹੁਣ ਸੰਭਵ ਹੈ ਕਿ ਹੈਦਰਾਬਾਦ ਹੱਥ 'ਚੋਂ ਨਿਕਲ ਜਾਣ ਤੋਂ ਬਾਅਦ ਆਂਧਰ ਦੇ ਤੱਟੀਆ ਇਲਾਕਿਆਂ ਦੇ ਨਿਵਾਸੀ ਅਪਾਰ ਉਮੀਦਾਂ ਤੋਂ ਭਰੇ ਇਸ ਇਲਾਕੇ ਦੇ ਵਿਕਾਸ ਵਲ ਧਿਆਨ ਦੇਣ। ਭਾਰਤ ਦੇ ਨਾਲ ਹਮੇਸ਼ਾ 'ਈਸਟ ਆਫ ਕਾਨਪੁਰ' ਦੀ ਮੁਸ਼ਕਿਲ ਰਹੀ ਹੈ। ਆਮ ਤੌਰ 'ਤੇ ਜਿਵੇਂ ਜਿਵੇਂ ਤੁਸੀਂ ਦਿੱਲੀ ਪਾਰ ਕਰਕੇ ਪੂਰਬੀ ਇਲਾਕਿਆਂ ਵਲ ਵਧਦੇ ਜਾਂਦੇ ਹੋ ਆਰਥਿਕ ਸਥਿਤੀ, ਜੀਵਨ ਪੱਧਰ ਅਤੇ ਸਰਕਾਰੀ ਪ੍ਰਬੰਧਨ ਦਾ ਪੱਧਰ ਵੀ ਘਟਦਾ ਚਲਾ ਜਾਂਦਾ ਹੈ। ਪਰ ਜਿਵੇਂ ਹੀ ਕਾਨਪੁਰ ਨੂੰ ਪਾਰ ਕਰਦੇ ਹਾਂ, ਜੀਵਨ ਪੱਧਰ ਦਾ ਇਹ ਪਤਨ ਹੋਰ ਵੀ ਜ਼ਿਆਦਾ ਤੀਬਰ ਗਤੀ ਨਾਲ ਹੁੰਦਾ ਹੈ। ਸੰਭਵ ਰੂਪ 'ਚ ਇਹ ਸਥਿਤੀ ਉਥੋਂ ਦੀ ਬਹੁਤ ਖਰਾਬ ਤਰ੍ਹਾਂ ਦੀ ਰਾਜਨੀਤੀ ਦੇ ਕਾਰਨ ਹੈ। ਜਾਂ ਤਾਂ ਇਥੇ ਉਥੇ ਦਾ ਦੁਰਭਾਗ ਹੈ। ਕੌਣ ਜਾਣਦਾ ਹੈ। ਸ਼ਾਇਦ ਖਰਾਬ ਵਾਸਤੂ ਉਸਦੀ ਵਜ੍ਹਾ ਹੋਵੇ। ਪਰ ਸੱਚਾਈ ਇਹ ਹੈ ਕਿ ਪੂਰਾ ਪੂਰਬੀ ਤੱਟੀ ਖੇਤਰ ਆਪਣੇ ਵਿਕਾਸ ਦੀ ਗਤੀ ਬਣਾ ਕੇ ਰੱਖਣ ਵਿਚ ਅਸਫਲ ਹੋ ਰਿਹਾ ਹੈ। ਉਥੇ ਦੂਜੇ ਪਾਸੇ ਹੋਰ ਸੰਪੂਰਣ ਪੱਛਮੀ ਸਮੁੰਦਰੀ ਤੱਟੀ ਇਲਾਕਾ ਵਿਕਾਸ ਤੇ ਸਮਰਿਧੀ ਦੇ ਮਾਮਲੇ ਵਿਚ ਭਾਰਤ ਦੀ ਅਗਵਾਈ ਕਰ ਰਿਹਾ ਹੈ। ਇਕ ਮਾਤਰ ਅਪਵਾਦ ਕੇਰਲ ਨੂੰ ਛੱਡ ਕੇ ਬਾਕੀ ਸਾਰੇ ਰਾਜ ਨਿਵੇਸ਼ ਕਰ ਰਹੇ ਹਨ ਅਤੇ ਭਾਰਤ ਵਿਚ ਹੋ ਰਹੇ ਸੰਪੂਰਣ ਨਵੇਂ ਨਿਵੇਸ਼ ਦਾ ਇਕ ਵੱਡਾ ਹਿੱਸਾ ਇਨ੍ਹਾਂ ਖੇਤਰਾਂ ਵਿਚ ਕੀਤਾ ਗਿਆ ਹੈ। ਹੋ ਸਕਦਾ ਹੈ ਕਿ ਇਹ ਮਹਿਜ ਇਕ ਸੰਜੋਗ ਹੋਵੇ, ਪਰ ਦੇਸ਼ ਵਿਚ ਬਣੇ ਸਾਰੇ ਨਵੇਂ, ਆਧੁਨਿਕ ਅਤੇ ਵਿਸ਼ਾਲ ਏਅਰਪੋਰਟ ਅਮੂਮਨ ਪੱਛਮੀ ਤੱਟ ਦੇ ਨਿਕਟ ਹੀ ਬਣਾਏ ਗਏ ਹਨ। ਦੂਜੇ ਪਾਸੇ ਪੂਰਬ ਵਿਚ ਕੁਝ ਅਸਲ ਵਿਚ ਬਹੁਤ ਮਹੱਤਵਪੂਰਨ ਕਿਸਮ ਦੇ ਰਾਜ ਹਨ, ਜਿਵੇਂ ਪੱਛਮੀ ਬੰਗਾਲ ਅਤੇ ਉੜੀਸਾ। ਲਗਭਗ ਉਦਾਂ ਦੀ ਹੀ ਹਾਲਤ ਵਾਲੇ ਰਾਜ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਾਈ.ਐਸ.ਆਰ ਦੀ ਅਗਵਾਈ ਵਿਚ ਪੂਰਬੀ ਸਮੁੰਦਰੀ ਤੱਟ ਦੇ ਉਭਰਦੇ ਹੋਏ ਰਾਜ ਸਨ। ਸਾਡੇ ਵਿਚੋਂ ਕੁਝ ਲੋਕ ਇਸ ਗੱਲ ਲਈ ਵੀ ਚਿੰਤਤ ਹਨ ਕਿ ਵਾਈ.ਐਸ.ਆਰ. ਦੀ ਮੌਤ ਨਾਲ ਉਸ ਨਵੀਂ ਊਰਜਾ ਦਾ ਵੀ ਅੰਤ ਹੋ ਗਿਆ। ਵਿਡੰਬਨਾ ਇਹ ਹੈ ਕਿ ਇਸ ਵਿਭਾਜਨ ਤੋਂ ਸੰਭਵਤ ਸਾਡੀ ਰਾਖੀ ਹੋ ਸਕੇ। ਅਗਰ ਨਵਾਂ ਆਂਧਰਾ ਪ੍ਰਦੇਸ਼ ਮੁਆਵਜ਼ੇ ਵਿਚ ਮਿਲੀਆਂ ਚੀਜ਼ਾਂ 'ਤੇ ਇਕ ਨਵੀਂ ਰਾਜਧਾਨੀ, ਜੋ ਸੰਭਵ ਹੀ ਸਮੁੰਦਰੀ ਤੱਟ ਦੇ ਨਿਕਟ ਹੋਵੇਗੀ, ਬਣਾਉਣ ਦੇ ਆਪਣੇ ਉਦਮ ਦੇ ਬਲਬੂਤੇ ਹੈਦਰਾਬਾਦ ਦੀ ਹਾਨੀ ਵਿਚੋਂ ਉਭਰ ਸਕਦਾ ਹੈ, ਤਾਂ ਉਸਦੇ ਕੋਲ ਉਨ੍ਹਾਂ ਦੋਵਾਂ ਚੀਜ਼ਾਂ ਦੇ ਨਿਰਮਾਣ ਦਾ ਮੌਕਾ ਹੋਵੇਗਾ, ਜਿਸ 'ਤੇ ਉਸਦੇ ਨਿਵਾਸੀ ਮਾਣ ਕਰ ਸਕਣਗੇ।

ਅਤੀਤ ਦੇ ਹਮਲਾਵਰਾਂ ਦੀ ਤਰ੍ਹਾਂ ਭਾਰਤ ਦੇ ਰਾਜਨੇਤਾਵਾਂ ਨੂੰ ਸ਼ਾਸਨ ਕਰਨਾ ਅਤੇ ਸ਼ਹਿਰਾਂ ਨੂੰ ਲੁੱਟਣਾ ਬਹੁਤ ਪਿਆਰਾ ਹੈ। ਪਰ ਮੁਗਲਾਂ ਦੀ ਤਰ੍ਹਾਂ ਉਹ ਬਹੁਤ ਘੱਟ ਹੀ ਨਵੇਂ ਸ਼ਹਿਰ ਬਣਾਉਂਦੇ ਹਨ। ਅਸੀਂ ਨਵੇਂ ਸ਼ਹਿਰ ਉਦੋਂ ਬਣਾਉਂਦੇ ਹਾਂ ਜਦੋਂ ਕਿਸੇ ਨਵੇਂ ਰਾਜ ਦੇ ਲਈ ਰਾਜਧਾਨੀ ਬਣਾਉਣਾ ਬਹੁਤ ਜ਼ਰੂਰੀ ਹੋ ਜਾਵੇ। ਚੰਡੀਗੜ੍ਹ ਅਤੇ ਗਾਂਧੀਨਗਰ ਇਸੇ ਤਰ੍ਹਾਂ ਬਣੇ। ਭਾਰਤ ਨੂੰ ਨਵੇਂ ਸ਼ਹਿਰਾਂ ਦੀ ਜ਼ਰੂਰਤ ਹੈ ਅਤੇ ਆਂਧਰ ਦਾ ਉੱਦਮ ਭਾਰਤ ਅਤੇ ਆਪਣੇ ਲਈ ਨਵੇਂ ਸ਼ਹਿਰ ਦਾ ਨਿਰਮਾਣ ਕਰ ਸਕਦਾ ਹੈ। ਅਗਰ ਭਾਰਤ ਆਪਣੀ 'ਈਸਟ ਆਫ ਕਾਨਪੁਰ' ਮੁਸ਼ਕਿਲ ਤੋਂ ਨਿਜਾਤ ਪਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਪੂਰਬੀ ਤੱਟ ਤੇ ਇਹੋ ਜਿਹੇ ਉਭਰਦੇ ਹੋਏ ਰਾਜ ਦੀ ਜ਼ਰੂਰਤ ਹੈ, ਜੋ ਸਾਰੀਆਂ ਫੈਲਦੀਆਂ ਹੋਈਆਂ ਆਰਥਿਕਤਾਵਾਂ ਦੀ ਤਰ੍ਹਾਂ ਅੰਦਰ ਦੇਖਣ ਦੀ ਬਜਾਏ ਸਮੁੰਦਰ ਅਤੇ ਉਸਦੇ ਪਾਰ ਆਪਣਾ ਧਿਆਨ ਕੇਂਦਰਤ ਕਰੇ।

# ਬਾਜਾਂ ਵਾਲਾ 'ਵਾਜਾਂ ਮਾਰਦਾ !

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਇੱਕ ਨਹੀਂ, ਕਹਾਣੀਆਂ ਦੋ ਸੁਣਾਉਣ ਜਾ ਰਿਹਾ ਹਾਂ। ਦੋਹਾਂ ਵਿਚ ਹੀ ਜੰਗਲ ਦੇ ਬਾਦਸ਼ਾਹ ਸ਼ੇਰ ਦਾ ਜ਼ਿਕਰ ਹੈ। ਬਹਾਦਰੀ ਦਾ ਸਿਖਰ ਸਮਝੇ ਜਾਂਦੇ ਸ਼ੇਰ ਦੇ ਨਾਲ ਨਾਲ, ਇਨ੍ਹਾਂ ਕਹਾਣੀਆਂ ਵਿਚ ਹਮੇਸ਼ਾ ਊਂਧੀਆਂ ਪਾ ਕੇ ਤੁਰਨ ਵਾਲੀਆਂ ਭੇਡਾਂ ਅਤੇ ਮਹਾਂ-ਮੂਰਖ ਮੰਨੇ ਜਾਂਦੇ ਗਧੇ ਦਾ ਵੇਰਵਾ ਵੀ ਹੈ। ਇਨ੍ਹਾਂ ਜਾਨਵਰਾਂ ਦੇ ਨਾਂ ਸੁਣ ਕੇ ਕਿਤੇ ਇਹ ਅੰਦਾਜ਼ਾ ਨਾ ਲਗਾ ਲਿਉ ਕਿ ਖੌਰੇ ਇਹ ਲੇਖ 'ਬੱਚਿਆਂ ਦੇ ਮਨੋਰੰਜਨ ਲਈ ਲਿਖਿਆ ਜਾ ਰਿਹਾ ਹੈ। ਬੱਚੇ ਵਿਚਾਰੇ ਤਾਂ ਮਨ ਦੇ ਸੱਚੇ ਹੀ ਹੁੰਦੇ ਹਨ। ਉਹ ਪਿਆਰ ਨਾਲ ਜਾਂ ਥੋੜ੍ਹੀ ਜਿਹੀ ਘੂਰ ਨਾਲ ਹੀ ਪੁਚਕਾਰੇ ਜਾ ਸਕਦੇ ਹਨ। ਪੁਆੜਾ ਤਾਂ ਵਿਗੜੇ ਤਿਗੜੇ ਹੋਏ 'ਵੱਡਿਆ' ਦਾ ਹੈ। ਜਿਨ੍ਹਾਂ ਨੂੰ 'ਸਿੱਧੇ ਰਾਹ' ਪਾਉਣ ਲਈ ਰੋਜ਼ਾਨਾ ਹੀ ਅਖ਼ਬਾਰਾਂ ਦੇ ਸੈਂਕੜੇ-ਹਜਾਰਾਂ ਸਫੇ ਕਾਲੇ ਕੀਤੇ ਜਾਂਦੇ ਹਨ। ਢੇਰਾਂ ਦੇ ਢੇਰ ਮੈਗਜ਼ੀਨ-ਕਿਤਾਬਾਂ ਛਾਪੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਪੜ੍ਹ ਕੇ ਬੱਚਿਆਂ ਵਰਗੇ ਸਾਫ ਤੇ ਕੋਮਲ ਦਿਲ ਵਾਲੇ ਲਈ 'ਵੱਡੇ' ਕੋਈ ਨਾ ਕੋਈ ਅਸਰ ਕਬੂਲ ਲੈਂਦੇ ਹਨ। ਬਹੁਤਿਆਂ ਦਾ ਹਾਲ ਉਸ 'ਚੌਪਾਏ ਜਾਨਵਰ' ਦੀ ਪੂਛ ਵਰਗਾ ਹੀ ਹੁੰਦਾ ਹੈ, ਜਿਸ ਨੂੰ ਸਿੱਧਿਆਂ ਕਰਨ ਲਈ ਬਾਰਾਂ ਸਾਲ ਨਲੀ ਵਿਚ ਪਾਈ ਰੱਖਿਆ ਗਿਆ ਸੀ, ਪਰ...!

ਖੈਰ! ਸਾਡੀ ਪਹਿਲੀ ਕਹਾਣੀ, ਇਤਿਹਾਸਕ ਨਗਰ ਸ੍ਰੀ ਅਨੰਦਪੁਰ ਸਾਹਿਬ ਦੇ ਆਸਪਾਸ ਦੇ ਪਿੰਡਾਂ ਨਾਲ ਸਬੰਧ ਰੱਖਦੀ ਹੈ। ਪਹਾੜੀਆਂ ਦੀਆਂ ਰਮਣੀਕ ਵਾਦੀਆਂ ਵਿਚ ਅਮਨ-ਅਮਾਨ ਨਾਲ ਵਸਦੇ-ਰਸਦੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਇਕ ਵਾਰ ਅਚਾਨਕ ਸਿਰ ਆ ਪਈ ਬਿਪਤਾ ਨੇ ਭੈਅਭੀਤ ਕਰ ਦਿੱਤਾ। ਹੋਇਆ ਇਹ ਕਿ ਪਹਾੜੀਆਂ ਵਿਚੋਂ ਇੱਕ ਖੂੰ-ਖਾਰ ਸ਼ੇਰ, ਇਸ ਪੇਂਡੂ ਖੇਤਰ ਵਿਚ ਆ ਨਿਕਲਿਆ। ਇਨ੍ਹਾਂ ਪਿੰਡਾਂ ਦੇ ਕਈ ਬੰਦਿਆਂ ਨੇ ਖੁਲ੍ਹੀਆਂ ਚਰਾਂਦਾਂ ਵਿਚ ਆਪਣੇ ਮਾਲ-ਡੰਗਰ ਚਰਾਉਂਦਿਆਂ ਇਸ ਸ਼ੇਰ ਨੂੰ ਝਾੜਾਂ-ਝੂੰਡਿਆਂ ਵਿਚ ਇਧਰ-ਉਧਰ ਫਿਰਦਿਆਂ ਤੱਕਿਆ। ਜਿਸ ਕਿਸੇ ਦੇ ਵੀ ਨਜਰੀਂ ਸ਼ੇਰ ਪੈ ਜਾਂਦਾ ਉਹ ਡਰਦਾ ਮਾਰਿਆ ਪੈਰ ਸਿਰ 'ਤੇ ਰੱਖ ਕੇ ਪਿੰਡ ਵਲ ਭੱਜ ਆਉਂਦਾ। ਰਾਤ ਵੇਲੇ ਅਚਾਨਕ ਹੋਇਆ ਕੋਈ ਖੜਾਕ ਸੁਣ ਕੇ 'ਸ਼ੇਰ ਆ ਗਿਆ ਓਏ, ਸ਼ੇਰ ਆ ਗਿਆ' ਦੀ ਹਾਹਾਕਾਰ ਮੱਚ ਜਾਂਦੀ। ਦਹਿਲੇ ਹੋਏ ਪੇਂਡੂ, ਦਿਨ ਖੜ੍ਹੇ ਹੀ ਕੰਮਕਾਰ ਨਿਬੇੜ ਕੇ ਘਰਾਂ ਨੂੰ ਪਰਤ ਆਉਂਦੇ। ਪੂਰੇ ਇਲਾਕੇ ਵਿਚ ਦਹਿਸ਼ਤ ਛਾ ਗਈ ਕਿਉਂਕਿ ਭਿਆਨਕ ਸ਼ੇਰ ਕਦੇ ਇਕ ਪਿੰਡ ਦੇ ਖੇਤ ਬੰਨੇ ਦਿਖਾਈ ਦਿੰਦਾ, ਕਦੇ ਦੂਸਰੇ ਪਿੰਡ।

ਅਜਿਹੇ ਖੌਫਜ਼ਦਾ ਮਾਹੌਲ ਵਿਚ ਕਿੰਨਾ ਕੁ ਚਿਰ ਚੁੱਪ ਰਹਿ ਕੇ ਜੀਵਿਆ ਜਾ ਸਕਦਾ ਸੀ? ਆਪੋ ਵਿਚੀ ਰਾਇ ਮਸ਼ਵਰਾ ਕਰਕੇ ਸਾਰੇ ਪਿੰਡਾਂ ਦੇ ਚੋਣਵੇਂ ਬੰਦਿਆਂ ਦਾ ਇਕ 'ਡੈਪੂਟੇਸ਼ਨ' ਸ੍ਰੀ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੋਇਆ। ਇਹ ਉਹ ਦਿਨ ਸਨ ਜਦ ਪੰਥ ਖਾਲਸਾ ਸਾਜੇ ਨੂੰ ਹਾਲੇ ਕੁੱਝ ਹੀ ਮਹੀਨੇ ਬੀਤੇ ਸਨ। ਨਵੇਂ ਸਜੇ ਪੰਥ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਤੇ ਨਵੀਆਂ ਚੁਣੌਤੀਆਂ ਕਾਰਨ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਪੂਰੀ ਤਰ੍ਹਾਂ ਵਿਅਸਤ ਸਨ, ਪਰ ਦਯਾਲੂ ਤੇ ਕ੍ਰਿਪਾਲੂ ਸਤਿਗੁਰੂ ਨੇ, ਸ਼ੇਰ ਦੀ ਦਹਿਸ਼ਤ ਤੋਂ ਘਬਰਾਏ ਇਲਾਕਾ ਵਾਸੀਆਂ ਦਾ ਦੁੱਖ ਸੁਣਿਆ। ਉਨ੍ਹਾਂ ਨੂੰ ਧੀਰਜ ਬੰਨਾਇਆ ਅਤੇ ਵਾਪਸ ਘਰੋ ਘਰੀ ਜਾਣ ਲਈ ਆਖਿਆ।

ਇਕ ਦੋ ਦਿਨ ਇਸੇ ਤਰ੍ਹਾਂ ਗੁਜਰ ਗਏ। ਹਜ਼ੂਰੀਏ ਸਿੰਘ, ਜਦੋਂ ਵੀ ਗੁਰੂ ਜੀ ਨੂੰ ਸ਼ੇਰ ਦੀ ਦਰਖਾਸਤ ਲੈ ਕੇ ਆਏ ਇਲਾਕਾ ਵਾਸੀਆਂ ਦੀ ਸਮੱਸਿਆ ਯਾਦ ਕਰਵਾਉਂਦੇ ਤਾਂ ਸਤਿਗੁਰੂ ਜੀ ਟਾਲਾ-ਮਾਲਾ ਕਰ ਛੱਡਦੇ ਨਿਕਟਵਰਤੀ ਸਿੱਖ-ਸੇਵਕ ਇਸ ਗੱਲੋਂ ਬੜੇ ਹੈਰਾਨ ਹੋਏ। ਆਖਰ ਤੀਸਰੇ ਦਿਨ ਉਹੀ ਡੈਪੂਟੇਸ਼ਨ ਜਦੋਂ ਦਰਬਾਰ ਵਿਚ ਫਿਰ ਆ ਹਾਜ਼ਰ ਹੋਇਆ ਤਾਂ ਗੁਰੂ ਜੀ ਨੇ ਝੱਟਪੱਟ ਅਸਤਰ-ਬਸਤਰ ਸਜਾਏ, ਆਪਣੇ ਨਾਲ ਕੁੱਝ ਚੋਣਵੇਂ ਜੰਗ-ਜੂ ਸਿੰਘਾਂ ਨੂੰ ਨਾਲ ਲੈ ਕੇ ਪੀੜਿਤ ਪਿੰਡਾਂ ਵਲ ਨੂੰ ਚੜ੍ਹਾਈ ਕੀਤੀ। ਇੱਕ ਪਿੰਡ ਦੇ ਬੇਲਿਆਂ ਵਿਚ ਮਸਤ-ਚਾਲ ਚਲਦਾ ਸ਼ੇਰ ਦਿਖਾਈ ਦਿੱਤਾ। ਇਕੱਠੇ ਹੋਏ ਤਮਾਸ਼ਬੀਨਾਂ ਦੇ ਸਾਹ ਸੂਤੇ ਗਏ! ਗੁਰੂ ਜੀ ਨੇ ਇਕ ਦਮ ਆਪਣੀ ਬੰਦੂਕ ਸੰਭਾਲੀ...ਘੋੜਾ ਦੱਬਿਆ...ਠਾਹ!.....ਜੋਰ ਦੀ ਖੜਾਕਾ ਹੋਇਆ !!...ਪਰ ਇਹ ਕੀ? ਗੋਲੀ ਤਾਂ ਕਿਤੇ ਹੋਧਰੇ ਹੀ ਜਾ ਵੱਜੀ...ਅਤੇ ਸ਼ੇਰ ਵੀ ਜੰਗਲ ਵਲ ਭੱਜਣ ਦੀ ਬਜਾਏ ਪਿੰਡ ਵਲ ਨੂੰ ਵਾਹੋ ਦਾਹੀ ਦੌੜ ਪਿਆ!

ਇਕ ਹੋਰ ਫਾਇਰ ਕਰਨ ਦੀ ਥਾਂ ਗੁਰੂ ਸਾਹਿਬ ਨੇ ਸਾਰਿਆਂ ਨੂੰ, ਭੱਜੇ ਜਾਂਦੇ ਸ਼ੇਰ ਦੇ ਮਗਰੇ ਮਗਰ ਪਿੰਡ ਵਲ ਜਾਣ ਦਾ ਆਦੇਸ਼ ਦਿੱਤਾ ਗੁਰੂ ਜੀ ਅਤੇ ਸਿੰਘਾਂ ਦੇ ਸਨਦਬੱਧ ਜਥੇ ਦੀ ਹਾਜਰੀ ਕਾਰਨ ਸਾਰੇ ਜਣੇ ਹੌਂਸਲੇ ਨਾਲ ਉਧਰ ਨੂੰ ਚੱਲ ਪਏ। ਸਾਰਿਆਂ ਨੇ ਹੀ ਨਿਗਾਹਾਂ ਸ਼ੇਰ ਉੱਤੇ ਹੀ ਟਿਕਾਈਆਂ ਹੋਈਆਂ ਸਨ। ਸਭ ਦੇ ਦੇਖਦਿਆਂ ਦੇਖਦਿਆਂ, ਪਿੰਡ ਦੇ ਬਾਹਰਵਾਰ ਘੁਮਾਰ ਦੇ ਵਿਹੜੇ ਮੋਹਰੇ ਸ਼ੇਰ ਜਾ ਪਹੁੰਚਿਆ। ਵਿਹੜੇ ਵਿਚ ਬੰਨ੍ਹੇ ਹੋਏ ਗਧੇ, ਸ਼ੇਰ ਨੂੰ ਦੇਖ ਕੇ ਡਰਦੇ ਮਾਰੇ ਉੱਚੀ ਉੱਚੀ ਹੀਂਗਣ ਲੱਗ ਪਏ। ਉਦੋਂ ਸਾਰਿਆਂ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ, ਜਦੋਂ ਹੀਂਗਦੇ ਟੱਪਦੇ ਗਧਿਆਂ 'ਤੇ ਝਪਟ ਪੈਣ ਦੀ ਬਜਾਏ ਭੱਜਾ ਆਇਆ 'ਸ਼ੇਰ' ਖੁਦ ਹੀਂਗਣ ਲੱਗ ਪਿਆ!

ਇਹ ਅਜੀਬੋਗਰੀਬ ਕੌਤਕ ਦੇਖ ਕੇ ਸਾਰੇ ਪੇਂਡੂ ਦਸਮੇਸ਼ ਗੁਰੂ ਦੇ ਚਿਹਰੇ ਵਲ ਸਵਾਲੀਆ ਨਜ਼ਰਾਂ ਨਾਲ ਤੱਕਣ ਲੱਗੇ। ਮੁਸਕ੍ਰਾਉਂਦਿਆਂ ਹੋਇਆਂ ਗੁਰੂ ਜੀ ਨੇ ਆਪਣੇ ਸਾਥੀ ਭਾਈ ਉਦੇ ਸਿੰਘ ਨੂੰ ਇਸ਼ਾਰਾ ਕੀਤਾ ਜੋ ਉੱਚੀ ਉੱਚੀ ਹੱਸ ਰਿਹਾ ਸੀ। ਬਿਜਲੀ ਦੀ ਫੁਰਤੀ ਨਾਲ ਭਾਈ ਉਦੇ ਸਿੰਘ ਨੇ ਹੀਂਗਦੇ 'ਸ਼ੇਰ' ਨੂੰ ਜਾ ਧੌਣੋਂ ਫੜਿਆ। ਸਭ ਦੇ ਸਾਹਮਣੇ ਪਲਾਂ ਵਿਚ ਹੀ ਗੁਰੂ ਦੇ ਸਿੰਘ ਨੇ ਉਸ ਸ਼ੇਰ ਨੂੰ ਗਧਾ ਬਣਾ ਦਿੱਤਾ! ਯਾਦ ਰਹੇ ਇਹ ਭਾਈ ਉਦੇ ਸਿੰਘ, ਸ੍ਰੀ ਆਨੰਦਪੁਰ ਸਾਹਿਬ ਦੇ ਘੇਰੇ ਸਮੇਂ ਪਹਾੜੀ ਰਾਜਿਆਂ ਦੇ ਮਸਤੇ ਹੋਏ ਖੂਨੀ ਹਾਥੀ ਦਾ, ਨਾਗਣੀ ਬਰਛੀ ਨਾਲ ਮੱਥਾ ਪਾੜਨ ਵਾਲੇ ਸੂਰਬੀਰ ਭਾਈ ਬਚਿੱਤਰ ਸਿੰਘ ਦਾ ਵੱਡਾ ਭਰਾਤਾ ਸੀ। ਲੜਾਈ ਵਿਚ ਰਾਜੇ ਕੇਸਰੀ ਚੰਦ ਜਸਵਾਲੀਏ ਦਾ ਸਿਰ ਵੱਢ ਕੇ ਭਾਈ ਉਦੇ ਸਿੰਘ ਆਪਣੇ ਨੇਜੇ 'ਤੇ ਟੰਗ ਕੇ ਕਿਲੇ ਵਿਚ ਲੈ ਆਇਆ ਸੀ ਤਾਂ ਕਿ ਉਹ ਕਲਗੀਆਂ ਵਾਲੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੇ। ਇਨ੍ਹਾਂ ਦੋਹਾਂ ਸੂਰਮੇਂ ਭਰਾਵਾਂ ਵਲੋਂ ਵਰਤੇ ਗਏ ਹਥਿਆਰ, ਨਾਗਣੀ, ਬਰਛੀ ਅਤੇ ਬਰਛਾ, ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਸੁਸ਼ੋਭਿਤ ਹਨ।

ਹੁਣ ਸ਼ੇਰ ਤੋਂ ਗਧਾ ਬਣਾਉਣ ਦੀ ਕਹਾਣੀ ਦਾ ਰਾਜ਼! ਅਚੰਭਿਤ ਹੋ ਕੇ ਬੁੱਤ ਬਣੇ ਹੋਏ ਲੋਕਾਂ ਦੇ ਇਕੱਠ ਸਾਹਮਣੇ ਜਿਵੇਂ ਗੁਰੂ ਸਾਹਿਬ ਨੇ ਇਸ ਕੌਤਕ ਦਾ ਭੇਦ ਖੋਲ੍ਹਿਆ। ਉਸ ਦਾ ਸਾਰ ਤੱਤ ਕੁੱਝ ਇਸ ਤਰ੍ਹਾਂ ਹੈ। ਘਣੇ ਜੰਗਲਾਂ ਵਿਚ ਸ਼ਿਕਾਰ ਖੇਡਣ ਗਿਆ ਭਾਈ ਉਦੇ ਸਿੰਘ, ਇੱਕ ਦਿਨ ਇਕ ਖੂੰ-ਖਾਰ ਸ਼ੇਰ ਨੂੰ ਮਾਰ ਲਿਆਇਆ। ਆਪਣੇ ਸਿੰਘ ਦੀ ਹਿੰਮਤ ਅਤੇ ਫੁਰਤੀ ਦੀ ਦਾਦ ਦਿੰਦਿਆਂ ਗੁਰੂ ਜੀ ਦੇ ਮਨ ਵਿਚ ਫੁਰਨਾ ਫੁਰਿਆ। ਕਿਉਂ ਨਾ ਇਕ ਕੌਤਕ ਰਚਾ ਕੇ 'ਸਿੰਘ ਸਰੂਪ' ਦੀ ਵਿਸ਼ੇਸ਼ਤਾ ਦਰਸਾਈ ਜਾਵੇ? ਸੋ, ਪਰਦੇ ਨਾਲ ਗੁਰੂ ਜੀ ਨੇ ਭਾਈ ਉਦੇ ਸਿੰਘ ਨੂੰ ਸਾਰੀ ਵਿਉਂਤ ਸਮਝਾ ਦਿੱਤੀ। ਬਣਾਈ ਗਈ ਸਕੀਮ ਅਨੁਸਾਰ ਸ਼ੇਰ ਦੀ ਖੱਲ ਲਾਹ ਕੇ, ਬੜੇ ਹਿਸਾਬ ਨਾਲ ਗਧੇ ਉੱਪਰ ਪਾ ਦਿੱਤੀ ਗਈ। ਭਾਈ ਉਦੇ ਸਿੰਘ ਚੁੱਪ ਚਪੀਤੇ ਇਸ ਸ਼ੇਰ ਰੂਪੀ ਗਧੇ ਨੂੰ ਲਾਗਲੇ ਪਿੰਡਾਂ ਦੇ ਬਾਹਰਵਾਰ ਛੱਡ ਆਇਆ। ਬੱਸ, ਇਸੇ 'ਸ਼ੇਰ' ਨੇ ਇਲਾਕੇ ਭਰ ਵਿਚ ਤਹਿਲਕਾ ਮਚਾਈ ਰੱਖਿਆ। ਕਈਆਂ ਦੀ ਨੀਂਦ ਹਰਾਮ ਕਰੀ ਰੱਖੀ!

ਮੋਟੀਆਂ ਮੋਟੀਆਂ ਪੋਥੀਆਂ ਪੜ੍ਹਨ ਜਾਂ ਕਈ ਕਈ ਘੰਟੇ ਵਖਿਆਨ-ਉਪਦੇਸ਼ ਸੁਣਨ ਨਾਲੋਂ, ਜੇ ਦਸਮੇਸ਼ ਪਿਤਾ ਵਲੋਂ ਵਰਤਾਇਆ ਇਹ ਵਿਅੰਗਮਈ ਟ੍ਰੇਲਰ ਜ਼ਰਾ ਗੰਭੀਰਤਾ ਨਾਲ ਵਿਚਾਰ ਲਿਆ ਜਾਵੇ ਤਾਂ ਮੇਰਾ ਖਿਆਲ ਹੈ ਕਿ ਸਾਰੇ ਰੋਗਾਂ ਦੀ ਜੜ੍ਹ ਵੱਢ ਹੋ ਸਕਦੀ ਹੈ। ਨੀਲੇ ਦੇ ਸ਼ਾਹ-ਅਸਵਾਰ ਨੂੰ ਆਪਣਾ ਬਾਪੂ ਮੰਨ ਲਿਆ, ਉਸਦਾ ਬਖ਼ਸ਼ਿਆ ਸਰੂਪ ਅੰਗੀਕਾਰ ਕਰ ਲਿਆ। ਦੇਖਣ ਵਾਲਿਆਂ ਸਾਨੂੰ 'ਸ਼ੇਰ' ਸਵੀਕਾਰ ਕਰ ਲਿਆ। ਸ਼ੇਰਾਂ ਵਾਲਾ ਮਾਣ-ਸਤਿਕਾਰ ਲੈਂਦਿਆਂ ਅਸੀਂ ਖੁਸ਼ੀ 'ਚ ਆਪਣੀ ਛਾਤੀ ਵੀ ਚੌੜੀ ਕਰ ਲਈ।

ਇਸ ਸਾਰੇ ਕਾਸੇ ਦੇ ਬਾਵਜੂਦ ਜਦ ਅਸੀਂ ਜੱਟ, ਭਾਪੇ, ਰਾਮਗੜ੍ਹੀਏ, ਸੈਣੀ, ਰਵਿਦਾਸੀਏ ਜਾਂ ਦਲਿਤ ਅਖਵਾ ਕੇ ਖੁਸ਼ ਹੁੰਦੇ ਹਾਂ ਤਾਂ ਸਮਝੋ ਉਦੋਂ ਭਾਈ ਉਦੇ ਸਿੰਘ ਸਾਡੇ ਉਪਰੋਂ ਸ਼ੇਰ ਦੀ ਖੱਲ ਉਤਾਰ ਦਿੰਦਾ ਹੈ। ਜਾਤ-ਬਰਾਦਰੀ ਦਾ ਚਾਅ ਚੜ੍ਹਦਿਆਂ ਸਾਰ ਅਸੀਂ ਹੀਂਗਣ ਲੱਗ ਪੈਂਦੇ ਹਾਂ। ਦੋ ਘੜੀਆਂ ਪਹਿਲਾਂ, ਜਿਹਦੇ ਕੋਲੋਂ ਸਾਰਾ ਇਲਾਕਾ ਥਰ ਥਰ ਕੰਬਦਾ ਸੀ, ਜਦ ਹੀਂਗਿਆ ਤਾਂ ਉਸ ਵੇਲੇ ਘੁਮਾਰ ਭਰਾ ਨੇ ਦੋ ਡੰਡੇ ਗਿੱਟਿਆਂ 'ਚ ਮਾਰੇ, ਉੱਪਰ ਭਾਰ ਲੱਦ ਕੇ ਤੋਰ ਲਿਆ! ਆ ਗਿਆ ਆਨੇ ਵਾਲੀ ਥਾਂ!! ਐਨ ਇਸੇ ਤਰ੍ਹਾਂ ਸਾਡਾ ਹੀਂਗਣਾ ਸੁਣ ਕੇ, ਜਿਸਦਾ ਦਾਅ ਲਗਦੈ ਉਹੀ ਸਾਡੇ ਤੇ ਆਪਣਾ ਭਾਰ ਲੱਦ ਲੈਂਦਾ ਹੈ। ਮਾੜੀ ਕਿਸਮਤ ਨੂੰ, ਹੁਣ ਅਸੀਂ ਅਜਿਹੇ ਭਾਰ ਢੋਣ ਦੇ ਇੰਨੇ ਆਦੀ ਹੋ ਚੁੱਕੇ ਹਾਂ ਕਿ ਸਾਡੇ 'ਚੋਂ ਇਹ ਅਹਿਸਾਸ ਹੀ ਮੁੱਕ ਚੁੱਕਿਐ! ਕੋਈ ਕਿਸੇ ਦੀ ਖੁਰਜੀ ਪਿੱਠ ਉੱਪਰ ਲੱਦੀ ਫਿਰਦਾ ਹੈ ਕੋਈ ਕਿਸੇ ਹੋਰ ਦੀ!! ਉਹ ਵੀ ਬੜੇ ਫਖ਼ਰ ਨਾਲ!! ਕੀ ਕੋਈ ਸਾਡਾ ਹੀਂਗਣਾ ਬੰਦ ਕਰਾ ਕੇ, ਸਾਨੂੰ ਮੁੜ ਕੇ ਸ਼ੇਰ ਬਣਾ ਸਕਦਾ ਹੈ? ਇਸ ਅਹਿਮ ਸਵਾਲ ਦੇ ਜਵਾਬ ਵਜੋਂ ਦੂਜੀ ਕਹਾਣੀ ਪੇਸ਼-ਏ-ਖਿਦਮਤ ਹੈ;

ਆਪਣੇ ਘੁਰਨੇ ਵਿਚ ਇਕ ਸ਼ੇਰਨੀ ਸੂ ਪਈ। ਪਤਾ ਨਹੀਂ ਕੀ ਕਾਰਨ ਬਣਿਆਂ, ਉਹ ਆਪਣੇ ਨਵ-ਜਾਤ ਬੱਚਿਆਂ ਪ੍ਰਤੀ ਐਡੀ ਅਵੇਸਲੀ ਹੋ ਗਈ ਕਿ ਉਸਨੇ ਸਹੀ ਢੰਗ ਨਾਲ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਹੀ ਨਾ। ਮਾਂ ਦੇ ਮੋਹ ਤੋਂ ਵਿਰਵੇ ਹੋਏ ਬੱਚੇ ਇਧਰ-ਉਧਰ ਭਟਕਣ ਲੱਗੇ। ਇਨ੍ਹਾਂ ਵਿਚੋਂ ਇੱਕ ਬੱਚਾ ਜੰਗਲ ਵਿਚ ਭੇਡਾਂ ਚਾਰਨ ਵਾਲੇ ਆਜੜੀ ਦੇ ਹੱਥ ਲੱਗ ਗਿਆ। ਦਯਾਲੂ ਸੁਭਾਅ ਵਾਲੇ ਆਜੜੀ ਨੇ ਤਤਕਾਲ ਇਸ ਬੱਚੇ ਨੂੰ ਇਕ ਭੇਡ ਦਾ ਦੁੱਧ ਚੁੰਘਾਇਆ। ਬੱਚੇ ਨੂੰ ਸੁਰਤ ਆਈ। ਆਜੜੀ ਨੇ ਬੱਚਿਆਂ ਵਾਂਗ ਉਸ ਦੀ ਪਰਵਰਿਸ਼ ਕੀਤੀ। ਭੇਡਾਂ ਦਾ ਦੁੱਧ ਚੁੰਘ ਚੁੰਘ ਕੇ, ਅੱਜ ਹੋਰ ਕੱਲ੍ਹ ਹੋਰ ਸ਼ੇਰ ਦਾ ਬੱਚਾ ਵੱਡਾ ਹੁੰਦਾ ਗਿਆ। ਦਿਨ ਰਾਤ ਭੇਡਾਂ ਤੇ ਲੇਲਿਆਂ ਵਿਚਕਾਰ ਵਿਚਰਨ ਕਰਕੇ, ਉਸਨੂੰ ਭੇਡਾਂ ਵਾਂਗ ਹੀ ਧੌਣ ਨੀਵੀਂ ਕਰਕੇ ਤੁਰਨ ਦੀ ਆਦਤ ਪੈ ਗਈ। ਦੂਜੇ ਲਫਜ਼ਾਂ ਵਿਚ ਉਸਨੇ ਪੂਰੀ ਤਰ੍ਹਾਂ 'ਭੇਡ-ਚਾਲ' ਅਪਨਾ ਲਈ। ਭੇਡਾਂ ਵਾਂਗ ਹੀ ਸ਼ਾਮ ਪਈ ਉਸਨੂੰ ਵਾੜੇ ਵਿਚ ਤਾੜ ਦਿੱਤਾ ਜਾਂਦਾ। ਕਦੀ ਕਦੀ ਆਜੜੀ ਦੇ ਬਾਲ ਬੱਚੇ ਲੇਲਿਆਂ ਨਾਲ ਖੇਡਣ ਸਮੇਂ, ਸ਼ੇਰ ਦੇ ਬੱਚੇ ਦੀ ਪਿੱਠ 'ਤੇ ਵੀ ਚੜ੍ਹ ਕੇ ਖਰਮਸਤੀਆਂ ਕਰਦੇ ਰਹਿੰਦੇ। ਜਦ ਕਦੇ ਉਹ ਚਾਮ੍ਹਲੇ ਹੋਏ ਸ਼ੇਰ ਦੇ ਬੱਚੇ ਦੀਆਂ ਮੁੱਛਾਂ ਨੂੰ ਫੜ ਫੜ ਖਿੱਚਦੇ ਤਾਂ ਅੱਗਿਉਂ ਉਹ ਅੱਖਾਂ ਮੁੰਦ ਲੈਂਦਾ। ਇੰਜ ਬੱਚਿਆਂ ਨਾਲ ਖੇਡ ਕੇ ਉਸਨੂੰ ਵੀ ਤਸੱਲੀ ਮਿਲਦੀ।

ਰੋਜ਼ਾਨਾ ਦੀ ਤਰ੍ਹਾਂ ਇਕ ਦਿਨ ਆਜੜੀ ਆਪਣੇ ਇੱਜੜ ਨੂੰ ਚਰਾਉਂਦਾ ਹੋਇਆ ਘਣੇ ਜੰਗਲ ਵਲ ਨਿੱਕਲ ਗਿਆ। ਬੜੇ ਅਰਾਮ ਨਾਲ ਭੇਡਾਂ ਤੇ ਲੇਲੇ ਇਧਰ ਉਧਰ ਮੂੰਹ ਮਾਰਦੇ ਫਿਰ ਰਹੇ ਸਨ। ਇੰਨੇ ਨੂੰ ਥੋੜੀ ਦੂਰ ਪਹਾੜੀ ਦੀ ਇੱਕ ਟੀਸੀ 'ਤੇ ਖੜ੍ਹਾ ਸ਼ੇਰ, ਭੇਡਾਂ ਵਲ ਦੇਖ ਕੇ ਦਹਾੜਿਆ। ਅਚਾਨਕ ਉਸ ਵੇਲੇ ਸ਼ੇਰ ਦਾ ਬੱਚਾ ਇੱਜੜ ਦੇ ਸਭ ਤੋਂ ਮੋਹਰੇ ਤੁਰਿਆ ਫਿਰਦਾ ਸੀ। ਸ਼ੇਰ ਦੀ ਭਬਕਾਰ ਸੁਣਦਿਆਂ ਸਾਰ ਭੇਡਾਂ ਤਾਂ ਜਿੱਧਰ ਮੂੰਹ ਹੋਇਆ ਨੱਠ ਤੁਰੀਆਂ। ਡਰਦਾ ਮਾਰਿਆ ਆਜੜੀ ਵੀ ਫੌਰਨ ਇਕ ਦਰਖਤ 'ਤੇ ਜਾ ਚੜ੍ਹਿਆ। ਟੀਸੀ ਤੋਂ ਉੱਤਰ ਕੇ ਥੱਲੇ ਵਲ ਆਉਂਦਿਆਂ ਜੰਗਲੀ ਸ਼ੇਰ ਨੇ ਇੱਕ ਹੋਰ ਗਰਜਵੀਂ ਭਬਕ ਮਾਰੀ। ਉਸਨੂੰ ਦੇਖ ਕੇ ਸ਼ੇਰ ਦੇ ਬੱਚੇ ਨੇ ਕੰਨ ਫਰਕੇ! ਸ਼ੇਰ ਨੇ ਦੇਖ ਲਿਆ ਕਿ ਇਹ ਤਾਂ ਮੇਰੀ ਨਸਲ ਦਾ ਹੀ ਬੱਚਾ ਹੈ। ਇਧਰੋਂ ਸ਼ੇਰ ਦੀ ਭਬਕਾਰ ਸੁਣ ਕੇ ਸ਼ੇਰ ਦੇ ਬੱਚੇ ਨੇ ਵੀ ਅੰਗੜਾਈ ਲਈ। ਉਸਨੇ ਗਲੇ 'ਚੋਂ ਆਵਾਜ਼ ਕੱਢਣ ਦੀ ਕੋਸ਼ਿਸ਼ ਕੀਤੀ। ਇਸਦੀ ਨਿੱਕੀ ਜਿਹੀ ਗਰਜ ਸੁਣ ਕੇ, ਸ਼ੇਰ ਇਹਨੂੰ ਚੱਟਣ ਚੁੰਮਣ ਲੱਗ ਪਿਆ। ਹੁਣ ਸ਼ੇਰ ਦੇ ਬੱਚੇ ਦੇ ਅੰਦਰਲਾ 'ਸ਼ੇਰ' ਜਾਗ ਪਿਆ। ਆਪਣੀ ਸ਼ਕਲ-ਸੂਰਤਿ ਨਾਲ ਮਿਲਦੇ ਜੁਲਦੇ ਵੱਡੇ ਸ਼ੇਰ ਨਾਲ ਜੰਗਲ ਵਲ ਨੂੰ ਤੁਰਿਆ ਜਾ ਰਿਹਾ 'ਨਿੱਕਾ ਸ਼ੇਰ' ਚਾਅ ਤੇ ਉਮਾਹ ਨਾਲ ਭਬਕਾਰਾਂ ਹੀ ਮਾਰੀ ਜਾ ਰਿਹਾ ਸੀ।

ਸਾਨੂੰ ਭੇਡਾਂ ਦੇ ਇੱਜੜਾਂ ਵਿਚ ਰੁਲਦਿਆਂ ਭਟਕਦਿਆਂ ਨੂੰ, ਸਾਨੂੰ ਗਧੇ ਬਣ ਕੇ ਕੱਚੇ-ਪਿੱਲਿਆਂ ਦਾ ਭਾਰ ਢੋਂਦਿਆਂ ਨੂੰ ਤੱਕ ਤੱਕ ਕੇ, ਅਹੁ ਤਖਤ ਸ੍ਰੀ ਕੇਸਗੜ੍ਹ ਦੀ ਠੇਰੀ ਤੋਂ, ਅੱਜ ਵੀ ਸਾਡਾ ਬਾਪੂ ਸਾਨੂੰ ਮੁੜ ਸ਼ੇਰ ਬਣਾਉਣ ਲਈ 'ਵਾਜਾਂ ਮਾਰ ਰਿਹਾ ਹੈ। ਪਰ ਸਾਨੂੰ ਗਧੇ ਬਣਨ ਅਤੇ ਭੇਡਾਂ ਵਾਂਗ ਊਂਧੀਆਂ ਪਾਉਣ 'ਚ ਹੀ ਮਜ਼ਾ ਆ ਰਿਹਾ ਹੈ। ਸਾਨੂੰ ਬੇਕਿਸਮਤਾਂ ਨੂੰ ਬਾਜਾਂ ਵਾਲੇ ਦੀਆਂ 'ਵਾਜਾਂ ਸੁਣਦੀਆਂ ਹੀ ਨਹੀਂ!

---



## ਉਡਦੀ ਧੂੜ ਦਿਸੇ ਕੋਈ ਨੀ ਹੈਗਾ ਬੇਲੀ..

**ਗੁਰਨੈਬ ਸਿੰਘ ਮੰਘਾਣੀਆ**

ਹੁਣ ਪਾਂਧੀ ਚਿੜੀ ਚੂਕਦੀ ਨਾਲ ਨਹੀਂ ਤੁਰਦੇ। ਮੋਬਾਇਲ ਦਾ ਅਲਾਰਮ ਇਹ ਥਾਂ ਲੈ ਚੁੱਕਿਆ ਹੈ। ਰਿੜਕਣਿਆਂ ਵਿਚ ਮਧਾਣੀਆਂ ਪਾਉਣ ਵਾਲਾ ਕਾਰਜ ਪਹਿਲਾਂ ਦਾ ਨਿਬੜ ਚੁੱਕਿਆ ਹੈ। ਵੰਗਾਂ ਦੀ ਛਣਛਣ ਟੀ. ਵੀ. 'ਤੇ ਹੀ ਦੇਖਣ ਨੂੰ ਮਿਲਦੀ ਹੈ। ਚਿੜੀਆਂ ਨਹੀਂ ਰਹੀਆਂ। ਕੁੜੀਆਂ ਦੀ ਤੁਲਨਾ ਬਾਰੇ ਖੋਜ ਕਰਨੀ ਪਏਗੀ ਕਿ ਕਿਹੜੇ ਕਮਜ਼ੋਰ ਪੰਛੀ ਨਾਲ ਕਰੀਏ। ਉਂਜ ਸਾਡੀ ਮਰਦਾਨਗੀ ਨੂੰ ਕਈ ਥਾਵਾਂ 'ਤੇ ਚੁਣੌਤੀ ਮਿਲ ਰਹੀ ਹੈ। ਕੁੜੀਆਂ ਦੇ ਸਬੰਧ ਵਿਚ ਬਹੁਤ ਸਾਰੇ ਕਾਰਜ ਅਸੀਂ ਅਰੰਭੇ ਹੋਏ ਹਨ। ''ਭਰੂਣ ਹੱਤਿਆ ਪਾਪ ਹੈ।'' ਲਿੰਗ ਟੈਸਟ ਕਰਾਉਣਾ ਕਾਨੂੰਨਨ ਜੁਰਮ ਹੈ। ਦਾਜ ਇਕ ਲਾਹਨਤ ਹੈ। ਕੁੜੀਆਂ ਮੁੰਡਿਆਂ ਦੇ ਬਰਾਬਰ ਹਨ। ਸ਼ੇਰਨੀਆਂ ਬਣਨ ਲੱਗ ਪਈਆਂ ਹਨ, ਬਣਨਗੀਆਂ। ਅਜੇ ਤਾਂ ਸ਼ੁਰੂਆਤ ਹੈ। ਜਦੋਂ ਕੁੜੀਆਂ ਸਾਈਕਲ ਚਲਾਉਣ ਲੱਗੀਆਂ ਸਨ ਅਸੀਂ ਤਾਂ ਉਦੋਂ ਹੀ ਸ਼ੇਰਨੀਆਂ ਆਖਣ ਲੱਗ ਪਏ ਸਾਂ ਹੁਣ ਤਾਂ ਗੱਲ ਜਹਾਜ਼ਾਂ ਤੋਂ ਵੀ ਅੱਗੇ ਲੰਘ ਗਈ ਹੈ। ਨਹੀਂ ਰੋਕਿਆ ਜਾ ਸਕਦਾ। ਸਭ ਕੁਝ ਚੁੱਪਚਾਪ ਨਹੀਂ ਥੋਪਿਆ ਜਾ ਸਕਦਾ। ਗੱਲਾਂ ਹੁਣ ਕਹਿਣ ਕਹਾਉਣ ਤੱਕ ਸੀਮਤ ਨਹੀਂ ਰਹੀਆਂ। ਕੁੜੀਆਂ ਦੀ ਜਦੋਜਹਿਦ ਜਾਰੀ ਹੈ। ਚਿੜੀਆਂ 'ਤੇ ਜਿੱਤ ਅਸੀਂ ਪ੍ਰਾਪਤ ਕਰ ਲਈ ਹੈ। ਚੀਂ ਚੀਂ ਬਹੁਤ ਘਟ ਗਈ ਹੈ। ਹੁਣ ਸਵੇਰ ਵੇਲੇ ਇਹ ਸਾਡੇ ਕੰਨ ਨਹੀਂ ਖਾਂਦੀਆਂ। ਟੀ. ਵੀ. ਦੀ ਸੱਜਰੀ ਸਵੇਰ ਸਾਨੂੰ ਵਧ ਮੋਹਿਤ ਕਰਨ ਲੱਗ ਪਈ ਹੈ। ਵੈਸੇ ਅੱਜ-ਕੱਲ੍ਹ ਦੇ ਨੌਜਵਾਨਾਂ ਨੂੰ ਸਵੇਰ ਦੀ ਸੈਰ ਵੇਲੇ ਚਿੜੀਆਂ ਦੀ ਚੀਂ ਚੀਂ ਦੀ ਬਜਾਏ ਮੋਬਾਇਲ ਉੱਤੇ ਰੌਕ ਜਾਂ ਪੌਪ ਸੰਗੀਤ ਸੁਣਨਾ ਵਧੇਰੇ ਚੰਗਾ ਲੱਗਦਾ ਹੈ।

ਗੱਲ ਉੱਥੇ ਈ ਲਿਆਈਏ। ਪਹਿਲਾਂ ਗਿਰਝਾਂ ਮੁਕਾਈਆਂ। ਫੇਰ ਕਾਵਾਂ ਨੂੰ ਲੇਖੇ ਲਾਇਆ। ਹੁਣ ਚਿੜੀਆਂ ਨਹੀਂ ਰਹੀਆਂ। ਕਹਿੰਦੇ ਚਿੜੀਆਂ ਦਾ ਖਾਤਮਾ ਟਾਵਰਾਂ ਦੀਆਂ ਤਰੰਗਾਂ ਨਾਲ ਹੋ ਗਿਆ। ਚਿੜੀਆਂ ਬਿਨਾ ਤਾਂ ਅਸੀਂ ਸਾਰ ਲਾਂਗੇ ਪਰ ਟਾਵਰਾਂ ਬਿਨਾ ਤਾਂ ਅਸੀਂ ਇਕ ਮਿੰਟ ਨੀ ਕੱਟਦੇ। ਚਿੜੀਆਂ ਤੋਤਿਆਂ ਦਾ ਕੀ ਐ ਫੜ ਕੇ ਦੋ ਪਿੰਜਰੇ 'ਚ ਪਾ ਕੇ ਬੰਦ ਕਰਕੇ ਰੱਖ ਲਾਂਗੇ। ਜਦੋਂ ਜੀ ਕੀਤਾ ਦੇਖ ਲਾਂਗੇ। ਜੇ ਇਹ ਵੀ ਨਾ ਮਿਲੇ ਤਾਂ ਪਲਾਸਟਿਕ ਦੇ ਤਾਂ ਕਿਧਰੇ ਗਏ ਨਹੀਂ। ਚਿੜੀ ਤੇ ਕਾਂ ਦੀ ਕਹਾਣੀ ਸੁਣਾਉਣ ਲਈ ਹੁਣ ਫੋਟੋ ਤੋਂ ਕੰਮ ਚਲਾਉਣਾ ਪਵੇਗਾ। ਜਦੋਂ ਗੱਲ ਲੋਭ ਲਾਲਚ, ਸਵਾਰਥੀਪੁਣੇ ਦੀ ਹੋਵੇ ਤਾਂ ਬੰਦੇ ਤੋਂ ਵਧ ਢੁਕਵਾਂ ਪਾਤਰ ਕਿਹੜਾ ਹੋ ਸਕਦਾ ਹੈ? ਬੰਦੇ ਦੀ ਸਾਰੀ ਉਮਰ ਲੰਘਣ ਵਾਲੀ ਹੋਵੇਗੀ ਅਜੇ ਤੱਕ ਬੰਦਾ ਨਹੀਂ ਬਣਿਆ ਤੇ ਕਾਂ ਵਿਚਾਰਾ ਉਈਂ ਬਦਨਾਮ ਕਰ ਰੱਖਿਆ।

ਦਰਖ਼ਤਾਂ ਨੂੰ ਮੁਕਾਉਣ ਦੀ ਜੰਗ ਜਾਰੀ ਹੈ। ਕਹਿੰਦੇ, ਐਵੇਂ ਖੜ੍ਹੇ ਗੰਦ ਪਾਈ ਜਾਂਦੇ ਐ। ਪੱਤੇ ਖਲਾਰੀ ਜਾਂਦੇ ਐ। ਥੋੜ੍ਹੀ ਜਹੀ ਹਵਾ ਨਾਲ ਢੇਰ ਸਾਰਾ ਖੜਕਾ। ਇਨ੍ਹਾਂ ਦੀ ਬਜਾਏ ਸਾਡੀਆਂ ਕੋਠੀਆਂ ਦੀਆਂ ਚੁਗਾਠਾਂ 'ਚ ਲੱਗੇ ਇਹ ਦਰਖ਼ਤ ਕਿੰਨੇ ਸੋਹਣੇ ਲਗਦੇ ਐ। ਰੰਗ ਬਰੰਗੇ ਸ਼ੀਸ਼ਿਆਂ 'ਚ ਇਨ੍ਹਾਂ ਦੀ ਲੱਕੜ ਕਿੰਨੀ ਫਬਦੀ ਐ। ਇਹ ਸੋਹਣਾ ਕਾਰਜ ਇਹ ਜੰਗਲਾਂ 'ਚ ਖੜ੍ਹੇ ਭਲਾ ਕਿਵੇਂ ਨਿਭਾਅ ਸਕਦੇ ਸਨ? ਰਹੀ ਗੱਲ ਚੌਗਿਰਦਾ ਤਪਸ਼ ਦੀ, ਕੂਲਰ ਹੈਗੇ। ਏ.ਸੀ. ਆਪਾਂ ਬਣਾ ਲਏ। ਹੋਰ ਵੀ ਖੋਜਾਂ ਜਾਰੀ ਨੇ। ਚਿੰਤਾ ਭਲਾ ਕਾਹਦੀ। ਜੇ ਕੁਦਰਤੀ ਨਜ਼ਾਰਿਆਂ ਬਾਰੇ ਗੱਲ ਹੋਵੇ ਤਾਂ ਕਿੱਡੀ ਗੱਲ ਐ। ਦਸ ਵੀਹ ਹਜ਼ਾਰ ਰੁਪਈਆ ਲਾਓ। ਪਹਾੜਾਂ 'ਚ ਘੁੰਮ ਫਿਰ ਆਓ। ਇਹ ਘਾਟਾ ਪੂਰਾ ਹੋਜੂਗਾ। ਮੰਡੀ ਦਾ ਦੌਰ ਐ। ਹਰੇਕ ਚੀਜ਼ ਮੁੱਲ ਵਿਕਦੀ ਐ। ਆਨੰਦ, ਸਕੂਨ, ਕੁਦਰਤ, ਖਰੀਦ ਲਓ। ਦੇਰ ਕਾਹਦੀ?

ਬੀਮਾਰੀਆਂ ਖਾਸੀਆਂ ਵਧਣਗੀਆਂ। ਦਵਾਈਆਂ ਵੀ ਓਨੀਆਂ ਹੋ ਗਈਆਂ। ਪੈਰ ਪੈਰ 'ਤੇ ਡਾਕਟਰ। ਚੱਪੇ ਚੱਪੇ 'ਤੇ ਦੁਕਾਨ। ਗਿੱਠ ਗਿੱਠ 'ਤੇ ਹਸਪਤਾਲ। ਇਕ ਵਾਰ ਡਾਕਟਰ ਕੋਲ ਪਹੁੰਚ ਕੇ ਮਰੀਜ਼ ਦੀ ਮਾਨਸਿਕਤਾ ਈ ਬਦਲ ਜਾਂਦੀ ਐ। ਅੱਧਾ ਤਾਂ ਉਈਂ ਠੀਕ ਹੋ ਜਾਂਦੈ। ਜੇ ਮਨ ਅਰੋਗ ਹੋ ਗਿਆ ਤਾਂ ਤਨ ਨੇ ਤਾਂ ਅਰੋਗ ਆਪਣੇ ਆਪ ਹੋ ਜਾਣੈ। ਨਵੀਂ ਤੋਂ ਨਵੀਂ ਬਿਮਾਰੀ ਰੋਜ਼ ਆਈ ਜਾਂਦੀ ਐ। ਕੈਂਸਰ ਪੀੜਤਾਂ ਦੀਆਂ ਰੇਲ ਗੱਡੀਆਂ ਭਰ ਕੇ ਬੀਕਾਨੇਰ ਨੂੰ ਜਾਣ ਲੱਗ ਪਈਆਂ। ਸਵਾਈਨ ਫਲੂ ਜਹਾਜ਼ਾਂ 'ਚ ਚੜ੍ਹਿਆ ਫਿਰਦੈ। ਇਹ ਵੀ ਅਜੀਬ ਕਿਸਮ ਦੀ ਦਾਸਤਾਨ ਹੈ। ਹਰ ਬੰਦਾ ਮਰੀਜ਼ ਐ। ਹਰੇਕ ਨੂੰ ਕੋਈ ਨਾ ਕੋਈ ਬੀਮਾਰੀ ਐ।

ਬੰਦੇ ਦੀਆਂ ਚਿੰਤਾਵਾਂ ਵਧ ਗਈਆਂ ਹਨ। ਹਰ ਵਕਤ ਕੋਈ ਨਾ ਕੋਈ ਚਿੰਤਾ। ਅਮਨ ਚੈਨ ਖ਼ਤਮ ਹੋ ਗਿਆ। ਆਤਮਿਕ ਸੰਤੁਸ਼ਟੀ ਅਤੇ ਆਨੰਦ ਤੋਂ ਅਸੀਂ ਵਾਂਝੇ ਹੋ ਗਏ। ਸਾਡੀ ਮਾਨਸਿਕਤਾ ਪਥਰਾ ਗਈ। ਸਾਡੀ ਸੰਵੇਦਨਸ਼ੀਲਤਾ ਖੰਭ ਲਾ ਕੇ ਉੱਡ ਗਈ। 'ਅੱਖ ਮੇਰੇ ਯਾਰ ਦੀ ਦੁਖੇ ਲਾਲੀ ਮੇਰੀਆਂ ਅੱਖਾਂ ਵਿਚ ਰੜਕੇ' ਵਰਗੀਆਂ ਭਾਵਨਾਵਾਂ ਖਤਮ ਹੋ ਗਈਆਂ। ਹੁਣ ਤਾਂ ਸੜਕ 'ਤੇ ਆਖਰੀ ਸਾਹ ਗਿਣਦੇ ਇਨਸਾਨ ਨੂੰ ਛੱਡ ਕੇ ਕੋਰਟ ਕਚਹਿਰੀ ਦੇ ਚੱਕਰਾਂ ਤੋਂ ਡਰਨ ਦੀ ਮਾਨਸਿਕਤਾ ਤਹਿਤ ਤੁਰਦੇ ਬਣਦੇ ਹਾਂ। ਜਿਹੋ ਜਿਹੇ ਆਪਾਧਾਪੀ ਵਾਲੇ ਮਹੌਲ ਵਿਚ ਅਸੀਂ ਰਹਿੰਦੇ ਹਾਂ, ਜਿੱਥੇ ਪੈਦਲ ਤੋਂ ਸਾਈਕਲ...ਸਾਈਕਲ ਤੋਂ ਸਕੂਟਰ...ਸਕੂਟਰ ਤੋਂ ਕਾਰ...ਕਾਰ ਤੋਂ ਹਵਾਈ ਜਹਾਜ਼ ਤੱਕ ਦੀ ਤੇਜ਼ੀ ਆਪਣੇ ਵਿਕਾਸ ਨਾਲ ਜੋੜੀ ਹੈ ਉੱਥੇ ਜ਼ਿਹਨੀ ਤੌਰ 'ਤੇ ਸਾਡੀ ਮਾਨਸਿਕਤਾ ਵਿਚ, ਸਾਡੇ ਰਿਸ਼ਤਿਆਂ ਨਾਤਿਆਂ ਵਿਚ ਵੀ ਤੇਜ਼ੀ ਆਉਣੀ ਲਾਜ਼ਮੀ ਸੀ। ਸੰਗਮਰਮਰੀ ਪੱਥਰ ਵੀ ਕਦੇ ਮੋਮ ਦਿਲ ਹੋਏ ਨੇ। ਕੁਦਰਤੀ ਮਾਹੌਲ ਤੋਂ ਟੁੱਟ ਕੇ...ਘਰਾਂ ਨੂੰ ਪੱਥਰਾਂ ਵਿਚ ਜੜ੍ਹ ਕੇ ਪੱਥਰ ਦਿਲ ਹੀ ਹੋਇਆ ਜਾ ਸਕਦਾ ਹੈ। ਜਦੋਂ ਸਾਰੇ ਯੰਤਰ ਅਸੀਂ ਆਟੋਮੈਟਿਕ ਵਰਤਣੇ ਹਨ ਤਾਂ ਮਨੁੱਖਤਾ ਵੀ ਆਟੋਮੈਟਿਕ ਦੇ ਪ੍ਰਭਾਵ ਹੇਠ ਈ ਚੱਲੇਗੀ। ਵਾਤਾਵਰਣ 'ਚ ਇੰਨੀ ਗਰਮੀ ਪੈਦਾ ਕਰਕੇ ਦਿਮਾਗ ਏ. ਸੀ., ਕੂਲਰਾਂ ਨਾਲ ਥੋੜ੍ਹਾ ਠੰਢਾ ਹੋਣੈ। ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ। ਜਿਹੋ ਜੇ ਕੰਮ ਕਰਾਂਗੇ ਚੰਮ ਨੂੰ ਵੀ ਉਹੋ ਜਿਹਾ ਬਣਾਉਣਾ ਪੈਣੈ। ਜਿੰਨਾ ਕੁ ਵਾਤਾਵਰਣ ਨੂੰ ਗੰਦਾ ਅਸੀਂ ਬਣਾ ਰਹੇ ਹਾਂ ਓਨਾ ਕੁ ਸੁਧਾਰਨ ਲਈ ਕਾਗਜ਼ੀ ਰੌਲਾ ਵੀ ਪਾ ਰਹੇ ਹਾਂ। ਨਾਲੇ ਜਿਹੜੀਆਂ ਮਾੜੀਆਂ ਚੰਗੀਆਂ ਅਸੀਂ ਕਰਦੇ ਆਂ ਉਹ ਸਾਡੇ 'ਤੇ ਈ ਲਾਗੂ ਹੁੰਦੀਆਂ ਨੇ। ਬਾਕੀ ਉਪਦੇਸ਼ ਤਾਂ ਦੂਜਿਆਂ ਨੂੰ ਦੇਣ ਵਾਸਤੇ ਹੁੰਦੇ ਨੇ। ਹੁਣ ਦੂਜਾ ਕੋਈ ਹੈ ਈ ਨਹੀਂ। ਅਸੀਂ ਸਾਰੇ ਆਪ ਈ ਆਂ। ਆਪ ਈ ਕਰੀ ਜਾਨੇ ਆਂ ਆਪ ਈ ਭਰੀ ਜਾਨੇ ਆਂ। ਅਸੀਂ ਤਾਂ ਸਾਰਾ ਜ਼ੋਰ ਨੱਚਣ 'ਤੇ ਲਾਇਆ ਹੋਇਆ। ਹੁਣ ਧੂੜ ਚਾਹੇ ਜਿੱਥੇ ਮਰਜ਼ੀ ਪਵੇ। ਇਹ ਚਿੰਤਕਾਂ ਦਾ ਮਸਲਾ, ਉਹ ਸੋਚਣ।

ਸਿਆਣੇ ਕਹਿੰਦੇ ਐ ਵੀ ਉੱਡਦੀ ਧੂੜ ਹਮੇਸ਼ਾ ਸਿਰ ਵਿਚ ਹੀ ਪੈਂਦੀ ਹੁੰਦੀ ਐ...।

## ਪਤੇ ਦੀ ਗੱਲ

# ਘਰ ’ਚ ਮੂਵ ਹੋਣ ਦੀ ਤਿਆਰੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪ੍ਰਿੰ. ਰਾਜ ਸਿੰਘ*

### ਮੂਵ ਹੋਣ ਤੋਂ ਦੋ ਹਫਤੇ ਪਹਿਲਾਂ

ਆਪਣੇ ਸਾਰੇ ਬੈਂਕ ਖਾਤਿਆਂ ਨੂੰ ਜਿੱਥੇ ਤੁਸੀਂ ਜਾ ਰਹੇ ਹੋ, ਟਰਾਂਸਫਰ ਕਰਵਾ ਲਉ। ਜੇ ਤੁਹਾਡੇ ਪਾਸ ਪਾਲਤੂ ਕੁੱਤਾ, ਬਿੱਲੀ ਜਾਂ ਕੋਈ ਹੋਰ ਜਾਨਵਰ ਹੈ ਤਾਂ ਤੁਸੀਂ ਇਸਨੂੰ ਨਾਲ ਲੈ ਕੇ ਜਾਣਾ ਹੈ ਤਾਂ ਆਪਣੇ ਡੰਗਰਾਂ ਦੇ ਡਾਕਟਰ ਨਾਲ ਸਲਾਹ ਮਸ਼ਵਰਾ ਕਰ ਲਉ ਤਾਂ ਜੋ ਤੁਹਾਨੂੰ ਰਸਤੇ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਆਪਣੀਆਂ ਕਾਰਾਂ ਜਾਂ ਹੋਰ ਕੋਈ ਵਹੀਕਲ ਜਿਨ੍ਹਾਂ ਦੀ ਤੁਸੀਂ ਯਾਤਰਾ ਸਮੇਂ ਵਰਤੋਂ ਕਰਨੀ ਹੈ, ਤੇਲ ਪਾਣੀ ਚੈਕ ਕਰ ਲਉ। ਵੈਸੇ ਵਧੀਆ ਗੱਲ ਤਾਂ ਇਹ ਰਹੇਗੀ ਕਿ ਐਮਰਜੈਂਸੀ ਸਰਵਿਸ ਕਰਵਾ ਲਉ। ਟਾਇਰਾਂ ਦੀ ਵੀ ਜਾਂਚ ਕਰਵਾ ਲਉ।

ਆਪਣੇ ਖਾਤਿਆਂ ਵਿਚ ਹੁਣ ਸਿੱਧੇ ਪੈਸੇ ਜਮ੍ਹਾਂ ਨਾ ਕਰਵਾਉ। ਇਸੇ ਪ੍ਰਕਾਰ ਜੇ ਤੁਹਾਡੇ ਖਾਤਿਆਂ ਵਿਚ ਕੋਈ ਆਪਣੇ ਆਪ ਆਟੋਮੈਟਿਕ ਜਾਂ ਵਾਇਰ ਰਾਹੀਂ ਪੈਸੇ ਜਮਾਂ ਹੋਣ ਦੀ ਸੰਭਾਵਨਾ ਹੈ ਤਾਂ ਹਾਲ ਦੀ ਘੜੀ ਇਨ੍ਹਾਂ ਨੂੰ ਵੀ ਮੁਲਤਵੀ ਕਰ ਦਿਉ। ਫਾਲਤੂ ਪੈਸਿਆਂ ਦਾ ਕੈਸ਼ੀਅਰ ਚੈਕ ਬਣਵਾ ਲਉ।

### ਮੂਵ ਹੋਣ ਤੋਂ ਇੱਕ ਹਫਤਾ ਪਹਿਲਾਂ

ਆਪਣੇ ਸਾਰੇ ਡਾਕਟਰੀ ਨੁਖਸਿਆਂ ਨੂੰ ਜਿੱਥੇ ਤੁਸੀਂ ਮੂਵ ਹੋ ਰਹੇ ਹੋ, ਉੱਥੋਂ ਦੀ ਫਾਰਮੇਸੀ ਵਿਚ ਟਰਾਂਸਫਰ ਕਰਵਾ ਲਉ। ਲਾਇਬਰੇਰੀ ਵਿਚੋਂ ਲਈਆਂ ਹੋਈਆਂ ਪੁਸਤਕਾਂ ਤੇ ਹੋਰ ਕਿਰਾਏ ਤੇ ਲਈਆਂ ਹੋਈਆਂ ਕੈਸਿਟਾਂ, ਵੀਡੀਉ ਟੇਪਸ ਜਾਂ ਵੀਡੀਉ ਗੇਮਾਂ ਵਾਪਿਸ ਕਰ ਦਿਉ। ਜੇ ਬੇਬੀ ਸਿਟਰ ਦੀ ਲੋੜ ਹੈ ਤਾਂ ਮੂਵ ਹੋਣ ਵਾਲੇ ਦਿਨ ਲਈ ਜਾਂ ਅਗਾਊਂ ਹਫਤੇ ਲਈ ਇਸ ਸਭ ਦੀ ਯੋਜਨਾਬੰਦੀ ਕਰ ਲਉ।

### ਮੂਵ ਹੋਣ ਤੋਂ ਤਿੰਨ ਦਿਨ ਪਹਿਲਾਂ

ਆਪਣੀਆਂ ਫਰਿਜ਼ਾਂ ਦੇ ਫਰੀਜ਼ਰਾਂ ਨੂੰ ਡੀਫਰੋਜ਼ ਕਰ ਦਿਉ। ਲੱਦਣ ਵਾਲੀਆਂ ਚੀਜ਼ਾਂ ਨੂੰ ਬਕਾਇਦਾ ਟੇਪਾਂ ਲਾਕੇ ਜਾਂ ਫਿਰ ਰੱਸੀਆਂ ਨਾਲ ਬੰਨ੍ਹ ਕੇ ਪੈਕ ਕਰ ਲਉ। ਡਲਿਵਰੀ ਵਾਲੇ ਦਿਨ ਡਰਾਈਵਰ ਨੂੰ ਪੈਸੇ ਨਕਦ, ਤਸਦੀਕਸ਼ੁਦਾ ਚੈਕ ਜਾਂ ਫਿਰ ਮਨੀਆਰਡਰ ਰਾਹੀਂ ਦੇਣੇ ਹਨ ਇਸ ਦਾ ਅਗਾਊਂ ਬੰਦੋਬਸਤ ਕਰ ਲਉ। ਹੁਣ ਆਪਣਾ ਕੀਮਤੀ ਸਾਮਾਨ ਤੇ ਕਾਨੂੰਨੀ ਦਸਤਾਵੇਜ਼ ਇੱਕ ਪਾਸੇ ਕਰ ਲਉ ਤੇ ਕਦੀ ਵੀ ਗਲਤੀ ਨਾਲ ਮੂਵ ਹੋਣ ਲਈ ਕਿਰਾਏ ਤੇ ਲਏ ਗਏ ਟਰੱਕ ਵਿਚ ਨਾ ਰੱਖੋ।

ਜਿਹੜੇ ਕੱਪੜੇ ਤੁਸੀਂ ਆਪਣੇ ਸਫ਼ਰ ਦੌਰਾਨ ਰਸਤੇ ਵਿਚ ਵਰਤਣੇ ਹਨ ਜਾਂ ਰੋਜ ਵਰਤੋਂ ਦਾ ਸਾਮਾਨ ਅਲੱਗ ਪੈਕ ਕਰਕੇ ਆਪਣੇ ਪਾਸ ਰੱਖੋ। ਰਸਤੇ ਵਿਚ ਐਮਰਜੈਂਸੀ ਲਈ ਇੱਕ ਜਾਂ ਦੋ ਸੂਟ ਜਾਂ ਵਰਦੀਆਂ ਹਮੇਸ਼ਾ ਵਾਧੂ ਰੱਖੋ। ਜਿਹੜਾ ਤੁਸੀਂ ਆਪਣੇ ਹੱਥ ਵਿਚ ਸਾਮਾਨ ਰੱਖਣਾ ਹੈ ਉਹ ਵੀ ਅਲੱਗ ਕਰਕੇ ਇੱਕ ਹੱਥ ਵਾਲੇ ਬੈਗ ਵਿਚ ਪਾ ਲਉ। ਜਿੱਥੇ ਮੂਵ ਹੋ ਰਹੇ ਹੋ ਉੱਥੋਂ ਦੀ ਲੋਕਲ ਫੂਨ ਬੁੱਕ ਦਾ ਵੀ ਪ੍ਰਬੰਧ ਕਰੋ, ਇਸ ਲੋਕਲ ਫੂਨ ਬੁੱਕ ਦੇ ਨਾਲ ਕੁਝ ਪੇਪਰ ਤੇ ਇੱਕ ਪੈੱਨ ਜਾਂ ਪੈਨਸਿਲ ਨਾਲ ਰੱਖਣ ਦੀ ਬਜਾਏ ਨੱਥੀ ਕਰ ਦਿਉ।

### ਮੂਵ ਹੋਣ ਵਾਲੇ ਦਿਨ

ਫੂਨ ਕਰਕੇ ਯਕੀਨ ਕਰ ਲਉ ਕਿ ਯਕੀਨਨ ਮੂਵਿੰਗ ਟਰੱਕ ਸਮੇਂ ਸਿਰ ਆ ਰਿਹਾ ਹੈ ਕਿ ਨਹੀਂ ਕਿਉਂਕਿ ਕਈ ਵਾਰੀ ਮੂਵਿੰਗ ਕੰਪਨੀਆਂ ਇਸ ਸਮੇਂ ਤੇ ਮਿਤੀ ਨੂੰ ਅਣਜਾਣੇ ਵਿਚ ਨਾ ਚਾਹੁੰਦੀਆਂ ਹੋਈਆਂ ਵੀ ਭੁੱਲ ਜਾਂਦੀਆਂ ਹਨ। ਟਰੱਕ ਵਿਚ ਲੱਦ ਹੋ ਰਹੀਆਂ ਆਈਟਮਾਂ ਦੀ ਇੱਕ ਬਕਾਇਦਾ ਲਿਸਟ ਬਣਾਈ ਜਾਉ। ਸਾਮਾਨ ਲੱਦਣ ਵਾਲੇ ਬਿਲ ਉੱਪਰ ਦਸਤਖਤ ਕਰਨ ਲੱਗੇ ਬਕਾਇਦਾ ਸਾਰੀਆਂ ਸ਼ਰਤਾਂ ਪੜ੍ਹ ਲਉ। ਬਿਲ ਨੂੰ ਹਮੇਸ਼ਾ ਉਨਾ ਚਿਰ ਚੁਕਦਾ ਨਾ ਕਰੋ ਜਿੰਨਾ ਚਿਰ ਤੀਕ ਤੁਹਾਡੀਆਂ ਲੱਦੀਆਂ ਹੋਈਆਂ ਪੂਰੀਆਂ ਆਈਟਮਾਂ ਸੁਰੱਖਿਅਤ ਨਹੀਂ ਪਹੁੰਚ ਜਾਂਦੀਆਂ।

ਆਪਣੇ ਪੁਰਾਣੇ ਘਰ ਵਿਚੋਂ ਪਾਣੀ ਤੇ ਬਿਜਲੀ ਦੇ ਸਾਰੇ ਪੁਆਇੰਟ ਬੰਦ ਕਰ ਦਿਉ। ਸਾਰੀਆਂ ਖਿੜਕੀਆਂ ਤੇ ਰੋਸ਼ਨਦਾਨ ਵਗੈਰਾ ਬੰਦ ਕਰ ਦਿਉ ਤੇ ਜ਼ਰੂਰੀ ਦਰਵਾਜ਼ੇ ਜਾਂ ਮੇਨ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਲਾਕ ਕਰਨਾ ਨਾ ਭੁੱਲੋ।




ਟਰੱਕ ਡਰਾਈਵਰ ਦੇ ਸੈਲ ਫੂਨ ਨੰਬਰ ਨੂੰ ਆਪਣੇ ਸੈਲ ਫੂਨ ਵਿਚ ਫੀਡ ਕਰ ਲਉ ਜਾਂ ਲਿਖ ਲਉ। ਰਸਤੇ ਵਿਚ ਪੀਣ ਲਈ ਪਾਣੀ ਜਾਂ ਕੋਲਡ ਡਰਿੰਕ ਕਾਫੀ ਮਿਕਦਾਰ ਵਿਚ ਆਪਣੀ ਕਾਰ ਵਿਚ ਰੱਖ ਲਉ। ਜੇ ਤੁਹਾਡੇ ਘਰ ਵਿਚ ਛੋਟਾ ਬੱਚਾ ਹੈ ਤਾਂ ਇਸਨੂੰ ਸਾਂਭਣ ਲਈ ਇੱਕ ਦਿਨ ਲਈ ਬੇਬੀ ਸਿਟਰ ਦਾ ਪ੍ਰਬੰਧ ਜ਼ਰੂਰ ਕਰ ਹੀ ਲਉ। ਤੁਸੀਂ ਆਪਣੇ ਬੱਚੇ ਨੂੰ ਆਪਣੇ ਭਰੋਸੇਯੋਗ ਮਿੱਤਰ ਸੱਜਣ ਜਾਂ ਫਿਰ ਰਿਸ਼ਤੇਦਾਰ ਪਾਸ ਵੀ ਛੱਡ ਸਕਦੇ ਹੋ।

ਛੇਤੀ ਟੁੱਟ ਜਾਣ ਵਾਲੀਆਂ ਜਾਂ ਫਿਰ ਨਾਜ਼ੁਕ ਆਈਟਮਾਂ ਨੂੰ ਟਰੱਕ ‘ਤੇ ਲੱਦਣ ਸਮੇਂ ਡਰਾਈਵਰ ਨੂੰ ਬਾਕਾਇਦਾ ਦੱਸ ਕੇ ਹੀ ਲੱਦੋ।

ਤਾਲਾ ਲਾਉਣ ਤੋਂ ਪਹਿਲਾਂ ਪੂਰੇ ਘਰ, ਇਕੱਲੇ ਇਕੱਲੇ ਕਮਰੇ, ਗੈਰਾਜ, ਵਿਹੜੇ ਤੇ ਬੈਕਯਾਰਡ ਨੂੰ ਇੱਕ ਵਾਰੀ ਫਿਰ ਦੁਬਾਰਾ ਚੈਕ ਕਰ ਲਉ ਕਿ ਕੋਈ ਜ਼ਰੂਰੀ ਚੀਜ਼ ਤੁਹਾਡੀ ਨਿਗਾਹ ਤੋਂ ਬਚ ਕੇ ਰਹਿ ਤਾਂ ਨਹੀਂ ਗਈ। ਜਿੰਨਾ ਚਿਰ ਤੀਕ ਮੂਵ ਹੋਣ ਵਾਲਾ ਟਰੱਕ ਡਰਾਈਵਰ ਮੂਵ ਨਹੀਂ ਹੁੰਦਾ ਉਨਾ ਚਿਰ ਤੀਕ ਤੁਸੀਂ ਵੀ ਮੂਵ ਨਾ ਹੋਵੋ ਤੇ ਹਮੇਸ਼ਾ ਉਸਨੂੰ ਤੋਰ ਕੇ ਬਾਅਦ ਵਿਚ ਹੀ ਆਪ ਰਵਾਨਾ ਹੋਵੋ।

### ਡਲਿਵਰੀ ਡੇ

ਹੱਥ ਵਾਲੇ ਬੈਗ ਵਿਚਲੀਆਂ ਜ਼ਰੂਰੀ ਆਈਟਮਾਂ ਨੂੰ ਉਨ੍ਹਾਂ ਦੀਆਂ ਬਕਾਇਦਾ ਬਣਦੀਆਂ ਥਾਵਾਂ ‘ਤੇ ਇੱਕ ਇੱਕ ਕਰਕੇ ਟਿਕਾ ਦਿਉ। ਵਰਤਣ ਵਾਲੇ ਕਾਂਟੇ, ਕਰਦਾਂ, ਕੈਂਚੀਆਂ ਤੇ ਛੁਰੀਆਂ ਆਦਿ ਨੂੰ ਇੱਕ ਪਾਸੇ ਰੱਖ ਲਉ। ਕਾਫੀ ਜਾਂ ਚਾਹ ਪੀਣ ਵਾਲੇ ਕੱਪ, ਕਾਫੀ ਜਾਂ ਚਾਹ ਬਣਾਉਣ ਦਾ ਸਾਮਾਨ ਚਾਹਦਾਨੀ ਤੇ ਪੀਣ ਵਾਲਾ ਪਾਣੀ ਤੇ ਡਰਿੰਕਸ ਵੀ ਇੱਕ ਪਾਸੇ ਹੀ ਰੱਖੋ। ਟਰੱਕ ਰਾਹੀਂ ਆਈਆਂ ਸਾਰੀਆਂ ਆਈਟਮਾਂ ਨੂੰ ਤੇ ਬਕਸਿਆਂ ਨੂੰ ਚੈਕ ਕਰ ਲਉ। ਹਮੇਸ਼ਾ ਨਵੇਂ ਤਾਲਿਆਂ ਦੀ ਵਰਤੋਂ ਕਰੋ। ਘਰ ਦੇ ਸਾਰੇ ਕੁਨੈਕਸ਼ਨ ਚੈੱਕ ਕਰ ਲਉ ਤੇ ਇਨ੍ਹਾਂ ਨੂੰ ਬਾਕਾਇਦਾ ਚਾਲੂ ਹਾਲਤ ਵਿਚ ਹੋਣ ਦਾ ਯਕੀਨ ਕਰ ਲਉ।

ਸਭ ਤੋਂ ਪਹਿਲਾਂ ਬੱਚਿਆਂ ਦੇ ਖਿਡੌਣੇ ਵਗੈਰਾ ਬਾਹਰ ਕੱਢ ਲਉ। ਇਸੇ ਤਰ੍ਹਾਂ ਰੋਜ਼ਾਨਾ ਵਰਤੋਂ ਦਾ ਗੁਸਲਖਾਨਿਆਂ ਵਿਚ ਵਰਤਿਆ ਜਾਣ ਵਾਲਾ ਸਾਰਾ ਸਾਮਾਨ ਵੀ ਬਣਦੀ ਥਾਂ ਤੇ ਰੱਖ ਲਉ।

ਟਰੱਕ ਡਰਾਈਵਰ ਨੂੰ ਵੀ ਬਿਲ ਚੁਕਾਉਣ ਤੋਂ ਪਹਿਲਾਂ ਉਸ ਨੂੰ ਚਾਹ ਜਾਂ ਕਾਫੀ ਪੇਸ਼ ਕਰਕੇ ਖਾਤਰਦਾਰੀ ਜ਼ਰੂਰ ਕਰ ਦਿਉ ਅਤੇ ਉਸਦਾ ਧੰਨਵਾਦ ਕਰਨਾ ਕਦੀ ਨਾ ਭੁੱਲੋ। ਘਰ ਦੀਆਂ ਸਾਰੀਆਂ ਤਾਕੀਆਂ ਚੌੜ ਚਪੱਟ ਖੋਲ੍ਹ ਦਿਉ ਤੇ ਅੱਧੇ ਘੰਟੇ ਲਈ ਸਾਰੇ ਮੇਨ ਦਰਵਾਜ਼ੇ ਵੀ ਖੋਲ੍ਹ ਦਿਉ ਤਾਂ ਜੋ ਘਰ ਵਿਚ ਖੁੱਲ੍ਹੀ ਤੇ ਸਾਫ ਹਵਾ ਆ ਤੇ ਜਾ ਸਕੇ। ਸਾਰੇ ਘਰ ਵਿਚ ਆਪਣੀ ਪਸੰਦ ਦੀ ਮਹਿਕਦੇ ਏਅਰ ਫਰੈਸ਼ਨਰ ਦੀ ਲੋੜ ਅਨੁਸਾਰ ਘੱਟ ਜਾਂ ਵੱਧ ਮਿਕਦਾਰ ਵਿਚ ਸਪਰੇਅ ਕਰ ਦਿਉ। ਲੋਕਲ ਫੂਨ ਬੁੱਕ, ਪੇਪਰ ਤੇ ਨੱਥੀ ਕੀਤੀ ਹੋਈ ਪੈਨਸਿਲ ਜਾਂ ਪੈਨ ਨੂੰ ਵੀ ਹੁਣ ਬਾਹਰ ਕੱਢ ਕੇ ਵਰਤਣ ਲਈ ਰੱਖ ਲਉ।

ਹੌਲੀ ਹੌਲੀ ਤੁਸੀਂ ਆਪਣਾ ਸਾਮਾਨ ਖੋਲ੍ਹ ਕੇ ਥਾਓਂ ਥਾਈਂ ਟਿਕਾਉਂਦੇ ਜਾਓਗੇ ਅਤੇ ਇਹ ਮਕਾਨ ਤੁਹਾਡਾ ਘਰ ਬਣਦਾ ਜਾਏਗਾ।

*510-452-7370*


**SUPER TRAVEL**

**847-676-9090**

*E-mail: supertravel2003@yahoo.com*

***Lowest Fares With Excellent Service***

***AMERICAN AIR,***



***JET AIRWAYS***
***DELTA, AIR INDIA,***

***For Emergency Call anytime at***

***EARLY BIRD SALE!!!!***

**India $545**

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner
**GURDIP SINGH SANDHU**
**DHMS, Hons, BAMS, MDEH, 30 Years experience**
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ


**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

***License Plates**
***IFTA *Fuel tax Return**
***DOT, ICC-MC Registration Services**
***New Mexico & Kentucky Permit**
***Corporation and LLC Formation,**
***Highway Use Tax (2290)**
***UCR Permit, Oregon Permits, CA #,**
***MCP, New York Permits etc.**



***Rajinder Singh***
**Insurance Lic No. 0G73739**

**RAM Commercial Insurance**
**High Five Plaza #204**
**19625 Harlan Rd Lathrop CA 95330**
**Exactly on I-5 and Luise Exit Opposite to Dennis Restaurant**

Financing Available For Buying Trucks

**Cell:(510) 557-6988, Ph:209-982-9996**

## ਨਵੰਬਰ 1984 ਸਿੱਖ ਨਸਲਕੁਸ਼ੀ

## ਸਿੱਖਸ ਫ਼ਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ

# ਸਿੱਖ ਕੌਮ ਨੂੰ ਅਪੀਲ

**੨੫ ਸਾਲਾਂ ਤੋਂ ਹਜ਼ਾਰਾਂ ਸਿੱਖਾਂ ਦੇ ਕਾਤਲ ਅਤੇ ਸਿੱਖ ਬੀਬੀਆਂ ਦੀ ਪਤ ਲੁੱਟਣ ਵਾਲੇ, ਸੈਂਕੜੇ ਗੁਰਦਵਾਰਿਆਂ ਤੇ ਹਜ਼ਾਰਾਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਪੱਤੀ ਕਰਣ ਵਾਲੇ**

## ਅਜੇ ਵੀ ਸ਼ਰੇ ਆਮ ਘੁਮ ਰਹੇ ਹਨ

**ਮੀਡੀਆ ਵਿੱਚ ਦਾਵਾ ਭਰਦੇ ਅਕਾਲੀ ਦਲ, ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਕੀ ਮਜ਼ਲੂਮਾਂ ਦੀ ਪੈਰਵੀ ਲਈ ਕੀ ਕਿਸੇ ਵਕੀਲਾਂ ਦੀ ਟੀਮ ਨੂੰ ਲਾਇਆ ਗਿਆ ਹੈ**

## ਨਹੀਂ

~~ਅਕਾਲੀ ਦਲ~~ ਸ਼੍ਰੋਮਣੀ ~~ਗੁਰਦਵਾਰਾ ਪ੍ਰਬੰਧਕ~~ ਕਮੇਟੀ ਦਿੱਲੀ ~~ਸਿੱਖ ਗੁਰਦਵਾਰਾ~~ ਪ੍ਰਬੰਧਕ ਕਮੇਟੀ

**ਕੀ 25 ਸਾਲਾਂ ਦੇ ਬਾਅਦ ਵੀ ਤੁਸੀ ਇਨ੍ਹਾਂ ਨੂੰ ਬਿਨਾ ਸਜ਼ਾ ਦੇ ਜਾਣ ਦਿਓਗੇ?**

## ਸਾਥ ਦੇਵੋ, ਇਨਸਾਫ਼ ਦੀ ਆਵਾਜ਼ ਬੁਲੰਦ ਕਰਨ ਲਈ

**ਸਿੱਖਸ ਫ਼ਾਰ ਜਸਟਿਸ ਨੇ 6 ਜਨਵਰੀ, 2010 ਤੋਂ ਵੱਖ ਵੱਖ ਕੋਰਟਾਂ ਵਿੱਚ ਸ਼ੁਰੂ ਹੋਣ ਵਾਲੇ ਹੇਠ ਲਿਖੇ ਮੁਕੱਦਮਿਆਂ ਵਿੱਚ ਮਜ਼ਲੂਮਾਂ ਦੀ ਪੈਰਵੀ ਲਈ ਵਕੀਲਾਂ ਦੀ ਇਕ ਟੀਮ ਕਾਇਮ ਕੀਤੀ ਹੈ**

### ਫ਼ੌਜਦਾਰੀ ਅਪੀਲ, ਦਿੱਲੀ ਹਾਈ ਕੋਰਟ

| | | | |
|---|---|---|---|
| 1. | Cr. Appeal No. 152/96 | Shambir & Others Vs. State | - 15 accused |
| 2. | Cr. Appeal No. 154/96 | Ram Ji Lal Vs. State | - 1 accused |
| 3. | Cr. Appeal No. 155/96 | Ram Wali Vs. State | - 1 accused |
| 4. | Cr. Appeal No. 156/96 | Shiv Lakhan Vs. State | - 1accused |
| 5. | Cr. Appeal No. 157/96 | Jokhu Vs. State | - 1accused |
| 6. | Cr. Appeal No. 158/96 | Uday Pal Singh Vs. State | - 1 accused |
| 7. | Cr. Appeal No. 159/96 | Ram Nath Vs. State | - 1 accused |
| 8. | Cr. Appeal No. 160/96 | Jeet Singh & Others Vs. State | - 25 accused |
| 9. | Cr. Appeal No. 162/96 | Ram Naresh & Others Vs. State | - 4 accused |
| 10. | Cr. Appeal No. 163/96 | Govind Ram & Others Vs. State | - 10 accused |
| 11. | Cr. Appeal No. 166/96 | Mangu Ram & Others Vs. State | - 8 accused |
| 12. | Cr. Appeal No. 169/96 | Bal Kishan Vs. State | - 1 accused |
| 13. | Cr. Appeal No. 170/96 | Kishan Lal & Others Vs. State | - 3 accused |
| 14. | Cr. Appeal No. 171/96 | Banwari Lal Vs. State | - 1 accused |
| 15. | Cr. Appeal No. 173/96 | Sheetal Prasad & Others Vs. State | - 11 accused |
| 16. | Cr. Appeal No. 176/96 | Ajudhia Prasad & Anr. Vs. State | - 2 accused |
| 17. | Cr. Appeal No. 180/96 | Sanju Vs. State | - 1 accused |
| 18. | Cr. Appeal No. 181/96 | Palanival Vs. State | - 1 accused |
| 19. | Cr. Appeal No. 182/96 | Brahm Singh | - 1 accused |
| 20. | Cr. Appeal No. 183/96 | Ganesh Thakur & Anr. Vs. State | - 2 accused |
| 21. | Cr. Appeal No. 189/96 | Shiv Charan & Others Vs. State | - 3 accused |
| 22. | Cr. Appeal No. 190/96 | Sundarm Vati Vs. State | - 1 accused |
| 23. | Cr. Appeal No. 191/96 | Bihari Lal Vs. State | - 1 accused |
| 24. | Cr. Appeal No. 196/96 | S. Mohan Vs. State | - 1 accused |
| 25. | Cr. Appeal No. 205/96 | Shri Chand Vs. State | - 1 accused |
| 26. | Cr. Appeal No. 221/96 | Ram Singh Vs. State | - 1 accused |
| 27. | Cr. Appeal No. 226/96 | Shri Ram Singh Vs. State | - 1 accused |
| 28. | Cr. Appeal No. 227/96 | Tihari Lal Vs. State | - 1 accused |
| 29. | Cr. Appeal No. 237/96 | Ram Kishan Vs. State | - 1 accused |
| 30. | Cr. Appeal No. 251/96 | Shabnam @ Mukri Vs. State | - 1 accused |
| 31. | Cr. Appeal No. 270/96 | Ghanshyam Vs. State | - 1 accused |

32. Criminal revision against Jagdish Singh, Sajjan Singh and Ishwar Singh in the murder case of Gurbakshish Singh s/o. Sarwan Singh Bhatia

### ਫ਼ੌਜਦਾਰੀ ਅਪੀਲ, ਭਾਰਤੀ ਸੁਪਰੀਮ ਕੋਰਟ

1. Pyare Lal and Parmanand
2. Cr. Appeal no. 291/97, Om Prakash, Ved Prakash @ Vedi and Karamat
3. Cr. Appeal no. 26/97 titled Kaushlya Devi @ Tilla Vs. State

### ਹੋਰ ਕੋਰਟਾਂ ਦੇ ਕੇਸ

Jagdish Tytler | Sajjan Kumar | Kamal Nath | Amitabh Bachchan | Balram Khoker | Cases on 70 Policemen involved

### ਆਓ ਪ੍ਰਣ ਕਰੀਏ :

- ੧੩ ਅਪ੍ਰੈਲ, ੧੯੭੮ ਤੋਂ ਅੱਜ ਤੱਕ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦੀ ਹਿਮਾਇਤ ਨਾਲ ਸਿੱਖ ਮਰਯਾਦਾ ਅਤੇ ਫਲਸਫ਼ੇ ਤੇ ਹਮਲਾ ਕਰਨ ਵਾਲਿਆਂ ਦੇ ਖਿਲਾਫ਼
- ਨਵੰਬਰ ੧੯੮੪ ਦੇ ਸਿੱਖ ਕਤਲੇਆਮ ਨੂੰ "ਨਸਲਕੁਸ਼ੀ" ਪ੍ਰਮਾਣਿਤ ਕਰਾਉਣ ਲਈ ਅਤੇ
- ੩੦,੦੦੦ ਤੋਂ ਵੱਧ ਕੀਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ
- ਖਾਲਸੇ ਦੀ ਜਨਮਭੂੰਮੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫ਼ੇ ਅਨੁਸਾਰ ਡੇਰਾਵਾਦ, ਨਸ਼ੇ, ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਤੋਂ ਦੂਰ ਹੋਕੇ ਸਿੱਖੀ ਜੀਵਣ ਦੇ ਸਿਧਾਂਤਾਂ ਨੂੰ ਅਪਨਾਉਣ ਲਈ।

### ਤੈਨਾਤ ਵਕੀਲਾਂ ਦੀ ਟੀਮ

**Gurpatwant S Pannun**
Legal Advisor
T: 718.938.7801, 510.648.9353,718.672.8000
E:gurpatwant.pannun@sikhsforjustice.org

**Prof Dr. NS Bawa**
Legal Advisor

**Navkiran Singh**
Advocate, Supreme Court of India

**Kamna Vohra**
Advocate, Supreme Court of India
T: 9810272882

**Vrinda Grover**
Advocate, Supreme Court of India

**Rebacca M John**
Advocate, Supreme Court of India

# ਇਨ੍ਹਾਂ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਆਪਣਾ ਯੋਗਦਾਨ ਪਾਓ

SUPPORTED BY

**New York:** Avtar Singh Pannu (718.207.1394), Master Mohinder Singh (646.523.5092), Himmat Singh Sarpanch (917.553.5036), Hardev Singh Padda (347.753.0506), Charanjit Singh Harnampuri (917.325.0490), Himmat Singh (646.358.7745), Harbans Singh Bharaj (516.547.8996), Bhai Sajjan Singh (718.347.5659), Bibi Balbir Kaur (917.915.7449), Joginder Singh Malhi (917.577.1365), Sulakhan Singh (917.748.2945), Pritam Singh Gilzian (917.687.3701), Kuldeep Singh Pahalwan (917.476.3474) Rajinder Singh Lalli (917.805.0202), Gurdeep Singh Narula(516.455.3253), Gurmej Singh Haryana

**New Jersey:** Barjinder Singh Brar (732.620.8112), Kewal Singh (732.921.7253), Satnam Singh Virk (732.763.1599), Sukhwinder Singh Multani (856.981.3940), Satwinder Singh Multani (609.381.2687), Dilvar Singh Sekhon

**Metropolitan Area (Washington/Maryland/Virginia):** Devinder Singh (703.505.1857), Narinder Singh (571.247.2444), Bibi Ravinder Kaur Malhi (301.854.1236), Devinder Singh Deo (703-626-2561), Sarabjit Singh Sidhu (703.266.6751), Harminder Singh (703.503.9678), Gursharan Singh Sidhu (571.278.2563), Sirmukh Singh Manku (703.250.6702), Kamal Bajwa (703.431.1414), Puranjeet Singh Bhinder (703.220.2989)

**Pennsylvania:** Dr Bakshish Singh Sandhu (215.802.1750), Onkar S. Grewal (484.529.3847), Sukhdev Singh (856.343.8285), Mukhtiar Singh (267.467.7844), Dharam Singh (484.670.1779),

**California:** Sukhwinder Singh Sidhu (408.691.6006), Harjaap Singh (510.551.4146), Daljit Singh (530.403.8363), Gurdeep Singh Nijjar (559.907.5371), Gurdeep Singh – (408.590.4204), Amrik Singh Pannu (510.799.6365) Ravinder Singh Randhawa - 510.684. 2805

SIKHS FOR JUSTICE
A HUMAN RIGHTS ADVOCACY GROUP

E : SUPPORT@SIKHSFORJUSTICE.ORG
WWW.SIKHSFORJUSTICE.ORG

ਆਨ ਮਾਨ ਤੇ ਸ਼ਾਨ ਦੀ ਪ੍ਰਤੀਕ
ਇਕ ਨਵੀਂ ਸਵੇਰ
AISSF
www.aissf.in

## ਆਓ ਇਨਸਾਫ਼ ਦੀ ਆਵਾਜ਼ ਬੁਲੰਦ ਕਰੀਏ

# Attorney at Law

## Bob Lynn Edwards, Jr.

*Free Initial Consultation*



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

www.BobEdwards.com

**Ph:510-770-0500**

3869 Peralta Boulevard,
Fremont CA 94536-3712


## Happy Birth Day to Alyssa Banga



**ਅਲੀਸਾ ਬੰਗਾ ਨੂੰ ਛੇਵਾਂ ਜਨਮ ਦਿਨ ਮੁਬਾਰਕ**

*ਵਾਹਿਗੁਰੂ ਅਲੀਸਾ ਨੂੰ ਲੰਮੀਆਂ ਉਮਰਾਂ ਬਖਸ਼ੇ*

## ਵਿਸ਼ੇਸ਼ ਸਪਲੀਮੈਂਟ

ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਵਿਗਿਆਪਕਾਂ ਨੂੰ ਨਵਾਂ ਸਾਲ ਮੁਬਾਰਕ ਅਤੇ ਦਸ਼ਮੇਸ਼ ਪਿਤਾ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ।

ਮੈਂ ਬੇਕਰਜ਼ਫੀਲਡ ਅਤੇ ਕੈਲੀਫੋਰਨੀਆ ਦੇ ਸਮੂਹ ਬਿਜਨਸਮੈਨਾਂ ਅਤੇ ਧਾਰਮਿਕ ਜਥੇਬੰਦੀਆਂ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨਵੇਂ ਵਰ੍ਹੇ ਦੇ ਸ਼ੁਭ ਅਵਸਰ ਅਤੇ



ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਪੰਜਾਬ ਟਾਈਮਜ਼ ਦੇ ਵਿਸ਼ੇਸ਼ ਸਪਲੀਮੈਂਟਾਂ ਲਈ ਭਰਪੂਰ ਸਹਿਯੋਗ ਦਿੱਤਾ। ਉਮੀਦ ਕਰਦਾ ਹਾਂ ਕਿ ਆਪ ਸਭ ਦਾ ਪਿਆਰ ਅਤੇ ਸਤਿਕਾਰ ਭਰਿਆ ਸਹਿਯੋਗ ਹਮੇਸ਼ਾ ਮਿਲਦਾ ਰਹੇਗਾ। ਇਸ਼ਤਿਹਾਰਾਂ ਅਤੇ ਖਬਰਾਂ ਲਈ ਕਿਸੇ ਵੀ ਵਿਅਕਤੀ ਜਾਂ ਸੰਸਥਾ ਵਲੋਂ ਮੇਰੇ ਨਾਲ ਹੇਠਾਂ ਦਿੱਤੇ ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮਨਦੀਪ ਮਾਨ ਫੋਨ 661-889-1927**


# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

# Fast Cargo Inc.

2330 Enterprise Park Dr., Indianapolis, IN 46218
Phone # 317-472-6420

## ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ

ਸਾਡੇ ਪਾਸ ਹੇਠ ਲਿਖੇ ਰੂਟ ਹਨ

CA to IN, OH, PA, NJ, MD, VA, TN & Back to CA
CA to OR & WA Back to CA
ਅਤੇ WA to OH and Back to WA




*ਡਿਸਪੈਚ ਸੱਤੇ ਦਿਨ 24 ਘੰਟੇ*

*ਫਿਊਲ ਅਡਵਾਂਸ*

**ਰੈਂਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ*

ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ

# G.M. Lawrence Insurance Brokerage ਅਤੇ Valley Truck Services

## ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

## ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » *New License Plates & Renewals*
- Interstate & Intrastate Permits
  - » *DOT #, MC #, CA #*
  - » *IFTA, UCR, MCP*
  - » *NM, KY, NY, OR Permits*
  - » *Highway Use Tax(2290)*
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

**ਟਰੱਕ ਇੰਸ਼ੋਰੈਂਸ ਵਾਸਤੇ**
*Daljit Singh Khehra,*
*License No: 0522491*
*Tel: 209-474-2771*
*Fax: 209-474-0215*
*Daljit@gmlawernceins.com*

**ਟਰਕਿੰਗ ਸੇਵਾਵਾਂ ਵਾਸਤੇ**
*Rajwinder Khehra and Daljit Kaur*
*Tel: 209-390-8800*
*Fax: 209-594-1380*
*Raj@valleytruckservices.com*
*www.valleytruckservices.com*




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

**2403 Gilberte Street, Tracy, CA 95304**

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

ੴ ਸਤਿਗੁਰ ਪ੍ਰਸਾਦਿ

ਭਗਤੀ ਤੇ ਸ਼ਕਤੀ ਦੇ ਮੁਜੱਸਮੇ ਦਸਮ ਪਾਤਸ਼ਾਹ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਆਗਮਨ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

## ਪ੍ਰੀਤਮ ਸਿੰਘ ਗਰੇਵਾਲ
## ਅਤੇ ਸਮੂਹ ਪਰਿਵਾਰ ਵਲੋਂ
## ਸਾਲ 2010 ਮੁਬਾਰਕ !



ਸ. ਪ੍ਰੀਤਮ ਸਿੰਘ ਗਰੇਵਾਲ (ਸੱਜੇ) ਅਤੇ ਉਨ੍ਹਾਂ ਦਾ ਬੇਟਾ ਦੇਵ ਗਰੇਵਾਲ

ਪ੍ਰੀਤਮ ਸਿੰਘ ਗਰੇਵਾਲ

**Grewal Enterprises, San Jose, CA, Ph: 408-406-0703**

ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਲੋਕਾਈ ਨੂੰ ਨਵੇਂ ਵਰ੍ਹੇ ਦੇ ਆਮਦ ਦੀ ਖੁਸ਼ੀ ਵਿੱਚ ਢੇਰ ਸਾਰੀਆਂ ਮੁਬਾਰਕਾਂ

FARMERS INSURANCE GROUP
Symbol of Superior Service

FARMERS®

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੇ ਕੈਲੇਫੋਰਨੀਆ
ਵਿੱਚ ਸਭ ਤੋਂ ਸਸਤੇ ਰੇਟਾਂ ਤੇ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ
ਦੀ ਇੰਸ਼ੋਰੈਂਸ ਸਭ ਤੋਂ ਸਸਤੀਆਂ ਦਰ੍ਹਾਂ ਤੇ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ




*Jagdeep Singh*

Ph : 559.277.5580
916.337.1683
Fax : (888) 227-6988

CA Lic #0E42884

4491 W. Shaw Ave. #300A Fresno CA 93722


ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ
ਨਵੇਂ ਸਾਲ ਦੀ ਲੱਖ ਲੱਖ ਵਧਾਈ
ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ
ਤੁਹਾਡੇ ਸਾਰਿਆਂ ਲਈ ਢੇਰ ਸਾਰੀਆਂ
ਖੁਸ਼ੀਆਂ ਖੇੜੇ ਲੈ ਕੇ ਆਵੇ
SIKH TEMPLE
ਵਲੋਂ ਗੁਰਦੁਆਰਾ ਸਾਹਿਬ ਵਿਲਸਨ ਰੋਡ
ਜਿਥੇ ਸੰਗਤ ਹੀ ਸੁਪਰੀਮ ਹੈ
2400 South P Street Bakersfield, CA 93304-5227
661.397.8651


ਬਨ ਕੇ ਫਨਹੂਸ ਜਿਸਕੀ ਹਿਫਾਜ਼ਤ ਖੁਦ ਖੁਦਾ ਕਰੇ,
ਵਹੁ ਸ਼ਮਾ ਕਿਆ ਬੁਝੇ ਜਿਸੇ ਰੌਸ਼ਨ ਖੁਦ ਖੁਦਾ ਕਰੇ
ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ
ਨਵੇਂ ਸਾਲ ਦੀ ਲੱਖ ਲੱਖ ਵਧਾਈ
ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ
ਤੁਹਾਡੇ ਸਾਰਿਆਂ ਲਈ ਢੇਰ ਸਾਰੀਆਂ
ਖੁਸ਼ੀਆਂ ਖੇੜੇ ਲੈ ਕੇ ਆਵੇ
"THANK YOU FOR YOUR BUSINESS"
ISHAAN GILL
GILL EXPRESS
DILRAJ GILL
WASH LUBE & REPAIR
CALIFORNIA
BAKERSFIELD
FRESNO
MADERA
RIPON
WESTLEY
OKLAHOMA
OKLAHOMA CITY
PAUL'S VALLEY
TULSA
MISSISSIPPI
JACKSON
Call Gill 661-301-8978
DESIGNED BY

ਅਟਵਾਲ ਪਰਿਵਾਰ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤ ਨੂੰ ਨਵੇਂ ਸਾਲ ਦੀ ਖੁਸ਼ੀ ਵਿੱਚ ਬਹੁਤ ਬਹੁਤ ਮੁਬਾਰਕਾਂ

atwal electric co.

æ

ELECTRICAL CONTRACTOR
State of California
Contractors License #849761

ਅਸੀਂ ਹਰ ਤਰਾਂ ਦੇ ਕੰਮ ਨੂੰ ਤਸੱਲੀਬਖਸ਼ ਅਤੇ ਵਾਜਬ ਰੇਟਾਂ ਤੇ ਕਰਦੇ ਹਾਂ

If It's Electric
We Will Fix It !


Davinder Athwal, M.E.
*Electrical General Contractor*

**Tel : 209-522-1637**
**San Jose : 408-514-9000**
**Sacramento : 916-476-9309**
Email: athwalelectric@yahoo.com
www.valleyelectricsaver.com

**2033 Yosemite Blvd. Modesto, CA 95354**


ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸਾਧ ਸੰਗਤ ਨੂੰ
ਨਵੇਂ ਵਰ੍ਹੇ ਤੇ ਬਹੁਤ ਬਹੁਤ ਵਧਾਈ ਹੋਵੇ ਜੀ
ਵਲੋਂ
ਹਰਦਮ ਔਲਖ ਅਤੇ ਸਮੂਹ ਪਰਿਵਾਰ
Hardam Aulakh
ਸਾਨੂੰ ਓਨਰ ਆਪਰੇਟਰਾਂ ਦੀ ਲੋੜ ਹੈ
PAY WEEKLY
L&R TRUCK LINE
6802 Grasstknob St. Bakersfield CA 93313
(C):661.496.2536 (O):661.663.3338


ਨਵੇਂ ਵਰ੍ਹੇ ਦੇ ਸ਼ੁੱਭ ਅਵਸਰ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈ ਹੋਵੇ
LOS AMIGOS LIQUOR
350 Central Ave
Shafter CA
661.746.4584
DOLLAR FOR LESS
252 Central Ave
Shafter CA
661.746.6393
Bharpur Brar Babbu Brar
661.910.3677 661.330.1921


ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸੰਗਤਾਂ ਨੂੰ
ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ
CENTER POINT
Accounting
ਅਸੀਂ ਪੇ ਰੋਲ,
ਬਿਜ਼ਨਸ ਅਕਾਊਂਟਿੰਗ,
ਤੁਹਾਡੇ ਖੁਦ ਲਈ ਅਤੇ
ਤੁਹਾਡੇ ਬਿਜ਼ਨਸ ਦੇ ਲਈ ਟੈਕਸ
ਸਰਵਿਸ ਦੀ ਸੇਵਾ ਵੀ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਨੋਟਰੀ ਪਬਲਿਕ ਦਾ ਕੰਮ ਵੀ ਕਰਦੇ ਹਾਂ
300 Harding Blvd, Suite 203E, Roseville CA 95678
Ph : 916-746-9653
Fax : 916-786-3223
DESIGNED BY

ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਲੋਕਾਈ ਨੂੰ ਨਵੇਂ ਵਰ੍ਹੇ ਦੀ ਆਮਦ 'ਤੇ ਢੇਰ ਸਾਰੀਆਂ ਮੁਬਾਰਕਾਂ




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

## ਅਤੇ ਲਾਈਫ ਇੰਸ਼ੋਰੈਂਸ

ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

# ਮੇਜਰ ਸਿੰਘ ਚੌਹਾਨ

**Sacramento Office**
120 Hoxsie Ct.
Folsom CA 95630

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Cell: 916-337-1683**
**Off : 916-983-4890**
**Off : 510-624-4190**
**Fax : 916-984-0110**

**Major Singh Chauhan**
**AGENT**
CA Ins. Lic #0D36632
New York Life Insurance Company

**mc101048@gmail.com**

THE COMPANY YOU KEEP

# ਪੰਜਾਬ ਵਕਫ ਬੋਰਡ ਦੀਆਂ ਜਾਇਦਾਦਾਂ ਤੇ ਵਿਆਪਕ ਕਬਜ਼ੇ ਹੋਏ

**ਮਾਲੇਰਕੋਟਲਾ :** 1947 ਵਿਚ ਦੇਸ਼ ਦੀ ਵੰਡ ਸਮੇਂ ਵੱਡੀ ਗਿਣਤੀ 'ਚ ਇਸ ਦੇਸ਼ ਵਿਚ ਮੁਸਲਮਾਨ ਹਿਜਰਤ ਕਰ ਕੇ ਪਾਕਿਸਤਾਨ ਚਲੇ ਗਏ ਤੇ ਉਹ ਆਪਣੀਆਂ ਅਤੇ ਧਾਰਮਿਕ ਸਾਰੀਆਂ ਜਾਇਦਾਦਾਂ ਵੀ ਛੱਡ ਗਏ, ਜਿਨ੍ਹਾਂ 'ਤੇ ਬਾਅਦ ਵਿਚ ਨਜਾਇਜ਼ ਕਬਜ਼ੇ ਕਰ ਲਏ ਗਏ। ਇਸ ਨੂੰ ਵੇਖਦਿਆਂ ਕੇਂਦਰੀ ਸਰਕਾਰ ਨੇ 1954 ਵਿਚ ਇਕ ਵਕਫ ਐਕਟ ਪਾਸ ਕੀਤਾ ਤੇ ਭਾਰਤ ਦੀਆਂ ਸਾਰੀਆਂ ਹੀ ਸੂਬਾ ਪੱਧਰੀ ਸਰਕਾਰਾਂ ਨੂੰ ਇਹ ਆਖਿਆ ਕਿ ਵਕਫ ਬੋਰਡ ਨੂੰ ਗਠਨ ਵਿਚ ਲਿਆ ਕੇ ਮੁਸਲਮਾਨਾਂ ਦੀਆਂ ਸਾਰੀਆਂ ਹੀ ਧਾਰਮਿਕ ਜਾਇਦਾਦਾਂ ਨੂੰ ਆਪਣੇ ਕਬਜ਼ੇ 'ਚ ਲੈ ਲਵੇ। 1960 ਵਿਚ ਪੰਜਾਬ ਵਕਫ ਬੋਰਡ ਦੀ ਸਥਾਪਨਾ ਹੋਈ ਅਤੇ ਵਕਫ ਜਾਇਦਾਦਾਂ ਦਾ ਨਵੇਂ ਸਿਰੇ ਤੋਂ ਸਰਵੇ ਕਰਵਾਉਣ ਲਈ ਇਕ ਕਮਿਸ਼ਨ ਵੀ ਬਣਾਇਆ ਗਿਆ। ਜਿਸ ਕਮਿਸ਼ਨ ਨੇ 1960 ਅਤੇ 1970 ਦੇ ਦਹਾਕੇ ਵਿਚ ਸਾਰੀਆਂ ਹੀ ਵਕਫ ਜਾਇਦਾਦਾਂ ਦਾ ਸਰਵੇ ਕਰ ਕੇ ਬੋਰਡ ਦੇ ਕਬਜ਼ੇ ਵਿਚ ਦੇ ਦਿਤਾ। ਉਸ ਸਮੇਂ ਪੰਜਾਬ, ਹਰਿਆਣਾ ਹਿਮਾਚਲ ਅਤੇ ਚੰਡੀਗੜ੍ਹ ਦਾ ਸਾਂਝਾ ਬੋਰਡ ਬਣਿਆ ਸੀ ਅਤੇ ਕੇਂਦਰ ਸਰਕਾਰ ਅਧੀਨ ਕੰਮ ਕਰਦਾ ਸੀ। ਕਿਸੇ ਵੇਲੇ ਇਹ ਬੋਰਡ ਦੇਸ਼ ਦਾ ਸਭ ਤੋਂ ਅਮੀਰ ਬੋਰਡ ਸੀ। ਇਸ ਤੋਂ ਬਾਅਦ ਵੱਖ-ਵੱਖ ਲੋਕਾਂ ਦੀ ਮੰਗ 'ਤੇ ਕੇਂਦਰ ਸਰਕਾਰ ਨੇ ਸਾਂਝੇ ਬੋਰਡ ਨੂੰ 2003 ਵਿਚ ਵੱਖ-ਵੱਖ ਕਰਦਿਆਂ ਹਰਿਆਣਾ, ਹਿਮਾਚਲ, ਪੰਜਾਬ ਅਤੇ ਚੰਡੀਗੜ੍ਹ ਬੋਰਡ ਨੂੰ ਅਲੱਗ-ਅਲੱਗ ਕਰ ਕੇ ਇਸ ਦਾ ਬਟਵਾਰਾ ਕਰ ਦਿਤਾ। ਇਸ ਬਟਵਾਰੇ ਨੂੰ ਲੈ ਕੇ ਲੋਕ ਬੜੇ ਪਛਤਾ ਰਹੇ ਹਨ ਕਿਉਂਕਿ ਵੰਡ ਤੋਂ ਬਾਅਦ ਪੰਜਾਬ ਵਕਫ ਬੋਰਡ ਦੇ ਮਾਮਲਿਆਂ ਦੇ ਵਿਚ ਰਾਜ ਸਰਕਾਰਾਂ ਦੀ ਸਿੱਧੀ ਦਖਲਅੰਦਾਜ਼ੀ ਹੋਣ ਲੱਗ ਪਈ ਹੈ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਵਕਫ ਬੋਰਡ ਨੂੰ ਨਵੇਂ ਸਿਰੇ ਤੋਂ 11 ਮੈਂਬਰਾਂ 'ਤੇ ਅਧਾਰਤ ਇਕ ਬੋਰਡ ਬਣਾਇਆ ਹੈ ਜਿਸ ਦੇ ਚੇਅਰਮੈਨ ਲਈ 4 ਜਨਵਰੀ ਦੀ ਤਰੀਕ ਤੈਅ ਹੋਈ ਹੈ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵਕਫ ਜਾਇਦਾਦਾਂ ਦਾ ਲਾਅ ਕਮਿਸ਼ਨ ਦੀ ਸਿਫਾਰਸ਼ 'ਤੇ ਸਰਵੇ ਕਰਾਉਣ ਲਈ ਇਕ ਕਮਿਸ਼ਨ ਗਠਿਤ ਕੀਤਾ ਹੈ ਜਿਹੜਾ ਵਕਫ ਜਾਇਦਾਦਾਂ ਦਾ ਮੁੜ ਨਵੇਂ ਸਿਰਿਓਂ ਸਰਵੇ ਕਰੇਗਾ ਅਤੇ ਇਹ ਤੈਅ ਕਰੇਗਾ ਕਿ ਕਿਹੜੀਆਂ-ਕਿਹੜੀਆਂ ਜਾਇਦਾਦਾਂ ਵਕਫ ਹਨ। ਇਥੇ ਇਹ ਗੱਲ ਅਹਿਮ ਹੈ ਕਿ ਇਸ ਸਮੇਂ ਬੋਰਡ ਦੀਆਂ ਹਜ਼ਾਰਾਂ ਜਾਇਦਾਦਾਂ 'ਤੇ ਸਰਕਾਰੀ ਅਤੇ ਗੈਰ ਸਰਕਾਰੀ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਜਿਨ੍ਹਾਂ ਦੀ ਕੀਮਤ ਕਰੋੜਾਂ-ਅਰਬਾਂ ਰੁਪਏ ਤੋਂ ਵੀ ਵਧ ਹੈ। ਪੰਜਾਬ ਦੇ ਮੁਸਲਮਾਨਾਂ ਵਿਚ ਬਣਾਏ ਗਏ ਇਸ ਕਮਿਸ਼ਨ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਾਰੀ ਸਥਿਤੀ ਨੂੰ ਲੈ ਕੇ ਪੰਜਾਬ ਦੇ ਮੁਸਲਮਾਨਾਂ ਨੇ ਜ਼ੋਰਦਾਰ ਪ੍ਰਤੀਕਰਮ ਪ੍ਰਗਟ ਕੀਤੇ ਹਨ।

ਆਲ ਇੰਡੀਆ ਮੁਸਲਿਮ ਮਜਲਿਸੇ ਮੁਸ਼ਾਵਰਤ ਪੰਜਾਬ ਦੇ ਪ੍ਰਧਾਨ ਅਜਮਤ ਅਲੀ ਖਾਂ ਨੇ ਵਕਫ ਬੋਰਡ ਦੀ ਮੌਜੂਦਾ ਸਥਿਤੀ ਅਤੇ ਪੰਜਾਬ ਸਰਕਾਰ ਦੇ ਰੋਲ ਦੇ ਸੰਬੰਧ ਵਿਚ ਕਿਹਾ ਕਿ ਪੰਜਾਬ ਵਿਚ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਹੈ ਅਤੇ ਭਾਜਪਾ ਸ਼ੁਰੂ ਤੋਂ ਹੀ ਮੁਸਲਮਾਨਾਂ ਦੇ ਖਿਲਾਫ ਰਹੀ ਹੈ। ਭਾਜਪਾ ਦੇ ਸਿਆਸੀ ਏਜੰਡੇ ਮੁਤਾਬਕ ਪੰਜਾਬ ਵਕਫ ਬੋਰਡ ਤੇ ਸਰਕਾਰ ਵਲੋਂ ਪਾਬੰਦੀਆਂ ਲਾ ਕੇ ਅਤੇ ਸਿਆਸੀ ਦਖਲਅੰਦਾਜ਼ੀ ਨਾਲ ਇਸ ਦਾ ਭਾਰੀ ਨੁਕਸਾਨ ਹੋ ਚੁੱਕਿਆ ਹੈ ਜਿਸ ਦੀ ਭਰਪਾਈ ਮੁਸ਼ਕਲ ਹੈ। ਸਰਕਾਰ ਵਲੋਂ ਵਕਫ ਬੋਰਡ ਦੀਆਂ ਜਾਇਦਾਦਾਂ ਦਾ ਨਵੇਂ ਸਿਰੇ ਤੋਂ ਸਰਵੇ ਕਰਵਾਉਣ ਲਈ ਕਮਿਸ਼ਨ ਬਨਾਉਣਾ ਸਰਕਾਰ ਦੀ ਗਲਤ ਨੀਤੀ ਜ਼ਾਹਿਰ ਹੁੰਦੀ ਹੈ।

ਪੰਜਾਬ ਪ੍ਰਦੇਸ਼ ਘੱਟ ਗਿਣਤੀ ਸੈੱਲ ਦੇ ਚੇਅਰਮੈਨ ਅਤੀਕੁਰ ਰਹਿਮਾਨ ਲੁਧਿਆਣਵੀ ਨੇ ਬਣਾਏ ਗਏ ਨਵੇਂ ਸਰਵੇ ਕਮਿਸ਼ਨ 'ਤੇ ਵੀ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਇਸ ਦੇ ਪਿੱਛੇ ਭਾਜਪਾ ਅਤੇ ਅਕਾਲੀ ਦਲ ਦੇ ਲਾਲਚੀ ਲੀਡਰਾਂ ਦੀ ਸੋਚ ਕੰਮ ਕਰ ਰਹੀ ਹੈ ਜਿਹੜੇ ਕਿ ਮੁਸਲਮਾਨਾਂ ਦੀਆਂ ਵਕਫ ਜਾਇਦਾਦਾਂ ਨੂੰ ਖਤਮ ਕਰਨ 'ਤੇ ਤੁਲੇ ਹੋਏ ਹਨ।

ਮੁਸਲਿਮ ਵੈਲਫੇਅਰ ਐਕਸ਼ਨ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਐਡਵੋਕੇਟ ਮੁਹੰਮਦ ਅਯਾਜ਼ ਨੇ ਵਕਫ ਬੋਰਡ ਦੀ ਮੌਜੂਦਾ ਸਥਿਤੀ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਮੁਸਲਮਾਨਾਂ ਦੇ ਮਸਲਿਆਂ ਬਾਰੇ ਕਦੀ ਵੀ ਸੰਜੀਦਾ ਨਹੀਂ ਸੀ। ਜਦੋਂ ਤੋਂ ਇਹ ਸਰਕਾਰ ਬਣੀ ਹੈ ਮੁਸਲਮਾਨਾਂ ਨੂੰ ਕੁਝ ਵੀ ਨਹੀਂ ਦਿਤਾ ਗਿਆ। ਉਲਟਾ ਮੁਸਲਮਾਨਾਂ ਦੇ ਇਕੋ ਇਕ ਅਦਾਰੇ ਵਕਫ ਬੋਰਡ ਅਤੇ ਉਸਦੇ ਸਿਸਟਮ ਨੂੰ ਵੀ ਤਹਿਸ-ਨਹਿਸ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਐਡਵੋਕੇਟ ਨੇ ਅੱਗੇ ਕਿਹਾ ਕਿ ਵਕਫ ਬੋਰਡ ਦੀ ਆਮਦਨ ਦਾ ਇਕੋ ਇਕ ਜ਼ਰੀਆ ਵਕਫ ਜਾਇਦਾਦਾਂ ਹਨ ਉਨ੍ਹਾਂ ਉਪਰ ਵੀ ਇਨ੍ਹਾਂ ਲਾਲਚੀ ਲੀਡਰਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਅਲ ਕੁਰਆਨ ਸੁਸਾਇਟੀ ਪੰਜਾਬ ਦੇ ਜਨਰਲ ਸਕੱਤਰ ਹਾਫਿਜ਼ ਮੁਹੰਮਦ ਬਿਲਾਲ ਤਾਹਿਰ ਨੇ ਕਿਹਾ ਕਿ ਵਕਫ ਬੋਰਡ ਦੇ ਵਿਚ ਸਿਆਸੀ ਦਖਲਅੰਦਾਜ਼ੀ ਨੇ ਵਕਫ ਬੋਰਡ ਨੂੰ ਬਰਬਾਦ ਕਰ ਦਿੱਤਾ ਹੈ। ਸਹੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੀ ਇਸ ਅਦਾਰੇ ਨੂੰ ਬਰਬਾਦ ਹੀ ਦੇਖਣਾ ਚਾਹੁੰਦੀ ਹੈ।

ਪ੍ਰਸਿੱਧ ਲੇਖਕ ਆਰਿਫ ਹਲੀਮ ਨੇ ਇਸ ਮੁਸਲੇ 'ਤੇ ਕਿਹਾ ਕਿ ਅਕਾਲੀ ਸਰਕਾਰ ਜਦੋਂ ਤੋਂ ਹੋਂਦ ਵਿਚ ਆਈ ਹੈ ਉਦੋਂ ਤੋਂ ਹੀ ਮੁਸਲਮਾਨਾਂ ਦੇ ਸਮਾਜੀ, ਧਾਰਮਿਕ ਖਾਸ ਤੌਰ 'ਤੇ ਪੰਜਾਬ ਵਕਫ ਬੋਰਡ ਪ੍ਰਤੀ ਸਰਕਾਰ ਦੀ ਬੇਰੁਖੀ ਦੇਖਣ ਵਿਚ ਆਈ ਹੈ। ਬੋਰਡ ਦੇ ਸਾਰੇ ਹੀ ਅਫਸਰ ਅਤੇ ਪੂਰਾ ਅਮਲਾ ਜਿਵੇਂ ਸਿਆਸੀ ਹੋ ਕੇ ਰਹਿ ਗਿਆ ਹੈ। ਸਰਕਾਰ ਵਲੋਂ ਬਣਾਇਆ ਗਿਆ ਸਰਵੇ ਕਮਿਸ਼ਨ ਮੈਂ ਸਮਝਦਾ ਹਾਂ ਕਿ ਵਕਫ ਜਾਇਦਾਦਾਂ ਨੂੰ ਹੜੱਪ ਕਰਨ ਲਈ ਇਕ ਰਸਤਾ ਹੈ। ਆਲ ਇੰਡੀਆ ਪਠਾਨ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਮੁਬੱਸਰ ਅਲੀ ਖਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਸਲਮਾਨਾਂ ਦੇ ਜਜ਼ਬਾਤ ਨੂੰ ਇਕ ਪਾਸੇ ਰੱਖਦੇ ਹੋਏ ਸਰਵੇ ਕਮਿਸ਼ਨ ਬਣਾ ਕੇ ਪਿੱਠ ਵਿਚ ਛੁਰਾ ਮਾਰਿਆ ਹੈ। ਲੱਗਦਾ ਇੰਝ ਹੈ ਕਿ ਸਰਕਾਰ ਨੇ ਬੋਰਡ ਨੂੰ ਖਤਮ ਕਰਨ ਦਾ ਮਨ ਬਣਾ ਲਿਆ ਹੈ। ਉਨ੍ਹਾਂ ਤਿੱਖੇ ਲਹਿਜ਼ੇ ਵਿਚ ਕਿਹਾ ਕਿ ਜੇਕਰ ਹਾਲਤ ਇਹ ਹੀ ਰਹੀ ਤਾਂ ਅਸੀਂ ਇਨਸਾਫ ਲੈਣ ਲਈ ਅਦਾਲਤ ਦੇ ਬੂਹੇ ਜਾਵਾਂਗੇ।

ਮਿੱਲੀ ਕੌਂਸਲ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਮੁਹੰਮਦ ਇਰਫਾਨ ਨੇ ਕਿਹਾ ਕਿ ਪੰਜਾਬ ਵਕਫ ਬੋਰਡ ਮੁਸਲਮਾਨਾਂ ਦਾ ਇਕ ਧਾਰਮਿਕ ਅਦਾਰਾ ਹੈ ਪਰ ਵਕਤ ਦੀਆਂ ਸਰਕਾਰਾਂ ਦੀ ਦਖਲ ਅੰਦਾਜ਼ੀ ਕਾਰਨ ਇਹ ਅਦਾਰਾ ਵੀ ਹੁਣ ਸਿਆਸੀ ਹੋ ਕੇ ਰਹਿ ਗਿਆ ਹੈ। ਇਸ ਅਦਾਰੇ ਨੂੰ ਬਜਾਏ ਇਸਦੇ ਖੁਦ ਮੁਖਤਿਆਰ ਬਣਾਇਆ ਜਾਂਦਾ ਸਰਕਾਰਾਂ ਨੇ ਆਪਣੀ ਦਖਲਅੰਦਾਜ਼ੀ ਕਰ ਕੇ ਸਿਆਸਤ ਦਾ ਅਖਾੜਾ ਬਣਾ ਦਿਤਾ ਹੈ।

# ਸੈਕਸ ਸਕੈਂਡਲ 'ਚ ਫਸੇ ਤਿਵਾੜੀ ਵਲੋਂ ਅਸਤੀਫ਼ਾ



**ਨਵੀਂ ਦਿੱਲੀ:** ਸੈਕਸ ਸਕੈਂਡਲ 'ਚ ਘਿਰੇ ਆਂਧਰਾ ਪ੍ਰਦੇਸ਼ ਦੇ ਰਾਜਪਾਲ ਐਨ ਡੀ ਤਿਵਾੜੀ ਦਾ ਅਸਤੀਫ਼ਾ ਰਾਸ਼ਟਰਪਤੀ ਨੇ ਮਨਜ਼ੂਰ ਕਰ ਲਿਆ ਹੈ। ਇਸੇ ਦੌਰਾਨ ਛੱਤੀਸਗੜ੍ਹ ਦੇ ਰਾਜਪਾਲ ਈ ਐਸ ਐਲ ਨਰਸਿੰਘ ਨੂੰ ਅਗਲੀ ਵਿਵਸਥਾ ਹੋਣ ਤੱਕ ਆਂਧਰਾ ਪ੍ਰਦੇਸ਼ ਦਾ ਵਾਧੂ ਕਾਰਜ ਭਾਰ ਸੌਂਪਿਆ ਗਿਆ ਹੈ। ਰਾਸ਼ਟਰਪਤੀ ਭਵਨ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਲੰਘੀ 27 ਦਸੰਬਰ ਨੂੰ ਦੇਰ ਰਾਤ ਹੀ ਸੂਬਾ ਸਰਕਾਰ ਨੇ ਰਾਜਪਾਲ ਦਾ ਅਸਤੀਫ਼ਾ ਉਨ੍ਹਾਂ ਨੂੰ ਭੇਜ ਦਿੱਤਾ ਸੀ, ਜਿਸ 'ਤੇ ਵਿਚਾਰ ਕੀਤਾ ਗਿਆ।

ਦੱਸਣਾ ਬਣਦਾ ਹੈ ਕਿ ਇਕ ਟੀ ਵੀ ਚੈਨਲ ਵਲੋਂ ਬੀਤੇ ਸ਼ੁਕਰਵਾਰ ਇਕ ਸਟਿੰਗ ਅਪਰੇਸ਼ਨ 'ਚ ਸ੍ਰੀ ਤਿਵਾੜੀ ਨੂੰ ਤਿੰਨ ਔਰਤਾਂ ਨਾਲ ਇਤਰਾਜ਼ਯੋਗ ਹਾਲਤ 'ਚ ਵਿਖਾਇਆ ਗਿਆ ਸੀ। ਇਸ ਤੋਂ ਬਾਅਦ ਭਾਵੇਂ ਤਿਵਾੜੀ ਨੇ ਹਾਈਕੋਰਟ ਤੱਕ ਪਹੁੰਚ ਕਰਕੇ ਇਹ ਰਿਪੋਰਟ ਟੀ ਵੀ 'ਤੇ ਆਉਣ ਤੋਂ ਰੁਕਵਾ ਦਿੱਤੀ ਸੀ, ਪਰ ਵੱਖ-ਵੱਖ ਔਰਤ ਜਥੇਬੰਦੀਆਂ ਨੇ ਰੋਸ ਪ੍ਰਗਟਾਉਂਦਿਆਂ ਰਾਜਪਾਲ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਹਾਲਾਤ ਨੂੰ ਗੰਭੀਰ ਹੁੰਦਿਆਂ ਵੇਖ ਕਾਂਗਰਸ ਹਾਈ ਕਮਾਨ ਵਲੋਂ ਸੰਕੇਤ ਦਿਤੇ ਜਾਣ 'ਤੇ ਰਾਜਪਾਲ ਨੇ ਖ਼ੁਦ ਹੀ ਸਿਹਤ ਠੀਕ ਨਾ ਰਹਿਣ ਦਾ ਹਵਾਲਾ ਦਿੰਦਿਆਂ ਅਸਤੀਫ਼ਾ ਦੇ ਦਿੱਤਾ, ਜੋ ਕਿ ਰਾਸ਼ਟਰਪਤੀ ਨੇ ਤੁਰੰਤ ਮਨਜ਼ੂਰ ਕਰ ਲਿਆ।

ਜ਼ਿਕਰਯੋਗ ਹੈ ਕਿ ਚੈਨਲ ਨੇ ਆਪਣੀ ਰਿਪੋਰਟ 'ਚ ਖ਼ੁਲਾਸਾ ਕੀਤਾ ਸੀ ਕਿ ਤਿਵਾੜੀ ਦੇ ਇਕ ਨਜ਼ਦੀਕੀ ਨੇ ਉਤਰਾਖੰਡ ਦੀ ਰਾਧਿਕਾ ਨਾਂ ਦੀ ਔਰਤ ਨੂੰ ਉਨ੍ਹਾਂ ਕੋਲ ਭੇਜਿਆ ਸੀ। ਨਿੱਜੀ ਨਿਊਜ਼ ਚੈਨਲ ਵਲੋਂ ਆਂਧਰਾ ਪ੍ਰਦੇਸ਼ ਦੇ ਰਾਜਪਾਲ ਤੇ ਸਾਬਕਾ ਕਾਂਗਰਸੀ ਆਗੂ ਐਨ ਡੀ ਤਿਵਾੜੀ ਨੂੰ ਤਿੰਨ ਔਰਤਾਂ ਨਾਲ ਇਤਰਾਜ਼ਯੋਗ ਹਾਲਤ 'ਚ ਦਿਖਾਇਆ ਗਿਆ। ਵਖਰੇ ਤਿਲੰਗਾਨਾ ਨੂੰ ਲੈ ਕੇ ਆਂਧਰਾ ਪ੍ਰਦੇਸ਼ 'ਚ ਚੱਲ ਰਿਹਾ ਸਿਆਸੀ ਤੂਫ਼ਾਨ ਅਜੇ ਰੁਕਿਆ ਨਹੀਂ ਸੀ ਕਿ ਇਕ ਹੋਰ ਵੱਡੀ ਖ਼ਬਰ ਨੇ ਕਾਂਗਰਸ ਲਈ ਸੂਬੇ 'ਚ ਨਵੀਂ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ।

ਨਿਊਜ਼ ਚੈਨਲ ਦੀ ਇਹ ਰਿਪੋਰਟ ਇਹ ਕਰੀਬ ਅੱਧਾ ਘੰਟਾ ਚੈਨਲ 'ਤੇ ਚੱਲੀ। ਇਸ ਤੋਂ ਬਾਅਦ ਸ੍ਰੀ ਤਿਵਾੜੀ ਨੇ ਹਾਈ ਕੋਰਟ ਤੋਂ ਇਹ ਰਿਪੋਰਟ ਵਿਖਾਉਣ 'ਤੇ ਸਟੇਅ ਲੈ ਲਿਆ ਸੀ। ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਹੀ ਚੈਨਲ ਨੇ ਇਹ ਰਿਪੋਰਟ ਪੇਸ਼ ਕਰਨੀ ਬੰਦ ਕੀਤੀ।

ਸੂਬੇ ਦੀ ਮੁੱਖ ਵਿਰੋਧੀ ਧਿਰ ਤੇਲਗੂ ਦੇਸਮ ਪਾਰਟੀ ਨੇ ਇਸ ਰਿਪੋਰਟ ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਇਹ ਸਿਆਸਤ 'ਚ ਆ ਰਹੇ ਨਿਘਾਰ ਦਾ ਪ੍ਰਤੀਕ ਹੈ। ਇਸ ਤੋਂ ਪਹਿਲਾਂ ਵੀ ਸ੍ਰੀ ਤਿਵਾੜੀ ਉਤੇ ਉਨ੍ਹਾਂ ਦੇ ਲੰਬੇ ਸਿਆਸੀ ਕੈਰੀਅਰ ਦੌਰਾਨ ਔਰਤਾਂ ਨਾਲ ਸਬੰਧਾਂ ਦੇ ਦੋਸ਼ ਲਗ ਚੁਕੇ ਹਨ। ਉਤਰ ਪ੍ਰਦੇਸ਼ ਦਾ ਦੋ ਵਾਰ ਮੁਖ ਮੰਤਰੀ ਹੁੰਦਿਆਂ ਉਨ੍ਹਾਂ ਅਜਿਹੀਆਂ ਕਈ ਔਰਤਾਂ ਨੂੰ ਉਚੇ ਅਹੁਦਿਆਂ ਤੇ ਲਾਇਆ, ਜਿਨ੍ਹਾਂ ਦਾ ਲਿਆਕਤ ਦੇ ਹਿਸਾਬ ਹੱਕ ਨਹੀਂ ਸੀ ਬਣਦਾ। ਪਾਰਟੀ ਵਿਚ ਵੀ ਉਨ੍ਹਾਂ ਅਜਿਹੇ ਅਹੁਦੇ ਔਰਤਾਂ ਨੂੰ ਦਿਤੇ।

### ਮੈਂ ਨਾਜਾਇਜ਼ ਔਲਾਦ ਨਹੀਂ-ਰੋਹਿਤ ਸ਼ੇਖਰ

**ਨਵੀਂ ਦਿੱਲੀ:** 'ਮੈਂ ਉਸਦਾ ਹਰਾਮੀ ਬੇਟਾ ਨਹੀਂ, ਉਹ ਮੇਰਾ ਹਰਾਮੀ ਬਾਪ ਹੈ।'' ਇਹ ਕਹਿਣਾ ਹੈ ਰੋਹਿਤ ਸ਼ੇਖਰ ਦਾ। 30 ਸਾਲਾ ਰੋਹਿਤ ਖੁਦ ਨੂੰ ਨਰਾਇਣ ਦੱਤ ਤਿਵਾੜੀ ਦਾ ਬੇਟਾ ਸਿੱਧ ਕਰਨ ਲਈ ਲੰਬੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਿਹਾ ਹੈ। ਰੋਹਿਤ ਦਾ ਦਾਅਵਾ ਹੈ ਕਿ ਤਿਵਾੜੀ ਦੇ ਉਸਦੀ ਮਾਂ ਉਜਵਲ ਸ਼ਰਮਾ ਨਾਲ ਸੰਬੰਧ ਸਨ ਪਰ ਸ੍ਰੀ ਤਿਵਾੜੀ ਲਗਾਤਾਰ ਇਸ ਤੋਂ ਇਨਕਾਰ ਕਰਦੇ ਰਹੇ ਹਨ।

ਹੁਣ ਹੈਦਰਾਬਾਦ ਵਿਚ ਸੈਕਸ ਸਕੈਂਡਲ ਵਿਚ ਸ਼ਾਮਲ ਹੋਣ ਦੇ ਬਾਅਦ ਤਿਵਾੜੀ ਦੇ ਦਾਅਵੇ ਦੀ ਲਗਭਗ ਹਵਾ ਨਿਕਲ ਗਈ ਅਤੇ ਉਨ੍ਹਾਂ ਬਾਰੇ ਔਰਤਾਂ ਨਾਲ ਨਾਜਾਇਜ਼ ਸੰਬੰਧਾਂ ਦੇ ਦੋਸ਼ਾਂ ਦੀ ਸੱਚਾਈ ਸੌ ਫੀਸਦੀ ਭਰੋਸੇਯੋਗ ਲੱਗਦੀ ਹੈ। ਵਰਣਨਯੋਗ ਹੈ ਕਿ ਆਂਧਰਾ ਪ੍ਰਦੇਸ਼ ਦੇ ਰਾਜਪਾਲ ਬਣਨ ਤੋਂ ਪਹਿਲਾਂ ਵੀ ਤਿਵਾੜੀ ਸਰਕਾਰ ਅਤੇ ਰਾਜਨੀਤੀ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੇ ਨਾਲ ਅਨੇਕ ਔਰਤਾਂ ਦਾ ਨਾਂ ਜੁੜਦਾ ਰਿਹਾ ਹੈ ਪਰ ਸਿਆਸੀ ਪ੍ਰਭਾਵ ਦੇ ਕਾਰਨ ਉਹ ਅਜਿਹੇ ਚਰਚਿਆਂ ਨੂੰ ਦਬਾਉਂਦੇ ਰਹੇ ਹਨ।

ਇਥੋਂ ਤੱਕ ਕਿ ਆਪਣੇ ਨਾਜਾਇਜ਼ ਸੰਬੰਧ ਦੀ ਔਲਾਦ ਰੋਹਿਤ ਸ਼ੇਖਰ ਨੂੰ ਆਪਣਾ ਬੇਟਾ ਮੰਨਣ ਤੋਂ ਇਨਕਾਰ ਕਰਕੇ ਉਸਨੂੰ ਪਿਤਾ ਦੇ ਪਿਆਰ ਅਤੇ ਸਰਪ੍ਰਸਤੀ ਤੋਂ ਵਾਂਝਾ ਰੱਖਦੇ ਹਨ। ਇਸੇ ਕਾਰਨ ਰੋਹਿਤ ਉਨ੍ਹਾਂ ਨੂੰ 'ਹਰਾਮੀ ਬਾਪ' ਕਹਿੰਦੇ ਹਨ ਅਤੇ ਖੁਦ ਨੂੰ 'ਸੱਚਾ ਪੁੱਤਰ।'

## ਪ੍ਰਮਾਣੂ ਹਥਿਆਰਾਂ ਬਾਰੇ ਭਾਰਤ-ਜਪਾਨ ਮੱਤਭੇਦ ਜਾਰੀ

**ਨਵੀਂ ਦਿੱਲੀ:** ਵਿਆਪਕ ਪ੍ਰਮਾਣੂ ਪ੍ਰੀਖਣ ਰੋਕੂ ਸੰਧੀ (ਸੀ ਟੀ ਬੀ ਟੀ) ਤੇ ਪ੍ਰਮਾਣੂ ਅਪਸਾਰ ਸੰਧੀ (ਐਨ ਪੀ ਟੀ) ਬਾਰੇ ਭਾਰਤ ਨਾਲ ਮਤਭੇਦ ਜਿਉਂ ਦੇ ਤਿਉਂ ਹਨ ਤੇ ਭਾਰਤ ਨੂੰ ਸੀ ਟੀ ਬੀ ਟੀ 'ਤੇ ਹਸਤਾਖ਼ਰ ਕਰਨੇ ਚਾਹੀਦੇ ਹਨ। ਇਹ ਗੱਲ ਜਾਪਾਨ ਦੇ ਪ੍ਰਧਾਨ ਮੰਤਰੀ ਯੂਕੀਓ ਹਾਤੋਯਾਮਾ ਨੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਆਖੀ। ਭਾਰਤੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਇਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਾਪਾਨੀ ਪ੍ਰਧਾਨ ਮੰਤਰੀ ਨੇ ਗੈਰ ਫੌਜੀ ਪ੍ਰਮਾਣੂ ਸਮਝੌਤੇ ਬਾਰੇ ਕੁਝ ਵੀ ਸਪਸ਼ਟ ਨਾ ਕਰਦਿਆਂ ਕਿਹਾ ਕਿ ਇਹ ਸਮਝੌਤਾ ਭਾਰਤ-ਜਪਾਨ ਦੋਹਾਂ ਲਈ ਅਹਿਮ ਹੈ ਪਰ ਇਸ ਦੇ ਨਾਲ ਹੀ ਭਾਰਤ ਨੂੰ ਸੀ ਟੀ ਬੀ ਟੀ 'ਤੇ ਹਸਤਾਖ਼ਰ ਜ਼ਰੂਰ ਕਰਨੇ ਚਾਹੀਦੇ ਹਨ। ਸ੍ਰੀ ਹਾਤੋਯਾਮਾ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਭਾਰਤ ਸੀ ਟੀ ਬੀ ਟੀ 'ਤੇ ਸਹੀ ਪਾ ਕੇ ਇਸ ਦੀ ਪੁਸ਼ਟੀ ਕਰੇਗਾ।

ਦੂਜੇ ਪਾਸੇ ਜਾਪਾਨ ਵਲੋਂ ਬਣਾਏ ਦਬਾਅ ਨੂੰ ਦਰਕਿਨਾਰ ਕਰਦਿਆਂ ਭਾਰਤ ਨੇ ਕਿਹਾ ਹੈ ਕਿ ਜੇਕਰ ਅਮਰੀਕਾ ਤੇ ਚੀਨ ਇਸ ਦਿਸ਼ਾ ਵਿਚ ਕੋਈ ਪਹਿਲ ਕਰਦੇ ਹਨ ਤਾਂ ਅਸੀਂ ਕੁਝ ਸੋਚਾਂਗੇ। ਇਸ ਦੌਰਾਨ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦਾ ਪ੍ਰਮਾਣੂ ਅਪਸਾਰ ਦੇ ਸਬੰਧ ਵਿੱਚ ਦਰੁਸਤ ਰਿਕਾਰਡ ਰਿਹਾ ਹੈ ਤੇ ਇਹ ਅਗਾਂਹ ਨੂੰ ਵੀ ਜਾਰੀ ਰਹੇਗਾ।

## ਨਕਸਲ ਵਿਰੋਧੀ ਮੁਹਿੰਮ 'ਚ 80,000 ਜਵਾਨ ਲਾਏ ਜਾਣਗੇ

**ਨਵੀਂ ਦਿੱਲੀ:** ਦੇਸ਼ ਭਰ ਵਿਚ ਚਲਾਈ ਜਾਣ ਵਾਲੀ ਵਿਸ਼ਾਲ ਨਕਸਲ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ 80 ਹਜ਼ਾਰ ਹਥਿਆਰਬੰਦ ਨੀਮ ਸੁਰਖਿਆ ਫੋਰਸਾਂ ਦੀ ਮਦਦ ਲਈ 10 ਹੈਲੀਕਾਪਟਰਾਂ ਨੂੰ ਲਾਇਆ ਜਾਵੇਗਾ। ਇਨ੍ਹਾਂ ਹੈਲੀਕਾਪਟਰਾਂ ਨੂੰ ਝਾਰਖੰਡ ਦੇ ਰਾਂਚੀ ਅਤੇ ਛੱਤੀਸਗੜ੍ਹ ਦੇ ਰਾਏਪੁਰ ਇਲਾਕੇ ਵਿਚ ਤਾਇਨਾਤ ਕੀਤਾ ਜਾਵੇਗਾ।

ਸੀ.ਆਰ.ਪੀ.ਐੱਫ ਦੇ ਮੁੱਖੀ ਏ. ਐਸ. ਗਿੱਲ ਨੇ ਸੋਮਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਨ੍ਹਾਂ ਹੈਲੀਕਾਪਟਰਾਂ ਦੀ ਵਰਤੋਂ ਮੁਹਿੰਮ ਦੌਰਾਨ ਕਮਾਂਡੋਜ ਨੂੰ ਪਹੁੰਚਾਉਣ ਅਤੇ ਰਾਹਤ ਪ੍ਰੋਗਰਾਮਾਂ ਦੇ ਨਾਲ ਨਾਲ ਜ਼ਖਮੀਆਂ ਨੂੰ ਲਿਆਉਣ ਅਤੇ ਲਿਜਾਣ ਲਈ ਵੀ ਕੀਤੀ ਜਾਵੇਗੀ। ਇਹ ਹੈਲੀਕਾਪਟਰ ਰਾਏਪੁਰ ਸਥਿਤ ਮੁਹਿੰਮ ਦੇ ਕਮਾਂਡਰ ਅਧੀਨ ਹੋਣਗੇ। ਸੀ.ਆਰ.ਪੀ.ਐੱਫ. ਨਕਸਲ ਵਿਰੋਧੀ ਮੁਹਿੰਮ ਵਿਚ ਸਭ ਤੋਂ ਵਧ 58 ਹਜ਼ਾਰ ਜਵਾਨ ਮੁਹੱਈਆ ਕਰਵਾ ਰਹੀ ਹੈ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

# ਪੰਜਾਬੀ ਗਾਇਕੀ 'ਚ ਕੁੜੀਆਂ ਦੀ ਘੱਟ ਗਿਣਤੀ ਦੇ ਕਾਰਨ

ਗੀਤ-ਸੰਗੀਤ

**ਸਵਰਨ ਸਿੰਘ ਟਹਿਣਾ**

ਪੰਜਾਬੀ ਗਾਇਕੀ ਦਾ ਸੰਸਾਰ ਵੀ ਬਿਲਕੁਲ ਮੁੰਬਈ ਫਿਲਮ ਨਗਰੀ ਵਰਗਾ ਏ। ਜਿਵੇਂ ਫਿਲਮ ਨਗਰੀ ਵਿਚ ਚੰਗੀਆਂ ਹੀਰੋਇਨਾਂ ਦੀ ਘਾਟ ਹੈ, ਉਵੇਂ ਪੰਜਾਬੀ ਗਾਇਕੀ ਵਿਚ ਚੰਗੀਆਂ ਕੁੜੀਆਂ ਦੀ ਘਾਟ ਹੈ। ਵੱਡੇ-ਵੱਡੇ ਫਿਲਮਸਾਜ਼ਾਂ ਦਾ ਕਹਿਣਾ ਹੈ ਕਿ ਮਾਇਆਨਗਰੀ ਸ਼ੁਰੂ ਤੋਂ ਚੰਗੀ ਪ੍ਰਤਿਭਾ ਵਾਲੀਆਂ ਕੁੜੀਆਂ ਤੋਂ ਵਾਂਝੀ ਰਹੀ ਹੈ। ਹਰ ਸਾਲ ਪੰਜ-ਚਾਰ ਨਵੀਆਂ ਕੁੜੀਆਂ ਸਾਹਮਣੇ ਆਉਂਦੀਆਂ ਨੇ ਤੇ ਉਹ ਘੱਟ ਮੁਕਾਬਲਾ ਹੋਣ ਕਰਕੇ ਕਾਮਯਾਬ ਹੋ ਜਾਂਦੀਆਂ ਨੇ। ਉਹ ਸਹੀ ਮੌਕੇ 'ਤੇ ਸਹੀ ਫੈਸਲਾ ਲੈਂਦੀਆਂ ਹਨ ਤੇ ਉਨ੍ਹਾਂ ਦੀ ਤੂਤੀ ਬੋਲਣ ਲੱਗ ਜਾਂਦੀ ਹੈ। ਹੀਰੋਇਨਾਂ ਦੀ ਸਫਲਤਾ ਦੀ ਉਮਰ ਹੀਰੋ ਦੇ ਮੁਕਾਬਲੇ ਘੱਟ ਹੁੰਦੀ ਹੈ। ਜੇ ਕਿਸੇ ਦਾ ਵਿਆਹ ਹੋ ਗਿਆ ਤਾਂ ਸਮਝੋ ਅਦਾਕਾਰੀ 'ਚੋਂ ਬਾਹਰ। ਜੇ ਕਿਸੇ ਗਲਤ ਬੰਦੇ ਨਾਲ ਨਾਂ ਜੁੜ ਗਿਆ ਤਾਂ ਕੰਮ ਖ਼ਤਮ। ਜੇ ਸਰੀਰ ਨੂੰ ਫਿੱਟ ਨਾ ਰੱਖਿਆ, ਚਿਹਰਾ ਢਿੱਲਾ ਪੈ ਗਿਆ ਤਾਂ ਸਮਝੋ ਬਣੀ-ਬਣਾਈ ਖੇਡ ਵਿਗੜ ਗਈ।

ਬਿਲਕੁਲ ਇਹੀ ਗੱਲ ਪੰਜਾਬੀ ਗਾਇਕੀ ਵਿਚ ਆਉਣ ਵਾਲੀਆਂ ਕੁੜੀਆਂ ਨਾਲ ਮਿਲਦੀ ਹੈ। ਹਰ ਸਾਲ ਮੁੰਡਿਆਂ ਦੇ ਮੁਕਾਬਲੇ ਬਹੁਤ ਘੱਟ ਕੁੜੀਆਂ ਗਾਇਕੀ ਵੱਲ ਆਉਂਦੀਆਂ ਨੇ। ਜਿਹੜੀਆਂ ਗਾਉਣ ਦੀ ਥਾਂ ਹੋਰ ਕੰਮਾਂ ਕਰਕੇ ਨਾਂ ਕਮਾ ਲੈਂਦੀਆਂ ਨੇ, ਉਨ੍ਹਾਂ ਦੀ ਵੈਸੇ ਤੋਏ-ਤੋਏ ਹੋਣ ਲੱਗ ਜਾਂਦੀ ਹੈ। ਜਿਹੜੀਆਂ ਦਾ ਵਿਆਹ ਹੋ ਜਾਂਦਾ ਹੈ, ਉਨ੍ਹਾਂ ਦਾ ਧਿਆਨ ਘਰ ਗ੍ਰਹਿਸਥੀ ਚਲਾਉਣ ਕਰਕੇ ਵੰਡਿਆ ਜਾਂਦਾ ਹੈ ਤੇ ਜਿਹੜੀਆਂ ਆਪਣੀ ਦਿੱਖ ਦੀ ਸੰਭਾਲ ਨਹੀਂ ਕਰਦੀਆਂ, ਉਹ ਵੈਸੇ ਸਟੇਜ 'ਤੇ ਨਹੀਂ ਜੱਚਦੀਆਂ।

ਜਿਹੜੇ ਮੁੰਡੇ ਪੈਂਤੀ ਚਾਲੀ ਸਾਲ ਪਹਿਲਾਂ ਗਾਇਕੀ 'ਚ ਨਵੇਂ ਸਨ, ਉਹ ਅੱਜ ਅਧਖੜ ਉਮਰ ਵਿਚ ਵੀ ਸੋਹਣਾ ਗਾ ਰਹੇ ਨੇ, ਪਰ ਉਨ੍ਹਾਂ ਨਾਲ ਗਾਇਕੀ ਦੀ ਸ਼ੁਰੂਆਤ ਕਰਨ ਵਾਲੀਆਂ ਕੁੜੀਆਂ ਪਤਾ ਨਹੀਂ ਕਿੱਥੇ ਗੁਆਚ ਗਈਆਂ। ਗਾਇਕੀ ਵੀ ਸ਼ੁਰੂ ਤੋਂ ਮਰਦ ਪ੍ਰਧਾਨ ਰਹੀ ਹੈ। ਪਿਛਲੇ ਤੀਹ ਸਾਲਾਂ ਵੱਲ ਝਾਤੀ ਮਾਰੀਏ ਤਾਂ ਕਿੰਨੀਆਂ ਕੁੜੀਆਂ ਗਾਉਣ ਆਈਆਂ ਤੇ ਕਿੰਨਾ-ਕਿੰਨਾ ਸਮਾਂ ਕਾਮਯਾਬ ਰਹੀਆਂ? ਕਿੰਨੀਆਂ ਕੁ ਦਾ ਅੱਜ ਵੀ ਸਤਿਕਾਰ ਬਰਕਰਾਰ ਹੈ? ਪੰਜਾਬ ਦੀਆਂ ਕਈ ਗਾਇਕਾਵਾਂ ਅਜਿਹੀਆਂ ਵੀ ਹਨ, ਜਿਨ੍ਹਾਂ ਦੀ ਇੱਕ ਵੇਲੇ ਤੂਤੀ ਬੋਲਦੀ ਸੀ, ਪਰ ਅੱਜ ਉਨ੍ਹਾਂ ਦੇ ਨਾਂ ਦੀ ਪਛਾਣ ਦੇਣ ਲਈ ਗੀਤਾਂ ਦੇ ਬੋਲ ਦੱਸਣੇ ਪੈਂਦੇ ਨੇ। ਇਨ੍ਹਾਂ ਵਿਚੋਂ ਜ਼ਿਆਦਾਤਰ ਉਹ ਹਨ, ਜਿਨ੍ਹਾਂ ਨੇ ਵਕਤ ਨੂੰ ਨਹੀਂ ਸੰਭਾਲਿਆ ਤੇ ਜਿਨ੍ਹਾਂ ਦਾ ਨਾਂ ਇੱਕ, ਦੋ, ਤਿੰਨ ਦੀ ਗਿਣਤੀ ਤੋਂ ਵਧ ਕੇ ਪਤਾ ਨਹੀਂ ਕਿੰਨਿਆਂ ਕੁ ਨਾਲ ਸਹੀ, ਗਲਤ ਢੰਗ ਨਾਲ ਜੁੜ ਗਿਆ।

ਵਕਤ ਬਦਲ ਰਿਹਾ ਹੈ, ਬਦਲੇਗਾ ਵੀ, ਪਰ ਇਹ ਸੱਚ ਹੈ ਕਿ ਤੀਹ ਸਾਲ ਪਹਿਲਾਂ ਪੰਜਾਬੀ ਗਾਇਕੀ ਵਿਚ ਕੁੜੀਆਂ ਦੀ ਗਿਣਤੀ ਜਿੰਨੀ ਸੀ ਅੱਜ ਵੀ ਮਸਾਂ ਓਨੀ ਕੁ ਹੀ ਹੈ। ਇਸ ਦਾ ਕਾਰਨ ਲੱਭੀਏ, ਤਾਂ ਕਈ ਪੱਖ ਸਾਹਮਣੇ ਆਉਂਦੇ ਨੇ। ਕੁੜੀਆਂ ਨੂੰ ਗਾਇਕੀ ਵੱਲ ਤੋਰਨ ਲਈ ਜ਼ਿਆਦਾਤਰ ਲੋਕ ਹਾਲੇ ਵੀ ਸਿਆਣਪ ਦੀ ਨਿਸ਼ਾਨੀ ਨਹੀਂ ਸਮਝਦੇ। ਹਰ ਕੋਈ ਇਸ ਗੱਲ ਨੂੰ ਸਮਝਦਾ ਹੈ ਕਿ ਜੇ ਸਾਡੀ ਕੁੜੀ ਸੁਰੀਲੀ ਹੈ ਤਾਂ ਜ਼ਰੂਰੀ ਨਹੀਂ ਇਸ ਦੇ 'ਕੰਠ' ਦਾ ਹੀ ਮੁੱਲ ਪਵੇਗਾ। ਗਾਇਕੀ ਦੇ ਪਾਕ ਦਾਮਨ ਨੂੰ ਦਾਗ਼ਦਾਰ ਕਰਨ ਲਈ ਭਾਵੇਂ ਥੋੜ੍ਹੇ ਲੋਕ ਜ਼ਿੰਮੇਵਾਰ ਹੋਣ, ਪਰ ਇਹ ਖੇਤਰ ਅੱਜ ਵੀ 'ਸੀਰਤ' ਨਾਲੋਂ 'ਸੂਰਤ' ਅਤੇ ਕਲਾ ਨਾਲੋਂ 'ਮਨਆਈਆਂ' ਨੂੰ ਪਹਿਲ ਦੇ ਰਿਹਾ ਹੈ।

ਜਿਹੜੀਆਂ ਕੁੜੀਆਂ ਨੇ ਇਸ ਖੇਤਰ ਵਿਚ ਬੰਦੇ-ਕੁਬੰਦੇ ਨੂੰ ਪਛਾਣਿਆ, ਜਿਨ੍ਹਾਂ ਨੇ ਰੰਗ ਵਟਾਉਣ ਵਾਲਿਆਂ ਨੂੰ ਨੇੜੇ ਨਹੀਂ ਫਟਕਣ ਦਿੱਤਾ, ਉਹ ਲੰਮਾ ਸਮਾਂ ਗਾਇਕੀ ਦੇ ਸਿੰਘਾਸਨ 'ਤੇ ਬੈਠੀਆਂ ਰਹੀਆਂ ਤੇ ਜਿਨ੍ਹਾਂ ਨੂੰ ਆਉਂਦਿਆਂ ਹੀ 'ਜੀ ਆਇਆਂ' ਕਹਿਣ ਵਾਲੇ ਗਲਤ ਲੋਕ ਟੱਕਰ ਗਏ, ਉਨ੍ਹਾਂ ਦਾ ਬੇੜਾ ਤੈਰਨ ਤੋਂ ਪਹਿਲਾਂ ਹੀ ਡੁੱਬ ਗਿਆ। ਇਹ ਨਹੀਂ ਕਿ ਹਿੰਦੀ ਗਾਇਕੀ ਦੀ ਸਥਿਤੀ ਪੰਜਾਬੀ ਨਾਲੋਂ ਭਿੰਨ ਹੈ, ਹਾਲਾਤ ਸਭ ਪਾਸੇ ਇਕੋ ਜਿਹੇ ਹਨ, ਪਰ ਕਿਉਂਕਿ ਪੰਜਾਬੀ ਗਾਇਕੀ ਵਿਚ ਉਤਰਨ ਵਾਲੇ ਜ਼ਿਆਦਾਤਰ ਲੋਕ ਘੱਟ ਪੜ੍ਹੇ-ਲਿਖੇ ਹੁੰਦੇ ਹਨ, ਇਸ ਕਰਕੇ ਇਨ੍ਹਾਂ ਦਾ ਭਵਿੱਖ ਹੋਰਨਾਂ ਭਾਸ਼ਾਵਾਂ ਦੇ ਗਾਇਕਾਂ ਦੇ ਮੁਕਾਬਲੇ ਜ਼ਿਆਦਾ ਡਾਵਾਂਡੋਲ ਰਹਿੰਦਾ ਹੈ।

ਇੱਕ ਮੋਟੀ ਜਿਹੀ ਉਦਾਹਰਨ, ਪੰਜਾਬੀ ਗਾਇਕੀ ਅੰਦਰ ਹਰ ਦਹਾਕੇ ਪੰਜ-ਛੇ ਕੁੜੀਆਂ ਅਜਿਹੀਆਂ ਸਾਹਮਣੇ ਆਈਆਂ, ਜਿਨ੍ਹਾਂ ਦਾ ਕੈਸਿਟ ਕਲਚਰ ਨਾਲ ਬਹੁਤਾ ਵਾਸਤਾ ਨਹੀਂ ਰਿਹਾ। ਉਨ੍ਹਾਂ ਨੇ ਕੈਸਿਟਾਂ ਕੀਤੀਆਂ, ਜਿਨ੍ਹਾਂ ਨੂੰ ਕਿਸੇ ਨਾ ਪੁੱਛਿਆ, ਪਰ ਉਹ ਹਿੱਟ ਕੈਸਿਟਾਂ ਦੇਣ ਵਾਲੀਆਂ ਕੁੜੀਆਂ ਦੇ ਮੁਕਾਬਲੇ ਕਿਤੇ ਵੱਧ ਵਿਦੇਸ਼ੀ ਟੂਰਾਂ 'ਤੇ ਗਈਆਂ। ਕਾਰਨ ਪ੍ਰਮੋਟਰਾਂ ਨਾਲ ਅੰਦਰਖਾਤੇ ਗੰਢ-ਤੁੱਪ ਹੈ। ਜਦੋਂ ਪ੍ਰਮੋਟਰ ਪੰਜ ਸਟਾਰ ਕਲਾਕਾਰ ਵਿਚ ਦੋ ਉਨ੍ਹਾਂ ਕੁੜੀਆਂ ਨੂੰ ਪਾ ਰਿਹਾ ਹੋਵੇ, ਜਿਨ੍ਹਾਂ ਨੂੰ ਪੂਰਾ ਮੁਹੱਲਾ ਵੀ ਨਾ ਜਾਣਦਾ ਹੋਵੇ, ਤਾਂ ਅੰਦਾਜ਼ਾ ਖ਼ੁਦ ਲਗਾਓ, ਉਨ੍ਹਾਂ ਤੋਂ ਵਿਦੇਸ਼ਾਂ ਵਿਚ ਕਿਹੜਾ ਰੰਗ ਬੰਨ੍ਹਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਜ਼ਰਾ ਲੰਘੇ ਵੇਲੇ ਵੱਲ ਝਾਤੀ ਮਾਰੋ। ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਜਗਮੋਹਣ ਕੌਰ, ਨਰਿੰਦਰ ਬੀਬਾ, ਰਜਿੰਦਰ ਰਾਜਨ ਦਾ ਨਾਂ ਅੱਜ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ। ਇਨ੍ਹਾਂ ਨੇ ਉਨ੍ਹਾਂ ਵੇਲਿਆਂ ਵਿਚ ਪੰਜਾਬੀ ਗਾਇਕੀ 'ਚ ਪੈਰ ਧਰਿਆ, ਜਦੋਂ ਇਹ ਖੇਤਰ ਅੱਜ ਨਾਲੋਂ ਵੀ ਵਰਜਿਤ ਮੰਨਿਆ ਜਾਂਦਾ ਸੀ। ਇਨ੍ਹਾਂ ਦੇ ਗੀਤਾਂ ਨੇ ਸੰਗੀਤ ਪ੍ਰੇਮੀਆਂ ਦੇ ਭਖਦੇ ਹਿਰਦੇ ਠਾਰੇ। ਸਿੱਟਾ ਇਹ ਹੈ ਕਿ ਭਾਵੇਂ ਇਹ ਅੱਜ ਜਹਾਨ ਵਿਚ ਨਹੀਂ ਹਨ, ਪਰ ਇਨ੍ਹਾਂ ਦੇ ਗੀਤ ਅਤੇ ਯਾਦਾਂ ਸਾਡੇ ਮਨਾਂ ਅੰਦਰ ਵਸੀਆਂ ਹੋਈਆਂ ਹਨ। ਸਵਰਨ ਲਤਾ ਦਾ ਨਾਂ ਅੱਜ ਵੀ ਬੇਤਰੀਨ ਗਾਇਕਾ ਵਜੋਂ ਲਿਆ ਜਾਂਦਾ ਹੈ, ਪਰ ਇਹ ਕਿਸੇ ਨੂੰ ਨਹੀਂ ਪਤਾ ਕਿ ਇਹ ਫਨਕਾਰਾ ਕਿੱਥੇ ਰਹਿੰਦੀ ਹੈ। ਰਣਜੀਤ ਕੌਰ ਦੀ ਮੁਹੰਮਦ ਸਦੀਕ ਨਾਲੋਂ ਜੋੜੀ ਟੁੱਟ ਗਈ ਤੇ ਹੁਣ ਉਹ ਇਟਲੀ ਵਿਚ ਗ੍ਰਹਿਸਥੀ ਚਲਾ ਰਹੀ ਹੈ।

ਸੁਰਿੰਦਰ ਸੋਨੀਆ, ਜਿਸ ਨੇ ਅਮਰ ਸਿੰਘ ਚਮਕੀਲਾ ਦੀ 'ਟਕੂਏ 'ਤੇ ਟਕੂਆ ਖੜਕੇ' ਨਾਲ ਸ਼ੁਰੂਆਤ ਕਰਾਈ ਸੀ, ਅੱਜ ਮੰਦੀ ਹਾਲਤ 'ਚੋਂ ਲੰਘ ਰਹੀ ਹੈ। ਉਸ ਨਾਲ ਜੁੜ ਕੇ ਜੋੜੀ ਬਣਾਉਣ ਵਾਲੇ ਚਮਕੀਲੇ ਨੇ ਬਾਅਦ 'ਚ ਅਮਰਜੋਤ ਨਾਲ ਮਿਲ ਅੰਬਰੀਂ ਉਡਾਰੀਆਂ ਭਰੀਆਂ, ਪਰ ਸੋਨੀਆ ਵਿਚਾਰੀ ਉਥੇ ਦੀ ਉਥੇ ਰਹਿ ਗਈ। ਸੁਦੇਸ਼ ਕਪੂਰ, ਜਿਸ ਨੇ ਰਮੇਸ਼ ਰੰਗੀਲਾ ਨਾਲ ਅਣਗਿਣਤ ਹਿੱਟ ਗੀਤ ਸਰੋਤਿਆਂ ਦੀ ਝੋਲੀ ਪਾਏ, ਉਮਰ ਦੇ ਇਸ ਪੜਾਅ ਵਿਚ ਗਾਉਣਾ ਬੰਦ ਕਰ ਚੁੱਕੀ ਹੈ। ਗੁਲਸ਼ਨ ਕੋਮਲ, ਜਿਸ ਨੇ ਬੜੇ ਵਰ੍ਹੇ ਸੁਰਿੰਦਰ ਛਿੰਦਾ ਨਾਲ ਗਾਇਆ, ਅੱਜ ਗਾਇਕੀ ਵੱਲੋਂ ਰੁਚੀ ਘਟਾ ਕੇ ਆਪਣੇ ਪਰਿਵਾਰਕ ਜੀਵਨ ਵਿਚ ਮਸਰੂਫ਼ ਹੈ। ਬਲਬੀਰ ਸੁਰੱਈਆ, ਜਿਸ ਨੂੰ ਦਲੀਪ ਸਿੰਘ ਦੀਪ ਨੇ ਗਾਇਕੀ ਵੱਲ ਲਿਆਂਦਾ, ਬਾਰੇ ਅੱਜ ਕਿਸੇ ਨੂੰ ਨਹੀਂ ਪਤਾ ਕਿ ਉਹ ਕਿਹੋ ਜਿਹੀ ਜ਼ਿੰਦਗੀ ਬਸਰ ਕਰ ਰਹੀ ਹੈ। ਗੁਰਮੀਤ ਬਾਵਾ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਜ਼ਿਹਨ ਵਿਚ ਵਸੀ ਹੋਈ ਹੈ ਤੇ ਰੰਜਨਾ ਵਰਗੀ ਗਾਇਕਾ, ਜਿਸ ਨੇ ਸਿਰਫ਼ ਦੂਰਦਰਸ਼ਨ ਅਤੇ ਰੇਡੀਓ ਜ਼ਰੀਏ ਪੰਜਾਬੀ ਗਾਇਕੀ ਵਿਚ ਆਪਣੀ ਨਿੱਗਰ ਪਛਾਣ ਬਣਾਈ, ਦਾ ਵੀ ਸਤਿਕਾਰ ਬਰਕਰਾਰ ਹੈ। 'ਕੋਕੇਵਾਲੀ' ਸਰਬਜੀਤ ਕੌਰ ਅੱਜ ਵੀ ਭੀੜ 'ਚੋਂ ਵੱਖਰੀ ਦਿਖਾਈ ਦੇ ਰਹੀ ਹੈ ਕਿਉਂਕਿ ਇਨ੍ਹਾਂ ਨੇ ਆਪਣਾ ਮਾਣ-ਸਤਿਕਾਰ ਸੰਭਾਲਿਆ ਹੋਇਆ ਹੈ।

ਇਨ੍ਹਾਂ ਗਾਇਕਾਵਾਂ ਦੇ ਕਾਲ ਵਿਚ ਵੀ ਅਨੇਕਾਂ ਹੋਰ ਕੁੜੀਆਂ ਮੁਕਾਬਲਾ ਕਰਨ ਲਈ ਨਿੱਤਰੀਆਂ ਪਰ ਗਲਤ ਫੈਸਲਿਆਂ ਕਾਰਨ ਉਨ੍ਹਾਂ ਦੀ ਜ਼ਿੰਦਗੀ ਖ਼ਰਾਬ ਹੋ ਗਈ। ਉਹ ਜਿਹੜੀ ਗੱਲ ਸੋਚ ਕੇ ਘਰੋਂ ਤੁਰੀਆਂ ਸਨ, ਜਿਹੜੀ ਸੋਚ ਤਹਿਤ ਮਾਪਿਆਂ ਦੀ ਵਿਰੋਧਤਾ ਕਰਦੀਆਂ ਸਨ, ਉਨ੍ਹਾਂ ਦੀ ਉਹ ਸੋਚ ਸਾਕਾਰ ਨਾ ਹੋਈ ਕਿਉਂਕਿ ਸਭ ਜਾਣਦੇ ਨੇ ਕਿ ਇਸ ਲਾਈਨ ਵਿਚ 'ਹੁਨਰ' ਨੂੰ ਪਰਖਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ ਤੇ ਸਬਜ਼ਬਾਗ ਦਿਖਾ ਕੇ 'ਝਪਟਣ' ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ।

ਡੌਲੀ ਗੁਲੇਰੀਆ, ਕਮਲਜੀਤ ਨੀਰੂ, ਭੁਪਿੰਦਰ ਕੌਰ ਮੁਹਾਲੀ, ਪਰਮਿੰਦਰ ਸੰਧੂ, ਰਾਣੀ ਰਣਦੀਪ, ਸਤਵਿੰਦਰ ਬਿੱਟੀ, ਅੰਮ੍ਰਿਤਾ ਵਿਰਕ, ਜਸਵਿੰਦਰ ਬਰਾੜ ਅਤੇ ਇਸ ਬੈਚ ਦੀਆਂ ਹੋਰ ਗਾਇਕਾਵਾਂ ਕਈ ਸਾਲ ਪੰਜਾਬੀ ਗਾਇਕੀ ਦੀਆਂ ਸਿਰਮੌਰ ਰਹੀਆਂ। ਇਨ੍ਹਾਂ ਦੇ ਗੀਤ ਹਰ ਵਰਗ ਵੱਲੋਂ ਪਸੰਦ ਕੀਤੇ ਗਏ, ਪਰ ਵਕਤ ਦੇ ਬਦਲਦੇ ਮਿਜ਼ਾਜ, ਗਾਇਕੀ ਦੇ ਬਦਲਦੇ ਸਟਾਈਲ ਅਤੇ ਜ਼ਿੰਦਗੀ ਦੇ ਹੋਰ ਰੁਝੇਵਿਆਂ ਕਾਰਨ ਇਨ੍ਹਾਂ ਵਿਚੋਂ ਜ਼ਿਆਦਾਤਰ ਹੁਣ ਕਦੇ-ਕਦਾਈਂ ਹੀ ਗਾਉਣ ਦੀ ਚੁੱਪ ਤੋੜਦੀਆਂ ਹਨ।

ਤਾਨੀਆ ਗਿੱਲ, ਗੁਰਲੇਜ਼ ਅਖ਼ਤਰ, ਦੀਪਕ ਢਿੱਲੋਂ, ਅਨੀਤਾ ਸਮਾਣਾ, ਰਵਿੰਦਰ ਰੋਜ਼ੀ, ਅਨਮੋਲ ਵਿਰਕ, ਦਵਿੰਦਰ ਦਿਓਲ, ਬਬਲੀ ਬਰਾੜ ਅਤੇ ਕਈ ਹੋਰ ਨਾਂ ਪਿਛਲੇ ਕਾਫੀ ਸਮੇਂ ਤੋਂ ਗਾਇਕੀ ਵਿਚ ਵਿਚਰ ਰਹੇ ਹਨ। ਗਾਇਕ ਦੀ ਸਫਲਤਾ ਸ਼ੋਅ ਬਿਜਨੈਸ 'ਤੇ ਟਿਕੀ ਹੁੰਦੀ ਹੈ, ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਗਾਇਕਾਵਾਂ ਵਿਦੇਸ਼ੀ ਟੂਰ ਜ਼ਰੀਏ ਆਪਣੇ ਨਾਂ ਨੂੰ ਸਰੋਤਿਆਂ ਦੇ ਚੇਤੇ ਵਿਚ ਰੱਖ ਰਹੀਆਂ ਹਨ। ਮਿਸ ਨੀਲਮ ਦੀ ਪਛਾਣ ਚਮਕੀ ਹੋਈ ਸੀ, ਪਰ ਉਹ ਭੁਪਿੰਦਰ ਗਿੱਲ ਨਾਲ ਕਲੇਸ਼ ਕਾਰਨ ਆਪਣਾ ਅਕਸ ਵਿਗਾੜ ਬੈਠੀ।

ਪਿਛਲੇ ਚਾਰ ਕੁ ਸਾਲਾਂ ਜਦੋਂ ਤੋਂ ਪੰਜਾਬੀ ਗਾਇਕੀ ਵਿਚ ਦੋਗਾਣਿਆਂ ਦਾ 'ਇਨਕਲਾਬ' ਆਇਆ ਹੈ, ਉਦੋਂ ਤੋਂ ਜਸਪਿੰਦਰ ਨਰੂਲਾ, ਸਾਇਰਾ ਖ਼ਾਨ, ਮਿਸ ਪੂਜਾ, ਸੁਦੇਸ਼ ਕੁਮਾਰੀ, ਪ੍ਰਵੀਨ ਭਾਰਟਾ, ਮਨਿੰਦਰ ਬਾਵਾ ਤੇ ਦੋ-ਚਾਰ ਹੋਰ ਨਾਂਵਾਂ ਦੀ ਸਰਦਾਰੀ ਬਣੀ ਹੋਈ ਹੈ। ਇਸ ਵੇਲੇ ਮਿਸ ਪੂਜਾ ਤੇ ਸੁਦੇਸ਼ ਕੁਮਾਰੀ 'ਤੇ ਚੜ੍ਹਤ ਦੇ ਦਿਨ ਹਨ। ਪੂਜਾ ਵਪਾਰਕ ਬਿਰਤੀ ਅਤੇ ਸੋਹਣੀ ਅਦਾਕਾਰੀ ਜ਼ਰੀਏ ਅੱਗੇ ਲੰਘਣ ਵਿਚ ਸਫ਼ਲ ਹੋਈ ਤੇ ਸੁਦੇਸ਼ ਕੁਮਾਰੀ ਆਪਣੇ ਸੁਰੀਲੇਪਣ ਅਤੇ ਚੰਗੀ ਮੈਟਰ ਚੋਣ ਕਰਕੇ।

ਜਦੋਂ ਤੋਂ ਟੀ.ਵੀ. ਚੈਨਲਾਂ ਵਲੋਂ ਪ੍ਰਤਿਭਾਵਾਂ ਪਛਾਨਣ ਦੇ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਉਦੋਂ ਤੋਂ ਨਵੇਂ ਚਿਹਰਿਆਂ ਨੂੰ ਸੋਹਣੀ ਪਛਾਣ ਮਿਲਣੀ ਸ਼ੁਰੂ ਹੋਈ ਹੈ ਤੇ ਰੁਪਿੰਦਰ ਹਾਂਡਾ ਦੇ ਨਾਲ-ਨਾਲ ਸੈਂਡੀ, ਅਰਸ਼ਪ੍ਰੀਤ ਅਤੇ ਸਿਮਰਨ ਨੂੰ ਇਸ ਕਤਾਰ ਵਿਚ ਰੱਖਿਆ ਜਾ ਸਕਦਾ ਹੈ। ਭਾਵੇਂ ਸੁਰਿੰਦਰ ਕੌਰ ਦੀ ਗਾਇਕੀ ਦਾ ਦੌਰ ਹੋਵੇ, ਭਾਵੇਂ ਸੁਦੇਸ਼ ਕਪੂਰ ਦਾ, ਭਾਵੇਂ ਕਮਲਜੀਤ ਨੀਰੂ ਦਾ, ਭਾਵੇਂ ਜਸਵਿੰਦਰ ਬਰਾੜ ਤੇ ਭਾਵੇਂ ਅੱਜ ਦਾ, ਕੋਈ ਵੀ ਸਾਲ ਦੇਖ ਲਵੋ, ਉਸ ਵਿਚ ਮਸਾਂ ਦੋ-ਚਾਰ ਨਾਂ ਹੀ ਚਰਚਿਤ ਹੋਏ ਹੋਣਗੇ ਤੇ ਬਾਕੀਆਂ ਦੀ ਨਾਂ ਤੇ ਨਾਮਾ ਕਮਾਉਣ ਦੀ ਹਸਰਤ ਸ਼ਾਇਦ ਹੀ ਪੂਰੀ ਹੋਈ ਹੋਵੇਗੀ।



*ਮਿਸ ਪੂਜਾ ਦੀ ਨਵੀਂ ਧਾਰਮਿਕ ਐਲਬਮ 'ਬੇਗਮਪੁਰਾ ਵਸਾਉਣਾ' ਦੀ ਵੀਡੀਓ ਦਾ ਇਕ ਦ੍ਰਿਸ਼*

ਹੁਣ ਜੇ ਇਸ ਗੱਲ 'ਤੇ ਪੰਛੀ ਝਾਤ ਮਾਰੀਏ ਕਿ ਪੰਜਾਬੀ ਗਾਇਕੀ ਵਿਚ ਕੁੜੀਆਂ ਦੀ ਘੱਟ ਆਮਦ ਲਈ ਕਿਹੜੇ ਕਾਰਨ ਜ਼ਿੰਮੇਵਾਰ ਹਨ, ਕਿਉਂ ਕੁੜੀਆਂ ਘੱਟ ਸਮਾਂ ਕਾਮਯਾਬ ਰਹਿੰਦੀਆਂ ਨੇ ਤੇ ਕਿਉਂ ਇਨ੍ਹਾਂ ਦੀ ਗਿਣਤੀ ਵਧਦੀ-ਵਧਦੀ ਮੁੜ ਘਟ ਜਾਂਦੀ ਹੈ ਤਾਂ ਕਈ ਲੁਕੇ ਹੋਏ ਪਹਿਲੂ ਸਾਹਮਣੇ ਆਉਂਦੇ ਨੇ।

ਸਭ ਤੋਂ ਪਹਿਲਾ ਕਾਰਨ ਤਾਂ ਇਹੀ ਹੈ ਕਿ ਇਹ ਗੱਲ ਹਾਲੇ ਤੱਕ ਪੰਜਾਬੀ ਲੋਕਾਂ ਦੇ ਮਨਾਂ ਵਿਚੋਂ ਨਿਕਲ ਨਹੀਂ ਸਕੀ ਕਿ ਇਹ ਲਾਈਨ ਬਹੁਤ 'ਚੰਗਿਆਂ' ਵਾਲੀ ਨਹੀਂ ਹੈ। ਲੋਕ ਮਨਾਂ ਵਿਚ ਹਾਲੇ ਵੀ ਇਹ ਗੱਲ ਘਰ ਕਰੀ ਬੈਠੀ ਹੈ ਕਿ ਇਸ ਖੇਤਰ ਵਿਚ ਮਾਇਆਨਗਰੀ ਵਾਂਗ ਸ਼ੋਸ਼ਣ ਦੇ ਖਤਰੇ ਪਚਾਨਵੇਂ ਫ਼ੀਸਦੀ ਹਨ ਤੇ ਜ਼ਰੂਰੀ ਨਹੀਂ ਕਿ ਇੱਜ਼ਤ ਦਾਅ 'ਤੇ ਲਾਉਣ ਤੋਂ ਬਾਅਦ ਵੀ ਕੁੜੀਆਂ ਨੂੰ ਸਫਲਤਾ ਮਿਲ ਸਕੇਗੀ। ਕਿੰਨੇ ਹੀ ਨਾਂ ਜ਼ਿਹਨ ਵਿਚ ਆਉਂਦੇ ਹਨ, ਜਿਨ੍ਹਾਂ ਦੀ ਆਵਾਜ਼ ਕਮਾਲ ਦੀ ਸੀ, ਪਰ ਕਿਉਂਕਿ ਉਹ ਜਾਅਲੀ ਪ੍ਰੋਸਕਾਰਾਂ, ਝੂਠੇ ਗੀਤਕਾਰਾਂ ਤੇ ਨਕਲੀ ਕੰਪਨੀਆਂ ਦੇ ਮਾਲਕਾਂ ਦੇ ਟੇਟੇ ਚੜ੍ਹ ਗਈਆਂ, ਇਸ ਕਰਕੇ ਉਨ੍ਹਾਂ ਨਾਲ 'ਹਮ ਤੋ ਡੂਬੇ ਹੈਂ ਸਨਮ, ਤੁਝੇ ਭੀ ਲੇ ਡੂਬੇਂਗੇ' ਸ਼ੇਅਰ ਵਾਲੀ ਗੱਲ ਵਾਪਰ ਗਈ। ਜਦੋਂ ਤੱਕ ਉਨ੍ਹਾਂ ਦੇ ਹੁਸਨ ਦਾ ਜਲੌਅ ਸੀ, ਇਸ ਖੇਤਰ ਨਾਲ ਜੁੜੇ ਲੋਕ ਭੰਵਰਿਆਂ ਵਾਂਗ ਉਨ੍ਹਾਂ ਦੇ ਅੱਗੇ ਪਿੱਛੇ ਮੰਡਰਾਉਂਦੇ ਰਹੇ ਤੇ ਜਦੋਂ ਹੁਸਨ ਦਾ ਸੂਰਜ ਠੰਢਾ ਪੈ ਗਿਆ, ਉਨ੍ਹਾਂ ਨੇ ਉਨ੍ਹਾਂ ਨੂੰ ਜ਼ਿੰਦਗੀ ਵਿਚੋਂ ਵਗਾਹ ਮਾਰਿਆ।

ਦੂਜਾ ਵੱਡਾ ਕਾਰਨ ਇਹ ਹੈ ਕਿ ਕੁੜੀਆਂ ਦੇ ਮਾਮਲੇ ਵਿਚ ਅੱਜ ਹਰ ਕੋਈ ਗੀਤਕਾਰ, ਪ੍ਰੋਡਿਊਸਰ, ਸੰਗੀਤਕਾਰ, ਪੇਸ਼ਕਾਰ ਤੇ ਪ੍ਰਮੋਟਰ ਬਣਿਆ ਹੋਇਆ ਹੈ। ਜੇ ਨਵੀਂ ਉੱਠਦੀ ਕੁੜੀ ਕਿਸੇ ਨੂੰ ਕਹਿ ਦੇਵੇ, 'ਮੈਂ ਗਾਇਕੀ ਵਿਚ ਉਤਰਨਾ ਚਾਹੁੰਦੀ ਹਾਂ...ਮੈਨੂੰ ਕੀ ਕਰਨਾ ਪਵੇਗਾ?' ਭਾਵੇਂ ਉਹ ਬੰਦਾ ਟਕੇ ਦਾ ਨਾ ਹੋਵੇ, ਉਹ ਪੈਂਦੀ ਸੱਟੇ ਆਖੇਗਾ, 'ਅੱਜ ਤੈਨੂੰ ਮੇਰੇ ਨਾਲ ਰਹਿਣਾ ਪਵੇਗਾ...।' ਜਦੋਂ ਸ਼ੁਰੂਆਤ ਵਿਚ ਹੀ ਕਾਲੀਆਂ ਭੇਡਾਂ ਟੱਕਰ ਜਾਣਗੀਆਂ ਤਾਂ ਭਵਿੱਖ ਚਮਕਣ ਵਾਲੀ ਗੱਲ ਦਿਨ ਵਿਚ ਤਾਰੇ ਲੱਭਣ ਵਾਲੀ ਹੀ ਹੋਵੇਗੀ।

ਤੀਜਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਗਾਇਕੀ ਵਿਚ ਆਉਣ ਵਾਲੀਆਂ ਕੁੜੀਆਂ ਘਰ 'ਚ ਤਾਂ ਬਗਾਵਤ ਕਰ ਲੈਂਦੀਆਂ ਹਨ, ਪਰ ਸ਼ੋਸ਼ਣ ਕਰਨ ਵਾਲਿਆਂ ਦੀ ਬਗਾਵਤ ਤੋਂ ਕੰਨੀ ਕਤਰਾਉਂਦੀਆਂ ਨੇ। ਪਤਾ ਨਹੀਂ ਕਿੰਨੀਆਂ ਕੁ ਕੁੜੀਆਂ ਅਜਿਹੀਆਂ ਨੇ, ਜਿਨ੍ਹਾਂ ਨੂੰ ਕੈਸਿਟਾਂ ਕਰਾਉਣ, ਵੱਡੇ ਸ਼ੋਆਂ ਵਿਚ ਗਾਉਣ ਦਾ ਮੌਕਾ ਦਿਵਾਉਣ ਅਤੇ ਕੈਨੇਡਾ-ਅਮਰੀਕਾ ਲਿਜਾਣ ਦੇ ਸੁਪਨੇ ਦਿਖਾ ਕੇ ਮਨਆਈਆਂ ਕੀਤੀਆਂ ਗਈਆਂ, ਪਰ ਉਨ੍ਹਾਂ ਦੇ ਪੱਲੇ ਕੁੱਝ ਨਾ ਪਾਇਆ ਗਿਆ। ਇਹ ਇੱਕੋ-ਇੱਕ ਅਜਿਹਾ ਖੇਤਰ ਹੈ, ਜਿੱਥੇ ਗੱਲ ਭਾਂਬੜ ਬਣ ਕੇ ਅੱਗੇ ਵਧਦੀ ਹੈ, ਕੁੜੀ ਕਿਸੇ ਨਾਲ ਦੋ ਫਰਲਾਂਗ ਨਹੀਂ ਗਈ ਕਿ ਅੱਧੇ ਸੰਗੀਤ ਜਗਤ ਵਿਚ ਗੱਲ ਫੈਲ ਜਾਂਦੀ ਹੈ, 'ਫਲਾਣੇ ਵਾਲੀ ਅੱਜ ਮੈਂ ਫਲਾਣੇ ਨਾਲ ਦੇਖੀ...ਉਹ ਆਪਣੇ ਮੁਕਾਬਲੇਬਾਜ਼ਾਂ ਨਾਲ ਫਿਰਦੀ ਐ, ਉਸ ਨੂੰ ਅੱਗੇ ਨਹੀਂ ਵਧਣ ਦੇਣਾ...।'

ਪੰਜਾਬ ਦੀ ਇੱਕ ਗਾਇਕਾ, ਜਿਹੜੀ ਵਿਦੇਸ਼ਾਂ ਵੱਲ ਇੰਜ ਜਾਂਦੀ ਹੈ ਜਿਵੇਂ ਆਮ ਬੰਦੇ ਨੇ ਚੰਡੀਗੜ੍ਹ ਜਾਂ ਲੁਧਿਆਣੇ ਜਾਣਾ ਹੋਵੇ, ਦੀ 'ਕਲਾ' ਬਾਰੇ ਪਿਛਲੇ ਕਈ ਸਾਲਾਂ ਤੋਂ ਖ਼ਬਰਾਂ ਉੱਡ ਰਹੀਆਂ ਨੇ। ਗਾਇਕੀ ਭਾਵੇਂ ਉਸ ਦੇ ਪੱਲੇ ਨਾ ਹੋਵੇ, ਪਰ ਗਾਇਕੀ ਦੇ ਭੇਸ ਵਿਚ ਉਹ ਆਪਣੇ ਸੁੱਹਪਣ ਦਾ ਮੁੱਲ ਵੱਟਣ ਦੀਆਂ ਗਲਤ ਰਾਹਾਂ 'ਤੇ ਤੁਰੀ ਹੋਈ ਹੈ।

ਪੁਰਾਣੀਆਂ ਅਤੇ ਅੱਜ ਦੇ ਵੇਲੇ ਦੀਆਂ ਗਾਇਕਾਵਾਂ ਦੀ ਤੁਲਨਾ ਕਰਨ ਦਾ ਕਾਰਨ ਸਿਰਫ਼ ਇੱਕੋ ਹੈ ਕਿ ਇਸ ਖੇਤਰ ਵਿਚ ਹਾਲਾਤ ਅੱਜ ਵੀ ਪਹਿਲਾਂ ਵਾਲੇ ਹਨ ਤੇ ਇਹ ਓਨੀ ਦੇਰ ਬਦਲਣੇ ਸੰਭਵ ਵੀ ਨਹੀਂ, ਜਿੰਨੀ ਦੇਰ ਬੁਰਕਾ ਪਹਿਨਣ ਵਾਲੇ ਰਾਖ਼ਸ਼ੀ ਸੋਚ ਦੇ ਮਾਲਕ ਲੋਕ ਤਿੱਤਰ ਨਹੀਂ ਹੋਣਗੇ। ਇੱਕ ਦਿਲ ਹਲੂਣਵਾਂ ਵਾਕਿਆ ਇਹ ਵੀ ਹੈ ਕਿ ਦਸ ਕੁ ਸਾਲ ਪਹਿਲਾਂ ਇੱਕ ਸਟਾਰ ਗਾਇਕ ਕੋਲ ਇੱਕ ਮੁਟਿਆਰ ਉਸ ਨੂੰ ਉਸਤਾਦ ਧਾਰਨ ਦੇ ਮਨਸ਼ੇ ਨਾਲ ਚਲੀ ਗਈ ਸੀ ਤੇ ਗਾਇਕ ਸਾਹਿਬ ਨੇ ਪਹਿਲੇ ਹੀ ਦਿਨ ਉਸ ਨੂੰ ਹੱਥ ਪਾ ਕੇ ਕਹਿ ਦਿੱਤਾ ਸੀ, 'ਆਪਣੀ ਲਾਈਨ ਵਿਚ ਸਭ ਕੁੱਝ ਚੱਲਦੈ...ਮੈਂ ਤੈਨੂੰ ਕਿਸੇ ਲਾਲਚ ਕਰਕੇ ਹੀ ਸਿਖਾਵਾਂਗਾ...ਜਦੋਂ ਤੂੰ ਸਟਾਰ ਹੋ ਗਈ ਫੇਰ ਮੈਨੂੰ ਕਾਹਦਾ ਪਛਾਨਣਾ...ਨਾਲੇ ਮੈਂ ਕਿਹੜਾ ਕਿਸੇ ਹੋਰ ਕੋਲ ਗੱਲ ਕਰਨੀ ਏ...ਤੂੰ ਮੇਰੀ ਬਣ ਕੇ ਰਹਿ ਤੇ ਮੈਂ ਤੇਰਾ ਹਾਂ...।' ਪਰ ਉਹ ਪੁੰਗਰਦੀ ਗਾਇਕਾ ਉਸ ਦੇ ਹਰਮੋਨੀਅਮ ਨੂੰ ਠੁੱਡ ਮਾਰ ਕੇ ਕਮਰੇ 'ਚੋਂ ਦੌੜ ਗਈ ਸੀ।

ਖੇਤਰ ਭਾਵੇਂ ਕੋਈ ਵੀ ਹੋਵੇ, ਉਸ ਵਿਚ ਕਾਲੀਆਂ ਭੇਡਾਂ ਹੁੰਦੀਆਂ ਹੀ ਨੇ। ਪਰ ਗਾਇਕੀ ਵੱਲ ਧਿਆਨ ਇਸ ਕਰਕੇ ਜ਼ਿਆਦਾ ਜਾਂਦਾ ਹੈ ਕਿਉਂਕਿ ਇਹ ਕਿੱਤਾ ਗਲੈਮਰ ਨਾਲ ਜੁੜਿਆ ਹੋਇਆ ਹੈ। ਸਾਡੀ ਦਿਲੀ ਇੱਛਾ ਹੈ ਕਿ ਪੰਜਾਬੀ ਗਾਇਕੀ ਵਿਚ ਸੁਰੀਲੀਆਂ ਗਾਇਕਾਵਾਂ ਦੀ ਗਿਣਤੀ ਵਧੇ, ਕੁੜੀਆਂ ਦੀ ਗਿਣਤੀ ਮੁੰਡਿਆਂ ਦੇ ਬਰਾਬਰ ਹੋਵੇ, ਕਿਸੇ ਗਾਇਕਾ ਨੂੰ ਸਬਜ਼ਬਾਗ ਦਿਖਾ ਕੇ ਕੋਈ 'ਮਨਆਈਆਂ' ਨਾ ਕਰੇ। ਇਹ ਖੇਤਰ ਸਭ ਦੀ ਇੱਜ਼ਤ ਵਧਾਉਣ ਵਾਲਾ ਹੋਵੇ, ਸਭ ਦੀਆਂ ਹਸਰਤਾਂ ਪੂਰੀਆਂ ਹੋਣ, ਕੁੜੀਆਂ ਨੂੰ ਸਿਰਫ਼ 'ਮੌਕਾਤਾੜ' ਨਿਗ੍ਹਾ ਨਾਲ ਨਾ ਦੇਖਿਆ ਜਾਵੇ, ਪਰ ਇਹ ਸਭ ਉਦੋਂ ਹੀ ਹੋ ਸਕੇਗਾ, ਜਦੋਂ ਕੁੜੀਆਂ ਅੱਗੇ ਵਧਣ ਲਈ ਭੁਚਲਾਵੇ ਵਿਚ ਆਉਣਾ ਬੰਦ ਕਰਨਗੀਆਂ ਅਤੇ ਗਲਤ ਹਰਕਤਾਂ ਕਰਨ ਵਾਲਿਆਂ ਨੂੰ ਸਮਾਜ ਵਿਚ ਨੰਗੇ ਕਰਨ ਦਾ ਜ਼ੇਰਾ ਰੱਖਣਗੀਆਂ।

*ਫੋਨ:98141-78883*




# ਬਹੁਤ ਭਿਆਨਕ ਹੈ ਰੁਚਿਕਾ ਅਤੇ ਰਾਠੌਰ ਕੇਸ ਦੀ ਲੰਮੀ ਤਫਸੀਲ

**-ਜਤਿੰਦਰ ਪਨੂੰ**

ਜਿਵੇਂ ਹਮੇਸ਼ਾ ਹੁੰਦਾ ਹੈ, ਹਰਿਆਣੇ ਦੇ ਸਾਬਕਾ ਪੁਲਸ ਮੁਖੀ ਸ਼ੰਭੂ ਪ੍ਰਤਾਪ ਸਿੰਘ ਰਾਠੌਰ ਦੇ ਮਾਮਲੇ ਵਿਚ ਵੀ ਹੁਣ ਹਰ ਕੋਈ ਆਪਣੀ ਕੰਨੀ ਖਿਸਕਾ ਕੇ ਨਿਕਲ ਜਾਣਾ ਚਾਹੁੰਦਾ ਹੈ। ਕੱਲ੍ਹ ਤੱਕ ਦੇ ਉਸ ਦੇ ਰਾਜਸੀ ਸਰਪ੍ਰਸਤ ਹੁਣ ਉਸਨੂੰ ਆਪਣੇ ਵਿਰੋਧੀਆਂ ਦਾ ਜੋੜੀਦਾਰ ਆਖ ਰਹੇ ਹਨ ਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰੀ ਜਾਂਦੇ ਹਨ ਕਿ ਉਹ ਤਾਂ ਰਾਠੌਰ ਨੂੰ ਸਜ਼ਾ ਦਿਵਾਉਣ ਲਈ ਯਤਨ ਕਰਦੇ ਰਹੇ ਸਨ। ਅਸਲ ਵਿਚ ਰਾਠੌਰ ਵਰਗੇ ਕੁਕਰਮੀ ਅਫ਼ਸਰ ਦੇ ਮਾਮਲੇ ਵਿਚ ਕੋਈ ਧਿਰ ਵੀ ਹਰਿਆਣੇ ਦੀ ਰਾਜਨੀਤੀ ਜਾਂ ਰਾਜ ਦਰਬਾਰ ਵਿਚ ਪਾਕ-ਸਾਫ਼ ਨਜ਼ਰ ਨਹੀਂ ਆ ਰਹੀ। ਉਹ ਸਿਖਰਲੇ ਪੱਧਰ ਦਾ ਪੁਲਸ ਅਫ਼ਸਰ ਸੀ, ਮੁਕਾਬਲੇ ਵਿਚ ਸਧਾਰਨ ਲੋਕ ਸਨ, ਉਨ੍ਹਾਂ ਦਾ ਸਾਥ ਦੇਣ ਦਾ ਕਿਸੇ ਨੂੰ ਲਾਭ ਹੀ ਕੋਈ ਨਹੀਂ ਸੀ।

ਰਾਠੌਰ ਉੱਤੇ ਦੋਸ਼ ਹੈ ਕਿ ਉਸਨੇ ਇਕ ਤੇਰਾਂ ਸਾਲ ਉਮਰ ਦੀ ਟੈਨਿਸ ਖਿਡਾਰਨ ਕੁੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹਿਆ। ਜਦੋਂ ਉਹ ਨਾ ਮੰਨੀ ਤਾਂ ਰਾਠੌਰ ਨੇ ਉਸ ਦੇ ਪੂਰੇ ਪਰਵਾਰ ਨੂੰ ਨਿਸ਼ਾਨੇ ਉਤੇ ਰੱਖ ਲਿਆ। ਜਬਰ ਦੀ ਹੱਦ ਹੀ ਸੀ ਕਿ ਝੂਠੇ ਕੇਸਾਂ ਵਿਚ ਫਸਾ ਕੇ ਫੜੇ ਉਸ ਦੇ ਭਰਾ ਨੂੰ ਬੇਤਹਾਸ਼ਾ ਤਸ਼ੱਦਦ ਕਰਨ ਮਗਰੋਂ, ਜਦੋਂ ਉਹ ਤੁਰਨ ਜੋਗਾ ਵੀ ਨਹੀਂ ਸੀ, ਉਸ ਦੇ ਘਰ ਲਿਜਾ ਕੇ ਕੁੜੀ ਨੂੰ ਇਹ ਅਖਵਾਇਆ ਗਿਆ ਕਿ ਉਹ ਆਪਣੇ ਭਰਾ ਨੂੰ ਕੁੱਟ ਤੋਂ ਬਚਾਉਣ ਲਈ ਆਪਣੀ ਜ਼ਿੱਦ ਛੱਡ ਦੇਵੇ। ਏਦਾਂ ਦੀ ਕਹਾਣੀ ਕਿਸੇ ਪਛੜੇ ਹੋਏ ਜਾਂ ਕਬਾਇਲੀ ਇਲਾਕੇ ਵਿੱਚ ਵਾਪਰਦੀ ਤਾਂ ਇਸਦਾ ਹੋਰ ਅਰਥ ਨਿਕਲਦਾ, ਪਰ ਇਹ ਸਾਰਾ ਕੁਝ ਤਾਂ ਉਸ ਚੰਡੀਗੜ੍ਹ ਸ਼ਹਿਰ ਦੀ ਫਿਰਨੀ ਉਤੇ ਵੱਸਦੇ ਆਧੁਨਿਕ ਸ਼ਹਿਰ ਪੰਚਕੂਲੇ ਵਿਚ ਹੁੰਦਾ ਰਿਹਾ, ਜਿਥੇ ਦੋ ਰਾਜਾਂ ਦੀਆਂ ਸਰਕਾਰਾਂ ਵੀ ਚੱਲਦੀਆਂ ਹਨ ਤੇ ਦੋਵਾਂ ਰਾਜਾਂ ਦੀ ਸਾਂਝੀ ਹਾਈ ਕੋਰਟ ਵੀ ਨਿਆਂ ਦੀ ਜੋਤ ਜਗਾਈ ਬੈਠੀ ਹੈ। ਇਸ ਤਰ੍ਹਾਂ ਇਹ ਕਹਾਣੀ 'ਦੀਵੇ ਹੇਠ ਹਨੇਰਾ' ਦੀ ਕਹਾਵਤ ਨੂੰ ਸੱਚ ਸਾਬਤ ਕਰਨ ਵਾਲੀ ਹੋ ਗਈ ਹੈ।

ਰੁਚਿਕਾ ਦੀ ਮੌਤ ਤੋਂ ਵੀ ਸੋਲਾਂ ਸਾਲ ਹੋਰ ਲੰਘਾ ਕੇ ਉੱਨੀ ਸਾਲ ਪੁਰਾਣੇ ਮਾਮਲੇ ਵਿਚ ਰਾਠੌਰ ਨੂੰ ਸਿਰਫ ਛੇ ਮਹੀਨੇ ਦੀ ਸਜ਼ਾ ਹੋਈ ਹੈ। ਇਸ ਸਜ਼ਾ ਤੋਂ ਬਚਣ ਦੀ ਵਾਹ ਉਸ ਨੇ ਖ਼ੁਦ ਵੀ ਲਾਈ ਤੇ ਬਚਾਉਣ ਵਾਲੇ ਵੀ ਥੋੜ੍ਹੇ ਨਹੀਂ ਸਨ। ਘਟਨਾ ਅਗਸਤ 1990 ਦੀ ਸੀ,ਜਦੋਂ ਉਥੇ ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ ਦੇ ਹੁਕਮ ਸਿੰਘ ਦਾ ਰਾਜ ਹੁੰਦਾ ਸੀ। ਹੁਕਮ ਸਿੰਘ ਤਾਂ ਹੁਕਮ ਦਾ ਬੱਧਾ ਚੱਲਦਾ ਸੀ, ਰਾਜ ਪਿੱਛੇ ਖੜੇ ਚੌਟਾਲੇ ਹੀ ਚਲਾਉਂਦੇ ਸਨ। ਸ਼ਿਕਾਇਤ ਹੋਈ, ਪੜਤਾਲ ਪਿੱਛੋਂ ਰਾਠੌਰ ਦੇ ਵਿਰੁਧ ਕੇਸ ਦਰਜ ਕਰਨ ਦੀ ਸਿਫਾਰਸ਼ ਹੋ ਗਈ, ਪਰ ਗ੍ਰਹਿ ਮੰਤਰੀ ਸੰਪਤ ਸਿੰਘ ਨੇ ਫ਼ਾਈਲ ਮੰਗਵਾ ਕੇ ਇਹ ਹਦਾਇਤ ਕਰ ਦਿੱਤੀ ਕਿ ਮੁੱਖ ਮੰਤਰੀ ਹੁਕਮ ਸਿੰਘ ਦਾ ਹੁਕਮ ਹੈ ਕਿ ਕੇਸ ਦਰਜ ਨਹੀਂ ਕਰਨਾ, ਵਿਭਾਗੀ ਕਾਰਵਾਈ ਕਰਨੀ ਹੈ। ਘਰ ਦੀਆਂ ਦੁਸ਼ਵਾਰੀਆਂ ਲਈ ਖ਼ੁਦ ਨੂੰ ਮੁਸੀਬਤ ਦੀ ਜੜ੍ਹ ਮੰਨ ਕੇ ਕੁੜੀ ਵਿਚਾਰੀ ਨੇ 1993 ਵਿਚ ਖ਼ੁਦਕੁਸ਼ੀ ਕਰ ਲਈ ਤਾਂ ਤਿੰਨ ਘੰਟੇ ਵਿਚ ਉਸਦਾ ਭਰਾ ਵੀ ਛੱਡ ਦਿੱਤਾ ਗਿਆ।

ਰਾਠੌਰ ਦੇ ਲੰਮੇ ਹੱਥਾਂ ਦੀ ਪਹੁੰਚ ਦੀ ਕੋਈ ਹੱਦ ਨਹੀਂ ਸੀ। ਉਸ ਨੇ ਪੋਸਟ ਮਾਰਟਮ ਰਿਪੋਰਟ ਵਿਚ ਕੁੜੀ ਦਾ ਨਾਂਅ ਵੀ ਰੁਚਿਕਾ ਗਿਰਹੋਤਰਾ ਦੀ ਥਾਂ 'ਰੂਬੀ' ਅਤੇ ਉਸਦੇ ਪਿਤਾ ਐਸ ਸੀ ਗਿਰਹੋਤਰਾ ਦਾ ਨਾਂਅ ਵੀ ਬਦਲ ਕੇ 'ਸੁਭਾਸ਼ ਚੰਦਰ ਖੱਤਰੀ' ਲਿਖਵਾ ਦਿੱਤਾ। ਉਸਦੀ ਮੌਤ ਦਾ ਕਾਰਨ ਬਣੀ ਜ਼ਹਿਰੀਲੀ ਦਵਾਈ ਵੀ ਰਿਕਾਰਡ ਵਿਚ ਹੋਰ ਦਰਜ ਸੀ, ਪੋਸਟ ਮਾਰਟਮ ਰਿਪੋਰਟ ਵਿਚ ਹੋਰ ਲਿਖਣ ਦੀ ਥਾਂ 'ਡੀ ਡੀ ਆਰ' (ਰੋਜ਼ਨਾਮਚੇ ਦੀ ਸਧਾਰਨ ਰਿਪੋਰਟ) ਦਰਜ ਕਰਵਾ ਕੇ ਕੰਮ ਮੁਕਾ ਛੱਡਿਆ।

ਜਬਰ ਦਾ ਸ਼ਿਕਾਰ ਹੋਇਆ ਪਰਵਾਰ ਭੁਗਤਦਾ ਰਿਹਾ, ਰਾਠੌਰ ਮੌਜਾਂ ਮਾਣਦਾ ਰਿਹਾ। ਕਾਂਗਰਸੀ ਆਗੂ ਭਜਨ ਲਾਲ ਦੇ ਮੁੱਖ ਮੰਤਰੀ ਹੁੰਦਿਆ ਰਾਠੌਰ ਨੂੰ ਕੇਸ ਵਿਚ ਫਸੇ ਹੋਣ ਦੇ ਬਾਵਜੂਦ ਆਈ ਜੀ ਤੋਂ ਐਡੀਸ਼ਨਲ ਡਾਇਰੈਕਟਰ ਜਨਰਲ ਬਣਾਇਆ ਗਿਆ। ਉਸ ਪਿੱਛੋਂ ਚੌਧਰੀ ਬੰਸੀ ਲਾਲ ਦੀ ਭਾਜਪਾ ਨਾਲ ਸਾਂਝੀ ਸਰਕਾਰ ਵੇਲੇ ਰਾਠੌਰ ਨੂੰ ਤਰੱਕੀ ਦੇ ਕੇ ਡੀ ਜੀ ਪੀ ਦਾ ਰੈਂਕ ਦੇ ਦਿੱਤਾ ਗਿਆ, ਤੇ ਉਹ ਵੀ ਉਦੋਂ ਜਦੋਂ ਉਸਦੇ ਵਿਰੁਧ ਰੁਚਿਕਾ ਕੇਸ ਤੋਂ ਬਿਨਾਂ ਜੇਲ੍ਹਾਂ ਦੇ ਮਾਮਲੇ ਵਿਚ ਵੀ ਇਕ ਅਪਰਾਧਕ ਮੁਕੱਦਮਾ ਚਲ ਰਿਹਾ ਸੀ। ਫੇਰ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਮੁੱਖ ਮੰਤਰੀ ਬਣ ਕੇ ਉਸਨੂੰ ਰਾਜ ਦੀ ਪੁਲਿਸ ਦਾ ਮੁਖੀ ਵੀ ਬਣਾ ਦਿੱਤਾ ਤੇ ਨਾਲ ਦੀ ਨਾਲ ਇਕ ਹੋਰ ਰਾਸ਼ਟਰਪਤੀ ਪੁਲਸ ਮੈਡਲ ਦੇਣ ਦੀ ਸਿਫਾਰਸ਼ ਵੀ ਕਰ ਦਿੱਤੀ। ਮੈਡਲ ਮਿਲਣ ਤੋਂ ਰਹਿ ਨਾ ਜਾਵੇ, ਇਸ ਕਰਕੇ ਚੱਲਦੇ ਕੇਸ ਦੀ ਜਾਣਕਾਰੀ ਲੁਕਾ ਲਈ ਗਈ, ਪਰ ਰਾਸ਼ਟਰਪਤੀ ਭਵਨ ਨੂੰ ਮਿਲੀ ਖ਼ੁਫ਼ੀਆ ਸੂਚਨਾ ਦੇ ਅਧਾਰ ਉਤੇ ਮੈਡਲ ਤੋਂ ਨਾਂਹ ਕਰ ਦਿੱਤੀ ਗਈ। ਹੁਣ ਇਹ ਸਾਰੇ ਲੀਡਰ ਆਪੋ ਆਪਣੀਆਂ ਸਫ਼ਾਈਆਂ ਦੇਂਦੇ ਹੋਏ ਦੂਜਿਆਂ 'ਤੇ ਦੋਸ਼ ਥੱਪ ਰਹੇ ਹਨ। ਮੈਡਲ ਦੀ ਸਿਫ਼ਾਰਸ਼ ਬਾਰੇ ਵੀ ਚੌਟਾਲਾ ਸਾਹਿਬ ਕਹਿੰਦੇ ਹਨ, ''ਹੇਠੋਂ ਰਿਪੋਰਟ ਆ ਗਈ, ਮੈਂ ਅੱਗੇ ਭੇਜ ਦਿੱਤੀ, ਮੇਰਾ ਤਾਂ ਕੋਈ ਕਸੂਰ ਹੀ ਨਹੀਂ ਸੀ।'' ਰਾਜ ਦੇ ਪੁਲਸ ਮੁਖੀ ਦੀ ਰਿਪੋਰਟ ਇੰਜ ਹੇਠੋਂ ਆ ਕੇ ਫ਼ਾਈਲਾਂ ਦੇ ਥੱਬੇ ਵਿਚੋਂ ਨਹੀਂ ਨਿਕਲਦੀ ਹੁੰਦੀ, ਸਿਰਫ਼ ਮੁੱਖ ਮੰਤਰੀ ਦੀ ਨਿੱਜੀ ਮਿਹਰ ਸਦਕਾ ਹੀ ਅੱਗੇ ਖਿਸਕਦੀ ਹੈ। ਅਫ਼ਸਰਾਂ ਤੇ ਲੀਡਰਾਂ ਨੂੰ ਪਾਸੇ ਰੱਖਿਆ ਜਾਵੇ ਤਾਂ ਸਾਡੀ ਨਿਆਂ ਪਾਲਿਕਾ ਵੀ ਦੋਸ਼ਾਂ ਤੋਂ ਨਹੀਂ ਬਚ ਸਕਦੀ। ਕਈ ਹੋਰ ਕੇਸਾਂ ਵਿਚ ਜਦੋਂ ਹੇਠੋਂ ਇਨਸਾਫ ਨਾ ਮਿਲਿਆ ਤਾਂ ਉਤਲੀਆਂ ਅਦਾਲਤਾਂ ਵਿਚੋਂ ਮਿਲ ਜਾਂਦਾ ਰਿਹਾ ਹੈ, ਪਰ ਇਸ ਕੇਸ ਵਿਚ ਉਤਲੀਆਂ ਅਦਾਲਤਾਂ ਵਿਚੋਂ ਵੀ ਰਾਠੌਰ ਦੇ ਬਚਾਅ ਲਈ ਰਾਹ ਹੀ ਨਿਕਲਦੇ ਰਹੇ।

ਲਗਾਤਾਰ ਸੱਤਾਂ ਸਾਲਾਂ ਦੀ ਪੈਰਵੀ ਪਿੱਛੋਂ 1990 ਵਾਲੇ ਰੁਚਿਕਾ ਮਾਮਲੇ ਦੀ ਸ਼ਿਕਾਇਤ ਦੀ ਜਾਂਚ ਰਿਪੋਰਟ 1997 ਵਿਚ ਜਾ ਕੇ ਵਾਰਸਾਂ ਨੂੰ ਮਿਲ ਸਕੀ। ਭੇਦ ਇਹ ਖੁੱਲ੍ਹਾ ਕਿ ਰੁਚਿਕਾ ਦੀ ਖ਼ੁਦਕੁਸ਼ੀ ਤੋਂ ਸਿਰਫ਼ ਦੋ ਮਹੀਨੇ ਮਗਰੋਂ ਵਿਭਾਗੀ ਜਾਂਚ ਵੀ ਬੰਦ ਕਰ ਦਿੱਤੀ ਗਈ ਸੀ। ਏਨੇ ਸਮੇਂ ਦੌਰਾਨ ਰੁਚਿਕਾ ਦੇ ਪਰਿਵਾਰ ਨੂੰ ਖਾਨਾਬਦੋਸ਼ਾਂ ਵਾਂਗ ਥਾਂ-ਪੁਰ-ਥਾਂ ਭੱਜਣਾ ਪਿਆ, ਰੁਚਿਕਾ ਦੀ ਸਹੇਲੀ ਅਨੁਰਾਧਾ ਦੇ ਪਿਤਾ ਆਨੰਦ ਪ੍ਰਕਾਸ਼ ਨੂੰ ਵੀ ਕੇਸ ਦੀ ਪੈਰਵੀ ਦਾ ਖਮਿਆਜਾ ਭੁਗਤਣ ਕਰ ਕੇ ਕੇਸਾਂ ਵਿਚ ਉਲਝਾਇਆ ਗਿਆ ਤੇ ਫਿਰ ਸੀਨੀਅਰ ਇੰਜੀਨੀਅਰ ਦੀ ਨੌਕਰੀ ਤੋਂ ਵੇਲੇ ਤੋਂ ਪਹਿਲਾਂ ਜਬਰੀ ਰਿਟਾਇਰ ਕਰਵਾ ਦਿੱਤਾ ਗਿਆ।

ਅਖ਼ਬਾਰਾਂ ਵਿਚ ਲਗਾਤਾਰ ਛਪਦੀਆਂ ਰਿਪੋਰਟਾਂ ਦਾ ਨੋਟਿਸ ਲੈਂਦੇ ਹੋਏ ਹਾਈ ਕੋਰਟ ਦੇ ਇਕ ਮਾਣਯੋਗ ਜੱਜ ਨੇ ਬਾਰਾਂ ਦਸੰਬਰ 2000 ਨੂੰ ਆਪਣੇ ਆਪ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਅਤੇ ਮੁੱਢਲੀ ਕਾਰਵਾਈ ਪਿੱਛੋਂ ਹਾਈ ਕੋਰਟ ਦੇ ਮਾਣਯੋਗ ਮੁੱਖ ਜੱਜ ਨੂੰ ਇਹ ਮਾਮਲਾ ਕਿਸੇ ਡਵੀਜ਼ਨ ਬੈਂਚ ਨੂੰ ਸੌਂਪਣ ਲਈ ਭੇਜ ਦਿੱਤਾ। ਮੁੱਖ ਜੱਜ ਵਲੋਂ ਨਿਰਧਾਰਤ ਦੋ ਜੱਜਾਂ ਦੇ ਬੈਂਚ ਨੇ ਪਟਿਆਲਾ ਦੇ ਸੈਸ਼ਨ ਜੱਜ ਐਸ ਐਨ ਅਗਰਵਾਲ ਨੂੰ ਰਾਠੌਰ ਦੇ ਮਿੱਥੇ ਹੋਏ ਉੱਚ ਕੋਟੀ ਦੇ ਵਕੀਲ ਅਜੇ ਜੈਨ ਦੀ ਹਾਜ਼ਰੀ ਵਿਚ ਹੋਈ ਤੇ ਉਸ ਨੂੰ ਸਵਾਲ-ਜਵਾਬ ਕਰਨ ਦਾ ਵੀ ਪੂਰਾ ਮੌਕਾ ਦਿੱਤਾ ਗਿਆ ਸੀ, ਜਿਸ ਦੀ ਰਿਪੋਰਟ ਹਾਈ ਕੋਰਟ ਨੂੰ ਭੇਜੀ ਗਈ। ਜਦੋਂ ਤੱਕ ਇਸ ਰਿਪੋਰਟ ਦਾ ਬੰਦ ਲਿਫ਼ਾਫ਼ਾ ਹਾਈ ਕੋਰਟ ਨੇ ਖੋਲ੍ਹਣਾ ਸੀ, ਰਾਠੌਰ ਨੇ ਸੁਪਰੀਮ ਕੋਰਟ ਵਿਚ ਜਾ ਪਹੁੰਚ ਕੀਤੀ ਤੇ ਓਥੋਂ ਦੇ ਜੱਜ ਨੇ ਤੱਥਾਂ ਦੀ ਪੁਣ-ਛਾਣ ਕੀਤੇ ਬਿਨਾਂ ਹੀ ਇਸ ਜਾਂਚ ਬਾਰੇ ਹਾਈ ਕੋਰਟ ਦਾ ਹੁਕਮ ਰੱਦ ਕਰ ਦਿੱਤਾ। ਨਤੀਜੇ ਵਜੋਂ ਰਿਪੋਰਟ ਵੀ ਲਿਫ਼ਾਫ਼ੇ ਵਿਚ ਬੰਦ ਦੀ ਬੰਦ ਹੀ ਦਮ ਤੋੜ ਗਈ।

ਇਹੋ ਨਹੀਂ, ਇੱਕ ਮੋੜ ਇਸ ਵਿਚ ਹੋਰ ਵੀ ਆਇਆ, ਜਦੋਂ ਸੀ ਬੀ ਆਈ ਨੇ ਅੰਬਾਲੇ ਦੀ ਸੀ ਬੀ ਆਈ ਅਦਾਲਤ ਮੂਹਰੇ ਚਾਰਜਸ਼ੀਟ ਪੇਸ਼ ਕਰਦੇ ਹੋਇਆ ਰਾਠੌਰ ਵਿਰੁਧ ਸਿਰਫ ਛੇੜ-ਛਾੜ ਦਾ ਮੁਕੱਦਮਾ ਹੀ ਪੇਸ਼ ਕੀਤਾ। ਸੀ ਬੀ ਆਈ ਅਦਾਲਤ ਦੇ ਜੱਜ ਜਗਦੇਵ ਸਿੰਘ ਧੰਜਲ ਨੇ ਚਾਰਜਸ਼ੀਟ ਪੜ੍ਹ ਕੇ ਇਸੇ ਕੇਸ ਨਾਲ ਰੁਚਿਕਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੀ ਧਾਰਾ ਵੀ ਜੋੜਨ ਦਾ ਹੁਕਮ ਦੇ ਦਿੱਤਾ। ਰਾਠੌਰ ਹਾਈ ਕੋਰਟ ਜਾ ਪੁੱਜਾ ਤੇ ਓਥੇ ਬੈਠੇ ਜੱਜ ਜਸਟਿਸ ਕਥੂਰੀਆ ਨੇ ਇਹ ਧਾਰਾ ਰੱਦ ਕਰ ਕੇ ਮੁਕੱਦਮਾ ਸਿਰਫ਼ ਛੇੜ-ਛਾੜ ਦਾ ਬਣਾ ਦਿੱਤਾ। ਹੋਰ ਤਾਂ ਹੋਰ, ਮੁਕੱਦਮੇ ਨੂੰ ਲਮਕਾਈ ਰੱਖਣ ਲਈ ਕਈ ਵਾਰੀ ਹਾਈ ਕੋਰਟ ਨੇ ਰਾਠੌਰ ਦੀ ਬੇਨਤੀ ਮੰਨ ਕੇ ਕਦੇ ਇਹ ਕੇਸ ਅੰਬਾਲੇ ਦੀ ਅਦਾਲਤ ਵਿਚ ਤੇ ਕਦੇ ਚੰਡੀਗੜ੍ਹ ਦੀ ਅਦਾਲਤ ਵਿਚ ਭੇਜਿਆ ਤੇ ਬੇਨਤੀ ਹਰ ਵਾਰੀ ਸਿਰਫ ਇਹੋ ਹੁੰਦੀ ਸੀ ਕਿ ਏਥੋਂ ਇਨਸਾਫ ਮਿਲਣ ਦੀ ਆਸ ਨਹੀਂ। ਕਾਨੂੰਨੀ ਰਾਹ ਨਹੀਂ ਸੀ ਨਿਕਲਦਾ, ਵਰਨਾ ਰਾਠੌਰ ਨੇ ਆਪਣਾ ਮੁਕੱਦਮਾ ਕਿਸੇ ਸਿਆਸੀ ਪਾਰਟੀ ਦੇ ਦਫਤਰ ਪੇਸ਼ ਕਰਨ ਦਾ ਪ੍ਰਬੰਧ ਵੀ ਕਰ ਲੈਣਾ ਸੀ, ਜਿੱਥੇ ਬੈਠੇ ਹੁਕਮ ਸਿੰਘ, ਭਜਨ ਲਾਲ, ਬੰਸੀ ਲਾਲ ਜਾਂ ਓਮ ਪ੍ਰਕਾਸ਼ ਚੌਟਾਲਾ ਉਸਨੂੰ ਬਾਇਜ਼ਤ ਬਰੀ ਕਰ ਦੇਂਦੇ।

ਦੂਜੇ ਪਾਸੇ ਜਿਹੜੇ ਕੇਸ ਰੁਚਿਕਾ ਦੇ ਭਰਾ 'ਤੇ ਬਣਾਏ ਗਏ ਸਨ, ਉਹ ਹਾਈਕੋਰਟ ਵਿਚ ਜਾ ਕੇ ਤਾਂ ਕੀ, ਪੰਚਕੂਲੇ ਦੀ ਹੇਠਲੀ ਅਦਾਲਤ ਵਿਚ ਵੀ ਨਾ ਟਿਕ ਸਕੇ। ਜੱਜ ਨੇ ਸਾਫ ਲਿਖਿਆ ਕਿ ਬਿਨਾਂ ਸਬੂਤਾਂ ਤੋਂ ਝੂਠੇ ਕੇਸ ਬਣਾਏ ਜਾ ਰਹੇ ਹਨ। ਮਾਮਲਾ ਹਾਈ ਕੋਰਟ ਪੁੱਜਾ ਤਾਂ ਦੋ ਮਾਣਯੋਗ ਜੱਜਾਂ ਨੇ ਹੁਕਮ ਦੇਂਦੇ ਹੋਏ ਲਿਖਿਆ ਕਿ ''ਮਹਿਸੂਸ ਹੁੰਦਾ ਹੈ ਕਿ ਪੰਚਕੂਲਾ ਦੇ ਪੁਲਸ ਅਧਿਕਾਰੀਆਂ ਨੂੰ ਨਬਾਲਗ ਮੁੰਡੇ (ਰੁਚਿਕਾ ਦੇ ਭਰਾ ਆਸ਼ੂ) ਦੇ ਖਿਲਾਫ਼ ਰਾਠੌਰ ਨੇ ਲਾਇਆ ਹੋਇਆ ਹੈ, ਜਿਸ ਦੇ ਖ਼ਿਲਾਫ ਆਸ਼ੂ ਦੀ ਭੈਣ ਨਾਲ ਛੇੜ-ਛਾੜ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ।'' ਹਾਈਕੋਰਟ ਨੇ ਨੋਟਿਸ ਜਾਰੀ ਕਰਦਿਆਂ ਇਹ ਵੀ ਦਰਜ ਕੀਤਾ ਕਿ ''ਆਸ਼ੂ ਵਿਰੁਧ ਮੁਕੱਦਮੇ ਦਰਜ ਕਰਕੇ ਉਸਦੀ ਜ਼ਿੰਦਗੀ ਮੁਸ਼ਕਲ ਕੀਤੀ ਗਈ ਜਾਪਦੀ ਹੈ ਅਤੇ ਉਸ ਨੂੰ ਆਪਣੀ ਭੈਣ ਨੂੰ ਸ਼ਿਕਾਇਤ ਵਾਪਸ ਲੈਣ ਲਈ ਮਨਾਉਣ ਵਾਸਤੇ ਹੀ ਦਹਿਸ਼ਤ ਦਾ ਸ਼ਿਕਾਰ ਬਣਾਇਆ ਗਿਆ ਸੀ।'' ਇਹ ਨੋਟਿਸ ਜਾਰੀ ਹੁੰਦੇ ਸਾਰ ਰਾਠੌਰ ਫਿਰ ਸੁਪਰੀਮ ਕੋਰਟ ਜਾ ਪੁੱਜਾ ਤੇ ਉਥੋਂ ਇਸ ਹੁਕਮ 'ਤੇ ਵੀ ਰੋਕ ਲਗਵਾ ਲਈ। ਸਵਾਲ ਤਾਂ ਇਹ ਹੈ ਕਿ ਆਖਰ ਮੁੜ ਮੁੜ ਕੇ ਸੁਪਰੀਮ ਕੋਰਟ ਵੀ ਰਾਠੌਰ ਦਾ ਸਾਹ ਸੁਖਾਲਾ ਕਰਨ ਦਾ ਸਾਧਨ ਕਿਵੇਂ ਬਣਦੀ ਰਹੀ?

ਜਵਾਬ ਸਾਫ਼ ਹੈ ਕਿ ਅਪਰਾਧੀਆਂ ਦੇ ਹੱਥ ਹੁਣ ਇਸ ਦੇਸ਼ ਵਿਚ ਕਾਨੂੰਨ ਨਾਲੋਂ ਵਧ ਲੰਮੇ ਹੁੰਦੇ ਜਾ ਰਹੇ ਹਨ। ਕਿੰਨੇ ਲੰਮੇ, ਇਸਦੀ ਚਰਚਾ ਲਈ ਕੇਸਾਂ ਦੀ ਲੜੀ ਲਾਈ ਜਾ ਸਕਦੀ ਹੈ, ਪਰ ਅਸੀਂ ਸਿਰਫ਼ ਤਿੰਨਾਂ ਦਾ ਜ਼ਿਕਰ ਹੀ ਕਰਨਾ ਚਾਹਾਂਗੇ।

ਇੱਕ ਕੇਸ ਸੰਗਰੂਰ ਜ਼ਿਲ੍ਹੇ ਦੇ ਮਹਿਲ ਕਲਾਂ ਦੀ ਕਿਰਨਜੀਤ ਕੌਰ ਦਾ ਸੀ। ਸਿਖਰ ਦੁਪਹਿਰੇ ਰਾਹ ਜਾਂਦੀ ਨੂੰ ਚੁੱਕ ਕੇ ਖੇਤ ਵਿਚ ਲਿਜਾਇਆ ਗਿਆ ਤੇ ਬਲਾਤਕਾਰ ਕਰ ਕੇ ਮਾਰ ਦਿੱਤਾ ਗਿਆ ਸੀ। ਵੱਡੀ ਸਿਆਸੀ ਪਹੁੰਚ ਵਾਲੇ ਮੁਲਜ਼ਮਾਂ ਦਾ ਕੱਖ ਨਹੀਂ ਸੀ ਵਿਗੜਿਆ ਤੇ ਮੁਕੱਦਮੇ ਦੀ ਪੈਰਵੀ ਕਰਨ ਵਾਲਿਆਂ ਨੂੰ ਜੇਲ੍ਹ ਜਾਣਾ ਪੈ ਗਿਆ ਸੀ। ਦੂਜਾ ਮਾਮਲਾ ਫਿਰੋਜ਼ਪੁਰ ਜ਼ਿਲ੍ਹੇ ਦਾ ਹੈ। ਓਥੇ ਅੱਠ ਨੌਂ ਸਾਲ ਪਹਿਲਾਂ ਇੱਕ ਔਰਤ ਨਾਲ ਬਲਾਤਕਾਰ ਹੋਇਆ ਤੇ ਪੁਲਸ ਨੇ ਮੁਕੱਦਮਾ ਵੀ ਦਰਜ ਕਰਨੋਂ ਪਾਸਾ ਵੱਟ ਲਿਆ ਸੀ। ਫੇਰ ਵੀ ਜਦੋਂ ਉਹ ਅਦਾਲਤ ਤੱਕ ਪਹੁੰਚ ਗਈ, ਉਸਨੂੰ ਧਮਕੀਆਂ ਦਿੱਤੀਆਂ ਜਾਣ ਲੱਗੀਆਂ। ਜਿਸ ਦਿਨ ਉਹ ਬਿਆਨ ਦਰਜ ਕਰਵਾ ਕੇ ਮੁੜੀ, ਅੱਧੀ ਰਾਤ ਨੂੰ ਹਮਲਾਵਰਾਂ ਨੇ ਉਸਦੇ ਘਰ ਦੀਆਂ ਕੰਧਾਂ ਟੱਪੀਆਂ ਤੇ ਉਸਦੀ ਇੱਕ ਲੱਤ ਪੱਟ ਤੋਂ ਵੱਢ ਕੇ ਨਾਲ ਲੈ ਗਏ ਸਨ। ਵਿਚਾਰੀ ਗਰੀਬੜੀ ਨੂੰ ਗੱਲੀਂ ਬਾਤੀਂ ਦਿਲਾਸੇ ਦਿੱਤੇ ਜਾਂਦੇ ਰਹੇ ਤੇ ਮੁਲਜ਼ਮਾਂ ਦੀ ਸਰਪ੍ਰਸਤੀ ਫੇਰ ਵੀ ਹੁੰਦੀ ਰਹੀ ਸੀ। ਤੀਜਾ ਕੇਸ ਬੁੱਧ ਸਿੰਘ ਨਾਂਅ ਦੇ ਪੁਲਸ ਇੰਸਪੈਕਟਰ ਦਾ ਹੈ, ਜਿਸ ਨੇ ਇੱਕ ਵਾਰੀ ਬਠਿੰਡਾ ਦੇ ਸੀ ਆਈ ਏ ਸਟਾਫ ਅੰਦਰ ਇੱਕ ਮਾਂ ਨੂੰ ਸਕੇ ਪੁੱਤਰ ਦੇ ਸਾਹਮਣੇ ਨੰਗਿਆਂ ਕਰਕੇ ਖੜ੍ਹੀ ਕੀਤੀ ਰੱਖਿਆ ਸੀ। ਸਾਰੇ ਪੰਜਾਬ ਵਿਚ ਰੌਲਾ ਪੈਂਦਾ ਰਿਹਾ, ਪਰ ਉਸ ਦੀ ਅਫਸਰੀ ਕਾਂਗਰਸੀ ਰਾਜ ਵਿਚ ਵੀ ਕਾਇਮ ਰਹੀ ਸੀ, ਅਕਾਲੀ-ਭਾਜਪਾ ਰਾਜ ਵਿਚ ਵੀ। ਹੁਣ ਉਹ ਫੇਰ ਜੇਲ੍ਹ ਵਿਚ ਹੈ, ਪਰ ਉਸ ਕਮੀਨੀ ਕਰਤੂਤ ਕਰ ਕੇ ਨਹੀਂ, ਸਗੋਂ ਇਕ ਜਮੀਨੀ ਹੇਰਾਫੇਰੀ ਦੇ ਕੇਸ ਵਿਚ ਉਹਨੂੰ ਇੱਕ ਅਦਾਲਤ ਵਲੋਂ ਗੁਨਾਹਗਾਰ ਠਹਿਰਾਇਆ ਗਿਆ ਹੈ।

ਤਦ ਫਿਰ ਗੱਲ ਕਿਸ ਦੀ ਕਰੀਏ? ਪੁਲਸੀਆ ਜਾਬਰਪੁਣੇ ਦੀ, ਰਾਠੌਰੀਆ ਹਵਸ ਦੀ ਜਾਂ ਸਰਕਾਰਾਂ ਅਤੇ ਅਦਾਲਤਾਂ ਅੰਦਰੋਂ ਮੁਲਜ਼ਮਾਂ ਨਾਲ ਵਰਤ ਜਾਂਦੇ ਲਿਹਾਜ ਦੀ? ਜਾਂ ਫਿਰ ਗੱਲ ਕਰੀਏ ਰਾਜਸੀ ਲੀਡਰਾਂ ਦੇ ਉਸ ਕਿਰਦਾਰ ਦੀ, ਜਿਹੜਾ ਹਰਿਆਣਾ ਹੋਵੇ ਜਾਂ ਪੰਜਾਬ ਜਾਂ ਫਿਰ ਦਿੱਲੀ ਤੋਂ ਦੱਖਣ ਤੱਕ ਦਾ ਕੋਈ ਵੀ ਸੂਬਾ, ਕੁੜਤੇ, ਟੋਪੀਆਂ ਤੇ ਪੱਗਾਂ ਦਾ ਰੰਗ ਹੀ ਵੱਖਰਾ ਹੋ ਸਕਦਾ ਹੈ, ਕਰਤੂਤਾਂ ਇਕੋ ਜਿਹੀਆਂ ਨਜ਼ਰ ਆਉਂਦੀਆਂ ਹਨ? ਸ਼ਾਇਦ ਇਹ ਮੁਹਾਵਰਾ ਵੀ ਕਦੇ ਇਹੋ ਜਿਹੇ ਹਾਲਾਤ ਵਿਚ ਹੀ ਬਣਿਆ ਹੋਵੇਗਾ।

'ਇੱਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ।'

# ਕਰਜ਼ੇ 'ਚ ਜੰਮਦੇ ਤੇ ਕਰਜ਼ੇ 'ਚ ਮਰਦੇ ਪੰਜਾਬ ਦੇ ਕਿਸਾਨ

**-ਡਾ. ਗਿਆਨ ਸਿੰਘ**

ਡਾ.ਐਚ.ਐਸਸ਼ੇਰਗਿੱਲ ਦੁਆਰਾ ਸੰਨ 1997 ਅਤੇ 2008 ਲਈ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਸਬੰਧੀ ਕੀਤੇ ਗਏ ਅਧਿਐਨ ਤੋਂ ਬਹੁਤ ਹੀ ਦੁਖਦਾਈ ਪਹਿਲੂ ਸਾਹਮਣੇ ਆਉਂਦੇ ਹਨ। ਇਸ ਅਧਿਐਨ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ ਸੰਨ 1997 ਵਿਚ 5700 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਸੰਨ 2008 ਵਿਚ ਵੱਧਕੇ 30394 ਕਰੋੜ ਰੁਪਏ ਹੋ ਗਿਆ ਹੈ।

ਇਹ ਕਰਜ਼ਾ ਵਰਤਮਾਨ ਕੀਮਤਾਂ ਅਨੁਸਾਰ ਪੰਜ ਗੁਣਾ ਤੋਂ ਵਧ ਵਧਿਆ ਹੈ, ਪ੍ਰੰਤੂ ਜੇ ਇਸਨੂੰ ਸੰਨ 1997 ਦੀਆਂ ਸਥਿਰ ਕੀਮਤਾਂ ਅਨੁਸਾਰ ਵੀ ਵੇਖਿਆ ਜਾਵੇ ਤਾਂ ਇਹ ਦੁੱਗਣਾ ਹੋ ਗਿਆ ਹੈ। ਇਸ ਦਸ ਸਾਲਾਂ ਦੇ ਅਰਸੇ ਦੌਰਾਨ ਪ੍ਰਤੀ ਕਿਸਾਨ ਪਰਿਵਾਰ ਕਰਜ਼ਾ 52,000 ਰੁਪਏ ਤੋਂ ਵਧ ਕੇ 1, 39,000 ਰੁਪਏ ਪ੍ਰਤੀ ਏਕੜ ਕਰਜ਼ਾ 5721 ਰੁਪਏ ਤੋਂ ਵਧ ਕੇ 13062 ਰੁਪਏ ਹੋ ਗਿਆ ਹੈ। 72 ਪ੍ਰਤੀਸ਼ਤ ਕਿਸਾਨ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ ਬਹੁਤ ਜ਼ਿਆਦਾ ਹੈ ਅਤੇ ਇਨ੍ਹਾਂ ਵਿਚੋਂ 17 ਪ੍ਰਤੀਸ਼ਤ ਕਿਸਾਨ ਪਰਿਵਾਰ ਤਾਂ ਕਰਜ਼ੇ ਦੇ ਚੱਕਰਵਿਊ ਵਿਚ ਫਸੇ ਹੋਏ ਹਨ ਜਿਹੜੇ ਆਪਣੀ ਵਰਤਮਾਨ ਆਮਦਨ ਵਿਚੋਂ ਆਪਣੇ ਕਰਜ਼ੇ ਉਪਰ ਬਣਦੇ ਵਿਆਜ ਨੂੰ ਵੀ ਅਦਾ ਨਹੀਂ ਕਰ ਸਕਦੇ। ਇਨ੍ਹਾਂ ਕਿਸਾਨ ਪਰਿਵਾਰਾਂ ਵਿਚ 60 ਪ੍ਰਤੀਸ਼ਤ ਕਿਸਾਨ ਪਰਿਵਾਰ ਸੀਮਾਂਤਕ ਅਤੇ ਛੋਟੀ ਕਿਸਾਨੀ ਵਿਚੋਂ ਹਨ।

ਇਸ ਸਮੇਂ ਦੌਰਾਨ ਕਿਸਾਨ ਪਰਿਵਾਰਾਂ ਦਾ ਕਰਜ਼ਾ ਉਨ੍ਹਾਂ ਦੀ ਆਮਦਨ ਦੇ 68 ਪ੍ਰਤੀਸ਼ਤ ਤੋਂ ਵਧ ਕੇ 84 ਪ੍ਰਤੀਸ਼ਤ ਅਤੇ ਉਨ੍ਹਾਂ ਦੀ ਮਸ਼ੀਨਰੀ ਦੇ ਮੁੱਲ ਦੇ 15 ਪ੍ਰਤੀਸ਼ਤ ਤੋਂ ਵਧ ਕੇ 53 ਪ੍ਰਤੀਸ਼ਤ ਹੋ ਗਿਆ ਹੈ। ਇਸ ਅਰਸੇ ਦੌਰਾਨ ਪੰਜਾਬ ਵਿਚ ਜ਼ਮੀਨ ਦੀਆਂ ਕੀਮਤਾਂ ਵਿਚ ਬਹੁਤ ਹੀ ਜ਼ਿਆਦਾ ਵਾਧਾ ਹੋਣ ਦੇ ਬਾਵਜੂਦ ਪਰਿਵਾਰਾਂ ਸਿਰ ਕਰਜ਼ਾ ਉਨ੍ਹਾਂ ਦੀ ਜ਼ਮੀਨ ਦੇ ਮੁੱਲ ਦੇ 3 ਪ੍ਰਤੀਸ਼ਤ ਤੋਂ ਵਧ ਕੇ 4 ਪ੍ਰਤੀਸ਼ਤ ਹੋ ਗਿਆ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜਾਰਥੀਆਂ ਡਾ. ਰੁਪਿੰਦਰ ਕੌਰ, ਸੁਖਵੀਰ ਕੌਰ ਅਤੇ ਧਰਮਪਾਲ ਨੇ ਆਪਣੇ ਖੋਜ ਅਧਿਐਨਾਂ ਰਾਹੀਂ ਸਪਸ਼ਟ ਕੀਤਾ ਹੈ ਕਿ 'ਪੰਜਾਬ ਦੇ ਬਹੁਤੇ ਕਿਸਾਨ ਕਰਜ਼ੇ ਵਿਚ ਜੰਮਦੇ ਹਨ, ਕਰਜ਼ੇ ਵਿਚ ਦਿਨ ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਅਤੇ ਘਟੀ ਹੋਈ ਪੂਰਨ ਤੌਰ ਤੇ ਵਿਕੀ ਹੋਈ ਜ਼ਮੀਨ ਛੱਡ ਕੇ ਮਰ ਜਾਂਦੇ ਹਨ।' ਭਾਰਤ ਸਰਕਾਰ ਵਲੋਂ ਸੰਨ 2008 ਵਿਚ ਪੂਰੇ ਦੇਸ਼ ਦੇ ਕਿਸਾਨਾਂ ਲਈ 70 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦੇ ਆਦੇਸ਼ ਦਿੱਤੇ ਗਏ ਸਨ,ਪਰੰਤੂ ਉਸ ਵਿਚੋਂ ਪੰਜਾਬ ਦੇ ਕਿਸਾਨਾਂ ਨੂੰ ਸਿਰਫ 1.4 ਪ੍ਰਤੀਸ਼ਤ ਲਾਭ ਹੀ ਮਿਲਿਆ ਹੈ, ਕਿਉਂਕਿ ਪੰਜਾਬ ਦੇ ਕਿਸਾਨ ਗੈਰ ਸੰਸਥਾਗਤ ਸਰੋਤਾਂ ਤੋਂ ਉੱਚੀਆਂ ਵਿਆਜ ਦੀਆਂ ਦਰਾਂ ਉਪਰ ਕਰਜ਼ੇ ਲੈ ਕੇ ਆਪਣੇ ਉਪਭੋਗ ਦਾ ਨੀਵਾਂ ਪੱਧਰ ਰੱਖ ਕੇ ਅਤੇ ਆਪਣੀ ਜਾਇਦਾਦ ਵੇਚ ਕੇ ਵੀ ਆਪਣਾ ਸੰਸਥਾਗਤ ਕਰਜ਼ਾ ਮੋੜਦੇ ਆ ਰਹੇ ਹੋਣ ਕਾਰਨ ਡਿਫਾਲਟਰ ਕੈਟਾਗਰੀ ਵਿਚ ਬਹੁਤ ਹੀ ਘੱਟ ਆਉਂਦੇ ਹਨ।

ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਵਿਚ ਡੁੱਬਣ ਤੋਂ ਬਚਾਉਣ ਲਈ ਤੁਰੰਤ ਭਾਰਤ ਸਰਕਾਰ ਦੁਆਰਾ ਆਰਥਿਕ ਪੈਕੇਜ ਮਿਲਣਾ ਚਾਹੀਦਾ ਹੈ। ਭਾਰਤ ਸਰਕਾਰ ਦੀ ਨਕਾਰਾਤਮਕ ਖੇਤੀਬਾੜੀ ਕੀਮਤ ਨੀਤੀ ਦੇ ਫਲਸਰੂਪ ਪੰਜਾਬ ਦੇ ਕਿਸਾਨਾਂ ਨੂੰ ਪਏ ਘਾਟੇ ਨੂੰ ਮੱਦੇਨਜ਼ਰ ਰੱਖਦੇ ਹੋਏ ਸੰਨ 1970 ਤੋਂ ਬਾਅਦ ਪੰਜਾਬ ਦੇ ਕਿਸਾਨਾਂ ਦੁਆਰਾ ਦਿੱਤੇ ਗਏ ਵਿਆਜ ਨੂੰ ਉਨ੍ਹਾਂ ਨੂੰ ਵਾਪਸ ਮੋੜਨਾ ਚਾਹੀਦਾ ਹੈ। ਖੇਤੀਬਾੜੀ ਕੀਮਤ ਨੀਤੀ ਇਸ ਤਰ੍ਹਾਂ ਸਾਰਥਕ ਬਨਾਉਣੀ ਚਾਹੀਦੀ ਹੈ ਤਾਂ ਜੋ ਕਿਸਾਨ ਆਪਣੀਆਂ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਨੂੰ ਸਤਿਕਾਰਯੋਗ ਢੰਗ ਨਾਲ ਪੂਰਾ ਕਰਦੇ ਹੋਏ ਕਰਜ਼ੇ ਦੇ ਚੱਕਰਵਿਊ ਤੋਂ ਬਾਹਰ ਹੀ ਰਹਿਣ।

ਪ੍ਰਸਿੱਧ ਖੇਤੀਬਾੜੀ ਵਿਗਿਆਨੀ ਡਾ.ਐਮ.ਐਸ.ਸਵਾਮੀਨਾਥਨ, ਦੁਆਰਾ ਦਿੱਤੇ ਗਏ ਸੁਝਾਅ ਅਨੁਸਾਰ ਕਿਸਾਨਾਂ ਦੇ ਕਰਜ਼ੇ ਉਪਰ ਵਿਆਜ਼ ਦੀ ਦਰ ਸਿਰਫ 4 ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਸਰਕਾਰ ਕਿਸਾਨਾਂ ਨੂੰ ਸੰਸਥਾਈ ਕਰਜ਼ਾ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਅਤੇ ਲੋੜੀਂਦੇ ਸਮੇਂ ਉੱਪਰ ਮੁਹੱਈਆ ਕਰਵਾਏ। ਜਿਨ੍ਹਾਂ ਗੈਰ ਸੰਸਥਾਈ ਕਰਜ਼ਿਆਂ ਉਪਰ ਕਿਸਾਨਾਂ ਨੇ ਵਿਆਜ ਦੇ ਰੂਪ ਵਿਚ ਮੂਲ ਦੇ ਬਰਾਬਰ ਜਾਂ ਉਸਤੋਂ ਵਧ ਮੋੜ ਦਿੱਤਾ ਹੈ, ਨੂੰ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ। ਖੇਤੀਬਾੜੀ ਉਤਪਾਦਨ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਕੋ-ਆਪਰੇਟਿਵ ਅਦਾਰਿਆਂ ਰਾਹੀਂ ਵਾਜਬ ਕਿਰਾਏ ਉੱਪਰ ਲੋੜੀਂਦੇ ਸਮੇਂ ਕਿਸਾਨਾਂ ਨੂੰ ਮੁਹੱਈਆ ਕਰਵਾਉਣੀ ਚਾਹੀਦੀ ਹੈ। ਇਸ ਤੋਂ ਬਿਨਾਂ ਕਿਸਾਨ ਜਥੇਬੰਦੀਆਂ ਅਤੇ ਕਿਸਾਨੀ ਨਾਲ ਸਬੰਧਤ ਹੋਰ ਧਿਰਾਂ ਨੂੰ ਕਿਸਾਨਾਂ ਨੂੰ ਆਪਣੀ ਜਿਸਮਾਨੀ ਮਿਹਨਤ ਵਰਤਣ ਅਤੇ ਵਧਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

# *ਸਿਆਸੀ ਦਬਾ ਹੁਣ ਕੀਰਤਨੀਆਂ ਤੱਕ ਵੀ ਪੁੱਜਾ*

**ਫਰੀਮਾਂਟ (ਤਰਲੋਚਨ ਸਿੰਘ ਦੁਪਾਲਪੁਰ):** ਸਿੱਖ ਪੰਥ ਦੇ ਤਖ਼ਤਾਂ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਕਸਰ ਇਹ ਬਿਆਨਬਾਜ਼ੀ ਕਰਦੇ ਰਹਿੰਦੇ ਹਨ ਕਿ ਉਹ ਬਿਨਾ ਕਿਸੇ ਸਿਆਸੀ ਦਬਾ ਦੇ ਆਜ਼ਾਦਾਨਾ ਤੌਰ 'ਤੇ ਕੰਮ ਕਾਜ ਕਰਦੇ ਹਨ। ਲੇਕਿਨ ਸੌ ਪਰਦੇ ਪਾੜ ਕੇ ਬਾਹਰ ਆ ਰਹੀ ਅੰਦਰਲੀ ਹਕੀਕਤ ਇਹ ਦਰਸਾਉਂਦੀ ਹੈ ਕਿ ਹੋਰ ਤਾਂ ਹੋਰ, ਹੁਣ ਪੰਥ ਦਾ ਰੁਹਾਨੀ ਕੇਂਦਰ ਸੱਚ ਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵੀ ਸਿਆਸੀ ਦਖ਼ਲਅੰਦਾਜ਼ੀ ਤੋਂ ਮਹਿਫੂਜ਼ ਨਹੀਂ ਰਹਿ ਸਕਿਆ। ਇਹ ਇਸ ਪਾਵਨ ਅਸਥਾਨ ਦੇ ਸਾਬਕਾ ਹਜ਼ੂਰੀ ਰਾਗੀ ਵਲੋਂ ਦਿੱਤੀ ਗਈ ਜਾਣਕਾਰੀ 'ਤੇ ਯਕੀਨ ਕਰੀਏ ਤਾਂ ਫਾਰਸੀ ਦੀ ਇਹ ਕਹਾਵਤ ਯਾਦ ਆਉਂਦੀ ਹੈ ਕਿ ਜੇ ਮੱਕੇ ਵਿਚ ਹੀ ਕੁਫਰ ਹੋਣ ਲੱਗ ਪਵੇ ਤਾਂ ਇਸਲਾਮ ਕਿਥੇ ਸਲਾਮਤ ਰਹਿ ਸਕੇਗਾ।

ਉਤਰੀ ਅਮਰੀਕਾ ਦੇ ਕਈ ਗੁਰੂ ਘਰਾਂ ਵਿਚ ਕੀਰਤਨ ਕਰ ਚੁੱਕੇ ਸ੍ਰੀ ਦਰਬਾਰ ਸਾਹਿਬ ਦੇ ਇਕ ਹਜ਼ੂਰੀ ਰਾਗੀ ਜਥੇ ਦੇ ਸਿੰਘਾਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਇਹ ਇੰਕਸ਼ਾਫ ਕੀਤਾ ਕਿ ਉਨ੍ਹਾਂ ਨੂੰ ਬੀਬੀ ਸੁਰਿੰਦਰ ਕੌਰ ਬਾਦਲ ਦੇ ਇਸ਼ਾਰੇ 'ਤੇ ਸਸਪੈਂਡ ਕਰ ਦਿੱਤਾ ਗਿਆ। ਆਪਣੀ ਹੱਡਬੀਤੀ ਇਸ ਪੱਤਰਕਾਰ ਨੂੰ ਸੁਣਾਉਂਦਿਆਂ ਇਸ ਜਥੇ ਨੇ ਦੱਸਿਆ ਕਿ ਸਾਡਾ ਜਥਾ ਆਮ ਵਾਂਗ ਆਪਣੀ ਡਿਊਟੀ ਅਨੁਸਾਰ ਦਰਬਾਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਸੀ ਅਤੇ ਅਸੀਂ ਅਨੰਦ ਸਾਹਿਬ ਦੀ ਇਕ ਪਉੜੀ ਦਾ ਕੀਰਤਨ ਕਰ ਰਹੇ ਸਾਂ, ''ਏ ਸਰੀਰਾ ਮੇਰਿਆ ਇਸ ਜਗ ਮੈ ਆਇਕੇ ਕਿਆ ਤੁਧ ਕਰਮ ਕਮਾਇਆ''। ਸਾਨੂੰ ਇਹ ਪਤਾ ਨਹੀਂ ਸੀ ਕਿ ਸੰਗਤ ਵਿਚ ਪੰਜਾਬ ਦੇ ਮੁੱਖ ਮੰਤਰੀ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਬੈਠੇ ਹੋਏ ਹਨ। ਸਮਾਪਤੀ ਉਪਰੰਤ ਸਾਨੂੰ ਘਰ ਜਾਂਦਿਆਂ ਨੂੰ ਰੋਕ ਕੇ ਸ਼੍ਰੋਮਣੀ ਕਮੇਟੀ ਦੇ ਦਫਤਰ ਬੁਲਾਇਆ ਗਿਆ। ਅਧਿਕਾਰੀਆਂ ਨੇ ਸਾਡੇ ਵਿਚ ਨੁਕਸ ਕੱਢਿਆ ਕਿ ਤੁਸੀਂ ਚਿਤਾਵਨੀ ਭਾਵ ਵਾਲੇ ਇਸ ਸ਼ਬਦ ਦਾ ਕੀਰਤਨ ਗਿਣਮਿਥ ਕੇ ਕੀਤਾ ਹੈ ਤਾਂ ਜੋ ਬੀਬੀ ਬਾਦਲ ਨੂੰ ਜਿੱਚ ਕੀਤਾ ਜਾ ਸਕੇ। ਜਥੇ ਨੇ ਜੋਰ ਦੇ ਕੇ ਕਿਹਾ ਕਿ ਹਕੀਕਤ ਵਿਚ ਅਜਿਹਾ ਕੁਝ ਵੀ ਨਹੀਂ ਸੀ, ਫਿਰ ਵੀ ਸਾਨੂੰ ਬੀਬੀ ਬਾਦਲ ਦੇ ਗੁੱਸੇ ਹੋਣ ਕਾਰਨ ਉਨ੍ਹਾਂ ਦੇ ਹੁਕਮ 'ਤੇ ਸਸਪੈਂਡ ਕਰ ਦਿੱਤਾ ਗਿਆ। ਸਾਡਾ ਪੱਖ ਵੀ ਨਹੀਂ ਸੁਣਿਆ ਗਿਆ।

ਇਸ ਰਾਗੀ ਜਥੇ ਨੇ ਦੁਖੀ ਹਿਰਦੇ ਨਾਲ ਆਖਿਆ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਜਿਸ ਦਰਬਾਰ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੈਸਾ ਸ਼ਾਸਕ ਵੀ ਨਿਮਰਤਾ ਨਾਲ ਸਿਰ ਝੁਕਾਉਂਦਾ ਸੀ, ਅੱਜ ਉਸੇ ਪਾਵਨ ਅਸਥਾਨ 'ਤੇ ਕੀਰਤਨ ਕਰਨ ਵਾਲੇ ਰਾਗੀ ਜਥਿਆਂ ਨੂੰ ਸਿਆਸਤਦਾਨਾਂ ਵਲੋਂ ਹੁਕਮ ਚਾੜ੍ਹੇ ਜਾ ਰਹੇ ਹਨ ਕਿ ਉਨ੍ਹਾਂ ਨੇ ਕਿਹੜੇ ਸਮੇਂ ਕਿਨ੍ਹਾਂ ਸ਼ਬਦਾਂ ਦਾ ਕੀਰਤਨ ਕਰਨਾ ਹੈ। ਕੁਝ ਅੰਦਰੂਨੀ ਗੱਲਾਂ ਨਾ ਛਾਪਣ ਦੇ ਵਾਅਦੇ 'ਤੇ ਦੱਸਦਿਆਂ ਉਨ੍ਹਾਂ ਕਿਹਾ ਕਿ ਉਹ ਸਿੱਖ ਜਗਤ ਦੀ ਸ਼ਰਧਾ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ।

*Visit us on the web:*
***punjabtimesusa.com***

## ਮੁੜ ਮੁੜ ਯਾਦ ਸਤਾਵੇ...

# ਤੂੰ ਪਾਸ ਨਹੀਂ ਹੋ ਸਕਦਾ, ਕਹਿੰਦਾ ਸੀ ਮਾਸਟਰ ਆਸਾ ਸਿੰਘ

ਇਹ ਗੱਲ 1969 ਦੀ ਹੈ, ਮੈਂ ਅਠਵੀਂ ਜਮਾਤ ਮੌਜਦੀਨ ਤੋਂ ਪਾਸ ਕਰਕੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਸਿਰਸਾ ਵਿਚ ਨੌਵੀਂ 'ਚ ਦਾਖਲਾ ਲੈ ਲਿਆ। ਰਹਿੰਦਾ ਮੈਂ ਆਪਣੇ ਵਕੀਲ ਚਾਚੇ ਪਾਸ ਸਾਂ। ਘਰ ਤੋਂ ਬਾਹਰ ਨਿਕਲਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਦਿਲ ਲੱਗਿਆ ਨਾ ਕਰੇ, ਉਧਰੋਂ ਸਕੂਲ ਸਵੇਰੇ ਗਰਮੀਆਂ ਹੋਣ ਜਾਂ ਸਰਦੀਆਂ, 7 ਵਜੇ ਲੱਗਦਾ ਸੀ। ਸ਼ਹਿਰੀ ਮੁੰਡਿਆਂ ਦਾ ਰਹਿਣ-ਸਹਿਣ ਅਤੇ ਗੱਲ-ਬਾਤ ਦਾ ਢੰਗ ਤਰੀਕਾ ਅਲੱਗ ਸੀ। ਉਤੋਂ ਮੈਨੂੰ ਮੇਰੇ ਚਾਚੇ ਨੇ ਦਾਖਲਾ ਮੈਡੀਕਲ ਵਿਚ ਲੈ ਦਿੱਤਾ। ਮੈਡੀਕਲ ਸੈਕਸ਼ਨ ਵਿਚ ਮੀਡੀਅਮ ਅੰਗ੍ਰੇਜ਼ੀ ਸੀ। ਮੌਜਦੀਨ ਥੋੜੀ ਅੰਗ੍ਰਜ਼ੀ ਜਾਣ ਕੇ ਵੀ ਮੈਂ ਇਸ ਪੱਖੋਂ ਬਾਕੀ ਜਮਾਤੀਆਂ ਤੋਂ ਕਾਫੀ ਅੱਗੇ ਤੇ 'ਅੰਨਿਆਂ ਵਿਚ ਕਾਣਾ ਰਾਜਾ' ਸਾਂ ਪਰ ਇਥੇ ਮੈਡੀਕਲ ਸੈਕਸ਼ਨ ਵਿਚ ਸਾਰੇ ਮੁੰਡਿਆਂ ਦਾ ਮੀਡੀਅਮ ਅੰਗ੍ਰੇਜ਼ੀ ਸੀ। ਮੇਰੇ ਪੱਲੇ ਕੋਈ ਗੱਲ ਪੈਣੀ ਤੇ ਕੋਈ ਨਾਂ। ਭਲੇ ਨੂੰ ਮੇਰੇ ਵਰਗਾ ਹੀ ਇਕ ਹੋਰ ਮੁੰਡਾ ਭੁਪਿੰਦਰ ਮਿਲ ਪਿਆ। ਉਹਦਾ ਹਾਲ ਵੀ ਮੇਰੇ ਵਰਗਾ ਹੀ ਸੀ। ਅਸੀਂ ਦੋਵਾਂ ਨੇ ਰਲ-ਮਿਲ ਕੇ ਇਨਾ ਕੁ ਵਸੀਲਾ ਕਰ ਲਿਆ ਕਿ ਨੌਵੀਂ-ਦਸਵੀਂ ਚੋਂ ਮੈਡੀਕਲ ਨਾਲ ਹੀ ਧੂਹ-ਘੜੀਸ ਕੇ ਪਾਸ ਹੋ ਗਏ।

**ਅਮੋਲਕ ਸਿੰਘ ਜੰਮੂ**

ਸਰਦੀਆਂ ਵਿਚ ਸਵੇਰੇ ਸੱਤ ਵਜੇ ਸਕੂਲ ਜਾਣਾ ਬੜਾ ਔਖਾ ਲਗਣਾ। ਕਪੜੇ ਵੀ ਕੋਲ ਕੋਈ ਬਹੁਤੇ ਗਰਮ ਨਹੀਂ ਸਨ, ਬਸ ਇਕ ਕੋਟੀ ਸੀ ਜੋ ਸਰਦੀ ਕਢਾ ਦਿੰਦੀ ਸੀ। ਫੌਜਾ ਸਿੰਘ ਸਮੋਸਿਆਂ ਵਾਲੇ ਦੀ ਦੁਕਾਨ ਨਵੀਂ ਨਵੀਂ ਖੁਲ੍ਹੀ ਸੀ। ਇਸ ਦੁਕਾਨ ਤੋਂ ਪਹਿਲੀ ਵਾਰ ਭੁਪਿੰਦਰ ਨਾਲ ਅੱਧੀ ਛੁਟੀ ਵੇਲੇ 15 ਪੈਸੇ ਦਾ ਸਮੋਸਾ ਛੋਲਿਆਂ ਸਮੇਤ ਲੈ ਕੇ ਖਾਧਾ। ਉਦੋਂ ਤਕ ਇਹ ਵੀ ਨਹੀਂ ਸੀ ਪਤਾ ਕਿ ਸਮੋਸਾ ਵੀ ਕੋਈ ਚੀਜ਼ ਹੁੰਦੀ ਹੈ।

ਸਕੂਲ ਦੀ ਲਾਇਬਰੇਰੀ ਵਿਚ ਪਹਿਲੀ ਵਾਰ ਅਖਬਾਰ ਪੜ੍ਹਨਾ ਸ਼ੁਰੂ ਕੀਤਾ। ਪੰਜਾਬੀ ਅਖਬਾਰ ਅਕਾਲੀ ਪੱਤ੍ਰਿਕਾ ਜੋ ਕਿ ਪੰਜਾਬੀ ਮਾਸਟਰ ਆਸਾ ਸਿੰਘ ਦੇ ਕਹਿਣ ਕਰਕੇ ਲੱਗੀ ਹੋਈ ਸੀ, ਵਿਚ ਕਈ ਵਾਰ ਨਕਸਲਬਾੜੀਆਂ ਬਾਰੇ ਖਬਰ ਪੜ੍ਹਨੀ ਤਾਂ ਮੇਰੇ ਗੱਲ ਕੋਈ ਬਹੁਤੀ ਸਮਝ ਨਾ ਆਉਣੀ। ਬਾਅਦ ਵਿਚ ਪਤਾ ਲੱਗਾ ਕਿ ਮੇਰੀ ਅੰਮ੍ਰਿਤਸਰ ਰਹਿੰਦੀ ਭੂਆ ਦਾ ਪੁੱਤਰ ਬਲਕਾਰ ਸਿੰਘ ਵੀ ਨਕਸਲੀਆਂ ਵਿਚ ਰਲਿਆ ਹੋਇਆ ਹੈ। ਮੇਰੇ ਭਾਪਾ ਜੀ ਨੇ ਉਸ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਸਭ ਦੇ ਰੋਕਦਿਆਂ ਵੀ ਉਹ ਨਕਸਲੀ ਲਹਿਰ ਦੇ ਮੁੰਡਿਆਂ ਨਾਲ ਤੁਰਿਆ ਫਿਰਦਾ ਰਿਹਾ। ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਵਿਚ ਵਿਦਿਆਰਥੀਆਂ ਦੀ ਕਿਸੇ ਹੜਤਾਲ ਦੀ ਹਮਦਰਦੀ ਵਿਚ ਹਰਿਆਣੇ ਦੇ ਕਾਲਜਾਂ ਵਿਚ ਵੀ ਹੜਤਾਲ ਹੋਈ। ਕਾਲਜ ਦੇ ਮੁੰਡਿਆਂ ਨੇ ਸਾਡੇ ਸਕੂਲ ਵਿਚ ਵੀ ਜ਼ਬਰਦਸਤੀ ਹੜਤਾਲ ਕਰਵਾ ਦਿੱਤੀ। ਕਾਲਜ ਦੇ ਇਨ੍ਹਾਂ ਮੁੰਡਿਆਂ ਵਿਚ ਕਾਮਰੇਡ ਸਵਰਨ ਸਿੰਘ ਵਿਰਕ ਵੀ ਸ਼ਾਮਲ ਸੀ ਜੋ ਹੁਣ ਹਰਿਆਣੇ ਦੀ ਸਿਆਸਤ ਵਿਚ ਸਰਗਰਮ ਹੈ। ਮਾਸਟਰ ਆਸਾ ਸਿੰਘ ਨੂੰ ਨਕਸਲੀਆਂ ਬਾਰੇ ਗੱਲਾਂ ਕਰਦਿਆਂ ਸੁਣਿਆ ਜੋ ਕਾਮਰੇਡਾਂ ਤੇ ਨਕਸਲੀਆਂ ਨੂੰ ਬੁਰਾ-ਭਲਾ ਕਹਿ ਰਹੇ ਸਨ। ਪਰ ਸਾਨੂੰ ਨਕਸਲੀਆਂ ਬਾਰੇ ਉਜ ਕੁਝ ਨਹੀਂ ਸੀ ਪਤਾ। ਅਖਬਾਰੀ ਖਬਰਾਂ ਪੜ੍ਹ ਕੇ ਬਸ ਇੰਨਾ ਕੁ ਲੱਗਦਾ ਸੀ ਕਿ ਇਹ ਲੋਕ ਹੋਰ ਲੋਕਾਂ ਨੂੰ ਮਾਰ ਰਹੇ ਹਨ ਤੇ ਸਰਕਾਰ ਇਨ੍ਹਾਂ ਨੂੰ।

ਮਾਸਟਰ ਆਸਾ ਸਿੰਘ ਸੀ ਤਾਂ ਭਾਵੇਂ ਪੰਜਾਬੀ ਦੀ ਐਮ ਏ ਪਰ ਨੌਵੀਂ ਤੇ ਦਸਵੀਂ ਨੂੰ ਉਹ ਪੜ੍ਹਾਉਂਦਾ ਹਿਸਾਬ ਸੀ। ਮੇਰਾ ਹਿਸਾਬ ਵੀ ਬਸ ਗੁਜ਼ਾਰੇ ਜੋਗਾ ਹੀ ਸੀ। ਅਲਜਬਰਾ ਅਤੇ ਥਿਊਰਮਾ ਮੈਨੂੰ ਉਕਾ ਹੀ ਨਹੀਂ ਸੀ ਆਉਂਦੇ। ਹਾਂ! ਰੇਖਾਗਣਿਤ ਅਤੇ ਹਿਸਾਬ ਦੇ ਕੁਝ ਫਾਰਮੂਲੇ ਮੇਰੀਆਂ ਉਂਗਲਾਂ ਦੇ ਪੋਟਿਆਂ ਤੇ ਸਨ। ਮਾਸਟਰ ਆਸਾ ਸਿੰਘ ਨੇ ਹਰ ਰੋਜ਼ ਕਿਹਾ ਕਰਨਾ, 'ਮੈਂ ਲਿਖ ਕੇ ਦੇ ਸਕਦਾਂ, ਤੂੰ ਹਿਸਾਬ ਵਿਚ ਪਾਸ ਨਹੀਂ ਹੋ ਸਕਦਾ।' ਹਰ ਰੋਜ਼ ਉਸ ਡੰਡਾ ਪਰੇਡ ਵੀ ਕਰਿਆ ਕਰਨੀ। ਜਾਣ-ਬੁਝ ਕੇ ਉਸ ਮੇਰੀ ਇਨਟਰਨਲ ਅਸੈਸਮੈਂਟ ਵੀ ਦਸਾਂ ਵਿਚੋਂ ਇਕ ਹੀ ਭੇਜੀ ਪਰ ਸਾਲਾਨਾ ਇਮਤਿਹਾਨ ਵਿਚ ਆਪਣੇ ਇਕ ਦੋਸਤ ਵਲੋਂ ਅਲਜਬਰੇ ਦੇ ਦੋ ਸਵਾਲਾਂ ਦੀ ਨਕਲ ਮਰਵਾ ਦੇਣ ਦੇ ਸਹਾਰੇ ਮੈਂ ਦਸਵੀਂ ਵਿਚੋਂ ਪਾਸ ਹੋ ਗਿਆ। ਰਿਜ਼ਲਟ ਤੋਂ ਬਾਅਦ ਮਾਸਟਰ ਆਸਾ ਸਿੰਘ ਮਿਲੇ ਤਾਂ ਬੋਲੇ, 'ਤੂੰ ਪਾਸ ਕਿਦਾਂ ਹੋ ਗਿਆ, ਜ਼ਰੂਰ ਨਕਲ ਮਾਰੀ ਹੋਊ। ਮੈਂ ਤਾਂ ਤੇਰੀ ਅਸੈਸਮੈਂਟ ਵੀ ਦਸਾਂ 'ਚੋਂ ਇਕ ਨੰਬਰ ਭੇਜੀ ਸੀ।' ਮੇਰੇ ਤੋਂ ਸਹਿਜ-ਸੁਭਾ ਹੀ ਕਹਿ ਹੋ ਗਿਆ, ਹਾਂਜੀ ਮਾਸਟਰ ਜੀ ਅਲਜਬਰੇ ਦੇ ਦੋ ਸਵਾਲ ਨਕਲ ਮਾਰ ਕੇ ਕੀਤੇ ਸੀ।

ਜਦੋਂ ਮੈਂ ਚੰਡੀਗੜ੍ਹ ਐਮ ਏ ਕਰਦਾ ਸਾਂ ਤਾਂ ਇਹੋ ਮਾਸਟਰ ਆਸਾ ਸਿੰਘ ਕਈ ਸਾਲ ਬਾਅਦ ਚੰਡੀਗੜ੍ਹ ਆਏ, ਹੋਸਟਲ ਸਾਡੇ ਸੀਨੀਅਰ ਬਲਦੇਵ ਸਿੰਘ ਕੋਲ ਠਹਿਰੇ। ਮੈਂ ਐਮ ਏ ਦੇ ਪਹਿਲੇ ਭਾਗ ਵਿਚ ਯੂਨੀਵਰਸਿਟੀ ਵਿਚ ਦੂਜੇ ਨੰਬਰ ਤੇ ਆਇਆ ਸਾਂ। ਬਲਦੇਵ ਨੇ ਮਿਲਾਇਆ ਤੇ ਮੇਰੇ ਬਾਰੇ ਦੱਸਿਆ ਤਾਂ ਇਕਦਮ ਕਹਿਣ ਲੱਗੇ, 'ਮੈਨੂੰ ਪਤਾ ਸੀ ਕਿ ਇਹ ਮੁੰਡਾ ਬੜਾ ਲਾਇਕ ਹੈ ਅਤੇ ਕਿਸੇ ਦਿਨ ਬਹੁਤ ਅੱਗੇ ਜਾਏਗਾ।' ਮੇਰਾ ਹਾਸਾ ਨਿਕਲ ਗਿਆ ਤੇ ਮੈਂ ਆਖ ਦਿੱਤਾ, ਮਾਸਟਰ ਜੀ ਉਦੋਂ ਤੇ ਤੁਸੀਂ ਕਹਿੰਦੇ ਸੀ ਤੂੰ ਪਾਸ ਹੋ ਹੀ ਨਹੀਂ ਸਕਦਾ ਤੇ ਮੇਰੀ ਹਿਸਾਬ ਦੀ ਅਸੈਸਮੈਂਟ ਤੁਸੀਂ ਦਸ ਨੰਬਰਾਂ ਵਿਚੋਂ ਇਕ ਭੇਜੀ ਸੀ। ਮਾਸਟਰ ਆਸਾ ਸਿੰਘ ਥੋੜਾ ਕੱਚੇ ਜਿਹੇ ਹੋ ਕੇ ਫਿਰ ਬੋਲੇ, "ਓ ਕਾਕਾ ਉਹ ਤੇ ਤੈਨੂੰ ਹੱਲਾਸ਼ੇਰੀ ਦੇਣ ਲਈ ਸੀ ਕਿ ਤੂੰ ਸਖਤ ਮਿਹਨਤ ਕਰੇਂ।"

ਹਾਇਰ ਸੈਕੰਡਰੀ ਸਕੂਲ ਤੋਂ ਪਾਰਟ ਵਨ ਯਾਨਿ ਦਸਵੀਂ ਕਰਕੇ ਮੈਂ ਨੈਸ਼ਨਲ ਕਾਲਜ ਸਰਸੇ ਦਾਖਲਾ ਲੈ ਲਿਆ। ਸਕੂਲ ਦੇ ਘੁਟਵੇਂ ਮਾਹੌਲ ਤੋਂ ਜਿਵੇਂ ਇਕਦਮ ਆਜਾਦੀ ਮਿਲ ਗਈ ਹੋਵੇ। ਕੁੜੀਆਂ ਦਾ ਕਾਲਜ ਉਸੇ ਸਾਲ ਅਲੱਗ ਹੋਇਆ ਸੀ। ਸਿਰਫ ਬੀ ਏ ਫਾਈਨਲ ਵਿਚ ਦੋ ਕੁੜੀਆਂ ਪੜ੍ਹਦੀਆਂ ਸਨ। ਮੁੰਡਿਆਂ ਇਨ੍ਹਾਂ ਕੁੜੀਆਂ ਨੂੰ ਵੇਖਣ ਲਈ ਉਨ੍ਹਾਂ ਦੀ ਕਲਾਸ ਅੱਗੇ ਕਈ ਕਈ ਗੇੜੇ ਮਾਰਨੇ ਜਾਂ ਫਿਰ ਗੇਟ ਨੇੜੇ ਉਡੀਕਦੇ ਖੜੇ ਰਹਿਣਾ।

ਪ੍ਰੋ ਛੀਨਾ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਪਰੈਪ ਦੀ ਕਲਾਸ ਵਿਚ ਕੋਈ 15 ਕੁ ਮੁੰਡੇ ਸਨ ਜਿਨ੍ਹਾਂ ਵਿਚੋਂ ਕੁਝ ਅਕਸਰ ਗਾਇਬ ਰਹਿੰਦੇ ਤੇ ਕਲਾਸ ਮਸੀਂ ਦਸ ਕੁ ਜਣਿਆਂ ਦੀ ਹੁੰਦੀ। ਸਾਡੀ ਕਲਾਸ ਨੂੰ ਕੋਈ ਕਮਰਾ ਮਿਲ ਨਾ ਸਕਿਆ ਇਸ ਕਰ ਕੇ ਗਰਮੀਆਂ ਵਿਚ ਕਲਾਸ ਬਾਹਰ ਦਰੱਖਤਾਂ ਥੱਲੇ ਹੀ ਲਗਦੀ ਅਤੇ ਸਰਦੀਆਂ ਵਿਚ ਧੁੱਪੇ। ਪ੍ਰੋ ਛੀਨਾ ਕਵਿਤਾ ਵੀ ਲਿਖਦੇ ਸਨ ਅਤੇ ਉਜ ਵੀ ਕੁਝ ਮਲੰਗ ਸੁਭਾਅ ਦੇ ਸਨ। ਹਰ ਦੂਜੇ ਦਿਨ ਮੁੰਡਿਆਂ ਕਹਿਣਾ, 'ਪ੍ਰੋ ਸਾਹਿਬ ਚਾਹ ਪਿਆਓ ਨਾਲੇ ਕਵਿਤਾ ਸੁਣਾਓ!' ਛੀਨਾ ਸਾਹਿਬ ਨੇ ਥੋੜੀ ਜਿਹੀ ਨਾਂਹ-ਨੁਕਰ ਕਰਦਿਆਂ ਕਹਿ ਦੇਣਾ, 'ਚਲੋ ਦਫਾ ਹੋਵੋ, ਪੀ ਲਓ, ਤੁਸੀਂ ਉਦਾਂ ਖਹਿੜਾ ਛਡਣਾ?'

ਕਾਲਜ ਦੇ ਪ੍ਰਿੰਸੀਪਲ ਰਾਮ ਪ੍ਰਕਾਸ਼ ਹੋਇਆ ਕਰਦੇ ਸਨ। ਮੂੰਹ ਵਿਚ ਕੋਈ ਦੰਦ ਨਾ ਹੋਣ ਕਾਰਣ ਥਥਲਾ ਕੇ ਬੋਲਦੇ ਸਨ। ਕਾਲਜ ਦੇ ਨਾਲ ਹੀ ਪ੍ਰਿੰਸੀਪਲ ਦੀ ਕੋਠੀ ਸੀ। ਉਨ੍ਹਾਂ ਦੀ ਲੜਕੀ ਵਰਸ਼ਾ ਜੋ ਬੀ ਏ ਕਰ ਚੁਕੀ ਸੀ, ਕਈ ਵਾਰ ਪ੍ਰਿੰਸੀਪਲ ਸਾਹਿਬ ਨੂੰ ਉਨ੍ਹਾਂ ਦੇ ਦਫਤਰ ਵਿਚ ਵੀ ਮਿਲਣ ਚਲੀ ਜਾਂਦੀ। ਪ੍ਰਿੰਸੀਪਲ ਦੇ ਦਫਤਰ ਦੇ ਨਾਲ ਇਕ ਖੁਲ੍ਹਾ ਹਾਲ ਅਤੇ ਕਾਲਜ ਦੇ ਬਾਕੀ ਕਮਰਿਆਂ ਨੂੰ ਜਾਂਦੇ ਬਰਾਂਡੇ ਸਨ। ਇਸ ਖੁਲ੍ਹੇ ਹਾਲ ਵਿਚ ਨਿਊਜ਼ ਸਟੈਂਡ 'ਤੇ ਲੱਗੇ ਅਖਬਾਰ ਮੁੰਡੇ ਪੜ੍ਹਦੇ ਰਹਿੰਦੇ। ਉਜ ਵੀ ਇਥੇ ਮੁੰਡਿਆਂ ਦਾ ਅਕਸਰ ਜਮਘਟਾ ਲਗਾ ਰਹਿੰਦਾ ਕਿਉਂਕਿ ਕਾਲਜ ਦੀ ਬਿਲਡਿੰਗ ਦਾ ਮੁਖ ਦਰਵਾਜਾ ਵੀ ਇਸੇ ਹਾਲ ਵਿਚ ਆਉਂਦਾ ਸੀ। ਇਕ ਦਿਨ ਵਰਸ਼ਾ ਆਪਣੇ ਪਿਤਾ ਪ੍ਰਿੰਸੀਪਲ ਰਾਮ ਪ੍ਰਕਾਸ਼ ਨੂੰ ਮਿਲਣ ਜਿਉਂ ਹੀ ਮੁਖ ਦਰਵਾਜੇ ਤੋਂ ਅੰਦਰ ਆਈ, ਸਬੱਬੀਂ ਬਾਹਰ ਮੀਂਹ ਪੈਣ ਲਗ ਪਿਆ। ਮੁੰਡਿਆਂ ਵਿਚੋਂ ਕਿਸੇ ਇਕ ਨੇ ਆਵਾਜ਼ਾ ਕੱਸਿਆ, "ਵਰਸ਼ਾ ਆ ਗਈ"। ਬਸ ਫਿਰ ਕੀ ਸੀ, ਹਾਲ ਵਿਚ ਜਿੰਨੇ ਮੁੰਡੇ ਸਨ ਸਾਰਿਆਂ ਰੌਲਾ ਪਾ ਦਿਤਾ, "ਵਰਸ਼ਾ ਆ ਗਈ, ਵਰਸ਼ਾ ਆ ਗਈ।" ਕੁੜੀ ਨੇ ਖਿਝ ਕੇ ਅੰਦਰ ਆਪਣੇ ਬਾਪ ਕੋਲ ਜਾ ਸ਼ਿਕਾਇਤ ਲਾਈ। ਪ੍ਰਿੰਸੀਪਲ ਸਾਹਿਬ ਬੜੇ ਖਿਝ ਕੇ ਬਾਹਰ ਆਏ ਅਤੇ ਬੋਲੇ, "ਅਰੇ ਲਲਕੋ, ਕਿਆ ਸ਼ੋਰ ਮਚਾ ਰੱਖਾ ਹੈ?" ਮੁੰਡੇ ਮੀਂਹ ਵਲ ਇਸ਼ਾਰਾ ਕਰਕੇ ਇਕੱਠਿਆਂ ਹੀ ਬੋਲੇ, "ਸਰ ਵਰਸ਼ਾ ਆ ਗਈ।" ਪ੍ਰਿੰਸੀਪਲ ਨੂੰ ਮੁੰਡਿਆਂ ਦੀ ਸ਼ਰਾਰਤ ਸਮਝ ਆ ਗਈ ਅਤੇ ਉਹ ਮੁਸਕਰਾਉਣੋਂ ਨਾ ਰਹਿ ਸਕੇ, ਸਿਰਫ ਇਨਾ ਬੋਲੇ, "ਚਲੋ ਅਪਨੀ ਕਲਾਸੋਂ ਮੇਂ ਜਾਓ।"

ਦੋ ਕੁ ਗੱਲਾਂ ਆਪਣੇ ਸਰਸੇ ਸ਼ਹਿਰ ਅਤੇ ਨੈਸ਼ਨਲ ਕਾਲਜ ਬਾਰੇ। ਸਰਸਾ ਸ਼ਹਿਰ ਦਾ ਇਤਿਹਾਸ ਮਹਾਂਭਾਰਤ ਵੇਲੇ ਤੋਂ ਮੰਨਿਆ ਜਾਂਦਾ ਹੈ। ਇਕ ਰਵਾਇਤ ਮੁਤਾਬਕ ਮਹਾਂਭਾਰਤ ਵਿਚ ਸ਼੍ਰਿਸ਼ਕਾ ਦਾ ਜ਼ਿਕਰ ਹੈ। ਇਹ ਸ਼੍ਰਿਸ਼ਕਾ ਹੀ ਵਿਗੜ ਕੇ ਸਿਰਸਾ ਬਣਿਆ। ਇਕ ਹੋਰ ਰਵਾਇਤ ਅਨੁਸਾਰ ਸਿਰਸਾ ਅਸਲ ਵਿਚ ਪਵਿਤਰ ਨਦੀ ਸਰਸਵਤੀ ਤੋਂ ਵਿਗੜ ਕੇ ਬਣਿਆ ਹੈ ਜੋ ਕਿ ਕਦੀ ਸ਼ਹਿਰ ਦੇ ਕੋਲੋਂ ਦੀ ਵਗਦੀ ਸੀ। ਪਵਿਤਰ ਸਰਸਵਤੀ ਹੀ ਮੌਜੂਦਾ ਘੱਗਰ ਹੈ, ਜਿਸਨੂੰ ਇਸ ਇਲਾਕੇ ਵਿਚ ਨਾਲੀ ਕਰਕੇ ਜਾਣਿਆ ਜਾਂਦਾ ਹੈ। ਸ਼ਹਿਰ 8ਵੀਂ ਸਦੀ ਵਿਚ ਕਿਸੇ ਰਾਜੇ ਨੇ ਵਸਾਇਆ ਸਮਝਿਆ ਜਾਂਦਾ ਹੈ ਜਿਸਨੇ ਇਕ ਬਹੁਤ ਵਡਾ ਮਹਿਲ ਬਣਵਾਇਆ। ਇਸ ਮਹਿਲ ਦੀਆਂ ਕੰਧਾਂ ਦੇ ਨਿਸ਼ਾਨ ਅਜ ਵੀ ਸ਼ਹਿਰ ਦੇ ਦੱਖਣ-ਪੂਰਬ ਵਲ ਬਹੁਤ ਵਡੇ ਥੇਹ ਵਿਚ ਮਿਲਦੇ ਹਨ। ਮੈਨੂੰ ਯਾਦ ਹੈ ਉਨ੍ਹੀਂ ਦਿਨੀਂ ਕੁਝ ਸੁਨਿਆਰੇ ਖਾਸ ਕਰ ਬਰਸਾਤਾਂ ਦੇ ਦਿਨਾਂ ਵਿਚ ਥੇਹ ਤੋਂ ਮਿੱਟੀ ਇਕੱਠੀ

## ਰੰਗ-ਬੇਰੰਗ

ਕਰਕੇ ਇਸਨੂੰ ਛਾਣਦੇ ਰਹਿੰਦੇ ਜਿਸ ਵਿਚ ਨਿਕਲੀਆਂ ਠੀਕਰੀਆਂ ਦੇ ਢੇਰ ਨਜ਼ਰ ਆਉਂਦੇ। ਉਦੋਂ ਸਿਆਣੇ ਦੱਸਦੇ ਸਨ ਕਿ ਇਨ੍ਹਾਂ ਸੁਨਿਆਰਾਂ ਨੂੰ ਕਦੇ ਕਦੇ ਕੋਈ ਮੋਹਰ, ਕੋਈ ਸਿੱਕਾ ਜਾਂ ਸੋਨੇ ਦਾ ਗਹਿਣਾ ਲਭ ਪੈਂਦਾ ਹੈ। ਸ਼ਹਿਰ ਵਿਚ ਇਕ ਪੁਰਾਣੇ ਮਹਿਲ ਦੇ ਖੰਡਰ ਵੀ ਮੌਜੂਦ ਸਨ ਜੋ ਸਾਰੇ ਦਾ ਸਾਰਾ ਜ਼ਮੀਨ ਥੱਲੇ ਸੀ। ਇਸ ਮਹਿਲ ਬਾਰੇ ਕਹਾਣੀਆਂ ਸਨ ਕਿ ਕਿਸੇ ਰਾਜੇ ਨੇ ਆਪਣੀਆਂ ਰਾਣੀਆਂ ਲਈ ਬਣਵਾਇਆ ਸੀ ਅਤੇ ਇਸ ਮਹਿਲ ਤੋਂ ਇਕ ਸੁਰੰਗ ਰਾਣੀਆਂ ਕਸਬੇ ਤਕ ਜਾਂਦੀ ਸੀ, ਹੁਣ ਇਸ ਮਹਿਲ ਵਾਲੀ ਥਾਂ ਉਤੇ ਮਿੱਟੀ ਭਰ ਕੇ ਨਗਰਪਾਲਿਕਾ ਨੇ ਪਾਰਕ ਬਣਾਇਆ ਹੋਇਆ ਹੈ।

ਸਿਰਸਾ 1885 ਤਕ ਜ਼ਿਲਾ ਹੋਇਆ ਕਰਦਾ ਸੀ, ਫਿਰ ਅੰਗ੍ਰੇਜ਼ਾਂ ਨੇ ਇਸਨੂੰ ਤੋੜ ਕੇ ਹਿਸਾਰ ਵਿਚ ਮਿਲਾ ਦਿੱਤਾ। 1975 ਵਿਚ ਬੰਸੀ ਲਾਲ ਦੀ ਸਰਕਾਰ ਨੇ ਇਸਨੂੰ ਜ਼ਿਲਾ ਬਣਾ ਦਿਤਾ। ਸਿਰਸਾ ਸ਼ਹਿਰ ਦੇ ਬਾਜ਼ਾਰ ਆਮ ਕਰਕੇ ਸਿੱਧੇ ਹਨ ਅਤੇ ਕਿਸੇ ਵੇਲੇ ਬਹੁਤ ਖੁਲ੍ਹੇ ਹੋਇਆ ਕਰਦੇ ਸਨ। ਫਿਰ ਦੁਕਾਨਦਾਰ ਛੱਜੇ ਅਗੇ ਵਧਾ ਵਧਾ ਕੇ ਦੁਕਾਨਾਂ ਵਡੀਆਂ ਕਰੀ ਗਏ ਅਤੇ ਬਾਜ਼ਾਰ ਛੋਟੇ ਹੁੰਦੇ ਗਏ। ਸ਼ਹਿਰ ਵਿਚ ਕਿਸੇ ਵੇਲੇ ਮਾਰਵਾੜੀ ਬਾਣੀਆਂ ਬਾਂਸਲਾਂ ਦੀ ਸਰਦਾਰੀ ਹੋਇਆ ਕਰਦੀ ਸੀ ਜਿਨ੍ਹਾਂ ਪਾਸ ਸੈਂਕੜੇ ਪਿੰਡਾਂ ਦੀ ਜਾਗੀਰ ਸੀ। ਸ਼ਹਿਰ ਦੇ ਮੁਖ ਬਾਜ਼ਾਰ ਵਿਚ ਇਨ੍ਹਾਂ ਦੇ ਮਹੱਲਾਂ ਵਰਗੇ ਘਰ ਸਨ। ਹੁਣ ਤਕ ਹੋਰ ਬਹੁਤ ਲੋਕ ਅੱਗੇ ਵਧ ਗਏ ਹਨ ਅਤੇ ਬਾਂਸਲਾਂ ਜਿਨ੍ਹਾਂ ਨੂੰ ਕਦੇ ਕਿਸੇ ਰਾਜੇ ਦੇ ਖਜਾਨਚੀ ਰਹੇ ਹੋਣ ਕਰਕੇ ਖਜਾਨਚੀਆਂ ਕਰਕੇ ਜਾਣਿਆ ਜਾਂਦਾ ਹੈ, ਦਾ ਉਹ ਪਹਿਲਾਂ ਵਾਲਾ ਰੋਅਬ-ਦਾਬ ਨਹੀਂ ਰਿਹਾ। ਇਨ੍ਹਾਂ ਖਜਾਨਚੀਆਂ ਦੀ ਹਿੰਮਤ ਨਾਲ ਹੀ ਸਰਸੇ ਦਾ ਨੈਸ਼ਨਲ ਕਾਲਜ ਬਣਿਆ ਜਿਸਦੇ ਨਾਂ ਸੌ ਏਕੜ ਦੇ ਕਰੀਬ ਜ਼ਮੀਨ ਲਾਈ ਗਈ। 1980 ਦੇ ਗੇੜ੍ਹ ਵਿਚ ਦੇਵੀ ਲਾਲ ਸਰਕਾਰ ਸਮੇਂ ਸਰਕਾਰੀ ਕਾਲਜ ਬਣਾ ਦਿਤਾ ਗਿਆ। ਹੁਣ ਇਥੇ ਦੇਵੀ ਲਾਲ ਯੂਨੀਵਰਸਿਟੀ ਬਣ ਚੁਕੀ ਹੈ।

1972 ਵਿਚ ਮੈਂ ਬੀ ਏ ਪਹਿਲੇ ਸਾਲ ਵਿਚ ਸਾਂ। ਇਸੇ ਸਾਲ ਮੋਗਾ ਗੋਲੀ ਕਾਂਡ ਹੋਇਆ ਅਤੇ ਇਸੇ ਸਾਲ ਹੀ ਅਧਿਆਪਕਾਂ ਦੀ ਲੰਬੀ ਹੜਤਾਲ ਚੱਲੀ। ਮੋਗਾ ਗੋਲੀ ਕਾਂਡ ਤੋਂ ਵੀ ਪਹਿਲਾਂ ਸਿਨਮੇਂ ਦੀਆਂ ਟਿਕਟਾਂ ਤੇ ਰਿਆਇਤ ਲੈਣ ਲਈ ਨੈਸ਼ਨਲ ਕਾਲਜ ਦੇ ਵਿਦਿਆਰਥੀ ਵੀ ਹੜਤਾਲ ਕਰ ਚੁਕੇ ਸਨ। ਇਸ ਹੜਤਾਲ ਵਿਚ ਖਜਾਨਚੀਆਂ ਦਾ ਬਾਂਸਲ ਸਿਨਮਾ ਮੁੰਡਿਆਂ ਕਿਵੇਂ ਤੋੜਿਆ? ਇਹ ਵੇਰਵਾ ਅਗਲੀ ਵਾਰ।

# ਅਸਲ ਤੋਂ ਘੱਟ ਦੱਸੇ ਜਾ ਰਹੇ ਹਨ ਕਿਸਾਨਾਂ ਦੀ ਖੁਦਕੁਸ਼ੀ ਦੇ ਅੰਕੜੇ

**ਚੰਡੀਗੜ੍ਹ:** ਸਰਕਾਰੀ ਦਮਨ ਵਿਰੋਧੀ ਲਹਿਰ ਦੇ ਕਨਵੀਨਰ ਇੰਦਰਜੀਤ ਸਿੰਘ ਜੇਜੀ ਨੇ ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਸੰਬੰਧੀ ਕਰਵਾਈ ਜਾ ਰਹੀ ਗਣਨਾ ਦੇ ਤਰੀਕਿਆਂ 'ਚ ਸੋਧ ਦੀ ਮੰਗ ਕੀਤੀ ਹੈ। ਸ੍ਰੀ ਜੇਜੀ ਦਾ ਕਹਿਣਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਆਰਥਿਕ ਮਾਹਿਰਾਂ ਦੀ ਅਗਵਾਈ 'ਚ ਸੰਗਰੂਰ ਅਤੇ ਬਠਿੰਡਾ ਜ਼ਿਲ੍ਹੇ ਵਿਚ ਕਿਸਾਨਾਂ ਵਲੋਂ ਕੀਤੀਆਂ ਆਤਮ ਹੱਤਿਆਵਾਂ ਸੰਬੰਧੀ ਤੱਥ ਇਕੱਠੇ ਕਰਨ ਲਈ ਜਿਹੜੀ ਗਣਨਾ ਕੀਤੀ ਗਈ ਹੈ, ਉਸ ਵਿਚ ਕਈ ਤਰ੍ਹਾਂ ਦੀਆਂ ਖਾਮੀਆਂ ਨਜ਼ਰ ਆ ਰਹੀਆਂ ਹਨ। ਜੇ ਇਹੋ ਖਾਮੀਆਂ ਪੂਰੇ ਪੰਜਾਬ ਦੀ ਗਣਨਾ ਦੌਰਾਨ ਰਹਿ ਗਈਆਂ ਤਾਂ ਪੀੜਤ ਪਰਿਵਾਰਾਂ ਨਾਲ ਬੇਇਨਸਾਫੀ ਹੋਵੇਗੀ।

ਇੰਦਰਜੀਤ ਸਿੰਘ ਜੇਜੀ ਨੇ ਕਿਹਾ ਕਿ ਪੀ. ਏ. ਯੂ. ਦੇ ਸਰਵੇਖਣ ਵਿਚ ਖਾਮੀਆਂ ਦੀ ਵੱਡੀ ਉਦਾਹਰਣ ਸੰਗਰੂਰ ਜ਼ਿਲੇ ਦੀ ਮੂਨਕ ਅਤੇ ਲਹਿਰਾਗਾਗਾ ਤਹਿਸੀਲਾਂ ਦੇ ਤੱਥਾਂ ਤੋਂ ਦੇਖੀ ਜਾ ਸਕਦੀ ਹੈ। ਉਨ੍ਹਾਂ ਵਲੋਂ ਇਨ੍ਹਾਂ ਦੋਹਾਂ ਤਹਿਸੀਲਾਂ ਦੇ ਪਿੰਡਾਂ, ਕਸਬਿਆਂ ਅਤੇ ਮੰਡੀਆਂ 'ਚੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਇਕੱਠੇ ਕੀਤੇ ਅੰਕੜਿਆਂ ਮੁਤਾਬਕ ਸਾਲ 2000 ਤੋਂ 2008 ਤੱਕ 969 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ। 969 ਕਿਸਾਨਾਂ ਦੀਆਂ ਆਤਮ ਹੱਤਿਆਵਾਂ ਸੰਬੰਧੀ ਗ੍ਰਾਮ ਪੰਚਾਇਤਾਂ ਨੇ 906 ਮਤੇ ਪਾ ਕੇ ਦਿੱਤੇ ਹੋਏ ਹਨ। ਇਸ ਦੇ ਉਲਟ ਸਰਵੇਖਣ 'ਚ ਇਸੇ ਇਲਾਕੇ ਅੰਦਰ 546 ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਤੱਥ ਸਾਹਮਣੇ ਆਉਂਦੇ ਹਨ। ਸਰਵੇਖਣ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਵਰਸਿਟੀ ਦੀ ਟੀਮ ਨੇ ਇਸ ਇਲਾਕੇ ਦੇ 6 ਵੱਡੇ ਪਿੰਡਾਂ ਤੇ 3 ਮੰਡੀਆਂ 'ਚ ਕੀਤੀਆਂ ਆਤਮ ਹੱਤਿਆਵਾਂ ਨੂੰ ਰਿਕਾਰਡ 'ਤੇ ਨਹੀਂ ਲਿਆਂਦਾ।

ਇੰਦਰਜੀਤ ਸਿੰਘ ਜੇਜੀ ਅਨੁਸਾਰ ਜਿਹੜੇ ਪਿੰਡ ਪੀ. ਏ. ਯੂ. ਦੇ ਮਾਹਿਰਾਂ ਨੇ ਛੱਡ ਦਿੱਤੇ ਸਨ, ਉਨ੍ਹਾਂ ਪਿੰਡਾਂ ਤੇ ਮੰਡੀਆਂ ਫਤਹਿਗੜ੍ਹ, ਗੋਬਿੰਦਗੜ੍ਹ ਜੇਜੀਆਂ, ਕਦੈਲ, ਖਨੌਰੀ ਕਲਾਂ, ਸੰਗੀਤਵਾਲਾ, ਫੁਲੇਦਾ, ਲਹਿਰਾ ਮੂਨਕ ਅਤੇ ਖਨੌਰੀ 'ਚ ਇਸ ਸਮੇਂ ਦੌਰਾਨ 143 ਕਿਸਾਨਾਂ ਨੇ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ। ਇਹ ਧਾਰਨਾ ਬਿਲਕੁਲ ਗਲਤ ਹੈ ਕਿ ਮੰਡੀਆਂ (ਅਰਧ ਸ਼ਹਿਰੀ ਇਲਾਕੇ) 'ਚ ਕਿਸਾਨਾਂ ਨੇ ਖੁਦਕੁਸ਼ੀਆਂ ਨਹੀਂ ਕੀਤੀਆਂ।

ਸ੍ਰੀ ਜੇਜੀ ਨੇ ਕਿਹਾ ਕਿ ਲਹਿਰਾ, ਮੂਨਕ ਅਤੇ ਖਨੌਰੀ ਮੰਡੀਆਂ ਦੇ ਵਾਸੀ ਕਿਸਾਨ ਜ਼ਮੀਨਾਂ ਵਾਲੇ ਤਾਂ ਹਨ ਪਰ ਇਨ੍ਹਾਂ ਸਿਰ ਵੀ ਕਰਜ਼ਾ ਆਮ ਕਿਸਾਨਾਂ ਜਿੰਨਾ ਹੀ ਹੈ। ਪੀ. ਏ. ਯੂ. ਨੂੰ ਆਪਣੀ ਰਿਪੋਰਟ 'ਚ ਸੋਧ ਕਰਕੇ ਇਨ੍ਹਾਂ ਇਲਾਕਿਆਂ ਵਿਚ ਹੋਈਆਂ ਆਤਮ ਹੱਤਿਆਵਾਂ ਨੂੰ ਵੀ ਗਣਨਾ ਰਿਪੋਰਟ 'ਚ ਸ਼ਾਮਲ ਕਰਨਾ ਚਾਹੀਦਾ ਹੈ ਕਿਉਂਕਿ ਜੇ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਨੂੰ ਮਾਲੀ ਰਾਹਤ ਦੇਣ ਦਾ ਫੈਸਲਾ ਕਰਦੀ ਹੈ ਤਾਂ ਸੈਂਕੜੇ ਪਰਿਵਾਰ ਇਸ ਰਾਹਤ ਤੋਂ ਵਾਂਝੇ ਰਹਿ ਜਾਣਗੇ।

ਇੰਦਰਜੀਤ ਸਿੰਘ ਜੇਜੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਗਣਨਾ ਲਈ ਬਹੁਤ ਥੋੜ੍ਹੇ ਸਮੇਂ ਨੂੰ ਆਧਾਰ ਬਣਾਇਆ ਗਿਆ ਹੈ। ਸਰਕਾਰ ਦੀਆਂ ਹਦਾਇਤਾਂ 'ਤੇ ਪੀ. ਏ. ਯੂ. ਨੇ ਸਾਲ 2000 ਤੋਂ ਹੋ ਰਹੀਆਂ ਆਤਮ ਹੱਤਿਆਵਾਂ ਨੂੰ ਵੀ ਰਿਕਾਰਡ 'ਤੇ ਲਿਆਂਦਾ ਹੈ ਜਦੋਂਕਿ ਪੰਜਾਬ ਦੀ ਕਿਸਾਨੀ ਦਾ ਸੰਕਟ ਉਸ ਤੋਂ ਵੀ ਪਹਿਲਾਂ ਚੱਲ ਰਿਹਾ ਹੈ। ਸਾਲ 1991 ਤੋਂ 1999 ਤੱਕ ਮੂਨਕ ਅਤੇ ਲਹਿਰਾਗਾਗਾ ਤਹਿਸੀਲਾਂ ਅੰਦਰ ਹੀ 614 ਕਿਸਾਨਾਂ ਨੇ ਖੁਦਕੁਸ਼ੀਆਂ ਕਰ ਲਈਆਂ ਸਨ। ਉਨ੍ਹਾਂ ਕੋਲ ਇਸ ਦੇ ਬਾਕਾਇਦਾ ਸਬੂਤ ਮੌਜੂਦ ਹਨ। ਸਰਕਾਰ ਨੇ ਪਹਿਲੇ ਹੀ ਦਸਕੇ 'ਚ 614 ਕਿਸਾਨ ਪਰਿਵਾਰਾਂ ਨਾਲ ਤਾਂ ਸਿੱਧੇ ਤੌਰ 'ਤੇ ਨਾਇਨਸਾਫੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਵਲੋਂ ਖੁਦ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤੇ ਕੇਂਦਰ ਸਰਕਾਰ ਅੱਗੇ ਵੀ ਠੋਸ ਰਿਪੋਰਟ ਪੇਸ਼ ਕੀਤੀ ਜਾਵੇ।

ਇੰਦਰਜੀਤ ਸਿੰਘ ਜੇਜੀ ਨੇ ਇਹ ਕਿਹਾ ਕਿ ਪੀ. ਏ. ਯੂ. ਜਾਂ ਹੋਰਨਾਂ ਯੂਨੀਵਰਸਿਟੀਆਂ ਦੇ ਮਾਹਿਰਾਂ ਵਲੋਂ ਪੰਜਾਬ ਦੇ ਹੋਰਨਾਂ ਜ਼ਿਲਿਆਂ 'ਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਗਣਨਾ ਕਰਨ ਲੱਗਿਆਂ ਪਿੰਡਾਂ ਦੀਆਂ ਪੰਚਾਇਤਾਂ ਨੂੰ 15 ਦਿਨ ਪਹਿਲਾਂ ਪ੍ਰੋਫਾਰਮੇ ਆਦਿ ਦਿੱਤੇ ਜਾਣ। ਕਿਸਾਨ ਜਾਂ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਦੀ ਗਣਨਾ ਮੌਕੇ ਮੰਡੀਆਂ, ਕਸਬਿਆਂ ਅਤੇ ਸ਼ਹਿਰੀ ਖੇਤਰ ਨੂੰ ਵੀ ਸਰਵੇਖਣ ਦਾ ਆਧਾਰ ਬਣਾਇਆ ਜਾਵੇ। ਪੰਜਾਬ ਨੂੰ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਤੋਂ ਪ੍ਰਭਾਵਤ ਰਾਜਾਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਪੀੜਤ ਕਿਸਾਨ ਪਰਿਵਾਰਾਂ ਨੂੰ ਵੀ ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਦੀ ਤਰਜ 'ਤੇ ਮਾਲੀ ਮੱਦਦ ਮਿਲ ਸਕੇ।

# ਕਾਲੀ ਸੂਚੀ ਵਾਲੇ ਸਿੱਖਾਂ ਦੀ ਮਦਦ ਕਰੇਗਾ ਮਨੁੱਖੀ ਅਧਿਕਾਰ ਕਮਿਸ਼ਨ

**ਨੰਗਲ :** ਪੰਜਾਬ ਪੁਲਿਸ ਵਲੋਂ ਜਾਰੀ ਕੀਤੀ ਗਈ ਕਾਲੀ ਸੂਚੀ ਵਿਚ ਸ਼ਾਮਲ ਪਰਵਾਸੀ ਸਿੱਖਾਂ ਦੇ ਮੁੜ ਵਸੇਬੇ ਲਈ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਹਰ ਸੰਭਵ ਸਹਾਇਤਾ ਕਰੇਗਾ। ਇਹ ਪ੍ਰਗਟਾਵਾ ਪੰਜਾਬ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਨਜ਼ਦੀਕੀ ਪਿੰਡ ਪੱਟੀ ਵਿਖੇ ਮਨੁੱਖੀ ਅਧਿਕਾਰਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਏ ਸੈਮੀਨਾਰ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕਾਲੀ ਸੂਚੀ ਵਿਚ ਸ਼ਾਮਲ ਪ੍ਰਵਾਸੀ ਸਿੱਖਾਂ ਦੇ ਮੁੜ ਵਸੇਬੇ ਲਈ ਮਨੁੱਖੀ ਅਧਿਕਾਰ ਕਮਿਸ਼ਨ ਹਰ ਸੰਭਵ ਸਹਾਇਤਾ ਕਰਨ ਲਈ ਵਚਨਬੱਧ ਹੈ ਪਰ ਇਸ ਲਈ ਪ੍ਰਭਾਵਤ ਲੋਕ ਕਮਿਸ਼ਨ ਨੂੰ ਸਹਾਇਤਾ ਲਈ ਅਪੀਲ ਕਰਨ। ਸ੍ਰੀ ਖੰਨਾ ਨੇ ਕਿਹਾ ਕਿ ਉਨ੍ਹਾਂ ਨੇ ਪਾਰਲੀਮੈਂਟ 'ਚ ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਦੇ ਮੁੜ ਵਸੇਬੇ ਦਾ ਮੁੱਦਾ ਉਠਾਇਆ ਸੀ, ਜਿਸ ਨੂੰ ਸਰਕਾਰ ਨੇ ਭਰਪੂਰ ਹੁੰਗਾਰਾ ਦੇ ਕੇ ਇਸ ਸੂਚੀ ਵਿਚ ਸ਼ਾਮਲ ਪ੍ਰਵਾਸੀ ਸਿੱਖਾਂ ਨੂੰ ਤਿੰਨ ਕੈਟਾਗਿਰੀਆਂ 'ਚ ਵੰਡਿਆ ਸੀ। 'ਏ' ਕੈਟਾਗਿਰੀ ਵਿਚ ਉਨ੍ਹਾਂ ਲੋਕਾਂ ਨੂੰ ਦਰਜ ਕੀਤਾ ਗਿਆ, ਜਿਨ੍ਹਾਂ ਖਿਲਾਫ਼ ਦੇਸ਼ ਧਰੋਹ ਦਾ ਮਾਮਲਾ ਦਰਜ ਹੈ ਜਾਂ ਸਰਕਾਰ ਵਿਰੁਧ ਸਾਜ਼ਿਸ਼ਾਂ ਰਚਣ ਦਾ ਮਾਮਲਾ ਦਰਜ ਹੈ ਜਾਂ ਖਾੜਕੂਵਾਦ ਲਹਿਰ ਦੌਰਾਨ ਮਾਮਲੇ ਦਰਜ ਹੋਏ ਸਨ।

ਦੂਜੀ 'ਬੀ' ਕੈਟਾਗਿਰੀ ਵਿਚ ਉਹ ਲੋਕ ਹਨ, ਜਿਨ੍ਹਾਂ ਖਿਲਾਫ਼ ਖਾੜਕੂਵਾਦ ਦੇ ਕੇਸ ਤਾਂ ਦਰਜ ਹਨ, ਪਰ ਸਰਕਾਰ ਜਾਂ ਦੇਸ਼ ਧਰੋਹ ਦੇ ਮਾਮਲੇ ਨਹੀਂ ਹਨ। ਤੀਜੀ ਕੈਟਾਗਿਰੀ 'ਸੀ' ਵਿਚ ਉਨ੍ਹਾਂ ਲੋਕਾਂ ਨੂੰ ਰੱਖਿਆ ਗਿਆ ਸੀ ਜੋ ਹਿੰਦੁਸਤਾਨ ਤੋਂ ਡਰਦੇ ਮਾਰੇ ਵਿਦੇਸ਼ਾਂ ਵਿਚ ਪਹੁੰਚ ਗਏ ਹਨ, ਪਰ ਇਨ੍ਹਾਂ ਲੋਕਾਂ ਤੋਂ ਦੇਸ਼ ਨੂੰ ਕਿਸੇ ਵੀ ਪ੍ਰਕਾਰ ਦਾ ਖ਼ਤਰਾ ਨਹੀਂ ਹੈ ਤੇ ਪੰਜਾਬ ਵਿਚ ਮੁੜ ਵਸੇਬਾ ਕਰਨਾ ਚਾਹੁੰਦੇ ਹਨ। ਸ੍ਰੀ ਖੰਨਾ ਨੇ ਦੱਸਿਆ ਕਿ ਸਰਕਾਰ ਨੇ ਬੀ ਅਤੇ ਸੀ ਕੈਟਾਗਿਰੀ ਦੇ ਲੋਕਾਂ ਦੇ ਮੁੜ ਵਸੇਬੇ ਵਾਸਤੇ ਆਗਿਆ ਦਿੱਤੀ ਸੀ। ਸ੍ਰੀ ਖੰਨਾ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਕਾਲੀ ਸੂਚੀ ਵਿਚ ਸ਼ਾਮਲ ਲੋਕਾਂ ਦੇ ਕੇਸਾਂ 'ਤੇ ਧਿਆਨ ਨਹੀਂ ਦਿੰਦੀ ਤਾਂ ਉਨ੍ਹਾਂ ਕੇਸਾਂ ਨੂੰ ਲੈ ਕੇ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਸਰਕਾਰ ਨੂੰ ਜੁਆਬਤਲਬੀ ਕਰੇਗੀ।

ਉਨ੍ਹਾਂ ਕਾਲੀ ਸੂਚੀ ਵਿਚ ਸ਼ਾਮਲ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਮੁੜ ਵਸੇਬਾ ਕਰਨ ਲਈ ਉਹ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਅਤੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰਦੇਸਾਂ ਵਿਚ ਰਹਿ ਰਹੇ ਲੋਕਾਂ ਨਾਲ ਪੰਜਾਬ ਵਿਚ ਮੁੜ ਵਸੇਬੇ ਸਮੇਂ ਕਾਨੂੰਨ ਅਨੁਸਾਰ ਪੇਸ਼ ਆਇਆ ਜਾਵੇਗਾ।

*Visit us on the web:*
***punjabtimesusa.com***
***To Advertise with us***
***Call:847-359-0746***
***Fax:847-705-9388***

# ਇਸ ਨਿਆਰੀ ਦੁਨੀਆਂ ਦੇ ਨਿਆਰੇ ਲੋਕ

## ਸ਼ੈਰੀ ਦੀ ਡਾਇਰੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਸਮਾਜਿਕ ਦ੍ਰਿਸ਼ਟੀਕੋਣ ਤੋਂ ਪਰਖੀਏ ਤਾਂ ਸ਼ੈਰੀ ਸੰਧੂ ਜੇ ਪੂਰੀ ਤਰ੍ਹਾਂ ਗੈਰ-ਰਵਾਇਤੀ ਬੰਦਾ ਨਹੀਂ ਤਾਂ ਉਹ ਫਾਰਮਲ ਵੀ ਬਿਲਕੁਲ ਨਹੀਂ ਹੈ। ਸ਼ਾਇਦ ਇਹੋ ਕਾਰਨ ਹੈ ਕਿ ਉਹ ਸਾਰੇ ਜੀਵਨ 'ਚ 15 ਤੋਂ ਵਧ ਵਧੀਆ ਮਿੱਤਰ ਨਹੀਂ ਬਣਾ ਸਕਿਆ। ਪਰ ਇਹ 14-15 ਲੋਕਾਂ, ਜਿਨ੍ਹਾਂ 'ਚੋਂ ਕਾਫੀ ਰੱਬ ਨੂੰ ਪਿਆਰੇ ਹੋ ਚੁੱਕੇ ਹਨ, ਉਨ੍ਹਾਂ ਨੂੰ ਉਸਦਾ ਹਰ ਬੋਲ-ਕਬੋਲ ਕਬੂਲ ਰਿਹਾ ਹੈ। ਕਿਉਂਕਿ ਉਹ ਨਾ ਹੀ ਮਚਲਾ ਹੈ ਅਤੇ ਨਾ ਹੀ ਹਿਪੋਕਰੇਟ। ਨਾ ਉਸਨੂੰ ਝੂਠੀ ਮੂਠੀ ਚੰਗਾ ਬਣਨਾ ਆਉਂਦਾ ਹੈ ਤੇ ਨਾ ਹੀ ਉਹ ਕਿਸੇ ਦੀ ਫੋਕੀ ਤਾਰੀਫ ਕਰਨ ਦਾ ਆਦੀ ਹੈ। ਸ਼ਾਇਦ ਇਸੇ ਕਰਕੇ 37-38 ਸਾਲ ਪਹਿਲਾਂ ਲੁਧਿਆਣੇ ਉਸਦੇ ਵਿਆਹ 'ਚ ਸ਼ਾਮਲ ਡਾ. ਵਿਸ਼ਵਾਨਾਥ ਤਿਵਾੜੀ ਨੇ ਸ਼ੈਰੀ ਤੇ ਉਸਦੀ ਪਤਨੀ ਮਨਮੀਤ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਸੀ, ''ਸ਼ੈਰੀ, ਤੇਰੇ ਵਰਗੇ ਸਪਾਟ ਤੇ ਠਾਹ ਸੋਟਾ ਮਾਰਨ ਵਾਲੇ ਮਲਵਈ ਮੁੰਡੇ ਨੇ ਸਾਡੀ ਯੂਨੀਵਰਸਟੀ ਦੀ ਇਸ ਮਲੂਕ ਤੇ ਸ਼ੈਲ ਛਬੀਲੀ ਕੁੜੀ ਨੂੰ ਕਿਵੇਂ ਆਪਣੇ ਗੇੜ 'ਚ ਲੈ ਲਿਆ, ਮੇਰੀ ਸਮਝੋਂ ਬਾਹਰ ਹੈ।'' ਉਸ ਨੂੰ ਗੱਲੀਂ-ਬਾਤੀਂ ਜਾਂ ਸਿਰਫ ਪੈਸੇ ਧੇਲੇ ਨਾਲ ਪਤਵੰਤੇ ਬਣੇ ਲੋਕਾਂ ਨਾਲ ਚਿੜ੍ਹ ਹੈ। ਉਹ ਕਦੇ ਵੀ ਕਿਸੇ ਧਾਰਮਿਕ ਜਾਂ ਸਮਾਜਕ ਸੰਸਥਾ ਦਾ ਮੈਂਬਰ ਨਹੀਂ ਰਿਹਾ। ਉਸ ਅਨੁਸਾਰ ਇਹ ਸਭ ਫੋਕੀ ਵਾਹ ਵਾਹ ਖੱਟਣ ਲਈ ਕੀਤੀਆਂ ਜਾਅਲੀ ਕੋਸ਼ਿਸ਼ਾਂ ਹਨ ਜਾਂ ਆਪਣਾ ਉੱਲੂ ਸਿੱਧਾ ਕਰਨ ਲਈ ਇੱਕ ਢੌਂਗ ਹੈ।

ਉਸ ਕੋਲ ਵੋਟਰ ਕਾਰਡ ਤਾਂ ਹੈ ਪਰ ਮੇਰਾ ਨਹੀਂ ਖਿਆਲ ਕਿ ਉਸਨੇ ਅੱਜ ਤੱਕ ਕਦੇ ਵੀ ਕਿਸੇ ਸਿਆਸੀ ਸਰਗਰਮੀ 'ਚ ਹਿੱਸਾ ਲਿਆ ਹੋਵੇ ਜਾਂ ਕਦੇ ਕਿਸੇ ਸਿਆਸੀ ਇਲੈਕਸ਼ਨ 'ਚ ਵੋਟ ਪਾਉਣ ਲਈ ਸਮਾਂ ਕੱਢਿਆ ਹੋਵੇ। ਦੂਜੇ ਪਾਸੇ ਉਹ ਮਹਿਮਾਨ ਮਿੱਤਰਾਂ ਦੀ ਆਓ-ਭਗਤ ਕਰਨ ਲਈ ਜਾਂ ਸਾਥੀਆਂ ਨਾਲ ਚੰਡੀਗੜ੍ਹੋਂ ਪੈਦਲ ਹੀ ਸ਼ਿਮਲਾ ਜਾਣ ਲਈ ਜਾਂ ਭੂਸ਼ਣ ਨਾਲ ਦਾਰੂ 'ਤੇ ਸਵਾਰ ਹੋ ਕੇ ਸਾਰੇ ਚੰਡੀਗੜ੍ਹ ਦੀ ਪੈਦਲ ਪਰਿਕਰਮਾ ਕਰਨ ਲਈ ਤੇ ਜਾਂ ਲੋਕ ਨਾਥ ਦੇ ਸਰਕਾਰੀ ਕਾਲਜ ਮੁਕਤਸਰ ਦਾ ਪ੍ਰਿੰਸੀਪਲ ਬਣਨ ਤੇ ਉਥੇ ਹਫਤਾ ਭਰ ਜਸ਼ਨ ਮਨਾਉਣ ਲਈ ਦਫ਼ਤਰੋਂ ਕਈ ਕਈ ਦਿਨਾਂ ਦੀਆਂ ਛੁੱਟੀਆਂ ਲੈ ਸਕਦਾ ਹੈ। ਪਰ ਉਹ ਕਦੇ ਵੀ ਦਫਤਰ ਲੇਟ ਨਹੀਂ ਗਿਆ ਅਤੇ ਕਦੇ ਵੀ ਛੁੱਟੀ ਲਏ ਬਿਨਾ ਦਫਤਰੋਂ ਗੈਰਹਾਜ਼ਰ ਨਹੀਂ ਰਿਹਾ। ਉਸਨੇ ਕਦੇ ਵੀ ਤੇ ਕਿਸੇ ਵੀ ਸ਼ਕਲ 'ਚ ਕੋਈ ਰਿਸ਼ਵਤ ਨਹੀਂ ਲਈ ਪਰ ਉਸਨੇ ਆਪਣੇ ਸਾਥੀਆਂ ਜਾਂ ਮਾਤਹਿਤਾਂ ਦੇ ਇਸ ਤਰ੍ਹਾਂ ਦੇ ਕੰਮਕਾਜ 'ਚ ਦਖਲ ਵੀ ਨਹੀਂ ਦਿਤਾ ਤੇ ਉਹ ਦਫਤਰ ਦੇ ਕੰਮਕਾਜ ਅਤੇ ਮੂੰਹ ਮੁਹਾਂਦਰੇ ਨੂੰ ਕੋਈ ਆਂਚ ਨਹੀਂ ਆਉਣ ਦਿੰਦੇ। ਸ਼ੈਰੀ ਕਿਸਮਤ ਜਾਂ ਬੰਦਗੀ 'ਚ ਬਿਲਕੁਲ ਵੀ ਵਿਸ਼ਵਾਸ ਨਹੀਂ ਕਰਦਾ ਅਤੇ ਬੰਦੇ ਦੇ ਦੁੱਖਾਂ-ਸੁੱਖਾਂ ਨੂੰ ਮੌਕਾ ਮੇਲ ਘਟਨਾਵਾਂ ਜਾਂ ਦੁਰਘਟਨਾਵਾਂ ਹੀ (CO-INCIDENTS OR ACCIDENTS) ਸਮਝਦਾ ਹੈ। ਪਰ ਮੈਂ ਇਸਨੂੰ ਉਸਦੀ ਖੁਸ਼ਕਿਸਮਤੀ ਹੀ ਸਮਝਦਾ ਹਾਂ ਕਿ ਉਸਦੇ ਜੀਵਨ ਅਤੇ ਕਬੀਲਦਾਰੀ 'ਚ ਕੋਈ ਆਂਚ ਨਹੀਂ ਆਈ ਅਤੇ ਉਹ ਆਪਣੀ ਮਸਤ ਮਲੰਗੀ ਨੂੰ ਵੀ ਕਾਇਮ ਰੱਖ ਸਕਿਆ। ਇਸਦਾ ਵੱਡਾ ਕਾਰਨ ਹੈ ਕਿ ਉਸਦੇ ਮਾਂ-ਬਾਪ ਨੇ ਉਸਨੂੰ ਮਨਪਸੰਦ ਨੌਕਰੀ ਲੈ ਕੇ ਅਤੇ ਚੰਡੀਗੜ੍ਹ 'ਚ ਕੋਠੀ ਬਣਵਾ ਕੇ ਦੇਣ ਤੱਕ ਉਸਨੂੰ ਕੋਈ ਫਿਕਰ ਜਾਂ ਬੋਝ ਮਹਿਸੂਸ ਨਹੀਂ ਹੋਣ ਦਿੱਤਾ ਅਤੇ ਉਨ੍ਹਾਂ ਦੇ ਚਲੇ ਜਾਣ ਬਾਅਦ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਉਸਦੇ ਬੱਚਿਆਂ ਨੇ ਸੰਭਾਲ ਲਈਆਂ। ਪਿਛਲੇ ਦਿਨੀਂ ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਅੱਜ ਕੱਲ ਸ਼ੈਰੀ ਚੰਡੀਗੜ੍ਹ 'ਚ ਕਿਸੇ ਸੰਸਥਾ ਲਈ ਬੜੀ ਸਰਗਰਮੀ ਨਾਲ ਭੱਜ ਨੱਠ ਕਰ ਰਿਹਾ ਹੈ। ਮੈਂ ਇਸਦੀ ਤਸਦੀਕ ਕਰਨ ਲਈ ਫੋਨ ਕੀਤਾ ਤਾਂ ਸ਼ੈਰੀ ਨੇ ਦੱਸਿਆ ਕਿ ਇਹ ਸੱਚ ਹੈ ਪਰ ਇਸ ਸਭ ਕੁਝ ਬਾਰੇ ਲਿਖ ਕੇ ਭੇਜੇਗਾ'' ਜੋ ਹੇਠਾਂ ਹਾਜ਼ਰ ਹੈ-

### *ਪੰਨਾ ਇੱਕ*

ਮੇਰੇ ਇਕ ਗਵਾਂਢੀ ਹਨ ਸ੍ਰੀ ਬੈਨਰਜੀ। ਇਹ ਹੁਣੇ-ਹੁਣੇ ਰਿਟਾਇਰ ਹੋਏ ਆਈ. ਏ. ਐਸ. ਅਧਿਕਾਰੀ ਨੇ। ਭਾਵੇਂ ਇਹ ਕੋਠੀ ਤਾਂ ਇਨ੍ਹਾਂ ਚਰੋਕਣੀ ਬਣਵਾ ਰੱਖੀ ਸੀ। ਪਰ ਰਿਹਾਇਸ਼ ਏਥੇ ਪੰਜ ਸੱਤ ਮਹੀਨੇ ਪਹਿਲਾਂ ਹੀ ਕੀਤੀ ਹੈ। ਆਈ. ਏ. ਐਸ. ਲਾਬੀ 'ਚ ਇਹ ਇਕ ਨਿਪੁੰਨ ਮਿਹਨਤੀ ਤੇ ਇਮਾਨਦਾਰ ਅਫਸਰ ਵਜੋਂ ਜਾਣੇ ਜਾਂਦੇ ਹਨ। ਮੈਨੂੰ 'ਬੈਨਰਜੀ' ਨਾਂ ਇਸ ਲਈ ਵੀ ਚੰਗਾ ਲਗਦਾ ਹੈ ਕਿਉਂਕਿ ਇਸ ਨਾਲ ਵਾਧੂ 'ਜੀ ਨਹੀਂ ਲਾਉਣਾ ਪੈਂਦਾ' ਉਨ੍ਹਾਂ ਵਲੋਂ ਭੇਜਿਆ ਇਕ ਸੱਦਾ ਪੱਤਰ ਮਿਲਦਾ ਹੈ ਜਿਸ 'ਚ ਉਨ੍ਹਾਂ ਵਲੋਂ ਸਾਡੇ ਨੇੜੇ ਦੀ ਲਾਇਬਰੇਰੀ ਦੇ ਮੀਟਿੰਗ ਹਾਲ 'ਚ ਸਮੇਂ ਸਿਰ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ ਜਿਥੇ ਕਲਕੱਤੇ ਦੀ 'ਫਰੈਂਡਜ਼ ਆਫ ਦਾ ਪੀਪਲ' ਨਾਮੀ ਸੰਸਥਾ ਦੇ ਬੁਲਾਰੇ ਸ੍ਰੀ ਹਰਿ-ਦੇਵ ਨੇ ਸਾਡੇ ਨਾਲ ਆਪਣੇ ਵਿਚਾਰ ਸਾਂਝੇ ਕਰਨੇ ਹਨ। ਇਸ ਹਾਲ 'ਚ ਕੁੱਲ 150-200 ਕੁਰਸੀਆਂ ਲੱਗੀਆਂ ਹੋਈਆਂ ਹਨ ਜੋ ਸਾਰੀਆਂ ਦੀਆਂ ਸਾਰੀਆਂ ਪੁਰ ਹਨ। ਪ੍ਰੋਗਰਾਮ ਸ਼ੁਰੂ ਹੁੰਦਾ ਹੈ ਤੇ ਬੈਨਰਜੀ ਮਾਈਕ 'ਤੇ ਆ ਕੇ ਸਾਨੂੰ ਸਭ ਲੋਕਾਂ ਨੂੰ ਜੀ ਆਇਆਂ ਕਹਿੰਦੇ ਹਨ ਅਤੇ ਸਾਡਾ ਧੰਨਵਾਦ ਕਰਦੇ ਹਨ ਕਿ ਅਸੀਂ ਉਨ੍ਹਾਂ ਦਾ ਸੱਦਾ ਕਬੂਲ ਕੀਤਾ ਹੈ। ਫਿਰ ਉਹ ਦਸਦੇ ਹਨ ਹਰਿ-ਦੇਵ ਜੀ ਨੂੰ ਤਾਂ ਉਹ ਕੱਲ ਹੀ ਮਿਲੇ ਹਨ ਪਰ ਬੰਗਾਲ 'ਚ ਇਸ ਸੰਸਥਾ ਦੇ ਕੰਮਾਂ ਦੀ ਬੜੀ ਪ੍ਰਸ਼ੰਸਾ ਹੈ। ਕਲਕੱਤਾ ਵਿਖੇ ਉਨ੍ਹਾਂ ਦੇ ਕਈ ਮਿੱਤਰ ਇਸ ਸੰਸਥਾ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ।

ਉਨ੍ਹਾਂ ਤੋਂ ਬਾਅਦ ਇਕ 55-60 ਸਾਲ ਦਾ ਦਿਸਦਾ ਬੰਦਾ ਮਾਈਕ 'ਤੇ ਆਉਂਦਾ ਹੈ ਜਿਸਨੇ ਕਰੀਮ ਰੰਗ ਦਾ ਖੁੱਲਾ-ਡੁੱਲਾ ਕਮੀਜ਼ ਪਜਾਮਾ ਪਹਿਨਿਆ ਹੋਇਆ ਹੈ ਤੇ ਉਸੇ ਹੀ ਰੰਗ ਦੀ ਸਾਧਾਰਣ ਜਿਹੀ ਟੌਰੇ ਵਾਲੀ ਪਗੜੀ ਬੰਨੀ ਹੋਈ ਹੈ, ਸਵਾਮੀ ਅਗਨੀਵੇਸ਼ ਵਾਂਗ ਖੁਲੀ ਦਾੜ੍ਹੀ ਹੈ। ਇਹੋ ਹੀ ਹਰਿ ਦੇਵ ਹੈ। ਉਹ ਵੀ ਸਾਨੂੰ ਜੀ ਆਇਆਂ ਕਹਿ ਕੇ ਸਾਡਾ ਧੰਨਵਾਦ ਕਰਦਾ ਹੈ ਤੇ ਆਪਣੀ ਗੱਲ ਸ਼ੁਰੂ ਕਰਦਾ ਹੈ। ''ਹਾਜ਼ਰੀਨ ਇਹ ਇਕ ਨਿਰੋਲ ਸਮਾਜਿਕ, ਗੈਰ-ਸਿਆਸੀ ਤੇ ਗੈਰ-ਧਾਰਮਿਕ ਸੰਸਥਾ ਹੈ, ਜੋ ਆਪਣੇ ਆਲੇ ਦੁਆਲੇ 'ਚ ਵਾਪਰ ਰਹੀਆਂ ਬੇਇਨਸਾਫੀਆਂ ਅਤੇ ਵਧੀਕੀਆਂ ਖਿਲਾਫ ਆਪਣੀ ਸਮਰਥਾ ਅਨੁਸਾਰ ਆਵਾਜ਼ ਉਠਾਉਂਦੀ ਹੈ। ਇਸ 'ਚ ਕੰਮ ਕਰਨ ਵਾਲਿਆਂ ਨੂੰ ਨਾ ਕੋਈ ਸਿਆਸੀ ਸਰਪ੍ਰਸਤੀ ਹਾਸਲ ਹੈ ਅਤੇ ਨਾ ਹੀ ਕੋਈ ਖਾਸ ਸਮਾਜਿਕ ਰੁਤਬਾ। ਪਰ ਇਸ ਸੰਸਥਾ 'ਚ ਕੰਮ ਕਰਕੇ ਤੁਸੀਂ ਆਪਣਾ ਦਿਨ ਚੈਨ ਨਾਲ ਗੁਜਾਰੋਂਗੇ ਅਤੇ ਰਾਤ ਅਰਾਮ ਨਾਲ ਸੌਂਵੋਂਗੇ, ਇਹ ਮੇਰਾ ਯਕੀਨ ਹੈ। ਕਾਰਨ ਹੈ ਕਿ ਤੁਸੀਂ ਹਮੇਸ਼ਾ ਦੂਜਿਆਂ ਦੇ ਭਲੇ ਬਾਰੇ ਸੋਚ ਰਹੇ ਹੋਵੋਂਗੇ ਤੇ ਜਿੰਨਾ ਕਰ ਰਹੇ ਹੋਵੋਂਗੇ ਚੰਗਾ ਕਰ ਰਹੇ ਹੋਵੋਂਗੇ। ਇਸਦੀ ਕੋਈ ਮੈਂਬਰਸ਼ਿਪ ਫੀਸ ਨਹੀਂ ਅਤੇ ਨਾ ਹੀ ਇਸ ਸੰਸਥਾ ਨੂੰ ਕੋਈ ਖਾਸ ਦਫਤਰ ਦੀ ਲੋੜ ਹੈ। ਤੁਸੀਂ ਕਿਧਰੇ ਵੀ ਮਿਲ ਬੈਠਣ ਲਈ ਥਾਂ ਬਣਾ ਸਕਦੇ ਹੋ ਜਿਵੇਂ ਇਹ ਲਾਇਬ੍ਰੇਰੀ ਹੈ ਜਾਂ ਕਿਸੇ ਮੈਂਬਰ ਦਾ ਘਰ। ਇਸ ਸੰਸਥਾ 'ਚ ਸਿਰਫ ਇਕ ਸਕੱਤਰ ਦਾ ਅਹੁਦਾ ਹੀ ਹੈ ਜਿਸ ਕੋਲ ਇਕ ਰਿਕਾਰਡ ਫਾਈਲ, ਕੁਝ ਪੈਨ, ਇਕ ਪੈਡ ਤੇ ਮੋਹਰ ਹੁੰਦੀ ਹੈ। ਸਭ ਤੋਂ ਮਹੱਤਵਪੂਰਨ ਤੁਹਾਡਾ ਕੰਮ ਹੈ। ਹੁਣ ਮੈਂ ਤੁਹਾਨੂੰ ਇੱਕ ਇਕ ਫਾਰਮ ਦੇਵਾਂਗਾ ਜਿਸ ਵਿਚ ਇਸ ਸੰਸਥਾ ਦਾ ਸੰਖੇਪ ਇਤਿਹਾਸ ਅਤੇ ਵਿਧਾਨ ਦਰਜ਼ ਹੈ। ਇਹ ਵੀ ਦਰਜ਼ ਹੈ ਕਿ ਕੌਣ ਲੋਕ ਇਸਦੇ ਮੈਂਬਰ ਬਣ ਸਕਦੇ ਹਨ ਤੇ ਕੌਣ ਨਹੀਂ। ਇਹ ਫਾਰਮ ਤੁਸੀਂ ਜਦੋਂ ਮਰਜ਼ੀ ਪੂਰਾ ਕਰਕੇ ਬੈਨਰਜੀ ਸਾਹਿਬ ਨੂੰ ਦੇ ਸਕਦੇ ਹੋ, ਅੱਜ, ਕੱਲ, ਮਹੀਨੇ ਨੂੰ, ਦੋ ਮਹੀਨੇ ਨੂੰ ਜਾਂ ਜਦੋਂ ਵੀ ਤੁਸੀਂ ਸਮਾਜ ਦੀ ਬਿਹਤਰੀ ਲਈ ਮਨ ਬਣਾ ਲਿਆ। ਹੁਣ ਮੇਰਾ ਕੰਮ ਪੂਰਾ ਹੋ ਗਿਆ ਹੈ। ਵੈਸੇ ਮੈਂਬਰ ਬਣਨ ਤੋਂ ਪਹਿਲਾਂ ਦੇ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਇਸ ਫਾਰਮ 'ਚ ਦਰਜ਼ ਹਨ ਫਿਰ ਵੀ ਜੇ ਕੋਈ ਸ਼ੰਕਾ ਹੋਵੇ ਤਾਂ ਫਾਰਮ 'ਤੇ ਦਿੱਤੇ ਈ-ਮੇਲ ਪਤੇ ਤੇ ਸਵਾਲ ਪੁੱਛ ਸਕਦੇ ਹੋ। ਚੰਗੇ ਵੇਲੇ ਜਵਾਬ ਮਿਲੇਗਾ। ਧੰਨਵਾਦ।''

> **ਉਹ ਮਹਿਮਾਨ ਮਿੱਤਰਾਂ ਦੀ ਆਓ-ਭਗਤ ਕਰਨ ਲਈ ਜਾਂ ਸਾਥੀਆਂ ਨਾਲ ਚੰਡੀਗੜ੍ਹੋਂ ਪੈਦਲ ਹੀ ਸ਼ਿਮਲਾ ਜਾਣ ਲਈ ਜਾਂ ਭੂਸ਼ਣ ਨਾਲ ਦਾਰੂ 'ਤੇ ਸਵਾਰ ਹੋ ਕੇ ਸਾਰੇ ਚੰਡੀਗੜ੍ਹ ਦੀ ਪੈਦਲ ਪਰਿਕਰਮਾ ਕਰਨ ਲਈ ਤੇ ਜਾਂ ਲੋਕ ਨਾਥ ਦੇ ਸਰਕਾਰੀ ਕਾਲਜ ਮੁਕਤਸਰ ਦਾ ਪ੍ਰਿੰਸੀਪਲ ਬਣਨ ਤੇ ਉਥੇ ਹਫਤਾ ਭਰ ਜਸ਼ਨ ਮਨਾਉਣ ਲਈ ਦਫ਼ਤਰੋਂ ਕਈ ਕਈ ਦਿਨਾਂ ਦੀਆਂ ਛੁੱਟੀਆਂ ਲੈ ਸਕਦਾ ਹੈ। ਪਰ ਉਹ ਕਦੇ ਵੀ ਦਫਤਰ ਲੇਟ ਨਹੀਂ ਗਿਆ ਅਤੇ ਕਦੇ ਵੀ ਛੁੱਟੀ ਲਏ ਬਿਨਾ ਦਫਤਰੋਂ ਗੈਰਹਾਜ਼ਰ ਨਹੀਂ ਰਿਹਾ।**

ਅਸੀਂ ਸਭ ਲੋਕ ਇਕ ਇਕ ਫਾਰਮ ਘਰ ਲੈ ਆਏ ਹਾਂ। ਇਸ ਬੰਦੇ ਬਾਰੇ ਸੋਚ ਕੇ ਤੇ ਫਾਰਮ ਪੜ੍ਹ ਕੇ ਮੈਨੂੰ ਇਸ ਸੰਸਥਾ 'ਚ ਦਮ ਨਜ਼ਰ ਆਉਂਦਾ ਹੈ। ਲਿਖਿਆ ਹੈ ਕਿ ਕਿਸੇ ਵੀ ਧਰਮ 'ਚ ਸ਼ਰਧਾ ਰੱਖਣ ਵਾਲੇ ਪ੍ਰਾਣੀ ਨੂੰ ਇਸ ਸੰਸਥਾ ਦਾ ਮੈਂਬਰ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਜਦੋਂ ਸੰਸਥਾ ਹਰ ਧਰਮ ਦੇ ਨਾਮ ਤੇ ਕੀਤੇ ਜਾਂਦੇ ਪਾਖੰਡਾਂ, ਕੁਰੀਤੀਆਂ ਜਾਂ ਵਧੀਕੀਆਂ ਦੇ ਖਿਲਾਫ ਗੱਲ ਕਰਦੀ ਹੈ ਤਾਂ ਅਜਿਹੇ ਲੋਕਾਂ ਦਾ ਮਨ ਦੁਖੀ ਹੁੰਦਾ ਹੈ ਤੇ ਉਹ ਸੰਸਥਾ ਦਾ ਸਾਥ ਨਹੀਂ ਦੇ ਸਕਦੇ। ਸੱਤਾ ਦੀ ਕੁਰਸੀ ਦੌੜ 'ਚ ਲੱਗੀ ਕਿਸੇ ਵੀ ਸਿਆਸੀ ਪਾਰਟੀ ਦਾ ਪੈਰੋਕਾਰ ਇਸ ਸੰਸਥਾ ਦਾ ਮੈਂਬਰ ਨਹੀਂ ਬਣ ਸਕਦਾ ਕਿਉਂਕਿ ਇਹ ਲੋਕ ਕੁਰਸੀ ਤੱਕ ਪਹੁੰਚਣ ਲਈ ਕੋਈ ਵੀ ਗੈਰ ਮਨੁੱਖੀ ਤੇ ਗੈਰ ਲੋਕਤੰਤਰੀ ਕੰਮ ਕਰਨ ਲਈ ਤਿਆਰ ਹੁੰਦੇ ਹਨ। ਇਸ ਲਈ ਜਦੋਂ ਅਸੀਂ ਇਨ੍ਹਾਂ ਦੀਆਂ ਸਮਾਜ ਵਿਰੋਧੀ ਕਰਤੂਤਾਂ ਨੂੰ ਨੰਗਾ ਕਰਦੇ ਹਾਂ ਤਾਂ ਅਜਿਹੇ ਮੈਂਬਰ ਤੋੜ ਨਹੀਂ ਨਿਭਾ ਸਕਦੇ। ਹੋਰ ਸਮਾਜ ਵਿਰੋਧੀ ਕਾਰਵਾਈਆਂ 'ਚ ਮਸ਼ਰੂਫ ਲੋਕਾਂ ਨੂੰ ਵੀ ਇਸਦੇ ਮੈਂਬਰ ਨਹੀਂ ਬਣਨਾ ਚਾਹੀਦਾ ਭਾਵੇਂ ਦਫਤਰਾਂ 'ਚ ਲਈ-ਦਿੱਤੀ ਜਾਂਦੀ ਰਿਸ਼ਵਤ ਹੀ ਕਿਉਂ ਨਾ ਹੋਵੇ ਕਿਉਂਕਿ ਕਈ ਵਾਰ ਸੰਸਥਾ ਨੂੰ ਅਜਿਹੇ ਮੈਂਬਰਾਂ ਨਾਲ ਹੀ ਆਢਾ ਲੈਣਾ ਪੈ ਸਕਦਾ ਹੈ।

ਅਗਲੇ ਪਹਿਰੇ 'ਚ ਲਿਖਿਆ ਹੈ ਕਿ ਉਪਰੋਕਤ ਗੱਲਾਂ ਸਮਝ ਕੇ ਵੀ ਜੇ ਤੁਸੀਂ ਇਸ ਸੰਸਥਾ ਦੇ ਮੈਂਬਰ ਬਣਨਾ ਚਾਹੁੰਦੇ ਹੋ ਅਤੇ ਸਮਾਜ ਲਈ ਕੁਝ ਹਾਂਪੱਖੀ ਕਾਰਜ ਕਰਕੇ ਇਥੋਂ ਰੁਖਸਤ ਹੋਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਜੀ ਆਇਆਂ ਕਹਿੰਦੇ ਹਾਂ ਪਰ ਇਹ ਵੀ ਦੱਸ ਦੇਣਾ ਚਾਹੁੰਦੇ ਹਾਂ ਕਿ ਸੰਸਥਾ ਦੇ ਕੰਮਾਂ ਲਈ ਤੁਹਾਨੂੰ ਸਮਾਂ ਅਤੇ ਇਸ ਕੰਮ ਲਈ ਆਪਣੇ ਖਰਚੇ, ਕਿਤੇ ਜਾਣ, ਔਣ, ਟੈਲੀਫੋਨ ਆਦਿ ਦਾ ਪ੍ਰਬੰਧ ਤੁਸੀਂ ਆਪ ਕਰਨਾ ਹੋਵੇਗਾ। ਤੁਹਾਨੂੰ ਇਸ ਗੱਲ ਦਾ ਵੀ ਖਿਆਲ ਰੱਖਣਾ ਪਵੇਗਾ ਕਿ ਬੁਰਾਈ ਨਾਲ ਲੜਦਿਆਂ ਤੁਹਾਨੂੰ ਖੁਦ ਵੀ ਬੁਰੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਸਮਾਜ ਦੇ ਭਲੇ ਅਤੇ ਨਿਰਭੈ ਲੋਕਾਂ 'ਚ ਸ਼ੁਮਾਰ ਹੋਣ ਲਈ ਇਹ ਕੀਮਤ ਕੁਝ ਵੀ ਨਹੀਂ। ਅੱਗੇ ਇਸ ਹਲਫਨਾਮਾ ਨੁਮਾ ਫਾਰਮ 'ਤੇ ਤੁਹਾਡੇ ਦਸਤਖਤਾਂ ਅਤੇ ਪਤੇ ਲਈ ਜਗਾ ਬਣੀ ਹੋਈ ਹੈ।

ਅਗਲੇ ਦਿਨ ਸਵੇਰੇ ਫਾਰਮ ਦੇਣ ਅਤੇ ਹਰਿ ਦੇਵ ਦੇ ਦਰਸ਼ਨ ਕਰਨ ਲਈ ਮੈਂ ਬੈਨਰਜੀ ਦੀ ਕੋਠੀ ਪਹੁੰਚਦਾ ਹਾਂ। ਆਪਣੇ ਬਾਰੇ ਕੁਝ ਮੈਂ ਆਪ ਦਸਦਾ ਹਾਂ ਤੇ ਕੁਝ ਬੈਨਰਜੀ ਮੇਰੇ ਬਾਰੇ ਦਸਦੇ ਹਨ। ਮੈਨੂੰ ਬੜੀ ਹੈਰਾਨੀ ਹੁੰਦੀ ਹੈ ਜਦੋਂ ਮੈਂ ਹਰਿ-ਦੇਵ ਨੂੰ ਬੈਨਰਜੀ ਨਾਲ ਬੰਗਾਲੀ 'ਚ ਤੇ ਮੇਰੇ ਨਾਲ ਠੇਠ ਪੰਜਾਬੀ 'ਚ ਗੱਲ ਕਰਦੇ ਸੁਣਦਾ ਹਾਂ। ਫੇਰ ਉਹ ਆਪਣੀ ਵਿਥਿਆ ਸ਼ੁਰੂ ਕਰਦੇ ਹਨ-

''ਮੇਰਾ ਅਸਲ ਨਾਂ ਹਰਦੇਵ ਸਿੰਘ ਸੰਧੂ ਹੈ ਤੇ ਫਿਰੋਜ਼ਪੁਰ ਜ਼ਿਲੇ 'ਚ ਮੇਰਾ ਪਿੰਡ ਹੈ ਜਿਥੇ ਮੇਰਾ ਜਨਮ ਹੋਇਆ। ਪਿਤਾ ਜੀ ਰੇਲਵੇ 'ਚ ਮੁਲਾਜ਼ਮ ਸਨ ਸੋ ਮੈਂ ਸੱਤ ਜਮਾਤਾਂ ਤੱਕ ਫਿਰੋਜ਼ਪੁਰ ਪੜ੍ਹਿਆ। ਫਿਰ ਉਨ੍ਹਾਂ ਦੀ ਤਰੱਕੀ ਹੋਣ ਕਾਰਨ ਬਦਲੀ ਦਿੱਲੀ ਹੋ ਗਈ ਜਿਥੇ ਮੈਂ ਦਸਵੀਂ ਪਾਸ ਕੀਤੀ। ਸਾਡਾ ਪਰਿਵਾਰ ਸਾਂਝਾ ਸੀ। ਇਸੇ ਦੌਰਾਨ ਮੇਰੇ ਚਾਚਾ ਜੀ ਨੇ ਕਲਕੱਤੇ ਟਰਾਂਸਪੋਰਟ ਦਾ ਕੰਮ ਸ਼ੁਰੂ ਕਰ ਲਿਆ ਤੇ ਉਸਦੀ ਮਦਦ ਲਈ ਪਿਤਾ ਜੀ ਨੇ ਬਦਲੀ ਕਲਕੱਤੇ ਕਰਵਾ ਲਈ ਤੇ ਸਾਡਾ ਪਰਿਵਾਰ ਵੀ ਕਲਕੱਤੇ ਪਹੁੰਚ ਗਿਆ ਤੇ ਅਸੀਂ ਸਸਤੇ ਸਮੇਂ ਹੋਣ ਕਰਕੇ ਦੋਵਾਂ ਪਰਿਵਾਰਾਂ ਲਈ ਜਗ੍ਹਾ ਖਰੀਦ ਕੇ ਕਾਫੀ ਵੱਡਾ ਘਰ ਬਣਵਾ ਲਿਆ। ਅੱਜ ਕੱਲ ਇਹ ਜਗ੍ਹਾ ਪੂਰੀ ਤਰ੍ਹਾਂ ਵੱਡੇ ਬਾਜ਼ਾਰ 'ਚ ਹੈ। ਮੈਂ ਕਲਕੱਤੇ ਤੋਂ ਬੀ. ਏ. ਤੇ ਐਮ. ਏ. ਫਿਲਾਸਫੀ ਕੀਤੀ। ਵਿਦਿਆਰਥੀ ਜੀਵਨ ਦੌਰਾਨ ਮੈਂ ਪਹਿਲਾਂ ਸੀ. ਪੀ. ਐਮ ਦੇ ਵਿਦਿਆਰਥੀ ਵਿੰਗ ਦਾ ਮੈਂਬਰ ਰਿਹਾ। ਫਿਰ ਮੈਂ ਪਾਰਟੀ 'ਚ ਸਰਗਰਮ ਹੋ ਗਿਆ। ਐਮਰਜੈਂਸੀ ਦੇ ਸਮੇਂ ਦੌਰਾਨ ਮੈਂ ਨਕਸਲਬਾੜੀ ਪਾਰਟੀ ਲਈ ਕੰਮ ਕਰਨ ਲੱਗ ਪਿਆ। ਫਿਰ ਮੈਂ ਦਿੱਲੀ ਜੇ. ਐਨ. ਯੂ. ਵਿਚ ਸੋਸਿਆਲੋਜ਼ੀ ਦੀ ਐਮ. ਏ. ਕਰਨ ਲੱਗ ਪਿਆ ਤੇ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਕੰਮ ਵੀ ਕਰਦਾ ਰਿਹਾ। ਮੈਂ ਵਾਪਸ ਕਲਕੱਤੇ ਪਹੁੰਚ ਗਿਆ ਤੇ 1986 'ਚ ਸਾਡਾ ਪਰਿਵਾਰ ਇਹ ਤਿੰਨ ਕਮਰਿਆਂ ਤੇ ਦੋ ਵੱਡੀਆਂ ਦੁਕਾਨਾਂ ਵਾਲਾ ਘਰ ਮੇਰੇ ਹਵਾਲੇ ਕਰਕੇ ਬਾਕੀ ਸਭ ਕੁਝ ਵੇਚ ਵੱਟ ਕੇ ਵਾਪਸ ਫਿਰੋਜ਼ਪੁਰ ਚਲਾ ਗਿਆ। ਮੈਂ ਆਪਣੇ 'ਕੰਮ 'ਚ ਮਸਤ ਹਾਂ ਤੇ ਉਹ ਆਪਣੇ ਪਰਿਵਾਰਾਂ 'ਚ।'' ਰਹਿਣ ਲਈ ਘਰ ਬੜਾ ਹੈ ਤੇ ਖਰਚੇ ਲਈ ਦੁਕਾਨਾਂ ਦਾ ਕਿਰਾਇਆ। ਮੇਰੇ ਪੁਛਣ 'ਤੇ ਉਸਨੇ ਦੱਸਿਆ ਕਿ ਬੰਗਾਲੀ ਲੋਕ ਹਰਦੇਵ ਨੂੰ ਹਰੀਦੇਵ ਸਦਦੇ ਸਨ ਜਿਸਤੋਂ ਮੈਂ ਹਰਿ ਦੇਵ ਲਿਖਣਾ ਸ਼ੁਰੂ ਕਰ ਦਿੱਤਾ।

ਬੜੀਆਂ ਛੋਟੀਆਂ ਲੋੜਾਂ ਤੇ ਵੱਡੀਆਂ ਮੰਜਲਾਂ ਵਾਲਾ ਇਹ ਬੰਦਾ ਮੈਨੂੰ ਮਹਾਨ ਲੱਗ ਰਿਹਾ ਸੀ।

### *ਪੰਨਾ ਦੋ*

ਪਿਛਲੇ ਦੋ ਦਿਨਾਂ ਤੋਂ 'ਨਿਊ ਯਾਰਕ ਦਾ ਇਕ ਅਮਰੀਕੀ ਪੱਤਰਕਾਰ ਅਲੈਕਸ ਰੋਜ਼ ਮੇਰਾ ਮਹਿਮਾਨ ਹੈ। ਇਹ ਚੰਡੀਗੜ੍ਹ ਰੁਚਿਕਾ-ਰਾਠੌਰ ਕੇਸ ਕਵਰ ਕਰਨ ਆਇਆ ਹੈ ਅਤੇ ਇਕ ਫਰੀ ਲਾਂਸ ਪੱਤਰਕਾਰ ਹੈ। ਇਸਦੀਆਂ ਭੇਜੀਆਂ ਸਟੋਰੀਆਂ ਅਮਰੀਕਾ ਅਤੇ ਯੋਰਪ ਦੇ ਚੰਗੇ ਵੱਕਾਰੀ ਪਰਚਿਆਂ 'ਚ ਛਪਦੀਆਂ ਹਨ। ਮੈਂ ਇਸਨੂੰ ਪਹਿਲਾਂ ਨਹੀਂ ਸੀ ਜਾਣਦਾ। ਇਹ ਮੇਰੇ ਕੋਲ ਮੇਰੇ ਬੇਟੇ ਦੀ ਰਾਹਦਾਰੀ ਨਾਲ ਆਇਆ ਹੈ ਕਿਉਂਕਿ ਰੋਜ਼ ਦੀ ਸਕੀ ਭੈਣ ਮੇਰੇ ਬੇਟੇ ਦੀ ਸਹਿਕਰਮੀ ਹੈ। ਇਸਨੇ ਆਪਣਾ ਕੰਮ ਮੁਕਾ ਲਿਆ ਤੇ ਸਵੇਰੇ ਦਿੱਲੀ ਨੂੰ ਰਵਾਨਾ ਹੋਣਾ ਹੈ। ਇਹ ਦਸਦਾ ਹੈ ਕਿ ਇਹ ਪਿਛਲੇ ਚਾਰ ਮਹੀਨਿਆਂ ਤੋਂ ਭਾਰਤ, ਸ੍ਰੀਲੰਕਾ, ਬੰਗਲਾ ਦੇਸ਼ ਤੇ ਪਾਕਿਸਤਾਨ ਨੂੰ ਕਵਰ ਕਰ ਰਿਹਾ ਹੈ। ਮੈਂ ਸਾਡੇ ਭਾਰਤੀ ਸਮਾਜ ਬਾਰੇ ਇਸਦੇ ਵਿਚਾਰ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਇਸਦਾ ਦੋ ਟੂਕ ਜਵਾਬ ਸੀ (MIGHT IS RIGHT) ਯਾਨਿ ਤਕੜੇ ਦਾ ਸੱਤੀਂ ਵੀਹੀਂ ਸੌ ਜਾਂ ਜਿਸਦੀ ਲਾਠੀ ਉਸਦੀ ਭੈਂਸ ਹੈ ਇਥੇ। ਇਹ ਦੇਸ਼ ਸਧਾਰਣ, ਭਲੇ ਤੇ ਕਮਾ ਕੇ ਖਾਣ ਵਾਲੇ ਲੋਕਾਂ ਲਈ ਬੜੀ ਖਤਰਨਾਕ ਜਗ੍ਹਾ ਹੈ। ਪਰ ਸ਼ਕਤੀਸ਼ਾਲੀ, ਲੱਠਮਾਰਾਂ ਤੇ ਧਨਾਢਾਂ ਲਈ ਮੌਜ ਮਸਤੀ ਲਈ ਸਭ ਤੋਂ ਵਧੀਆ ਥਾਂ ਹੈ। ਇਥੇ ਜ਼ਮੀਰ, ਕਾਨੂੰਨ ਜਾਂ ਹੱਕ-ਹਲਾਲ ਕਿਤਾਬੀ ਬਾਤਾਂ ਨੇ। ਮੈਂ ਉਸਦਾ ਨਿਚੋੜ ਸੁਣ ਕੇ ਹੈਰਾਨ ਰਹਿ ਜਾਂਦਾ ਹਾਂ।

ਫਿਰ ਉਹ ਆਪਣੀ ਸੋਚ ਨੂੰ ਪ੍ਰਮਾਣਿਤ ਕਰਨ ਲਈ ਆਪਣੇ ਵਲੋਂ ਪਿਛਲੇ ਸਮੇਂ 'ਚ ਕਵਰ ਕੀਤੀਆਂ ਘਟਨਾਵਾਂ ਦਾ ਜ਼ਿਕਰ ਕਰਦਾ ਹੈ। ਉਹ ਇਕ ਸੂਬੇ ਦੀ ਸੂਬੇਦਾਰਨੀ ਦਾ ਜ਼ਿਕਰ ਕਰਦਾ ਹੈ ਜੋ ਬੰਦਿਆਂ ਤੇ ਪਸ਼ੂਆਂ ਦੇ ਬੁਤਾਂ ਤੇ ਹਜ਼ਾਰਾਂ ਕਰੋੜਾਂ ਰੁਪਏ ਖਰਚ ਕਰ ਰਹੀ ਹੈ ਪਰ ਉਸਦੀ ਪਰਜਾ ਦੇ 70 ਫੀਸਦੀ ਲੋਕ ਦੋ ਵਕਤ ਦੀ ਰੋਟੀ ਵਲੋਂ ਆਤੁਰ ਹਨ। ਹਿਸਾਬ ਕਿਤਾਬ ਲੈਣ ਵਾਲਾ ਕੋਈ ਨਹੀਂ। ਦੂਜੇ ਸੂਬੇ ਦਾ ਇਕ ਸਾਧਾਰਣ ਆਦਮੀ ਦੋ ਸਾਲ ਤੋਂ ਘੱਟ ਮੁੱਖ ਮੰਤਰੀ ਰਹਿੰਦਾ ਹੈ ਤੇ ਉਹ 4000 ਕਰੋੜ ਰੁਪਏ ਇਕੱਠੇ ਕਰ ਲੈਂਦਾ ਹੈ। ਭਾਵੇਂ ਉਹ ਜੇਲ੍ਹ 'ਚ ਹੈ ਪਰ ਦੇਸ਼ ਦੇ ਕਈ ਸੂਬਿਆਂ 'ਚ ਅਤੇ ਸੰਸਾਰ ਦੇ ਕਈ ਦੇਸ਼ਾਂ 'ਚ ਉਸਦੀ ਜਾਇਦਾਦ ਨੂੰ ਕੋਈ ਆਂਚ ਨਹੀਂ ਆਵੇਗੀ। ਉਸਦੀ ਪਤਨੀ ਦੀਆਂ ਉਸੇ ਦੇ ਨਾਂ 'ਤੇ ਹੀ ਲੋਕਾਂ ਨੇ ਵੋਟਾਂ ਨਾਲ ਮਸ਼ੀਨਾਂ ਭਰ ਦਿੱਤੀਆਂ ਤੇ ਉਹ ਪਹਿਲੇ ਨੰਬਰ 'ਤੇ ਜਿੱਤੀ ਹੈ। ਰੂਸੀ ਕੁੜੀ ਨਾਲ ਗੋਆ 'ਚ ਬਲਾਤਕਾਰ ਹੋਇਆ ਹੈ। ਉਸਦੇ ਸਿਆਸਤਦਾਨ ਪੁਲਿਸ ਤੇ ਅਫਸਰਸ਼ਾਹੀ ਸਭ ਬਲਾਤਕਾਰੀ ਸਿਆਸਤਦਾਨ ਨਾਲ ਡਟ ਕੇ ਖੜੇ ਹਨ ਤੇ ਉਹ ਕੁੜੀ ਮੁਆਫੀ ਮੰਗ ਕੇ ਭੱਜਣ ਨੂੰ ਤਿਆਰ ਹੈ। ਗੋਆ ਦੇ ਇਕ ਕਾਂਗਰਸੀ ਐਮ. ਪੀ. ਨੇ ਤਾਂ ਤੁਹਾਡੀ ਪਾਰਲੀਮੈਂਟ 'ਚ ਇਥੋਂ ਤੱਕ ਕਹਿ ਦਿੱਤਾ ਹੈ ਕਿ ਜਦੋਂ ਇਹ ਇਧਰ ਉਧਰ ਤੁਰੀ ਫਿਰਦੀ ਹੈ ਤਾਂ ਇਸ ਨਾਲ ਬਲਾਤਕਾਰ ਤਾਂ ਹੋਣਾ ਹੀ ਸੀ। ਕੀ ਕਹੋਗੇ ਤੁਸੀਂ ਐਸੇ ਸਮਾਜ ਬਾਰੇ?

ਫਿਰ ਹੁਣੇ ਹੁਣੇ ਕਵਰ ਕੀਤੇ ਰੁਚਿਕਾ ਕੇਸ ਬਾਰੇ ਗੱਲਾਂ ਕਰਦਾ ਹੈ ਕਿ ਅਸਲ ਵਿਚ ਰੁਚਿਕਾ ਅਤੇ ਉਸਦੇ ਪਰਿਵਾਰ ਦੀ ਵਿਥਿਆ ਸ਼ੈਤਾਨ ਤੇ ਜ਼ਾਲਮ ਬਣੇ ਬੰਦਿਆਂ ਵਲੋਂ ਸ਼ਰੀਫ ਤੇ ਗ਼ਰੀਬ ਲੋਕਾਂ ਤੇ ਢਾਏ ਜ਼ੁਲਮਾਂ ਦੀ ਦਾਸਤਾਂ ਹੈ। ਇਕ 14-15 ਸਾਲ ਦੀ ਭੋਲੀ ਭਾਲੀ ਕੁੜੀ ਦਾ ਕਸੂਰ ਸਿਰਫ ਏਨਾ ਸੀ ਕਿ ਉਸਨੇ ਸਰਕਾਰ ਦੇ ਚਹੇਤੇ ਅਫਸਰ ਵਲੋਂ ਉਸ ਨਾਲ ਕੀਤੀ ਕੋਝੀ ਤੇ ਅਣਮਨੁੱਖੀ ਹਰਕਤ ਨੂੰ ਨਸ਼ਰ ਕੀਤਾ ਸੀ। ਇਸਦੇ ਇਵਜ਼ਾਨੇ 'ਚ ਉਸਨੂੰ ਸਕੂਲ ਵਿਚੋਂ ਕਢਵਾ ਦਿੱਤਾ ਗਿਆ, ਉਸਦੇ ਪਿਤਾ ਨੂੰ ਨੌਕਰੀਓ ਕਢਵਾ ਦਿੱਤਾ ਗਿਆ, ਉਸਦੇ ਭਰਾ 'ਤੇ ਹਰ ਰੋਜ਼ ਕੇਸ ਬਣਨ ਲੱਗੇ। ਹਰ ਰੋਜ਼ ਪੁਲਿਸ ਵਾਲੇ ਆਨੀਂ-ਬਹਾਨੀਂ ਉਸਨੂੰ ਠਾਣੇ ਲੈ ਜਾਂਦੇ ਤੇ ਚੰਗੀ ਤਰ੍ਹਾਂ ਕੁੱਟ ਮਾਰ ਕੇ ਛੱਡ ਜਾਂਦੇ। ਉਨ੍ਹਾਂ ਦੇ ਘਰ 'ਤੇ ਗੁੰਡਿਆਂ ਵਲੋਂ ਪਥਰਾਓ ਕਰਵਾਇਆ ਜਾਂਦਾ ਰਿਹਾ। ਕੁੜੀ ਨੂੰ ਆਤਮਹੱਤਿਆ ਲਈ ਮਜਬੂਰ ਕਰ ਦਿੱਤਾ ਗਿਆ। ਉਸ ਅਫਸਰ ਰਾਠੌਰ ਵਿਰੁਧ 19 ਸਾਲ ਕੋਈ ਕਾਰਵਾਈ ਨਾ ਹੋਈ। ਸਭ ਚੀਫ ਮਨਿਸਟਰਾਂ ਨੇ ਚਾਹੇ ਉਹ ਬੰਸੀ ਲਾਲ ਸੀ ਜਾਂ ਭਜਨ ਲਾਲ ਜਾਂ ਓਮ ਪ੍ਰਕਾਸ਼ ਚੌਟਾਲਾ ਸੀ, ਸਭਨਾਂ ਨੇ ਉਸ ਅਫਸਰ ਰਾਠੌਰ ਨੂੰ ਤਰੱਕੀਆਂ ਦਿੱਤੀਆਂ ਤੇ ਬਹਾਦਰੀ ਦੇ ਮੈਡਲਾਂ ਲਈ ਉਸਦੀ ਸਿਫਾਰਸ਼ ਕੀਤੀ। ਇਨ੍ਹਾਂ ਸਿਫਾਰਸ਼ਾਂ ਨਾਲ ਉਹ ਹੁਣ ਤੱਕ ਬਹਾਦਰੀ ਦੇ 85 ਮੈਡਲ ਪ੍ਰਾਪਤ ਕਰ ਚੁੱਕਾ ਹੈ ਜਿਨ੍ਹਾਂ 'ਚ ਪ੍ਰੈਜੀਡੈਂਟ ਮੈਡਲ ਵੀ ਸ਼ਾਮਲ ਹੈ। ਇਉਂ ਲਗਦਾ ਹੈ ਜਿਵੇਂ ਵਿਦਿਆ ਵਿਭਾਗ ਕੀ ਤੇ ਅਦਾਲਤਾਂ ਕੀ, ਤੇ ਸਰਕਾਰ ਕੀ ਤੇ ਬਾਕੀ ਅਫਸਰ ਕੀ, ਸਭ ਨੇ ਇਸ ਇਕ ਪਰਿਵਾਰ ਨੂੰ ਤਬਾਹ ਕਰਨ ਲਈ ਇਕ ਮੁਹਿੰਮ ਚਲਾ ਰੱਖੀ ਹੋਵੇ। 19 ਸਾਲ ਬਾਅਦ ਫੈਸਲਾ ਕੀਤਾ ਗਿਆ ਕਿ ਇਸ ਅਫਸਰ ਰਾਠੌਰ ਨੂੰ 6 ਮਹੀਨੇ ਕੈਦ ਤੇ 1000 ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਫੈਸਲੇ ਤੋਂ ਅੱਧਾ ਘੰਟਾ ਬਾਅਦ ਉਸਨੂੰ ਜਮਾਨਤ ਦੇ ਦਿੱਤੀ ਜਾਂਦੀ ਹੈ। ਇਹ ਕਥਾ ਸੁਣਾ ਕੇ ਉਹ ਮੈਨੂੰ ਪੁਛਦਾ ਹੈ ਜਿਸ ਸਮਾਜ 'ਚ ਇਹ ਕੁਝ ਇਸ ਤਰ੍ਹਾਂ ਵਾਪਰ ਰਿਹਾ ਹੈ ਉਸ ਬਾਰੇ ਤੁਹਾਨੂੰ ਕੋਈ ਪੁੱਛੇ ਤਾਂ ਤੁਸੀਂ ਕੀ ਕਹੋਗੇ ਤੇ ਮੈਂ ਚੁੱਪ ਹੋ ਜਾਂਦਾ ਹਾਂ।

ਮੈਂ ਉਸਨੂੰ ਪੁਛਦਾ ਹਾਂ ਕਿ ਉਸਨੂੰ ਸਾਡੇ ਇਸ ਸਮਾਜ 'ਚ ਕੀ ਕੁਝ ਹਾਂ-ਪੱਖੀ ਦਿਸਦਾ ਹੈ ਤਾਂ ਉਹ ਕਹਿੰਦਾ ਹੈ ਕਿ ਤੁਹਾਡੇ ਮਨਮੋਹਨ ਸਿੰਘ, ਸੋਨੀਆ ਗਾਂਧੀ ਤੇ ਚਿਦੰਬਰਮ ਵਰਗੇ ਬੜੇ ਹਾਂ-ਪੱਖੀ ਨੇਤਾ ਹਨ ਜਿਨ੍ਹਾਂ ਨੂੰ ਉਹ ਮਿਲ ਚੁੱਕਾ ਹੈ ਪਰ ਅਜੇ ਇਨ੍ਹਾਂ ਦੀ ਕੋਈ ਪੇਸ਼ ਜਾਣ ਵਾਲੀ ਨਹੀਂ। ਭਾਰਤ ਦੇ ਆਮ ਲੋਕ ਬੜੇ ਹਾਂ-ਪੱਖੀ ਸੋਚ ਰਖਦੇ ਹਨ ਪਰ ਸ਼ੈਤਾਨਾਂ ਸਾਹਮਣੇ ਉਹ ਦੁਬਕ ਜਾਂਦੇ ਹਨ। ਜੇ ਕਦੇ ਭੀੜ ਦੇ ਰੂਪ 'ਚ ਬੁਰਾਈ ਦਾ ਵਿਰੋਧ ਵੀ ਕਰਦੇ ਹਨ ਤਾਂ ਇਕੱਲੇ ਇਕੱਲੇ ਹੋ ਕੇ ਸਭ ਕੁਝ ਭੁੱਲ ਜਾਂਦੇ ਹਨ। ਹਾਂ-ਪੱਖੀ ਸੋਚ ਨਾਲ ਦਲੇਰੀ ਅਤੇ ਨਿਰੰਤਰਤਾ ਦੀ ਵੀ ਲੋੜ ਹੁੰਦੀ ਹੈ। ਹਾਂ ਮੀਡੀਆ ਬਹੁਤ ਸ਼ਕਤੀਸ਼ਾਲੀ ਹੋ ਰਿਹਾ ਹੈ। ਜਿਸ ਦਿਨ ਨਿਰਪੱਖ ਤੇ ਨਿਡਰ ਮੀਡੀਆ, ਇਮਾਨਦਾਰ ਨੇਤਾ ਅਤੇ ਕਾਇਮ ਯਾਦਸ਼ਾਤ ਵਾਲੀ ਪਰਜਾ ਇਕੱਠੇ ਹੋ ਕੇ ਚੱਲ ਪਏ ਤਾਂ ਮੰਜ਼ਲ ਬਹੁਤ ਦੂਰ ਨਹੀਂ ਰਹਿਣੀ, ਕਟਾਰਾ ਕੇਸ, ਜੈਸੀਕਾ ਲਾਲ ਅਤੇ ਬੀ ਐਮ ਡਬਲਯੂ ਵਰਗੇ ਕੇਸਾਂ 'ਚ ਸ਼ਕਤੀਸ਼ਾਲੀ ਲੋਕਾਂ ਨੂੰ ਸਜ਼ਾ ਇਥੋਂ ਦਾ ਮੀਡੀਆ ਹੀ ਦਿਵਾ ਸਕਿਆ ਹੈ। ਰੁਚਿਕਾ ਕੇਸ 'ਚ ਵੀ ਭਾਰਤੀ ਮੀਡੀਏ ਨੂੰ ਦਾਦ ਦੇਣੀ ਬਣਦੀ ਹੈ। ਆਹ ਦੋ ਦਿਨਾਂ 'ਚ ਮੈਂ ਉਸ ਵੇਲੇ ਦੇ ਚੀਫ ਮਨਿਸਟਰਾਂ, ਸੈਕਟਰੀਆਂ ਤੇ ਜੱਜਾਂ ਆਦਿ ਨੂੰ ਮਿਲਿਆ ਹੈ ਤੇ ਲਗਦਾ ਹੈ ਕਿ ਹਰ ਕੋਈ ਦੋਸ਼ ਦੀ ਉਂਗਲ ਦੂਜੇ ਵਲ ਕਰ ਰਿਹਾ ਹੈ। ਸਭ ਡਰੇ ਹੋਏ ਨੇ। ਲਗਦਾ ਹੈ ਹੁਣ ਇਨਸਾਫ ਹੋ ਕੇ ਹੀ ਰਹੇਗਾ ਤੇ ਇਹ ਸਭ ਕੁਝ ਕਿਸੇ ਸਿਸਟਮ ਦੀ ਦਿਆਨਤਦਾਰੀ ਕਰਕੇ ਨਹੀਂ ਬਲਕਿ ਮੀਡੀਏ ਅਤੇ ਲੋਕਾਂ ਵਲੋਂ ਉਸਨੂੰ ਮਿਲੇ ਹੁੰਗਾਰੇ ਕਰਕੇ ਹੋਵੇਗਾ।

ਫਿਰ ਮੈਂ ਉਸਨੂੰ ਪੁਛਦਾ ਹਾਂ ਕਿ ਜਦੋਂ ਅਮਰੀਕਾ ਜਾਂ ਯੋਰਪ ਦੇ ਲੋਕ ਤੇਰੇ ਵਲੋਂ ਭੇਜੀਆਂ ਇਸ ਤਰ੍ਹਾਂ ਦੀਆਂ ਖਬਰਾਂ ਪੜ੍ਹਦੇ ਹਨ ਤਾਂ ਉਹ ਕੀ ਸੋਚਦੇ ਹਨ ਸਾਡੇ ਦੇਸ਼ ਬਾਰੇ। ਉਹ ਹੱਸ ਕੇ ਕਹਿਣ ਲੱਗਾ ਕਿ ਉਨ੍ਹਾਂ ਨੂੰ ਕਈ ਵਾਰ ਤਾਂ ਯਕੀਨ ਹੀ ਨਹੀਂ ਆਉਂਦਾ। ਕਦੇ ਕਦੇ ਈ-ਮੇਲਾਂ ਰਾਹੀਂ ਕਿਸੇ ਘਟਨਾ ਦੇ ਹੋਰ ਵੇਰਵਿਆਂ ਦੀ ਵੀ ਮੰਗ ਕਰਦੇ ਹਨ। ਕਈ ਜਿਹੜੇ ਕਦੇ ਬਹੁਤਾ ਬਾਹਰ ਨਹੀਂ ਗਏ ਉਹ ਇਹ ਵੀ ਲਿਖ ਭੇਜਦੇ ਨੇ ਕਿ ਤੁਸੀਂ ਆਪਣੇ ਦੇਸ਼ 'ਚ ਰਹੋ ਅਜਿਹੇ ਦੇਸ਼ਾਂ 'ਚ ਕਿਉਂ ਜਾਂਦੇ ਹੋ। ਹੁਣ ਉਹ ਸੌਣਾ ਚਾਹੁੰਦਾ ਹਾਂ ਕਿਉਂਕਿ ਸਵੇਰੇ ਉਸਨੇ ਜਲਦੀ ਦਿੱਲੀ ਪਹੁੰਚ ਕੇ ਤੇ ਕੁਝ ਪੱਤਰਕਾਰੀ ਦਾ ਕੰਮ ਕਰਕੇ ਰਾਂਚੀ ਪਹੁੰਚਣਾ ਹੈ ਜਿਥੇ ਉਸ ਅਨੁਸਾਰ ਐਮ. ਐਲ. ਏਜ਼ ਦੀ ਆਕਸ਼ਨ ਹਾਊਸ ਦੀ ਤਰ੍ਹਾਂ ਬੋਲੀ ਲੱਗਣ ਦੇ ਆਸਾਰ ਬਣ ਰਹੇ ਹਨ। ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਬਾਰੇ ਇਹ ਖਬਰ ਵੀ ਕਾਫੀ ਦਿਲਚਸਪ ਹੋਵੇਗੀ ਖਾਸ ਤੌਰ 'ਤੇ ਅਮਰੀਕਾ, ਇੰਗਲੈਂਡ ਤੇ ਕੈਨੇਡਾ ਦੇ ਸਿਆਸੀ ਮੱਤ ਰੱਖਣ ਵਾਲੇ ਲੋਕਾਂ ਲਈ। ਇਹ ਕਹਿ ਕੇ ਉਹ ਆਪਣੇ ਕਮਰੇ 'ਚ ਸੌਣ ਚਲਾ ਜਾਂਦਾ ਹੈ ਤੇ ਸਵੇਰੇ ਦਿੱਲੀ ਲਈ ਰਵਾਨਾ ਹੋ ਜਾਂਦਾ ਹੈ।

# ਕਲੇਜੀ ਦਾ ਟੁਕੜਾ ਵੀ ਜੇਲ੍ਹ ਦੀਆਂ ਸੀਖਾਂ ਪਿੱਛੇ ਲਿਜਾ ਸਕਦੈ!

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

*ਧਰਮ ਦਾ ਖਲਾਰਾ ਕਿੰਨਾ ਵੀ ਪੈ ਗਿਆ ਹੋਵੇ ਪਰ ਧਰਮ ਕੀ ਕਰੇਗਾ ਜੇ ਘਰ 'ਚ ਖੋਟ ਤੇ ਬੇਈਮਾਨੀ ਹੈ। ਇਸੇ ਕਰਕੇ ਇਹਦੀ ਸਹੁੰ ਖਾਣੋਂ ਨਹੀਂ ਹਟਦੇ 'ਧਰਮ ਨਾਲ ਮੈਂ ਕਿਤੇ ਏਦਾਂ ਦਾ ਹਾਂ।' ਧਰਮ ਨਾਲ ਮਨੁੱਖ ਦੁੱਧ ਤੇ ਮਲਾਈ ਵਾਂਗ ਰਚ ਮਿਚ ਤਾਂ ਜਾਣਾ ਚਾਹੁੰਦਾ ਹੈ ਪਰ ਜਿਹੜੀ ਕੰਜ ਹੱਥੀਂ ਘੋਲ ਲਈ ਹੈ ਉਹਦਾ ਇਲਾਜ ਨਹੀਂ ਲੱਭ ਰਿਹਾ। ਮੰਨਦੇ ਹੋ ਕਿ ਜਿਹੜਾ ਜਰਮਨ ਸ਼ੈਫਰਡ ਕੁੱਤਾ ਪੁਲਿਸ ਨਾਲ ਸਰਕਾਰੀ ਡਿਊਟੀ 'ਤੇ ਹੁੰਦਾ ਹੈ ਉਹਨੇ ਇਹ ਯੋਗਤਾ ਵੀਹ ਕਿਲੋ ਕਲੇਜੀ ਖਾ ਕੇ ਹਾਸਿਲ ਕੀਤੀ ਹੁੰਦੀ ਹੈ। ਕਲੇਜੀ ਕੁੱਤੇ ਦੀ ਜੀਭ ਦਾ ਸਭ ਤੋਂ ਵੱਡਾ ਸੁਆਦ ਹੈ ਪਰ ਬੰਦੇ ਨੇ ਇਹ ਸੁਆਦ ਕਦੋਂ ਦਾ ਪਾ ਲਿਆ ਹੈ ਕੋਈ ਪਤਾ ਨਹੀਂ? ਇਕ ਗੱਲ ਹੋਰ ਵੀ ਮੰਨਣ ਵਾਲੀ ਹੈ ਕਿ ਹੱਡਾਰੋੜੀ ਦੇ ਮਾਸ ਦੇ ਸ਼ੌਕੀਨ ਕੁੱਤਿਆਂ ਵਿਚ ਇਕ ਮੁਖੀ ਵੀ ਹੁੰਦਾ ਹੈ, ਜਿਹੜਾ ਡੰਗਰ ਦੀ ਮਨੁੱਖ ਦੇ ਹਿੱਸੇ 'ਚੋਂ ਬਚੀ ਕਲੇਜੀ ਖਾ ਕੇ ਫਿਰ ਦੂਜਿਆਂ ਨੂੰ ਆਖਦਾ ਹੈ 'ਭੋਗ ਲਗ ਗਿਆ ਹੈ ਛਕ ਲੋ ਤੇ ਆਪਣੀਆਂ ਭੈਣਾਂ ਇੱਲਾਂ ਨੂੰ ਵੀ 'ਵਾਜ ਮਾਰ ਲਵੋ।' ਇਕ ਵਾਰ ਰੱਜ ਕੇ ਤੁਰੇ ਭੁੱਖੇ ਕੁੱਤਿਆਂ ਦੇ ਕਾਫਲੇ ਨੂੰ ਰਾਹ 'ਚ ਮਾਸ ਦੀ ਮੁਸ਼ਕ ਆ ਗਈ। ਸਾਰੇ ਉਧਰ ਨੂੰ ਭੱਜੇ ਤਾਂ ਅੱਗੇ ਕੁੱਤਾ ਮਰਿਆ ਪਿਆ ਸੀ। ਭੁੱਖ ਨੂੰ ਤਿਆਗ ਕੇ ਸਾਰੇ ਉਦਾਸ ਮੂੰਹ ਲੈ ਕੇ ਉਥੇ ਬੈਠ ਗਏ। ਸਾਰਿਆਂ ਨੇ ਫੈਸਲਾ ਕੀਤਾ ਕਿ ਅੱਜ ਭਰਾ ਦੀ ਮੌਤ ਦੇ ਦੁੱਖ ਵਿਚ ਕੋਈ ਵੀ ਕੁਝ ਨਹੀਂ ਖਾਵੇਗਾ। ਪਰ ਸਮਝ ਨਹੀਂ ਪੈਂਦੀ ਕਿ ਮਨੁੱਖ ਏਨਾ ਸਿਆਣਾ ਕਦੋਂ ਦਾ ਹੋ ਗਿਆ ਹੈ ਕਿ ਉਹ ਆਪਣਿਆਂ ਨੂੰ ਖਾਣ ਤੋਂ ਝਿਜਕ ਮਹਿਸੂਸ ਨਹੀਂ ਕਰਦਾ? ਅਸਲ ਵਿਚ ਹੱਡਾਰੋੜੀ ਦੇ ਇਰਦ-ਗਿਰਦ ਰਹਿਣ ਤੇ ਇਸ ਧੰਦੇ 'ਚ ਰੁੱਝੇ ਲੋਕਾਂ ਦੀ ਸੁੰਘਣ ਸ਼ਕਤੀ ਹੀ ਖਤਮ ਨਹੀਂ ਹੋਈ ਹੁੰਦੀ ਸਗੋਂ ਚੰਗੇ ਮਾੜੇ ਵਿਚਲਾ ਭੇਦ ਵੀ ਖਤਮ ਹੋ ਗਿਆ ਹੁੰਦਾ ਹੈ। ਮੁਕਲਾਵੇ ਵਾਲੀ ਰਾਤ ਤੋਂ ਪਹਿਲਾ ਦਿਨ ਨਵ-ਵਿਆਹੀ ਜੋੜੀ ਲਈ ਅਠਤਾਲੀਆਂ ਦਾ ਵੀ ਨਹੀਂ ਬਹੱਤਰ ਘੰਟਿਆਂ ਦਾ ਹੁੰਦਾ ਹੈ, ਤੇ ਜਿਸ ਦੀ ਜੀਭ 'ਤੇ ਸੁਆਦ ਦਾ ਟੁਕੜਾ ਮਾਸ ਦਾ ਟਿਕਣ ਲੱਗ ਪਵੇ ਉਹ ਵੈਸ਼ਨੋ ਲੋਕਾਂ ਦੀ ਪ੍ਰਸ਼ੰਸਾ ਕਰਨੋਂ ਨਹੀਂ ਰਹਿ ਸਕਦਾ। ਅਖੇ ਛੱਡੋ ਇਹ ਵੀ ਕੋਈ ਬੰਦੇ ਨੇ ਧਰਤੀ 'ਤੇ ਭਾਰ। ਧੀ ਜੇ ਮਰ ਜਾਣੀ ਕਹਾ ਕੇ ਵੀ ਖੁਸ਼ ਹੈ ਤੇ ਖਸਮਾਂ ਖਾਣੀ ਕਹਾ ਕੇ ਵੀ ਉਦਾਸ ਨਹੀਂ ਹੁੰਦੀ ਤਾਂ ਪੁੱਤ ਚੁਰਸਤੇ 'ਚ ਖੜ੍ਹ ਕੇ ਰਾਹੀਆਂ ਨੂੰ ਕਿਉਂ ਪੁੱਛਦੇ ਹਨ, ਠੱਗਾਂ ਦੀ ਲਾਰੀ ਚੋਰਾਂ ਦੇ ਪਿੰਡ ਵਲ ਕਦੋਂ ਜਾਵੇਗੀ? ਸੱਚ ਨਹੀਂ ਕਿ ਹੋਸ਼ ਤੇ ਅਕਲ ਉਦੋਂ ਤਲਾਕ ਦੇਂਦੀਆਂ ਹਨ ਜਦੋਂ ਸਿਰ 'ਤੇ ਖੜ੍ਹੇ ਸੂਰਜ ਵੇਲੇ ਬੰਦਾ ਸੋਚਦੈ 'ਪ੍ਰਛਾਵਾਂ ਸਾਲਾ ਪੈਰਾਂ ਹੇਠ ਦੱਬ ਲਿਆ ਹੈ।' ਜਦ ਮੂਰਖਾਂ ਦੀ ਨੁਮਾਇਸ਼ ਸਿਆਣੇ ਲੋਕ ਵੇਖਣ ਆਉਣ ਲੱਗ ਪੈਣ ਤਾਂ ਲਗਦਾ ਨਹੀਂ ਲੋਕ ਡਿਗੇ ਦਰਖਤਾਂ ਦੀ ਛਾਵੇਂ ਬੈਠਣ ਦੀ ਗੁਸਤਾਖੀ ਕਰਨ ਲੱਗੇ ਹਨ?*

ਬੰਦੇ ਦੇ ਸ਼ੌਕ ਵੀ ਬੜੇ ਅਵੱਲੇ ਨੇ ਤੇ ਖਾਸ ਤੌਰ 'ਤੇ ਜੀਭ ਦੇ ਸੁਆਦ ਨੇ ਤਾਂ ਕਈ ਵਾਰ ਬੜੀਆਂ ਅਣਹੋਣੀਆਂ ਘਟਨਾਵਾਂ ਨੂੰ ਜਨਮ ਦਿੱਤਾ ਹੈ। ਹਾਲ ਹੀ ਵਿਚ 'ਸਹਾਰਾ ਸਮਯ' ਟੀ. ਵੀ. ਚੈਨਲ ਵਾਲਿਆਂ ਨੇ ਇਕ ਸਟਿੰਗ ਅਪ੍ਰੇਸ਼ਨ ਨਾਲ ਦੁਨੀਆਂ ਦੇ ਲੋਕਾਂ ਨੂੰ ਇਕ ਵੱਡੇ ਘਟਨਾਕ੍ਰਮ ਤੋਂ ਪਰਦਾ ਚੁੱਕ ਕੇ ਹੈਰਾਨ ਕਰ ਦਿੱਤਾ ਹੈ ਕਿ ਦੁਨੀਆਂ ਵਿਚ ਡਰੱਗ ਮਾਫੀਆ ਸ੍ਰੋਤ ਜਾਂ ਮੁੰਬਈ ਵਿਚ ਅੰਡਰਵਰਲਡ ਹੀ ਸਰਗਰਮ ਨਹੀਂ ਹਨ ਸਗੋਂ ਮਨੁੱਖ ਦੀ ਲਲਚਾਈ ਜੀਭ ਨੂੰ ਸੁਆਦ ਦੇਣ ਲਈ ਪਸ਼ੂਆਂ ਦੇ ਮਾਸ ਦਾ ਧੰਦਾ ਚਲਾਉਣ ਵਾਲਾ ਮੀਟ ਦਾ ਮਾਫੀਆ ਗ੍ਰੋਹ ਵੀ ਆਪਣੇ ਮੁਲਕ ਵਿਚ ਮਾਸ ਖਾਣ ਦੇ ਸ਼ੌਕੀਨਾਂ ਨੂੰ ਚਿੱਟੇ ਦਿਨ ਸਰਕਾਰਾਂ ਤੇ ਪੁਲਿਸ ਪ੍ਰਸ਼ਾਸਨ ਦੇ ਅੱਖਾਂ ਵਿਚ ਘੱਟਾ ਪਾ ਕੇ ਬੁੱਧੂ ਬਣਾ ਸਕਦਾ ਹੈ ਤੇ ਇਹ ਮਰੇ ਜਾਂ ਮਾਰੇ ਗਏ ਪਸ਼ੂਆਂ ਦਾ ਮੀਟ ਵੀ ਤੁਹਾਨੂੰ ਆਲੀਸ਼ਾਨ ਹੋਟਲਾਂ ਰਾਹੀਂ ਆਲੀਸ਼ਾਨ ਤਰੀਕੇ ਨਾਲ ਪਰੋਸ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਾਰੀ ਵਾਰਦਾਤ ਦਾ ਪਰਦਾ ਚੁੱਕਣ ਤੋਂ ਪਹਿਲਾਂ ਤੁਹਾਨੂੰ ਉਸ ਇਕ ਹੈਰਾਨ ਕਰ ਦੇਣ ਵਾਲੀ ਦੁਰਘਟਨਾ-ਘਟਨਾ ਦਾ ਖੁਲਾਸਾ ਕਰਦਾ ਹਾਂ ਕਿ ਆਮ ਬੰਦਾ ਵੀ ਸੋਚੇਗਾ ਕਿ ਮੁਕੱਦਰ ਜਾਂ ਕਿਸਮਤ ਏਦਾਂ ਵੀ ਬੁਰੇ ਦੇ ਘਰ ਵਲ ਨੂੰ ਮੋੜ ਕੱਟ ਸਕਦੀ ਹੈ।

ਗੱਲ ਕੋਈ ਵੀਹ ਕੁ ਸਾਲ ਪੁਰਾਣੀ ਹੈ, ਮੈਂ ਹਾਲੇ ਨਵਾਂ ਨਵਾਂ ਹੀ ਸਰਕਾਰੀ ਨੌਕਰੀ ਵਿਚ ਆਇਆ ਸਾਂ, ਹਾਲਾਂਕਿ ਪ੍ਰਿੰਟ ਮੀਡੀਏ ਵਿਚ ਪੂਰਾ ਸਰਗਰਮ ਸੀ ਪਰ ਅਧਿਆਪਕ ਲੱਗਣ ਦਾ ਵੀ ਆਪਣਾ ਹੀ ਲੁਤਫ ਸੀ। ਮੇਰੇ ਨਾਲ ਇਕ ਡਰਾਇੰਗ ਟੀਚਰ ਹੁੰਦਾ ਸੀ। ਉਮਰ ਉਸ ਵੇਲੇ ਉਹਦੀ ਕੋਈ ਚਾਲੀ-ਬਤਾਲੀ ਸਾਲ ਹੋਵੇਗੀ। ਨਾ ਹੀ ਉਹਦਾ ਰੰਗੂ ਰਾਮ ਨਹੀਂ ਸੀ ਸਗੋਂ ਬੰਦਾ ਵੀ ਬਹੁਤ ਰੰਗੀਲਾ। ਆਪਣੀ ਕਲਾ ਤੇ ਹੱਥ ਦੀ ਸਫਾਈ ਵਿਚ ਏਨਾ ਮਾਹਿਰ ਸੀ ਕਿ ਅੱਖਰਾਂ ਦੀ ਬਣਤਰ ਤੋਂ ਲੈ ਕੇ ਚਿੱਤਰ ਏਨੇ ਵਧੀਆ ਬਣਾਉਂਦਾ ਸੀ ਕਿ ਵੇਖਣ ਵਾਲਾ ਸੋਚਦਾ ਸੀ ਕਿ ਸਿਰਫ ਜਾਨ ਹੀ ਪਾਉਣੀ ਬਾਕੀ ਰਹਿੰਦੀ ਹੈ। ਇਸੇ ਕਰਕੇ ਉਹ ਆਪਣੀ ਤਨਖਾਹ ਨਾਲੋਂ ਵੀ ਕਈ ਵਾਰ ਵਧ ਕਮਾਈ ਬਾਹਰੋਂ ਕਰ ਲੈਂਦਾ ਸੀ। ਏਨਾ ਮਿਹਨਤੀ ਅਧਿਆਪਕ ਸੀ ਕਿ ਉਹਦੇ ਮਾੜੇ ਮੋਟੇ ਐਬਾਂ ਵਲ ਕਦੇ ਸਕੂਲ ਮੁਖੀ ਜਾਂ ਪਿੰਡ ਦੇ ਲੋਕਾਂ ਨੇ ਧਿਆਨ ਹੀ ਨਹੀਂ ਦਿੱਤਾ ਸੀ। ਵਿਹਲੇ ਪੀਰੀਅਡ ਵਿਚ ਉਹ ਮਾਲਵੇ ਦੇ ਅਮਲੀਆਂ ਦੀਆਂ ਗੱਲਾਂ ਏਨੇ ਵਧੀਆ ਢੰਗ ਨਾਲ ਸੁਣਾਉਂਦਾ ਕਿ ਘੁੱਗੀ ਤੇ ਭਗਵੰਤ ਮਾਨ ਵਰਗਿਆਂ ਨੂੰ ਵੀ ਫਿੱਕਾ ਪਾ ਦਿੰਦਾ। ਉਹਨੂੰ ਸਕੂਲ ਪੜ੍ਹਦੇ ਨੂੰ ਹੀ ਨਸ਼ੇ ਦੀ ਬੜੀ ਮਾੜੀ ਲਤ ਪੈ ਗਈ ਸੀ। ਉਹ ਬਾਪੂ ਨੂੰ ਰੋਜ਼ਾਨਾ ਭੁੱਕੀ ਦਾ ਛੰਨਾ ਭਰਕੇ ਪੀਂਦੇ ਨੂੰ ਵੇਖਦਾ ਤੇ ਚੋਰੀ ਸੁਆਦ ਵੇਖਦਿਆਂ ਇਸ ਦਾ ਆਦੀ ਹੋ ਗਿਆ। ਸਕੂਲ ਦੇ ਸਮੇਂ ਵਿਚ ਉਸ ਨੇ ਦੋ ਵਾਰੀ ਚੀਨੀ ਦਾ ਕੱਪ ਭਿਉਂ ਕੇ ਛਕਣਾ। ਪਹਿਲਾਂ ਦਸ ਕੁ ਵਜੇ ਤੇ ਫਿਰ ਬਾਦ ਦੁਪਹਿਰ। ਤੇ ਪਿਛੋਂ ਸਟੀਲ ਦਾ ਗਲਾਸ ਤਿੱਖੇ ਮਿੱਠੇ ਵਾਲੀ ਚਾਹ ਦਾ ਭਰ ਕੇ ਪੀਣਾ ਤੇ ਫਿਰ ਸਾਰਾ ਦਿਨ ਨਿਆਣਿਆਂ ਨੂੰ ਪੜ੍ਹਾਉਣ ਵਿਚ ਲਗਾਈ ਰੱਖਣਾ। ਉਹ ਸਾਈਕਲ ਨਾਲ ਜਿਹੜਾ ਦੋ ਖਾਨਿਆਂ ਵਾਲਾ ਰੋਟੀ ਦਾ ਡੱਬਾ ਟੰਗ ਕੇ ਲਿਆਉਂਦਾ ਸੀ, ਅਸਲ ਵਿਚ ਉਸ ਡੱਬੇ ਵਿਚ ਕਦੇ ਵੀ ਰੋਟੀ ਦੀ ਬੁਰਕੀ ਨਹੀਂ ਹੁੰਦੀ ਸੀ, ਦੋਵੇਂ ਨੱਕੋ-ਨੱਕ ਭੁੱਕੀ ਨਾਲ ਭਰੇ ਹੁੰਦੇ ਸਨ। ਬੱਚਿਆਂ ਤੇ ਸਾਥੀ ਅਧਿਆਪਕਾਂ ਨੂੰ ਪਤਾ ਸੀ ਕਿ ਰੰਗੀ ਰਾਮ ਭੁੱਕੀ ਦਾ ਸ਼ੌਕੀਨ ਹੈ ਪਰ ਇਹਦੇ ਵਲ ਬਹੁਤੀ ਕਿਸੇ ਦੀ ਤਵੱਜੋ ਨਹੀਂ ਹੁੰਦੀ ਸੀ। ਜਿਵੇਂ ਆਮ ਸਕੂਲਾਂ ਵਿਚ ਬੱਚੇ ਅਧਿਆਪਕਾਂ ਦੇ ਸੁਭਾਅ ਮੁਤਾਬਿਕ ਜਾਂ ਕੁੱਟਣ ਫੈਂਟਣ ਕਰਕੇ ਹੋਰ ਨਾਂ ਜਾਂ ਅੱਲਾਂ ਪਾ ਲੈਂਦੇ ਹਨ ਇਵੇਂ ਰੰਗੀ ਰਾਮ ਡਰਾਇੰਗ ਟੀਚਰ ਘੱਟ 'ਕਲੇਜੀ ਮਾਸਟਰ' ਕਰਕੇ ਅਧਿਆਪਕਾਂ ਵਿਚ ਵੀ ਵਧ ਜਾਣਿਆ ਜਾਂਦਾ ਸੀ। ਕਿਉਂਕਿ ਉਹ ਸਕੂਲ ਤੋਂ ਮੁੜਦੇ ਵਕਤ ਰਾਹ 'ਚ ਪੈਂਦੇ ਇਕ ਛੋਟੇ ਜਿਹੇ ਕਸਬੇ ਵਰਗੇ ਸ਼ਹਿਰ ਵਿਚ ਹਰ ਦੂਜੇ ਤੀਜੇ ਦਿਨ ਬੱਕਰੀ ਦੀ ਕਲੇਜੀ ਦੀ ਪਲੇਟ ਖਾ ਕੇ ਜਾਂਦਾ ਤੇ ਅਗਲੇ ਦਿਨ ਸਕੂਲ ਚਟਕਾਰੀਆਂ ਲਾ ਲਾ ਦੱਸਦਾ ਬਈ ਬੜੀ ਸੁਆਦ ਲਗਦੀ ਸੀ, ਪਤਾ ਨਹੀਂ ਢਾਬੇ ਆਲਾ ਭਾਨਾ ਸਾਲਾ ਕਿਹੜੇ ਬਦਾਮ ਖਾਣ ਵਾਲੇ ਬੱਕਰਿਆਂ ਦੀ ਕਲੇਜੀ ਲਿਆਉਂਦੈ, ਮੂੰਹੋਂ ਨਹੀਂ ਲਹਿੰਦੀ। ਤੇ ਇੰਜ ਉਹ ਪੱਕਾ ਹੀ ਕਲੇਜੀ ਵਾਲਾ ਮਾਸਟਰ ਬਣ ਗਿਆ। ਪਰ ਦਿਲਚਸਪ ਗੱਲ ਇਹ ਸੀ ਕਿ ਜੇ ਕੋਈ ਉਸਨੂੰ ਰੰਗੀ ਰਾਮ ਕਹਿਣ ਨਾਲੋਂ ਇਸ ਨਾਂ ਨਾਲ ਵੀ ਬੁਲਾ ਲੈਂਦਾ ਤਾਂ ਰਤਾ ਗੁੱਸਾ ਨਾ ਕਰਦਾ।

ਹੋਇਆ ਇਹ ਕਿ ਰੰਗੀ ਰਾਮ ਦੇ ਭਰਾ ਦਾ ਵਿਆਹ ਹੋਇਆ ਤਾਂ ਅਧਿਆਪਕ ਉਸਦੇ ਪਿੱਛੇ ਪੈ ਗਏ ਕਿ ਪਾਰਟੀ ਕਰ ਤੇ ਨਾਲ ਹੀ ਇਹ ਸ਼ਰਤ ਵੀ ਰੱਖ ਦਿੱਤੀ ਕਿ ਸਾਰਿਆਂ ਨੂੰ ਉਸੇ ਕਲੇਜੀ ਦਾ ਸੁਆਦ ਵੀ ਵਿਖਾ ਜਿਸ ਢਾਬੇ 'ਤੇ ਤੂੰ ਛਕਦੈਂ। ਰੰਗੀ ਰਾਮ ਆਖੇ ਗੱਲ ਕਿਹੜੀ ਐ, ਦਿਨ ਤੈਅ ਹੋ ਗਿਆ। ਪ੍ਰਾਇਮਰੀ ਤੇ ਮਿਡਲ ਸਕੂਲ ਤੇ ਸੀਨੀਅਰ ਸੈਕੰਡਰੀ ਸਕੂਲ ਦੇ ਅਧਿਆਪਕ, ਕੁਝ ਪਿੰਡ ਦੇ ਸੰਗੀ-ਸਾਥੀ ਰਲਾ ਮਿਲਾ ਕੇ ਸੱਠ ਕੁ ਜਣੇ ਹੋ ਗਏ।

ਸਕੂਲ ਮੁਖੀ ਨੇ ਰੰਗੀ ਰਾਮ ਨੂੰ ਦਫਤਰ ਬੁਲਾ ਕੇ ਪੁੱਛਿਆ 'ਜਵਾਨ ਬੰਦੇ' ਸੱਠ ਸੱਤਰ 'ਕੱਠੇ ਕਰ ਲਏ ਨੇ। ਬੱਕਰੇ 'ਚ ਹੋਊ ਡੂਢ, ਦੋ ਕਿਲੋ ਕਲੇਜੀ ਸਾਰਿਆਂ ਨੂੰ ਕਿਵੇਂ ਖੁਆਏਂਗਾ?'

''ਹਜ਼ੂਰ ਗੱਲ ਕਿਹੜੀ ਐ ਹੁਣੇ ਪੁੱਛ ਲੈਨੇ ਆਂ। ਭਾਨੇ ਨੂੰ ਢਾਬੇ ਤੇ ਫੋਨ ਕਰਕੇ।'' ਤੇ ਉਹਨੇ ਸਕੂਲ ਦੇ ਫੋਨ ਤੋਂ ਢਾਬੇ ਨੂੰ ਫੋਨ ਮਿਲਾ ਲਿਆ।

'ਭਾਨਿਆ ਮੈਂ ਰੰਗੀ ਰਾਮ ਬੋਲਦਾਂ ਮਾਹਟਰ ਰੰਗੀ ਰਾਮ। ਅੱਜ ਅਸੀਂ ਸਠ ਕੁ ਬੰਦਿਆਂ ਨੇ ਆਉਣੈ ਕਲੇਜੀ ਛਕਣ, ਹੈਗੀ ਆ ਐਨਿਆਂ ਕੁ ਜੋਗੀ?'

'ਮਾਹਟਰ ਜੀ ਭਾਵੇਂ ਸੌ ਲਿਆਓ। ਗੱਲ ਕਿਹੜੀ ਐ?' ਭਾਨੇ ਨੇ ਹਾਂ ਕਰ ਦਿੱਤੀ।

ਤੇ ਮਾਸਟਰ ਵਿਚਾਰੇ ਕੋਈ ਸਾਇਕਲ ਤੇ ਕੋਈ ਮੋਟਰ ਸਾਈਕਲ ਤੇ ਕੋਈ ਸਕੂਟਰ ਤੇ ਲਾਣਾ ਕਾਮਰੇਡਾਂ ਦੇ ਧਰਨੇ ਵਾਂਗ ਗਰਾ ਢਾਬੇ ਮੂਹਰੇ। ਉਧਰ ਮਾਹਟਰਨੀਆਂ ਦੇ ਹੱਥ ਤੇ ਨਵਾਂ ਨਵਾਂ ਚੱਲਿਆ ਗਾਂਧੀ ਆਲਾ ਪੰਜ ਸੌ ਦਾ ਨੋਟ ਰੱਖ 'ਤਾ ਪਈ ਖਾ ਲਓ ਗੁਲਾਬ ਜਾਮਣਾਂ, ਰਸਗੁੱਲੇ ਤੇ ਪਨੀਰ ਦੇ ਪਕੌੜੇ।

ਅੱਧੋਂ ਵੱਧ ਮਾਹਟਰ ਪੀਣ ਦੇ ਸ਼ੌਕੀਨ। ਦੇਹ ਗਲਾਸੀ 'ਤੇ ਗਲਾਸੀ ਖੜਕੇ। ਤੇ ਕਲੇਜੀ ਦੀਆਂ ਪਲੇਟਾਂ ਭਰ ਭਰ ਆਉਣ। ਜੀਹਨੇ ਇਕ ਖਾਣੀ ਸੀ ਦੋ ਦੋ ਖਾਧੀਆਂ।

'ਮੈਂ ਹੌਲੀ ਦੇਣੀ ਭਾਨੇ ਨੂੰ ਪੁੱਛਿਆ, ਹਜ਼ੂਰ ਇਹ ਏਨੇ ਬੱਕਰੇ ਕਿੱਥੇ ਝਟਕਾਏ ਜਾਂਦੇ ਐ?'

'ਮਾਹਟਰ ਜੀ ਸਾਨੂੰ ਬੜੇ ਥਾਵਾਂ ਤੋਂ ਸਪਲਾਈ ਮੰਗਾਉਣੀ ਪੈਂਦੀ ਐ।'

ਤੇ ਫਿਰ ਐਸੇ ਮਾਹਟਰ ਕਲੇਜੀ ਦੀ ਚਾਟ 'ਤੇ ਲੱਗੇ ਤੇ ਕਈ ਤਾਂ ਫਿਰ ਵਲ੍ਹ ਪਾ ਕੇ ਭਾਨੇ ਦੇ ਢਾਬੇ ਵਲ ਦੀ ਜਾਣ ਲੱਗ ਪਏ।

ਇਸ ਗੱਲ ਤੋਂ ਕੋਈ ਪੰਦਰਾਂ ਕੁ ਦਿਨ ਪਿੱਛੋਂ ਮੇਰੇ ਇਕ ਲਾਗਲੇ ਪਿੰਡ ਦੇ ਸਰਪੰਚ ਦਾ ਫੋਨ ਆਇਆ। ਭਲਾ ਕੋਈ ਥੋੜੇ ਪਿੰਡ ਦਾ ਸ਼ੰਗਾਰ ਚੰਦ ਵੀ ਹੈਗਾ?

'ਹਾਂ ਜੀ, ਚੋਰੀਆਂ ਚਕਾਰੀਆਂ ਕਰਦੈ। ਤੀਜੇ ਕੁ ਦਿਨ ਕਿਤੋਂ ਨਾ ਕਿਤੋਂ ਮੂੰਹ ਸਿਰ ਭਨਾਈ ਰੱਖਦੈ, ਚਿੱਬਾ ਹੋਇਆ ਪਿਐ।'

'ਅਜੇ ਫਿਰ ਭੱਜ ਕੇ ਜੀ. ਟੀ. ਰੋਡ ਆਲੇ ਪਾਸੇ ਕਮਾਦ ਮੂਹਰੇ ਬੜਾ 'ਕੱਠ ਹੋਇਆ ਪਿਐ।'

'...ਗੱਲ ਕੀ ਹੋਈ?'

'ਅਜੇ ਉਥੇ ਈ ਪਤਾ ਲੱਗੂ।'

ਤੇ ਉਹੀ ਗੱਲ ਹੋਈ ਸ਼ੰਗਾਰ ਚੰਦ ਸਾਫਾ ਪਾ ਕੇ ਟਾਹਲੀ ਨਾਲ ਨੂੜ ਕੇ ਬੰਨਿਆ ਪਿਆ।

ਗੱਲ ਅਸਲ ਵਿਚ ਇਹ ਹੋਈ ਕਿ ਪਿੰਡ ਦੀਆਂ ਕੁਝ ਜਨਾਨੀਆਂ ਕਿਤੇ ਆਥਣ ਵੇਲੇ ਪੱਠੇ ਦੱਥੇ ਲਈ ਕਮਾਦ ਵਲ ਗਈਆਂ ਤਾਂ ਅੰਦਰੋਂ ਕਿਸੇ ਕੱਟਰੂ ਦੀ ਦਹਾੜਾਂ ਪਾਉਂਦੇ ਦੀ ਆਵਾਜ਼ ਆਵੇ। ਉਨ੍ਹਾਂ 'ਚੋਂ ਇਕ ਨੇ ਚੱਲ ਕੇ ਸਰਪੰਚ ਨੂੰ ਦੱਸਿਆ ਪਈ ਪਤਾ ਨਹੀਂ ਕਮਾਦ 'ਚ ਕੀ ਬਲਾ ਐ? ਜਦੋਂ ਪਿੰਡ ਦੇ ਮੋਹਤਬਰ ਬੰਦੇ ਆਏ ਤਾਂ ਵੇਖਿਆ ਕਿ ਸ਼ੰਗਾਰ ਚੰਦ ਨੇ ਤਾਜੀ ਸੂਈ ਮੱਝ ਦਾ ਕੱਟਰੂ ਢਾਹਿਆ ਹੋਇਆ।

ਗੱਭਰੂਆਂ ਨੇ ਜਦੋਂ ਚਾਰ ਪੰਜ ਉਹਦੇ ਲਾਈਆਂ ਤਾਂ ਕਹਿਣ ਲੱਗਾ 'ਮਾਰੋ ਨਾ ਸਭ ਦੱਸ ਦੂੰ।' ਉਧਰ ਕਿਤੇ ਕਿਸੇ ਨੇ ਭਾਨੇ ਢਾਬੇ ਵਾਲੇ ਨੂੰ ਵੀ ਦੱਸ'ਤਾ। ਪਰਦਾ ਪਾਉਣ ਲਈ ਉਹ ਵੀ ਜੇਬ ਭਰ ਕੇ ਆ ਗਿਆ।

ਖੁਲਾਸਾ ਹੋਇਆ ਕਿ ਸ਼ੰਗਾਰ ਚੰਦ ਨੇ ਨਾਲ ਦੇ ਪਿੰਡ ਦੇ ਵਸੀਵੇਂ ਤੇ ਬੈਠੇ ਮੁਸਲਮਾਨ ਗੁੱਜਰਾਂ ਤੋਂ ਕੱਲ ਸੂਈ ਮੱਝ ਦਾ ਕੱਟਾ ਜਿਊਂਦਾ ਚੱਕਿਆ ਤੇ ਕਮਾਦ 'ਚ ਲਿਆ ਕੇ ਉਹ ਇਹ ਦਾ ਗਲਾ ਭੰਨ ਕੇ ਲੱਤਾਂ ਮਾਰ ਮਾਰ ਸਾਹ ਕੱਢਦਾ ਸੀ। ਜਾਨ ਭਲਾ ਨਿਕਲਦੀ ਐ ਕੱਟਰੂ ਦੁਹਾਈਆਂ ਪਾਵੇ। ਕਮਾਦ ਛਾਣਿਆ ਤਾਂ ਚਾਰ ਪੰਜ ਹੋਰ ਖੱਲਾਂ ਕੱਟਰੂਆਂ ਦੀਆਂ ਨਿਕਲ ਆਈਆਂ।

ਉਧਰੋਂ ਮਾੜੀ ਕਿਸਮਤ ਪੁਲਿਸ ਦੀ ਜੀਪ ਭਰ ਕੇ ਆ ਗਈ। ਲੱਗ ਪਈ ਸ਼ੰਗਾਰ ਚੰਦ ਦੇ ਛਿੱਤਰਾਂ ਦੀ ਬਰਸਾਤ ਹੋਣ।

ਬੋਲ ਸਾਲਿਆ ਕੱਟਰੂ ਕਾਹਤੋਂ ਮਾਰਦੈ?

'ਜਨਾਬ ਮੁਸਲਮਾਨ ਗੁੱਜਰ ਜੇ ਮੱਝ ਕੱਟਾ ਦੇਵੇ ਤਾਂ ਰਾਤੋ ਰਾਤ ਚੁਕਾ ਦੇਂਦੇ ਆ।'

ਇਥੇ ਸਾਲਿਆ ਕਮਾਦ 'ਚ ਹੱਡਾਰੋੜੀ ਐ, ਜਿਹੜਾ ਏਥੇ ਚੁੱਕ ਲਿਆਉਂਦਾ ਸੀ?'

ਮਹਾਰਾਜ ਵੱਡੇ ਮਹਾਰਾਜ ਦੀ ਸਹੁੰ ਮੈਂ ਇਨ੍ਹਾਂ ਕਟਰੂਆਂ ਦੀ ਕਲੇਜੀ ਕੱਢ ਲੈਂਦਾ ਤੇ ਮਾਸ ਆਹ ਭਾਨੇ ਨੂੰ ਵੇਚਦਾ ਸੀ। ਤਿੰਨ ਰੁਪਏ ਕਿੱਲੋ ਦੇ ਹਿਸਾਬ ਨਾਲ?।'

'ਤੇ ਹੋਰ?'

'ਭਾਨੇ ਦੇ ਕਲੇਜੀ ਬੜੀ ਲਗਦੀ ਐ ਉਹ ਹੱਡਾਰੋੜੀ ਤੋਂ ਲਿਆ ਕੇ ਦੇਂਦਾ ਸੀ ਪੰਜ ਰੁਪਏ ਕਿਲੋ।'

ਤੇ ਥਾਣੇਦਾਰ ਦਾ ਚੜ੍ਹ ਗਿਆ ਗੁੱਸਾ ਸੱਤਵੇਂ ਅਸਮਾਨੀਂ, ਉਹਨੇ ਸ਼ੰਗਾਰ ਚੰਦ ਨੂੰ ਛੱਡ ਕੇ ਭਾਨਾ ਸੁੱਟ ਲਿਆ ਹੇਠਾਂ, ਦੇਹ ਜਿੱਧਰ ਪੈਂਦੀ ਐ, ਕੰਜਰ ਦਿਆ ਜਿਹੜਾ ਪਤੀਲਾ ਭਰ ਕੇ ਥਾਣੇ ਭੇਜਦਾ ਸੀ, ਤੇ ਬੋਨਲੈਸ ਮੇਰੀ ਕੋਠੀ 'ਚ ਸਾਲਿਆ ਸਾਨੂੰ ਕੱਟਰੂ ਤੇ ਮਰੇ ਪਸ਼ੂ ਖੁਆਉਂਦਾ ਰਿਹੈਂ। ਤੈਨੂੰ ਨੀ ਛੱਡਦਾ।'

ਦੋਹਾਂ ਨੂੰ ਚੱਕ ਕੇ ਲੈ ਗਿਆ ਥਾਣੇ। ਬਾਅਦ 'ਚ ਪਤਾ ਲੱਗਾ ਕਿ ਕੁਝ ਬੰਦਿਆਂ ਨੇ ਵਿਚ ਪੈ ਕੇ ਲੈ ਦੇ ਕੇ ਸਮਝੌਤਾ ਕਰਵਾ ਦਿੱਤਾ ਸੀ।

ਉਧਰ ਕਿਤੇ ਖਬਰ ਪੁੱਜ ਗਈ ਰੰਗੀ ਰਾਮ ਤੱਕ। ਉਹਨੂੰ ਜਦੋਂ ਭਾਨੇ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਬਲਿਆ ਫਿਰੇ, ਕਲੇਜੀ ਦਾ ਚੇਤਾ ਆਵੇ ਤਾਂ ਕੱਟੂ ਵੱਛੂ ਅੱਖਾਂ ਮੂਹਰੇ ਭੂਤਾਂ ਵਾਂਗ ਘੁੰਮਣ, ਕਲੇਜੀ ਦੇ ਸ਼ੌਕੀਨ ਦਾ ਕਾਲਜਾ ਬਾਹਰ ਨੂੰ ਆਵੇ।

ਇਕ ਦਿਨ ਰੰਗੀ ਰਾਮ ਦੇ ਮਨ 'ਚ ਆਇਆ ਪਈ ਅੱਜ ਕੰਜਰ ਦੇ ਭਾਨੇ ਦੀ ਖਬਰ ਲੈਣੀ ਆ। ਦੋ ਕੱਪ ਪੀਤੇ ਭੁੱਕੀ ਦੇ ਤੇ ਪਾਈਆ ਪੀਤਾ ਰਸ ਭਰੀ ਦਾ। ਚੱਕਿਆ ਸਾਈਕਲ ਤੇ ਜਾ ਵੱਜਿਆ ਭਾਨੇ ਦੇ ਢਾਬੇ 'ਤੇ।

ਭਾਨਾ ਤਾਂ ਚੰਗੀ ਕਿਸਮਤ ਨੂੰ ਢਾਬੇ 'ਤੇ ਹੈ ਨਹੀਂ ਸੀ ਤੇ ਰੰਗੀ ਰਾਮ ਨੂੰ ਟੱਕਰ ਗਿਆ ਸੁੱਕਿਆ ਸੜਿਆ ਉਹਦਾ ਹਲਵਾਈ ਰਾਮ ਲਾਲ। ਗੁੱਸਾ ਫੁੱਟ ਪਿਆ ਜਵਾਲਾਮੁਖੀ ਵਾਂਗ। ਹਰਾਮ ਜਾਦਿਓ, ਸਾਲਿਓ, ਕੁੱਤਿਓ, ਸਾਨੂੰ ਪਸ਼ੂਆਂ ਦੀ ਕਲੇਜੀ ਖਾ ਕੇ ਲੁੱਟਦੇ ਰਹੇ। ਤੁਹਾਡੀ ਓ ਮਾਂ... ਤੇ ਰੰਗੀ ਰਾਮ ਨੇ ਮਾਂ ਭੈਣ ਇਕ ਕਰਤੀ ਵਿਚੇ ਭਾਨੇ ਦੀ ਤੇ ਵਿਚੇ ਰਾਮ ਲਾਲ ਦੀ।

ਭਿੜ ਪਿਆ ਇਰਾਨ-ਇਰਾਕ ਦਾ ਯੁੱਧ। ਰਾਮ ਲਾਲ ਨੇ ਚੱਕਿਆ ਕੂੰਡੇ 'ਚੋਂ ਘੋਟਣਾ ਤੇ ਰੰਗੀ ਰਾਮ ਨੇ ਚਕ ਲਿਆ ਖੁਰਚਣਾ, ਗਾਹਕਾਂ ਨੂੰ ਕਹੇ ਭੱਜ ਜੋ ਹਰਾਮਦਿਆਂ ਦੇ ਖਾਣ ਨਾ ਆਓ, ਸਾਲੇ ਮਰੇ ਪਸ਼ੂਆਂ ਦਾ ਮਾਸ ਤੇ ਕਲੇਜੀ ਵੇਚਦੇ ਆ।

ਹੱਥੋਪਾਈ 'ਚ ਰੰਗੀ ਰਾਮ ਤੋਂ ਖੁਰਚਣਾ ਵੱਜ ਗਿਆ ਰਾਮ ਲਾਲ ਦੇ ਸਿਰ 'ਚ, ਉਹ ਤਾਂ ਭੜਕ ਕੇ ਢੇਰੀ ਹੋ ਗਿਆ ਕੋਇਲੇ ਵਾਲੀ ਭੱਠੀ 'ਚ। ਜਾਨ ਜਾਂਦੀ ਹੋ ਗੀ। ਬੜ ਲਿਆ ਰੰਗੀ ਰਾਮ, ਲਹਿ ਗਈ ਭੁੱਕੀ ਤੇ ਰਸ ਭਰੀ।

ਅਗਲੇ ਦਿਨ ਲੱਗ ਗਈਆਂ ਹੱਥਕੜੀਆਂ ਤੇ ਡੱਕਿਆ ਗਿਆ ਕਲੇਜੀ ਦਾ ਸ਼ੌਕੀਨ ਸੈਂਟਰਲ ਜੇਲ੍ਹ 'ਚ। ਕਲੇਜੀ ਦਾ ਸ਼ੌਕ ਤਾਂ ਵਿਚਾਰੇ ਨੂੰ ਭੁੱਲ ਭੁਲਾ ਗਿਆ ਤੇ ਜਦੋਂ ਨੌਕਰੀ ਗੁਆ ਕੇ ਸੱਤ ਸਾਲੀਂ ਕੱਟ ਕੇ ਆਇਆ ਤਾਂ ਅੱਧਾ-ਪਚੱਧਾ ਪਾਗਲ ਹੋਇਆ ਤਿੰਨ ਕੁ ਸਾਲ ਪਹਿਲਾਂ ਮਿਲਿਆ ਤਾਂ ਕਹਿੰਦਾ ਫਿਰੇ ਰੱਬ ਦੇ ਵਾਸਤੇ ਬਚ ਲੋ, ਕਿਤੇ ਹੁਣ ਤਾਂ ਨੀ ਕਲੇਜੀ ਖਾਂਦਾ ਕੋਈ, ਮੁਸਲਮਾਨ ਗੁੱਜਰ ਹੈਗੇ ਆ ਕਿ ਨਹੀਂ, ਮੱਝਾਂ ਕੱਟੇ ਦੇਣੋਂ ਹਟੀਆਂ ਕਿ ਨਹੀਂ'।

ਤੇ ਹੁਣੇ ਖਬਰ ਮਿਲੀ ਹੈ ਕਿ ਵਿਚਾਰਾ ਰੰਗੀ ਰਾਮ ਵੀ ਰੰਗਲੀ ਦੁਨੀਆਂ ਨੂੰ ਅਲਵਿਦਾ ਕਹਿ ਗਿਐ।

ਤੇ ਸਹਾਰਾ ਸਮਯ ਵਾਲਿਆਂ ਨੇ ਮੀਟ ਦੇ ਜਿਸ ਮਾਫੀਆ ਗ੍ਰੋਹ ਦਾ ਭਾਂਡਾ ਭੰਨਿਆ ਹੈ, ਉਹ ਇਹੋ ਕਿ ਮਰੇ ਪਸ਼ੂਆਂ ਦਾ ਮੀਟ ਹੀ ਨਹੀਂ ਸਗੋਂ ਖੇਤਾਂ 'ਚੋਂ ਮੱਝਾਂ-ਗਾਵਾਂ ਨੂੰ ਸਲਫਾਸ ਖੁਆ ਕੇ ਪਹਿਲਾਂ ਮਾਰਿਆ ਜਾਂਦਾ ਹੈ ਤੇ ਫਿਰ ਕਿਸੇ ਅਗਿਆਤ ਥਾਂ 'ਤੇ ਲਿਜਾ ਕੇ ਇਨ੍ਹਾਂ ਦੇ ਗੁਰਦੇ-ਕਲੇਜੇ ਕੱਢ ਕੇ ਮੀਟ ਬੱਕਰੇ ਦੇ ਮਾਸ 'ਚ ਰਲਾ ਕੇ ਢਾਬਿਆਂ 'ਤੇ ਹੀ ਨਹੀਂ ਪੰਜ ਤਾਰਾ ਹੋਟਲਾਂ ਵਿਚ ਭੇਜਿਆ ਜਾ ਰਿਹਾ ਹੈ, ਤੇ ਮੀਟ ਦੇਖ ਕੇ ਮੂੰਹ 'ਚ ਪਾਣੀ ਭਰਨ ਵਾਲਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਪਲੇਟ 'ਚ ਪਰੋਸਿਆ ਕੀ ਜਾ ਰਿਹਾ ਹੈ। ਇਹ ਸਾਰਾ ਕੁਝ ਭਾਰਤ ਮਹਾਨ ਦੀ ਰਾਜਧਾਨੀ ਦਿੱਲੀ 'ਚ ਤੇ ਉਸਦੇ ਆਸਪਾਸ ਹੋ ਰਿਹਾ ਹੈ, ਪਹਿਲਾਂ ਸ਼ੀਲਾ ਦੀਕਸ਼ਤ ਪਿੱਟੀ, ਫਿਰ ਮੇਅਰ ਪਰ ਝੱਗ ਦੇ ਬੁਲਬੁਲੇ ਵਾਂਗ ਕੁਝ ਦਿਨਾਂ 'ਚ ਹੀ ਸਭ ਸ਼ਾਂਤ ਇਸ ਕਰਕੇ ਹੋ ਗਿਆ ਹੈ ਕਿ ਇਸ ਮਾਫੀਏ 'ਚ ਮੱਛੀਆਂ ਨਹੀਂ ਮਗਰਮੱਛ ਵੀ ਸ਼ਾਮਲ ਹਨ। ਜਿਹੜੀ ਪਲੇਟ ਸ਼ਿੰਗਾਰ ਕੇ ਡੂਢ ਸੌ 'ਚ ਤੁਹਾਡੇ ਮੂਹਰੇ ਰੱਖੀ ਜਾ ਰਹੀ ਹੈ ਉਹਦੇ 'ਚ ਰੁਪਏ ਕੁ ਦਾ ਹੀ ਮੀਟ ਹੈ ਤੇ ਇਹ ਨਹੀਂ ਪਤਾ ਕਿ ਮੱਝ ਦਾ ਹੈ ਜਾਂ ਗਾਂ ਦਾ, ਮਰ ਗਈ ਦਾ ਹੈ ਜਾਂ ਮਾਰ ਦਿੱਤੀ ਗਈ ਦਾ ਹੈ। ਦੇਖਿਆ! ਚੰਗਿਆਂ ਭਲਿਆਂ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਜਾ ਰਹੀ ਹੈ। ਰੰਗੀ ਰਾਮ ਵਿਚਾਰਾ ਤਾਂ ਐਵੇਂ ਭੰਗ ਦੇ ਭਾੜੇ ਮਾਰਿਆ ਗਿਆ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਵਰਦੀ ਹੇਠ ਅਪਰਾਧ

ਬੇਸ਼ਰਮਾਂ ਦੇ ਪਿੰਡ ਨਹੀਂ ਹੁੰਦੇ। ਇਹ ਤੁਹਾਡੇ ਆਂਢ-ਗੁਆਂਢ ਜਾਂ ਆਲੇ-ਦੁਆਲੇ ਹੀ ਰਹਿ ਰਹੇ ਹੁੰਦੇ ਹਨ। ਜਿਵੇਂ ਹਰਿਆਣਾ ਦਾ ਸਾਬਕਾ ਡੀ. ਜੀ. ਪੀ. ਐਸ ਪੀ ਐਸ ਰਾਠੌਰ। ਸਿਆਣਾ ਬੰਦਾ ਪੱਗ 'ਤੇ ਛਿੱਟਾ ਵੀ ਪੈ ਜਾਵੇ ਤਾਂ ਮੂੰਹ ਨਹੀਂ ਨੰਗਾ ਕਰਦਾ ਪਰ ਇਹ ਮਿੱਟੀ ਦਾ ਮਾਧੋ ਟੈਨਿਸ ਖਿਡਾਰਨ ਨਾਲ ਛੇੜ ਛਾੜ ਦੇ ਚੱਕਰ ਵਿਚ ਦੋਸ਼ੀ ਹੈ। ਵਿਚਾਰੀ ਰੁਚਿਕਾ ਨੇ ਤਾਂ ਅਣਖ ਦੀ ਮਾਰੀ ਨੇ ਜਾਨ ਗੁਆ ਲਈ ਪਰ ਇਹ ਪਤਾ ਨਹੀਂ ਕਿਹੜਾ ਮੂੰਹ ਲੈ ਕੇ ਧੀਆਂ ਮੂਹਰੇ ਜਾਂਦਾ ਹੋਵੇਗਾ, ਮਾਂ ਨੂੰ ਕੀ ਕਹਿ ਕੇ ਚਰਨ ਬੰਧਨਾ ਕਹਿੰਦਾ ਹੋਵੇਗਾ ਤੇ ਨੂੰਹਾਂ ਤੋਂ ਪੈਰੀਂ ਹੱਥ ਕਿਵੇਂ ਲਵਾਉਂਦਾ ਹੋਵੇਗਾ। ਸਿਤਮਜ਼ਰੀਫੀ ਇਹ ਹੈ ਕਿ ਜਿਸ ਪਤਨੀ ਨੂੰ ਇਹਦੇ ਸਿਰ ਸੁਆਹ ਪਾਉਣੀ ਚਾਹੀਦੀ ਸੀ ਉਹ ਵਕੀਲ ਬਣ ਕੇ ਉਹਨੂੰ ਬਚਾਉਂਦੀ ਆ ਰਹੀ ਹੈ। ਇਵੇਂ ਆਪਣੇ ਪੰਜਾਬ ਵਿਚ ਇਕ ਮਹਿਲਾ ਅਫਸਰ ਦੇ ਕੂਲ੍ਹੇ 'ਤੇ ਹੱਥ ਮਾਰ ਕੇ ਡੀ. ਜੀ. ਪੀ. ਨੇ ਸ਼ਰਮ ਮੰਨਣ ਦੀ ਥਾਂ ਮੁੱਛਾਂ ਉਤਾਂਹ ਨੂੰ ਖੜੀਆਂ ਕਰ ਲਈਆਂ ਸਨ ਤੇ ਇਹ ਵੀ ਅਦਾਲਤ 'ਚੋਂ ਖਚਰੀ ਹਾਸੀ ਹੱਸਦਾ ਬਾਹਰ ਨਿਕਲਿਆ। ਸ਼ਾਇਰੀ ਦੀ ਵਿਆਖਿਆ ਤਾਂ ਨਹੀਂ ਹੁੰਦੀ ਪਰ ਡਾਂਗਾਂ ਵਰ੍ਹਾਉਣ ਵਾਲਿਆਂ ਦੇ ਆਪਾਂ ਤਾਂ ਹੂਰਾ ਵੀ ਨਹੀਂ ਮਾਰ ਸਕਦੇ। ਇਸੇ ਲਈ ਇਨ੍ਹਾਂ ਸ਼ਬਦਾਂ ਨਾਲ ਉਹਨੂੰ ਜਿਉਂਦੇ ਜੀਅ ਫਿੱਟ ਲਾਹਣਤ ਪਾਉਣ ਲੱਗਾ ਹਾਂ ਉਵੇਂ ਜਿਵੇਂ ਆਪਣੇ ਪਿੰਡਾਂ ਵਿਚ ਚੌਕੀਦਾਰ ਅਵਾਰਾ ਕੁੱਤੇ ਮਾਰਨ ਲਈ ਕੜਾਹ 'ਚ ਜ਼ਹਿਰ ਮਿਲਾ ਕੇ ਦਿੰਦੇ ਹੁੰਦੇ ਸੀ:

ਐਨਕਾਂ ਲਗਾ ਕੇ ਹੱਸੇ ਬੁੱਲ੍ਹਾਂ 'ਚ ਰਠੌਰ ਹਾਸੀ, ਸੁਣਿਆ ਗਰੀਬੜੀ ਦਾ ਮੁਨਸਿਫਾਂ ਨੇ ਪੱਖ ਨਾ।
ਵਰਦੀ ਦੇ ਹੇਠ ਅਪਰਾਧ ਸੀ ਲੁਕਾਈ ਬੈਠਾ, ਘੜੀਆਂ ਅਦਾਲਤਾਂ ਤੋਂ ਭੱਗਾ ਹੋਇਆ ਚੱਕ ਨਾ।
ਬੜੀ ਬੇਨਿਆਈ ਇਕ ਕੰਜਕ ਦੀ ਮੌਤ ਹੋਈ, ਸ਼ਰਮ ਦੀ ਮਾਰੀ ਕੋਲੋਂ ਚੁੱਕੀ ਗਈ ਅੱਖ ਨਾ।
ਬਾਰਾਂ ਸਾਲਾਂ ਬਾਦ ਰੁੜੀ ਦੀ ਵੀ ਸੁਣੀ ਜਾਂਦੀ, ਦੁਨੀਆਂ 'ਚ ਹੋਈ ਜਿਹੜੀ ਰੁਚੀ ਨਾਲ ਸ਼ੱਕ ਨਾ।
ਭਾਰਤ ਮਹਾਨ ਵਿਚ ਕਾਤਲਾਂ ਦੀ ਪੁੱਠ ਵਧੀ, ਕੜਿਆਂ ਕਾਨੂੰਨਾਂ ਤੋਂ ਵੀ ਪੈਂਦੇ ਉਥੇ ਹੱਥ ਨਾ।
ਦਿੱਲੀ ਦਰਬਾਰ ਵਿਚ ਰੌਲਾ ਕਿੰਨਾ ਪਈ ਜਾਵੇ, ਮਾੜੇ ਨੂੰ ਨਾ ਦੇਣ ਜ਼ੋਰਾਵਰ ਕਦੇ ਹੱਕ ਨਾ।
ਬੇਈਮਾਨ ਇਨਸਾਫ ਦਾ ਤਰਾਜੂ ਜਦੋਂ ਹੋਇਆ, ਬੰਨ੍ਹ ਕੇ ਉਡਾਉਂਦੇ ਲੋਕੀਂ ਬੰਬ ਫੇਰ ਲੱਕ 'ਨਾ।

**ਖਾਲਸਾ ਪੰਥ**

# ਸਿੱਖ ਪਰੰਪਰਾ ’ਚ ਧਰਮ ਅਤੇ ਰਾਜਨੀਤੀ ਦਾ ਸੁਮੇਲ

**ਅਮਰਜੀਤ ਸਿੰਘ ਗਰੇਵਾਲ**

ਵਿਗਿਆਨਕ ਤਰਕ ਅਤੇ ਸਨਅਤੀ ਪੂੰਜੀਵਾਦੀ ਉਪਰ ਟਿਕੀ ਆਧੁਨਿਕਤਾ ਇਕ ਅਜਿਹੇ ਸਮਾਜ-ਆਰਥਕ ਰਾਜਨੀਤਕ ਪ੍ਰਬੰਧ ਦਾ ਨਕਸ਼ਾ ਪੇਸ਼ ਕਰਦੀ ਹੈ ਜਿਸ ਵਿਚ ਧਾਰਮਿਕ, ਅਧਿਆਤਮਿਕ, ਸੰਸਕ੍ਰਿਤਕ ਅਤੇ ਸਥਾਨਕ ਪ੍ਰਵਚਨਾਂ/ਪਰੰਪਰਾਵਾਂ/ਸੰਸਥਾਵਾਂ ਲਈ ਕੋਈ ਥਾਂ ਨਹੀਂ ਹੈ। ਸਮਾਜ ਵਿਚੋਂ ਧਰਮ ਅਤੇ ਸੰਸਕ੍ਰਿਤੀ ਨੂੰ ਖਾਰਜ ਕਰਕੇ, ਇਸਦੀ ਆਰਥਕਤਾ ਅਤੇ ਰਾਜਨੀਤੀ ਨੂੰ ਪੱਛਮੀ ਸਿਧਾਂਤਾਂ ਉਪਰ ਖੜ੍ਹਾ ਕਰਨਾ, ਇਸ ਆਧੁਨਿਕਤਾ ਦੀ ਪਹਿਲੀ ਲੋੜ ਬਣ ਗਈ ਹੈ। ਪੂੰਜੀਵਾਦ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਵਿਸ਼ਵ ਭਰ ਵਿਚ ਫੈਲੀ ਸਭਿਆਚਾਰਕ ਵੰਨ-ਸਵੰਨਤਾ ਅਤੇ ਸਥਾਨਕ ਵਿਲੱਖਣਤਾ ਨੂੰ ਖਤਮ ਕਰਕੇ, ਪੂੰਜੀਵਾਦੀ ਲੋੜਾਂ ਅਤੇ ਧਰਮ ਨਿਰਪੱਖਤਾ ਦੇ ਸਿਧਾਂਤਾਂ ਉਪਰ ਟਿਕੀ ਆਧੁਨਿਕਤਾ ਨੂੰ ਹੀ ਜੀਣ, ਥੀਣ ਦਾ ਆਧਾਰ ਬਣਾਇਆ ਜਾਵੇ।

ਵਿਗਿਆਨਕ ਤਰਕ ਅਤੇ ਧਰਮ ਨਿਰਪੱਖਤਾ ਦਾ ਆਧੁਨਿਕ ਪੂੰਜੀਵਾਦੀ ਪਸਾਰਾ, ਵੰਨ-ਸਵੰਨੇ ਧਾਰਮਿਕ ਅਤੇ ਸਭਿਆਚਾਰਕ ਭਾਈਚਾਰਿਆਂ ਨੂੰ, ਆਪਣੀ ਵੱਖੋ ਵੱਖਰੀ ਪਹਿਚਾਣ ਪੈਦਾ ਕਰਕੇ, ਆਪਣੇ ਸਰਬਪੱਖੀ ਵਿਕਾਸ ਲਈ, ਸਥਾਨਕ ਲੋੜਾਂ, ਵਸੀਲਿਆਂ, ਖਾਹਿਸ਼ਾਂ, ਤਕਨੀਕਾਂ, ਪਰੰਪਰਾਵਾਂ ਅਨੁਸਾਰ ਆਪਣੇ ਵੱਖੋ ਵੱਖਰੇ ਮਾਰਗ ਚੁਣਨ ਦੀ ਇਜਾਜ਼ਤ ਨਹੀਂ ਦਿੰਦਾ। ਇਹ ਵਿਅਕਤੀ ਨੂੰ ਉਸਦੇ ਸਥਾਨਕ ਭਾਈਚਾਰੇ ਅਤੇ ਸਭਿਆਚਾਰਕ ਪ੍ਰਸੰਗ ਵਿਚੋਂ ਬਾਹਰ ਕੱਢ ਕੇ ਉਸ ਦੇ ਵਿਕਾਸ ਨੂੰ ਵਿਗਿਆਨ ਅਤੇ ਤਕਨਾਲੋਜੀ ਰਾਹੀਂ ਕੇਵਲ ਪੈਦਾਵਾਰ, ਮੁਨਾਫੇ ਅਤੇ ਖਪਤ ਵਿਚ ਵਾਧੇ ਨਾਲ ਜੋੜ ਦਿੰਦਾ ਹੈ।

ਧਰਮ ਨਿਰਪੱਖਤਾ ਦੇ ਇਸ ਪਸਾਰੇ ਨੇ, ਧਾਰਮਿਕ ਸਭਿਆਚਾਰਕ ਵਖਰੇਵਿਆਂ ਅਤੇ ਸਮਾਜਕ ਅੰਤਰਾਂ ਉਪਰ ਟਿਕੇ ਵਿਤਕਰਿਆਂ ਨੂੰ ਨਜ਼ਰਅੰਦਾਜ਼ ਕਰਨ ਦਾ ਹੀ ਰਾਹ ਅਪਨਾਇਆ ਹੋਇਆ ਹੈ। ਜਦੋਂ ਕੋਈ ਧਰਮ ਨਿਰਪੱਖ ਆਦਮੀ ਇਹ ਆਖਦਾ ਹੈ ਕਿ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਕੋਈ ਭੇਦਭਾਵ ਜਾਂ ਅੰਤਰ ਨਹੀ ਹੈ, ਤਾਂ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਉਹ ਹਿੰਦੂ, ਸਿੱਖ ਜਾਂ ਇਸਲਾਮੀ ਪਰੰਪਰਾਵਾਂ ਨੂੰ ਇੱਕੋ ਜਿੰਨੀ ਸਮਾਨੰਤਰ ਇੱਜ਼ਤ ਦਿੰਦਾ ਹੈ, ਸਗੋਂ ਇਸਦੇ ਉਲਟ, ਉਹ ਤਾਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਪਾਸੋਂ ਇਹ ਤਵੱਕੋ ਰੱਖ ਰਿਹਾ ਹੁੰਦਾ ਹੈ ਕਿ ਉਹ ਸਾਰੇ ਲੋਕ ਆਪੋ ਆਪਣੇ ਧਾਰਮਿਕ, ਅਧਿਆਤਮਕ, ਨੈਤਿਕ, ਸਭਿਆਚਾਰਕ ਅਤੇ ਵਿਚਾਰਧਾਰਕ ਅਕੀਦਿਆਂ ਨੂੰ ਤਿਆਗ ਕੇ, ਵਿਗਿਆਨਕ ਤਰਕ ਅਤੇ ਸਨਅਤੀ ਪੂੰਜੀਵਾਦ ਉਪਰ ਟਿਕੇ ਆਧੁਨਿਕ ਦ੍ਰਿਸ਼ਟੀਕੋਣ ਨੂੰ ਅਪਨਾ ਲੈਣ। ਉਹ ਇਨ੍ਹਾਂ ਸਭਨਾਂ ਨੂੰ ਆਪਣੀ ਧਾਰਮਿਕ ਵਿਲੱਖਣਤਾ ਅਤੇ ਸਭਿਆਚਾਰਕ ਪਹਿਚਾਣ ਮਿਟਾ ਦੇਣ ਲਈ ਪ੍ਰੇਰਿਤ ਕਰ ਰਿਹਾ ਹੁੰਦਾ ਹੈ, ਤਾਂ ਜੋ ਸਭ ਥਾਈਂ ਆਧੁਨਿਕਤਾਵਾਦੀ ਵਿਚਾਰਧਾਰਾ ਦਾ ਬੋਲਬਾਲਾ ਪੈਦਾ ਕੀਤਾ ਜਾ ਸਕੇ। ਸੋ ਇਸ ਹਿਸਾਬ ਧਰਮ ਨਿਰਪੱਖਤਾ ਅਤੇ ਇਸ ਨਾਲ ਜੁੜੀਆਂ ਆਧੁਨਿਕ ਸ਼ਕਤੀਆਂ, ਸੰਸਥਾਵਾਂ, ਪਰੰਪਰਾਵਾਂ ਨੂੰ ਨਿਰਪੱਖ ਅਤੇ ਸਹਿਣਸ਼ੀਲ ਨਹੀਂ ਆਖਿਆ ਜਾ ਸਕਦਾ। ਇਹ ਹਮੇਸ਼ਾ ਹੀ ਤੰਗਦਿਲ, ਕੱਟੜ, ਏਕਾਧਿਕਾਰਵਾਦੀ (ਐਕਸਕਲਿਊਸਵਿਸਟ) ਅਤੇ ਪੱਖਪਾਤੀ ਹੁੰਦੀਆਂ ਹਨ, ਕਿਉਂਕਿ ਇਹ ਆਪਣੇ ਤੋਂ ਵੱਖਰੇ ਹਰ ਰੰਗ-ਰੂਪ, ਵਿਚਾਰਧਾਰਾ ਅਤੇ ਪਰੰਪਰਾ ਨੂੰ ਮਿਟਾ ਕੇ ਕੇਵਲ ਆਪਣੀ ਚੌਧਰ ਸਥਾਪਤ ਕਰਨਾ ਲੋਚਦੀਆਂ ਹਨ। ਧਰਮ ਨਿਰਪੱਖਤਾ ਇਕ ਬਸਤੀਵਾਦੀ ਪਰੰਪਰਾ ਹੋ ਨਿਬੜਦੀ ਹੈ ਜੋ ਆਪਣੇ ਤੋਂ ਵੱਖਰੀ ਜਾਂ ਵਿਰੋਧੀ ਪਰੰਪਰਾ ਨਾਲ ਸੰਵਾਦ ਰਚਾਉਣ ਦੀ ਥਾਂ ਉਸਨੂੰ ਤਰਕਹੀਣ, ਗੈਰ ਵਿਗਿਆਨਕ, ਅੰਧਵਿਸ਼ਵਾਸੀ ਜਾਂ ਨਾਮਾਕੂਲ ਪਖੰਡ ਆਖ ਕੇ ਖਤਮ ਕਰਨ ਦੇ ਆਹਰ ’ਚ ਲੱਗੀ ਰਹਿੰਦੀ ਹੈ। ਕੀ ਇਹ ਆਧੁਨਿਕਤਾ ਜਾਂ ਧਰਮਨਿਰਪੱਖਤਾ ਦਾ ਫਾਸ਼ੀਵਾਦੀ ਰਵੱਈਆ ਨਹੀਂ ਹੈ?

ਧਰਮ ਅਤੇ ਸੰਸਕ੍ਰਿਤੀ ਨੂੰ ਰਾਜਨੀਤੀ ਨਾਲੋਂ ਅਲੱਗ ਕਰਕੇ, ਆਧੁਨਿਕਤਾ ਦੇ ਇਸ ਸਿਧਾਂਤ ਨੇ ਸਿੱਖ ਭਾਈਚਾਰੇ ਸਮੇਤ ਜਗਤ ਦੇ ਤਮਾਮ ਧਾਰਮਿਕ-ਸੰਸਕ੍ਰਿਤਕ ਭਾਈਚਾਰਿਆਂ ਨੂੰ ਆਪਣੇ ਬਸਤੀਵਾਦੀ ਪ੍ਰਵਚਨਾਂ ਦਾ ਗੁਲਾਮ ਬਣਾ ਲਿਆ ਹੈ। ਇਹੋ ਕਾਰਨ ਹੈ ਕਿ ਅੱਜ ਸਿੱਖ ਭਾਈਚਾਰੇ ਦੀ ਆਰਥਿਕਤਾ ਅਤੇ ਰਾਜਨੀਤੀ ਜਾਂ ਇਸਦਾ ਸਮਾਜਕ ਵਿਕਾਸ ਗੁਰੂ ਗ੍ਰੰਥ ਸਾਹਿਬ ਦੀ ਸਮਾਜ ਆਰਥਿਕ ਰਾਜਨੀਤਕ ਸੰਸਕ੍ਰਿਤਕ ਦ੍ਰਿਸ਼ਟੀ ਉਪਰ ਨਹੀਂ, ਸਗੋਂ ਪੂੰਜੀਵਾਦੀ ਸੋਚ ਦੀ ਗੁਰਮਤਿ ਵਿਰੋਧੀ ਮਾਇਆਵੀ-ਵਿਚਾਰਧਾਰਾ ਉਪਰ ਟਿਕਿਆ ਹੋਇਆ ਹੈ। ਸਿੱਖ ਧਰਮ ਅਤੇ ਸਿੱਖ ਭਾਈਚਾਰੇ ਦੀ ਨੁਮਾਇੰਦਿਗੀ ਕਰਨ ਵਾਲੀਆਂ ਸਿਆਸੀ ਪਾਰਟੀਆਂ ਜਥੇਬੰਦੀਆਂ ਵੀ ਜਦੋਂ ਸਿੱਖ ਭਾਈਚਾਰੇ ਦੇ ਆਰਥਿਕ ਰਾਜਨੀਤਕ ਵਿਕਾਸ ਦਾ ਪ੍ਰੋਗਰਾਮ ਤਿਆਰ ਕਰਦੀਆਂ ਹਨ, ਤਾਂ ਉਹ ਗੁਰੂ ਗ੍ਰੰਥ ਸਾਹਿਬ ਦੀ ਥਾਂ ਪੂੰਜੀਵਾਦੀ ਪ੍ਰੋਗਰਾਮਾਂ ਤੋਂ ਹੀ ਸੇਧ ਲੈਂਦੀਆਂ ਹਨ। ਇਸੇ ਕਰਕੇ ਉਹਨਾਂ ਦੇ ਪ੍ਰੋਗਰਾਮ ਵੀ ਸਹਿਯੋਗ ਦੀ ਥਾਂ ਪ੍ਰਤਿਯੋਗ, ਕਿਰਤ ਦੀ ਥਾਂ ਮੁਨਾਫੇ ਅਤੇ ਨਾਮ ਦੀ ਥਾਂ ਮਾਇਆ ਉਪਰ ਹੀ ਟਿਕੇ ਹੁੰਦੇ ਹਨ।

ਇਹ ਠੀਕ ਹੈ ਕਿ ਧਰਮ ਨਿਰਪੱਖਤਾ ਅਤੇ ਆਧੁਨਿਕ ਪਸਾਰੇ ਨੇ ਸਿਖ ਧਰਮ ਅਤੇ ਸੰਸਕ੍ਰਿਤੀ ਨੂੰ ਖਤਮ ਤਾਂ ਨਹੀਂ ਕੀਤਾ ਪਰ ਸਿੱਖ ਰਾਜਨੀਤੀ/ਆਰਥਿਕਤਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲੋਂ ਤੋੜ ਕੇ ਇਸਦੀ ਸਮਾਜਕ ਪ੍ਰਸੰਗਿਕਤਾ ਜ਼ਰੂਰ ਖਤਮ ਕਰ ਦਿੱਤੀ ਹੈ। ਸਿੱਖਾਂ ਦੀਆਂ ਸਿਆਸੀ ਪਾਰਟੀਆਂ ਜਥੇਬੰਦੀਆਂ ਵੀ ਸਿੱਖ ਭਾਈਚਾਰੇ ਦੀ ਆਰਥਿਕਤਾ, ਰਾਜਨੀਤੀ ਅਤੇ ਸਮਾਜਕ ਤਬਦੀਲੀ ਦੇ ਮਹੱਤਵਪੂਰਨ ਮਸਲਿਆਂ ਨੂੰ ਸੁਲਝਾਉਣ ਲਈ ਗੁਰੂ ਗ੍ਰੰਥ ਸਾਹਿਬ ਤੋਂ ਮਿਲਣ ਵਾਲੀ ਸੇਧ ਨੂੰ ਨਜ਼ਰਅੰਦਾਜ਼ ਕਰਕੇ, ਧਰਮਨਿਰਪੱਖਤਾ, ਵਿਗਿਆਨਕ ਤਰਕ ਅਤੇ ਸਨਅਤੀ ਪੂੰਜੀਵਾਦ ਦੀ ਵਿਚਾਰਧਾਰਾ ਤੋਂ ਹੀ ਰੋਸ਼ਨੀ ਲੈਂਦੀਆਂ ਹਨ।

ਇਸ ਤਰ੍ਹਾਂ ਸਿੱਖ ਧਰਮ ਜੋ ਸਿੱਖਾਂ ਨੂੰ ਜੀਣ ਥੀਣ ਲਈ ਅਰਥਾਂ ਦਾ ਇਕ ਪੂਰਾ ਸੰਸਾਰ ਸਿਰਜ ਕੇ ਦਿੰਦਾ ਸੀ, ਉਹਨਾਂ ਦੇ ਸਮਾਜ, ਆਰਥਿਕ, ਰਾਜਨੀਤਕ, ਸੰਸਕ੍ਰਿਤਕ, ਨੈਤਿਕ ਜੀਵਨ ਨੂੰ ਅਰਥ ਭਰਪੂਰਤਾ ਅਤੇ ਪ੍ਰਾਸੰਗਿਕਤਾ ਪ੍ਰਦਾਨ ਕਰਦਾ ਸੀ, ਹੁਣ ਉਹਨਾਂ ਦੇ ਨਿੱਜੀ ਖੇਤਰ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਬਹੁਤ ਸਾਰੇ ਸਿੱਖਾਂ ਲਈ ਤਾਂ ਧਰਮ ਉਹਨਾਂ ਦੀਆਂ ਨਿੱਜੀ ਲੋੜਾਂ ਅਤੇ ਵਿਅਕਤੀਗਤ ਸਮੱਸਿਆਵਾਂ ਨੂੰ ਹੱਲ ਕਰਨ ਵਾਲਾ ਕਰਾਮਾਤੀ ਧੰਦਾ ਬਣ ਕੇ ਹੀ ਰਹਿ ਗਿਆ ਹੈ। ਲੋਕ ਸਾਧਾਂ ਸੰਤਾਂ ਕੋਲ ਮੰਤਰ ਲੈਣ ਅਤੇ ਗੁਰਦਵਾਰਿਆਂ ਵਿਚ ਕੇਵਲ ਮੰਨਤਾਂ ਮੰਨਣ ਲਈ ਹੀ ਜਾਂਦੇ ਹਨ। ਸਾਧ ਸੰਤ ਅਤੇ ਭਾਈ ਗੁਰਦਵਾਰਿਆਂ ਵਿਚ ਬੈਠ ਕੇ ਖੁੱਲ੍ਹੇਆਮ ਕਰਾਮਾਤਾਂ ਦਾ ਮਾਲ ਵੇਚਦੇ ਹਨ। ਅਜਿਹਾ ਕਰਨ ਲਈ ਅਖ਼ਬਾਰਾਂ, ਇਸ਼ਤਿਹਾਰਾਂ, ਬੈਨਰਾਂ ਆਦਿ ਰਾਹੀਂ ਮੰਡੀਕਰਣ ਦੇ ਸਾਰੇ ਢੰਗ ਤਰੀਕੇ ਅਪਣਾਏ ਜਾ ਰਹੇ ਹਨ।

ਸੱਚੇ ਸ਼ਰਧਾਵਾਨ ਲੋਕ ਵੀ ਹੁਣ ਸਿੱਖ ਸੰਸਥਾਵਾਂ ਨੂੰ ਸਿੱਖ ਭਾਈਚਾਰੇ ਦੇ ਆਰਥਿਕ, ਰਾਜਨੀਤਕ, ਸੰਸਕ੍ਰਿਤਕ ਅਤੇ ਨੈਤਿਕ ਵਿਕਾਸ ਦੀਆਂ ਕਾਰਜ ਵਿਧੀਆਂ ਸਮਝਣ ਦੀ ਥਾਂ ਸਕੂਲ, ਕਾਲਜ, ਹਸਪਤਾਲ, ਸੜਕਾਂ ਪੁਲ ਆਦਿ ਉਸਾਰਨ ਦੇ ਲੋਕ ਭਲਾਈ ਅਤੇ ਜਨ ਕਲਿਆਣ ਪ੍ਰੋਗਰਾਮਾਂ ਤੱਕ ਹੀ ਸੀਮਤ ਕਰ ਲੈਂਦੇ ਹਨ। ਸਿੱਖ ਸਿਆਸਤ ਨਾਲ ਸਬੰਧਤ ਲੋਕ ਸਿੱਖ ਸੰਸਕ੍ਰਿਤੀ ਨੂੰ ਇਸਦੇ ਸਮਾਜ ਆਰਥਕ ਰਾਜਨੀਤਕ ਅਰਥਾਂ ਦੇ ਉਤਪਾਦਨ ਨਾਲੋਂ ਤੋੜ ਕੇ ਇਸਨੂੰ ਕੇਵਲ ਆਪਣੇ ਸਿਆਸੀ ਧੜੇਬੰਦਕ ਮਨੋਰਥ ਪੂਰੇ ਕਰਨ ਲਈ ਵਰਤਣ ਤੱਕ ਹੀ ਸੀਮਤ ਰਖਦੇ ਹਨ।

ਇਸ ਤਰ੍ਹਾਂ ਧਰਮ, ਸੰਸਕ੍ਰਿਤੀ ਨੂੰ ਰਾਜਨੀਤੀ, ਆਰਥਿਕਤਾ ਨਾਲੋਂ ਅਲੱਗ ਕਰਕੇ ਅਤੇ ਰਾਜਨੀਤੀ, ਆਰਥਿਕਤਾ ਦੇ ਵਿਕਾਸ ਨੂੰ ਸਨਅਤੀ ਪੂੰਜੀਵਾਦ ਦੀ ਵਿਚਾਰਧਾਰਾ ਉਪਰ ਖੜ੍ਹਾ ਕਰਕੇ, ਧਰਮ ਸੰਸਕ੍ਰਿਤੀ ਨੂੰ ਕੇਵਲ ਜੜ੍ਹ ਹੋ ਜਾਣ ਲਈ ਛੱਡ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਧਾਰਮਿਕ ਅਤੇ ਸਭਿਆਚਾਰਕ ਪਰੰਪਰਾਵਾਂ ਇਕ ਖੜੋਤ ਦਾ ਸ਼ਿਕਾਰ ਹੋ ਕੇ ਆਪਣੀ ਪ੍ਰਾਸੰਗਿਕਤਾ ਅਤੇ ਅਰਥ ਭਰਪੂਰਤਾ ਗੁਆ ਲੈਂਦੀਆਂ ਹਨ। ਇਸ ਲਈ ਧਾਰਮਿਕ ਸੰਸਕ੍ਰਿਤਕ ਵੰਨਸੁਵੰਨਤਾ ਨੂੰ ਖਤਮ ਕਰਕੇ ਸਾਰੀ ਦੁਨੀਆਂ ਉੱਪਰਪੱਛਮ ਦੀ ਪੂੰਜੀਵਾਦੀ ਸੰਸਕ੍ਰਿਤੀ ਦਾ ਦਬਦਬਾ ਕਾਇਮ ਕਰਨ ਲਈ, ਧਰਮ ਨੂੰ ਰਾਜਨੀਤੀ ਨਾਲੋਂ ਅਲੱਗ ਕਰਨਾ ਪਹਿਲੀ ਲੋੜ ਬਣ ਜਾਂਦੀ ਹੈ। ਇਸ ਵਾਸਤੇ ਧਰਮ ਨਾਲੋਂ ਰਾਜਨੀਤੀ ਨੂੰ ਅਲੱਗ ਕਰਨ ਪਿੱਛੇ ਪੱਛਮੀ ਪੂੰਜੀਵਾਦ ਦੀ ਪੂੰਜੀਵਾਦੀ ਸਾਜ਼ਿਸ਼ ਛੁਪੀ ਹੋਈ ਹੈ।

ਵਿਭਿੰਨ ਧਾਰਮਿਕ ਸੰਸਕ੍ਰਿਤਕ ਭਾਈਚਾਰੇ, ਜਿਨ੍ਹਾਂ ਨੇ ਇਕ ਦੂਸਰੇ ਨਾਲ ਸੰਵਾਦ, ਸੰਘਰਸ਼, ਜੱਦੋਜਹਿਦ ਵਿਚੋਂ ਨਵੀਆਂ ਅਤੇ ਵਧੇਰੇ ਪ੍ਰਾਸੰਗਿਕ ਪ੍ਰੰਪਰਾਵਾਂ ਨੂੰ ਜਨਮ ਦੇ ਕੇ ਸੰਸਕ੍ਰਿਤਕ ਵਿਕਾਸ ਦੇ ਮਾਰਗ ਨੂੰ ਅੱਗੇ ਤੋਰਨਾ ਸੀ, ਧਰਮ ਨਿਰਪੱਖਤਾ ਦੇ ਬਸਤੀਵਾਦੀ ਪ੍ਰੋਗਰਾਮਾਂ ਕਾਰਨ ਅਜਿਹਾ ਕਰਨ ਵਿਚ ਪੂਰੀ ਤਰ੍ਹਾਂ ਫੇਲ ਹੋ ਜਾਂਦੇ ਹਨ। ਇਸ ਤਰ੍ਹਾਂ ਧਰਮ ਕੇਵਲ ਦੂਸਰੀਆਂ ਧਾਰਮਿਕ ਪ੍ਰੰਪਰਾਵਾਂ ਨਾਲ ਸੰਵਾਦ ਰਚਾਉਣ ਵਿਚ ਅਸਮਰੱਥਤਾ ਕਾਰਨ ਹੀ ਨਹੀਂ, ਸਗੋਂ ਆਪਣੇ ਅੰਦਰਲੀਆਂ ਉੱਪ ਪ੍ਰੰਪਰਾਵਾਂ ਦੇ ਆਪਸੀ ਸੰਵਾਦ ਦੀ ਅਣਹੋਂਦ ਕਾਰਨ ਵੀ ਵਿਕਾਸ ਦੇ ਮੌਕੇ ਗੁਆ ਲੈਂਦਾ ਹੈ। ਧਰਮ ਉਪਰ ਖੜੋਤ, ਗਤੀਹੀਣਤਾ, ਮੂਲਵਾਦ ਆਦਿ ਦੇ ਇਲਜ਼ਾਮ ਵੀ ਇਸੇ ਲਈ ਲਗਦੇ ਹਨ ਕਿਉਂਕਿ ਧਰਮ ਦੇ ਰਾਜਨੀਤਕ ਆਰਥਿਕ ਵਿਕਾਸ ਨਾਲੋਂ ਅਲੱਗ ਹੋ ਜਾਣ ਕਾਰਨ ਰਾਜਨੀਤੀ ਆਰਥਿਕਤਾ ਤਾਂ ਪੂੰਜੀਵਾਦੀ ਲੀਹਾਂ ਉਪਰ ਵਿਕਾਸ ਕਰਦੀ ਰਹਿੰਦੀ ਹੈ, ਪਰ ਧਰਮ ਨਿਰਪੱਖਤਾ ਅਤੇ ਵਿਗਿਆਨਕ ਤਰਕ ਧਰਮ, ਸੰਸਕ੍ਰਿਤੀ ਦੇ ਵਿਕਾਸ ਨੂੰ ਰੋਕ ਕੇ ਉਥੇ ਹੀ ਜੜ੍ਹ ਕਰ ਦਿੰਦੇ ਹਨ। ਜਿਥੇ ਭਾਰਤ ਦੀਆਂ ਧਾਰਮਿਕ ਸੰਸਕ੍ਰਿਤਕ ਪਰੰਪਰਾਵਾਂ ਨੇ ਆਪਸੀ ਸਹਿਯੋਗ ਪ੍ਰਤੀਯੋਗ, ਸੰਵਾਦ ਵਿਚੋਂ ਵੈਦਿਕ, ਉਪਨਿਸ਼ਦਿਕ, ਜੈਨ, ਬੁੱਧ, ਪੌਰਾਣਿਕ, ਭਗਤੀ, ਸਿੱਖ ਆਦਿ ਪਰੰਪਰਾਵਾਂ ਨੂੰ ਜਨਮ ਦਿੱਤਾ ਹੈ, ਉਥੇ ਸਿੱਖ ਪਰੰਪਰਾ ਅੰਦਰ ਮੌਜੂਦ ਉਪ ਪ੍ਰੰਪਰਾਵਾਂ ਨੇ ਆਪਸੀ ਸਹਿਯੋਗ, ਪ੍ਰਤਿਯੋਗ, ਸੰਵਾਦ ਵਿਚੋਂ ਸਿੰਘ ਸਭਾ ਲਹਿਰ, ਅਕਾਲੀ ਲਹਿਰ ਆਦਿ ਪਰੰਪਰਾਵਾਂ ਨੂੰ ਜਨਮ ਦੇ ਕੇ ਸਿਖ ਸੰਸਕ੍ਰਿਤੀ ਦੇ ਵਿਕਾਸ ਨੂੰ ਅੱਗੇ ਤੋਰਿਆ ਹੈ। ਪਰ ਅੱਜ ਦੇ ਸਮੇਂ ਅੰਦਰ ਧਰਮ ਨਿਰਪੱਖਤਾ ਨੇ ਸਿੱਖ ਪ੍ਰੰਪਰਾ ਨੂੰ ਧਰਮ ਅਤੇ ਰਾਜਨੀਤੀ ਵਿਚ ਵੰਡ ਕੇ ਜਿਥੇ ਰਾਜਨੀਤੀ ਅਤੇ ਆਰਥਕਤਾ ਉਪਰ ਆਪਣੀ ਆਧੁਨਿਕਤਾਵਾਦੀ ਚੌਧਰ ਸਥਾਪਤ ਕਰ ਲਈ ਹੈ, ਉਥੇ ਧਰਮ ਨੂੰ ਮਨੁੱਖ ਦੇ ਨਿੱਜੀ ਪ੍ਰੋਗਰਾਮਾਂ ਤੱਕ ਸੀਮਤ ਕਰਕੇ ਅਤੇ ਦੂਸਰੇ ਧਰਮਾਂ, ਸੰਸਕ੍ਰਿਤੀਆਂ ਨਾਲ ਇਸਦਾ ਸੰਵਾਦ ਰੋਕ ਕੇ ਇਸਦੀ ਸਮਾਜਿਕ ਗਤੀਸ਼ੀਲਤਾ ਅਤੇ ਪ੍ਰਾਸੰਗਿਕਤਾ ਖਤਮ ਕਰ ਦਿੱਤੀ ਹੈ।

ਇਹ ਗੱਲ ਪੂਰੀ ਦ੍ਰਿੜਤਾ ਨਾਲ ਆਖੀ ਜਾ ਸਕਦੀ ਹੈ ਕਿ ਧਰਮ ਨਿਰਪੱਖਤਾ ਅਤੇ ਪੂੰਜੀਵਾਦ ਦੇ ਆਧੁਨਿਕ ਪਸਾਰੇ ਨੇ ਸਿੱਖ ਭਾਈਚਾਰੇ ਦੀ ਆਰਥਿਕਤਾ, ਰਾਜਨੀਤੀ ਨੂੰ ਇਸਦੇ ਧਰਮ ਸੰਸਕ੍ਰਿਤੀ ਨਾਲੋਂ ਅਲੱਗ ਕਰਕੇ, ਇਸਦੀ ਆਰਥਿਕਤਾ, ਰਾਜਨੀਤੀ ਨੂੰ ਸਿੱਖ ਸਿਧਾਂਤ ਦੀ ਥਾਂ ਪੂੰਜੀਵਾਦੀ ਧਰਮ ਨਿਰਪੱਖ ਸਿਧਾਂਤਾਂ ਉਪਰ ਉਸਾਰ ਕੇ ਅਤੇ ਧਰਮ ਸੰਸਕ੍ਰਿਤੀ ਨੂੰ ਧਰਮ ਨਿਰਪੱਖਤਾ, ਵਿਗਿਆਨਕ ਤਰਕ ਰਾਹੀਂ ਜੜ੍ਹ ਕਰਕੇ, ਕੇਵਲ ਸਿੱਖ ਪਰੰਪਰਾ ਦੇ ਵਿਕਾਸ ਨੂੰ ਹੀ ਨਹੀਂ ਰੋਕਿਆ, ਸਗੋਂ ਭਾਰਤ ਦੀਆਂ ਵੰਨ-ਸਵੰਨਤਾ ਭਰਪੂਰ ਤਮਾਮ ਧਾਰਮਿਕ ਸੰਸਕ੍ਰਿਤਕ ਪਰੰਪਰਾਵਾਂ ਨਾਲ ਵੀ ਇਹੋ ਕੁਝ ਹੀ ਕੀਤਾ ਹੈ। ਇਸ ਲਈ ਵੰਨ-ਸਵੰਨੀਆਂ ਭਾਰਤੀ ਪਰੰਪਰਾਵਾਂ ਵਿਚਕਾਰ ਸੰਵਾਦ ਰੁਕ ਜਾਣ ਕਾਰਨ ਭਾਰਤੀ ਸੰਸਕ੍ਰਿਤੀ ਵੀ ਪੱਛਮੀ ਪੂੰਜੀਵਾਦ ਦੀ ਧਰਮ ਨਿਰਪੱਖ ਵਿਚਾਰਧਾਰਾ ਉਪਰ ਅਧਾਰਿਤ ਬਸਤੀਵਾਦੀ ਸੋਚ ਦੇ ਭਾਰ ਥੱਲੇ ਦਬ ਕੇ ਆਪਣਾ ਦਮ ਤੋੜਦੀ ਜਾ ਰਹੀ ਹੈ।

> ***ਸਿੱਖ ਪਰੰਪਰਾ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਮਾਨਵ ਕਲਿਆਣ ਲਈ ਕੇਵਲ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਆਪੋ ਆਪਣੀਆਂ ਪਰੰਪਰਾਵਾਂ ਨੂੰ ਆਪਣੇ ਬਰਾਬਰ ਦੀਆਂ ਅਧਿਕਾਰੀ ਹੀ ਨਹੀਂ ਸਮਝਦੀ ਸਗੋਂ ਉਨ੍ਹਾਂ ਨੂੰ ਆਪੋ ਆਪਣੇ ਮਾਰਗਾਂ ਉਪਰ ਚੱਲਣ ਲਈ ਨਸੀਹਤ ਵੀ ਦਿੰਦੀ ਹੈ। ਸਿੱਖ ਪਰੰਪਰਾ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਵਰਗਾ ਬਣਾਉਣ ਦੀ ਥਾਂ, ਚੰਗਾ ਹਿੰਦੂ ਅਤੇ ਚੰਗਾ ਮੁਸਲਮਾਨ ਬਣਨ ਦੀ ਹੀ ਨਸੀਹਤ ਹੈ।***

ਕਿਸੇ ਵੀ ਸੰਸਕ੍ਰਿਤਕ ਭਾਈਚਾਰੇ ਦੇ ਸਰਬਪੱਖੀ ਵਿਕਾਸ ਲਈ ਉਸ ਦੇ ਧਰਮ ਅਤੇ ਰਾਜਨੀਤੀ ਵਿਚਕਾਰ ਸੰਵਾਦਮੁਖੀ ਰਿਸ਼ਤਾ ਪਹਿਲੀ ਸ਼ਰਤ ਬਣ ਜਾਂਦੀ ਹੈ। ਜਿਵੇਂ ਭਾਰਤੀ ਸੰਸਕ੍ਰਿਤੀ ਦੇ ਵਿਕਾਸ ਲਈ ਇਸਦੀਆਂ ਤਮਾਮ ਸੰਸਕ੍ਰਿਤਕ ਪਰੰਪਰਾਵਾਂ ਦਾ ਵਿਕਾਸ ਅਤੇ ਉਨ੍ਹਾਂ ਵਿਚਕਾਰ ਆਪਸੀ ਸੰਵਾਦ ਆਵਸ਼ੱਕ ਹੈ, ਉਸੇ ਤਰ੍ਹਾਂ ਇਨ੍ਹਾਂ ਖੇਤਰੀ ਪਰੰਪਰਾਵਾਂ ਦੀ ਅੰਦਰੂਨੀ ਵੰਨ-ਸਵੰਨਤਾ ਨੂੰ ਉਤਸ਼ਾਹਿਤ ਕਰਨਾ ਵੀ ਓਨਾ ਹੀ ਲਾਜ਼ਮੀ ਹੋ ਜਾਂਦਾ ਹੈ। ਸੋ ਸਿੱਖ ਪਰੰਪਰਾ ਦੇ ਵਿਕਾਸ ਲਈ ਇਸਦੇ ਧਰਮ ਅਤੇ ਰਾਜਨੀਤੀ ਵਿਚਕਾਰ ਸੰਵਾਦਮੁਖੀ ਰਿਸ਼ਤੇ ਦੇ ਨਾਲ ਨਾਲ ਇਸਦਾ ਦੂਸਰੀਆਂ ਭਾਰਤੀ ਅਤੇ ਵਿਸ਼ਵ ਸੰਸਕ੍ਰਿਤਕ ਪਰੰਪਰਾਵਾਂ ਨਾਲ ਸੰਵਾਦ ਨੂੰ ਉਤਸ਼ਾਹਿਤ ਕਰਨਾ ਤਾਂ ਜ਼ਰੂਰੀ ਹੈ ਹੀ, ਪਰ ਸਿੱਖ ਪਰੰਪਰਾ ਦੀ ਅੰਦਰੂਨੀ ਵੰਨ-ਸਵੰਨਤਾ ਨੂੰ ਪੂਰਾ ਮਾਣ ਸਤਿਕਾਰ ਦੇ ਕੇ ਉਨ੍ਹਾਂ ਵਿਚਕਾਰ ਇਕ ਸੰਵਾਦਮੁਖੀ ਰਿਸ਼ਤਾ ਪੈਦਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਬੱਸ ਇਸ ਬਹੁਪਰਤੀ ਅਤੇ ਬਹੁਦਿਸ਼ਾਵੀ ਸੰਵਾਦ ਦਾ ਰੁਕਣਾ ਹੀ ਖਤਰਨਾਕ ਹੈ।

ਸਮਾਜ ਨੂੰ ਕਿਸੇ ਧਰਮ ਜਾਂ ਵਿਚਾਰਧਾਰਾ ਤੋਂ ਖਤਰਾ ਨਹੀਂ ਹੁੰਦਾ। ਖਤਰਾ ਤਾਂ ਕੇਵਲ ਉਦੋਂ ਹੀ ਪੈਦਾ ਹੁੰਦਾ ਹੈ ਜਦੋਂ ਕੋਈ ਧਰਮ ਜਾਂ ਵਿਚਾਰਧਾਰਾ ਸਮਾਜ ਨੂੰ ਆਪਣੀ ਇਕਲੌਤੀ ਜਕੜ ਵਿਚ ਕੈਦ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਯੌਰਪ ਉਪਰ ਕੈਥੋਲਿਕ ਚਰਚ, ਈਰਾਨ ਉਪਰ ਇਸਲਾਮ, ਰੂਸ ਉਪਰ ਮਾਰਕਸਵਾਦ, ਜਰਮਨੀ ਉਪਰ ਨਾਜ਼ੀਵਾਦ ਅਤੇ ਏਸ਼ੀਆ ਉਪਰ ਧਰਮਨਿਰਪੱਖਤਾ ਆਪਣਾ ਏਕਾਧਿਕਾਰ ਸਥਾਪਤ ਕਰਕੇ ਇਨ੍ਹਾਂ ਦੇਸ਼ਾਂ/ਕੌਮਾਂ ਦੀ ਆਪਣੀ ਵੰਨ-ਸਵੰਨਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਨਿਰਸੰਦੇਹ ਗੰਭੀਰ ਖਤਰੇ ਵਾਲੀ ਗੱਲ ਹੁੰਦੀ ਹੈ। ਇਸ ਲਈ ਖਤਰਾ ਇਸਲਾਮ, ਚਰਚ, ਅਕਾਲ ਤਖਤ ਜਾਂ ਮਾਰਕਸਵਾਦ ਤੋਂ ਨਹੀਂ, ਸਗੋਂ ਏਕਾਧਿਕਾਰਵਾਦ ਤੋਂ ਹੈ। ਇਕ ਪਾਸੇ ਇਸਲਾਮ, ਹਿੰਦੂਤਵ, ਕੈਥੋਲਿਕ ਚਰਚ ਅਤੇ ਦੂਸਰੇ ਪਾਸੇ ਹਿਟਲਰ, ਸਟਾਲਿਨ, ਮਾਓ ਅਤੇ ਧਰਮ ਨਿਰਪੱਖਤਾ ਵਿਚਕਾਰ ਸਾਂਝ ਕਿਸੇ ਧਾਰਮਿਕ ਜਾਂ ਵਿਚਾਰਧਾਰਕ ਮੂਲਵਾਦ ਦੀ ਨਹੀਂ ਸਗੋਂ ਏਕਾਧਿਕਾਰਵਾਦ (ਐਕਸਕਲਿਊਸਵਿਜ਼ਮ) ਦੀ ਹੈ।

ਦੁਨੀਆਂ ਦੀ ਬਰਬਾਦੀ ਦਾ ਕਾਰਨ ਬਣਨ ਵਾਲੇ ਧਾਰਮਿਕ ਮੂਲਵਾਦ ਅਤੇ ਵਿਚਾਰਧਾਰਕ ਕੱਟੜਵਾਦ ਦੀ ਤਹਿ ਥੱਲੇ ਇਹ ਏਕਾਧਿਕਾਰਵਾਦ ਹੀ ਕੰਮ ਕਰ ਰਿਹਾ ਹੁੰਦਾ ਹੈ, ਜੋ ਆਪਣੇ ਤੋਂ ਵੱਖਰੀ, ਅਸੰਗਿਕ ਜਾਂ ਵਿਰੋਧੀ ਸੋਚ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਥੀਓਕਰੇਸੀ ਦੀ ਕਲਰਜੀ (ਪੁਜਾਰੀ ਸ਼੍ਰੇਣੀ) ਅਤੇ ਸਮਾਜਵਾਦ ਦੀ ਬਿਊਰੋਕਰੇਸੀ ਜਦੋਂ ਆਪਣੀ ਵਿਚਾਰਧਾਰਾਕ ਉਤਮਤਾ ਦੇ ਨਾਹਰਿਆਂ ਰਾਹੀਂ ਕਿਸੇ ਸਮਾਜ ਦੀ ਵੰਨ-ਸਵੰਨਤਾ ਜਾਂ ਕਿਨਾਰਿਆਂ ਤੇ ਵਿਚਰਦੀਆਂ ਸੰਸਥਾਵਾਂ ਨੂੰ ਖਤਮ ਕਰਕੇ ਆਪਣੀ ਚੌਧਰ ਸਥਾਪਤ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਅਸਲੀ ਖਤਰਾ ਸ਼ੁਰੂ ਹੁੰਦਾ ਹੈ। ਇਸ ਲਈ ਇਹ ਸਪਸ਼ਟ ਹੈ ਕਿ ਸਿੱਖ ਪੰਥ ਨੂੰ ਆਪਣੇ ਸੰਸਕ੍ਰਿਤਕ ਵਿਕਾਸ ਦੇ ਨਾਲ ਨਾਲ ਵਿਸ਼ਵ ਸੰਸਕ੍ਰਿਤੀ ਦੇ ਵਿਕਾਸ ਵਿਚ ਆਪਣਾ ਮਹੱਤਵਪੂਰਨ ਰੋਲ ਅਦਾ ਕਰਨ ਲਈ ਸੈਕੂਲਰਿਜ਼ਮ (ਧਰਮ ਨਿਰਪੱਖਤਾ) ਦੀ ਨਹੀਂ, ਸਗੋਂ ਪਲੂਰਿਲਜ਼ਮ (ਬਹੁਵਾਦ) ਦੀ ਲੋੜ ਹੈ।

ਕਈ ਲੋਕਾਂ ਦਾ ਵਿਚਾਰ ਹੈ ਕਿ ਫਿਰਕੂ ਦੰਗਿਆਂ ਵਰਗੀਆਂ ਘਿਨਾਉਣੀਆਂ ਹਰਕਤਾਂ ਪਿਛੇ ਧਾਰਮਿਕ ਸੋਚ ਹੀ ਕੰਮ ਕਰ ਰਹੀ ਹੁੰਦੀ ਹੈ। ਉਨ੍ਹਾਂ ਦੀ ਸੋਚ ਅਨੁਸਾਰ ਕੇਵਲ ਆਧੁਨਿਕਤਾ ਦਾ ਧਰਮ ਨਿਰਪੱਖ, ਵਿਗਿਆਨਕ ਅਤੇ ਲੋਕਰਾਜੀ ਪਸਾਰਾ ਹੀ ਫਿਰਕੂਵਾਦ ਦਾ ਅੰਤ ਕਰ ਸਕਦਾ ਹੈ। ਇਸ ਲਈ ਉਹ ਹਮੇਸ਼ਾ ਧਰਮ ਨੂੰ ਰਾਜਨੀਤੀ ਨਾਲੋਂ ਅਲੱਗ ਕਰਕੇ ਸਮਾਜ ਵਿਚ ਧਰਮ ਨਿਰਪੱਖਤਾ, ਵਿਗਿਆਨਕ ਸੋਚ, ਸਨਅਤੀ ਪੂੰਜੀਵਾਦ, ਲੋਕ ਰਾਜ, ਤਰਕਸ਼ੀਲ ਦ੍ਰਿਸ਼ਟੀਕੋਣ ਆਦਿ ਨਾਲ ਜੁੜੀਆਂ ਕਦਰਾਂ-ਕੀਮਤਾਂ ਦਾ ਪ੍ਰਸਾਰ ਕਰਨ ਦੀ ਗੱਲ ਕਰਦੇ ਹਨ। ਇਨ੍ਹਾਂ ਲੋਕਾਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਨਅਤੀ ਪੂੰਜੀਵਾਦ ਦੇ ਵਿਕਾਸ ਨਾਲ ਸਮਾਜ ਵਿਚ ਹੋਣ ਵਾਲੇ ਆਧੁਨਿਕਤਾਵਾਦ ਦੇ ਪਸਾਰੇ ਕਾਰਨ ਧਾਰਮਿਕ ਮੂਲਵਾਦ ਅਤੇ ਫਿਰਕੂ ਦੰਗੇ ਆਪਣੇ ਆਪ ਹੀ ਖਤਮ ਹੋ ਜਾਣਗੇ। ਪਰ ਇਨ੍ਹਾਂ ਲੋਕਾਂ ਨੂੰ ਇਹ ਜਾਣ ਕੇ ਬੜੀ ਦੁਬਿਧਾ ਹੁੰਦੀ ਹੈ ਕਿ ਫਿਰਕੂ ਦੰਗੇ ਸਨਅਤੀ ਪੂੰਜੀਵਾਦ ਅਤੇ ਆਧੁਨਿਕਤਾ ਤੋਂ ਦੂਰ ਬੈਠੇ ਪਿੰਡਾਂ ਵਿਚ ਨਹੀਂ, ਸਗੋਂ ਆਧੁਨਿਕਤਾ ਵੱਲ ਤੇਜ਼ੀ ਨਾਲ ਵਧ ਰਹੇ ਸ਼ਹਿਰਾਂ ਵਿਚ ਵਧੇਰੇ ਹੁੰਦੇ ਹਨ। ਫੇਰ ਜਿਵੇਂ ਜਿਵੇਂ ਅਸੀਂ ਇਤਿਹਾਸ ਵਿਚ ਪਿਛਾਂਹ ਨੂੰ ਆਧੁਨਿਕਤਾ ਤੋਂ ਦੂਰ ਜਾਂਦੇ ਹਾਂ, ਫਿਰਕੂ ਦੰਗਿਆਂ ਦੀ ਗਿਣਤੀ ਵੀ ਘਟਦੀ ਚਲੀ ਜਾਂਦੀ ਹੈ। ਦੰਗਿਆਂ ਦਾ ਭਿਆਨਕ ਰੂਪ ਤਾਂ ਆਧੁਨਿਕ ਕਾਲ ਵਿਚ ਸਨਅਤੀ ਪੂੰਜੀਵਾਦ, ਤਰਕਸ਼ੀਲ ਦ੍ਰਿਸ਼ਟੀਕੋਣ, ਧਰਮ ਨਿਰਪੱਖਤਾ ਅਤੇ ਲੋਕਰਾਜੀ ਸੰਸਥਾਵਾਂ ਦੇ ਪਾਸਾਰ ਨਾਲ ਹੀ ਸ਼ੁਰੂ ਹੁੰਦਾ ਹੈ। ਦੇਸ਼ ਦੀ ਵੰਡ ਸਮੇਂ 1947 ਵਿਚ ਵੀ ਫਿਰਕੂ ਅੱਗ ਓਨੀ ਰਿਆਸਤਾਂ ਵਿਚ ਨਹੀਂ ਭੜਕੀ ਜਿੰਨੀ ਆਧੁਨਿਕਤਾਵਾਦ ਵਲ ਵਧ ਰਹੇ ਅੰਗਰੇਜ਼ੀ ਰਾਜ ਵਿਚ। ਇਹ ਤਾਂ ਮੰਨਣਾ ਹੀ ਪਵੇਗਾ ਕਿ ਫਿਰਕੂ ਦੰਗਿਆਂ ਦਾ ਆਧੁਨਿਕ ਕਾਲ ਦੀ ਪ੍ਰਬੰਧਕੀ ਕੁਸ਼ਲਤਾ, ਪੂੰਜੀਵਾਦੀ ਸੋਚ, ਲੋਕ ਰਾਜ ਸੰਘਰਸ਼ (ਵੋਟ ਸੰਘਰਸ਼), ਧਰਮ ਨਿਰਪੱਖਤਾ ਆਦਿ ਨਾਲ ਧਰਮ ਨਾਲੋਂ ਕਿਤੇ ਡੂੰਘਾ ਸੰਬੰਧ ਹੈ। ਫਿਰਕੂ ਦੰਗਿਆਂ ਦਾ ਸਬੰਧ ਓਨਾ ਧਾਰਮਿਕ ਅਤੇ ਅਧਿਆਤਮਕ ਜਜ਼ਬਿਆਂ ਨਾਲ ਨਹੀਂ ਜਿੰਨਾ ਪੂੰਜੀਵਾਦੀ ਪ੍ਰਤਿਯੋਗਤਾ, ਨਫੇ, ਲੁੱਟ ਖਸੁੱਟ, ਬਲਾਤਕਾਰ, ਮੀਡੀਆ, ਆਧੁਨਿਕ ਹਥਿਆਰਾਂ, ਪ੍ਰਬੰਧਕੀ ਕੁਸ਼ਲਤਾਵਾਂ, ਜਮਹੂਰੀਅਤ (ਵੋਟ ਯੁੱਧ) ਅਤੇ ਤਰਕਸ਼ੀਲ ਪਲੈਨਿੰਗ ਨਾਲ ਹੈ। ਸੋ, ਮੌਜੂਦਾ ਸਮੇਂ ਦੇ ਫਿਰਕੂ ਦੰਗੇ ਅਸਲ ਵਿਚ ਧਰਮ ਨਿਰਪੱਖ ਦੰਗੇ ਹੀ ਹੁੰਦੇ ਹਨ ਜਿਨ੍ਹਾਂ ਨੂੰ ਧਾਰਮਿਕ ਅਤੇ ਅਧਿਆਤਮਕ ਵਿਚਾਰਧਾਰਾ ਦੀ ਉਪਜ ਆਖ ਕੇ ਆਧੁਨਿਕਤਾ ਅਤੇ ਪੂੰਜੀਵਾਦ ਦਾ ਚਿਹਰਾ ਸਾਫ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

1984 ਦੇ ਸਿੱਖ ਵਿਰੋਧੀ ਦਿੱਲੀ ਦੰਗੇ ਇਸ ਗੱਲ ਦੀ ਪੂਰੀ ਗਵਾਹੀ ਭਰਦੇ ਹਨ। ਦਿੱਲੀ ਦੇ ਸਿੱਖ ਪਰਿਵਾਰਾਂ ਉਪਰ ਹਮਲਾ ਕਰਨ ਵਾਲੇ ਲੋਕ ਕੋਈ ਧਾਰਮਿਕ ਅਤੇ ਅਧਿਆਤਮਕ ਪ੍ਰਵਿਰਤੀ ਵਾਲੇ ਆਮ ਸ਼ਹਿਰੀ ਨਹੀਂ ਸਨ, ਸਗੋਂ ਇਹ ਉਹ ਲੋਕ ਸਨ ਜਿਨ੍ਹਾਂ ਨੂੰ ਬੱਸਾਂ ਅਤੇ ਟਰੱਕਾਂ ਵਿਚ ਲੁੱਟ ਖਸੁੱਟ ਅਤੇ ਬਲਾਤਕਾਰ ਦੇ ਲਾਲਚ ਅਧੀਨ, ਵੋਟਾਂ ਦੀ ਲੜਾਈ ਲੜਨ ਵਾਲੇ ਧਰਮ ਨਿਰਪੱਖ ਲੋਕ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਇਕੱਠੇ ਕਰਕੇ ਲਿਆਏ ਸਨ। ਇਹ ਦੰਗੇ ਕੋਈ ਧਾਰਮਿਕ ਜਜ਼ਬਾਤੀ ਵਹਾ ਦੁਆਰਾ ਨਹੀਂ, ਸਗੋਂ ਗੈਰ ਜਜ਼ਬਾਤੀ ਢੰਗ ਨਾਲ ਪੂਰੀ ਪ੍ਰਬੰਧਕੀ ਕੁਸ਼ਲਤਾ, ਤਰਕਸ਼ੀਲ ਪਲੈਨਿੰਗ ਅਤੇ ਆਧੁਨਿਕ ਮੀਡੀਆ ਦੀ ਸਹਾਇਤਾ ਨਾਲ ਆਧੁਨਿਕ ਤਕਨੀਕਾਂ ਰਾਹੀਂ ਸੰਗਠਿਤ ਕੀਤੇ ਗਏ ਸਨ। ਜਿਹੜੇ ਲੋਕਾਂ ਨੇ ਇਹ ਲੁੱਟ ਮਾਰ ਅਤੇ ਕਤਲੋਗਾਰਤ ਕੀਤੀ, ਉਨ੍ਹਾਂ ਨੂੰ ਇੰਦਰਾ ਗਾਂਧੀ ਦੇ ਕਤਲ ਦਾ ਓਨਾ ਗੁੱਸਾ ਨਹੀਂ ਸੀ, ਜਿੰਨਾ ਲੁੱਟ ਦੇ ਸਮਾਨ ਅਤੇ ਔਰਤਾਂ ਦੇ ਬਲਾਤਕਾਰ ਦਾ ਲਾਲਚ ਸੀ।

ਨਾ ਤਾਂ ਫਿਰਕੂ ਸਿੱਖ ਪੰਜਾਬ ਦੀ ਸਿੱਖ ਬਹੁਗਿਣਤੀ ਵਾਲੇ ਪੇਂਡੂ ਇਲਾਕਿਆਂ ਵਿਚ ਹਿੰਦੂਆਂ ਵਿਰੁਧ ਇਕ ਵੀ ਫਿਰਕੂ ਦੰਗਾ ਭੜਕਾ ਸਕੇ ਅਤੇ ਨਾ ਹੀ ਸ਼ਹਿਰਾਂ ਵਿਚ ਕੱਟੜ ਹਿੰਦੂ ਪ੍ਰਚਾਰਕ ਸਿੱਖਾਂ ਵਿਰੁਧ ਧਾਰਮਿਕ ਕਿਸਮ ਦੇ ਹਿੰਦੂਆਂ ਨੂੰ ਭੜਕਾ ਕੇ ਕੋਈ ਦੰਗਾ ਕਰਵਾ ਸਕੇ। ਇਹ ਤਾਂ ਵਿਗਿਆਨਕ ਅਤੇ ਤਰਕਸ਼ੀਲ ਯੋਜਨਾ ਰਾਹੀਂ ਅਤੇ ਗੈਰ ਜਜ਼ਬਾਤੀ ਢੰਗ ਨਾਲ ਵੋਟ ਯੁੱਧ ਨੀਤੀ (ਜਮਹੂਰੀਅਤ) ਵਿਚ ਜਿੱਤਣ ਲਈ ਕੁਝ ਖਾਸ ਕਿਸਮ ਦੇ ਲੋਕਾਂ ਨੂੰ (ਜਿਨ੍ਹਾਂ ਦਾ ਧਾਰਮਿਕ ਅਤੇ ਅਧਿਆਤਮਕ ਸੋਚ ਨਾਲ ਕੋਈ ਰਿਸ਼ਤਾ ਨਹੀਂ) ਲੁੱਟ-ਖਸੁੱਟ ਅਤੇ ਬਲਾਤਕਾਰ ਦੇ ਲਾਲਚ ਦੇ ਕੇ ਵਰਤਣ ਦੀ ਆਧੁਨਿਕ ਪ੍ਰਬੰਧਕੀ ਨੀਤੀ ਹੈ। ਭਾਵੇਂ ਇਹ ਸਤੰਬਰ 1984 ਦੇ ਮੁਸਲਮਾਨ ਵਿਰੋਧੀ ਹੈਦਰਾਬਾਦ ਦੇ ਦੰਗੇ ਹੋਣ, ਭਾਵੇਂ ਨਵੰਬਰ 1984 ਦੇ ਸਿੱਖ ਵਿਰੋਧੀ ਦਿੱਲੀ ਦੰਗੇ, ਭਾਵੇਂ ਅਪ੍ਰੈਲ 1985 ਦੇ ਦਲਿਤ ਵਿਰੋਧੀ ਅਹਿਮਦਾਬਾਦ ਦੇ ਦੰਗੇ, ਇਹ ਸਾਰੇ ਧਾਰਮਿਕ-ਅਧਿਆਤਮਕ ਵਿਚਾਰਾਂ/ਜਜ਼ਬਾਤ ਤੋਂ ਅਲਿਪਤ ਆਧੁਨਿਕ ਤਕਨੀਕੀ ਦੰਗੇ ਸਨ। ਇਨ੍ਹਾਂ ਨੂੰ ਇਸ ਲਈ ਫਿਰਕੂ ਦੰਗੇ ਕਹਿਣ ਦੀ ਥਾਂ, ਧਰਮ ਨਿਰਪੱਖ ਦੰਗੇ ਕਹਿਣਾ ਵਧੇਰੇ ਉਚਿਤ ਹੋਵੇਗਾ ਕਿਉਂਕਿ ਇਹ ਦੰਗੇ ਕਿਸੇ ਧਾਰਮਿਕ ਜਜ਼ਬਿਆਂ ਦੇ ਵਹਿਣ ਵਿਚ ਵਹਿ ਕੇ ਨਹੀਂ ਕੀਤੇ ਜਾਂਦੇ, ਸਗੋਂ ਬੜੇ ਤਰਕਸ਼ੀਲ ਢੰਗ ਨਾਲ ਪੂਰੀ ਸੋਚ ਵਿਚਾਰ ਬਾਅਦ, ਅਤੇ ਆਧੁਨਿਕ ਪ੍ਰਬੰਧਕੀ ਤਕਨੀਕਾਂ ਰਾਹੀਂ, ਇਕ ਪਦਾਰਥਕ ਅਤੇ ਜਮਹੂਰੀ ਜੰਗ ਜਿੱਤਣ ਲਈ ਕੀਤੇ ਜਾਂਦੇ ਹਨ। ਇਸ ਲਈ ਇਹ ਮੁੱਖ ਤੌਰ ਤੇ ਆਪਣੇ ਆਪ ਨੂੰ ਬਚਾ ਕੇ ਰੱਖਣ ਲਈ ਆਪਣੇ ਧਰਮ ਵਿਚ ਪਰਪੱਕ ਲੋਕਾਂ ਦੇ ਖਿਲਾਫ ਨਹੀਂ, ਸਗੋਂ ਉਨ੍ਹਾਂ ਲੋਕਾਂ ਦੇ ਖਿਲਾਫ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਕੋਈ ਪਹਿਚਾਣ ਹੀ ਨਾ ਹੋਵੇ। ਉਦਾਹਰਣ ਦੇ ਤੌਰ ‘ਤੇ 1984 ਦੇ ਦੰਗਿਆਂ ਵਿਚ ਓਨੇ ਮੱਧ ਵਰਗ ਦੇ ਅੰਮ੍ਰਿਤਧਾਰੀ ਸਿੱਖ ਨਹੀਂ ਮਾਰੇ ਗਏ ਜਿੰਨੇ ਗਰੀਬ ਕਾਲੋਨੀਆਂ ਵਿਚ ਰਹਿਣ ਵਾਲੇ ਹਿੰਦੀ ਭਾਸ਼ੀ, ਗੈਰ-ਅੰਮ੍ਰਿਤਧਾਰੀ ਜਾਂ ਪਤਿਤ ਕਿਸਮ ਦੇ ਗਰੀਬ ਸਿੱਖ ਮਾਰੇ ਗਏ ਸਨ। ਇਸ ਲਈ ਇਹ ਇਲਜ਼ਾਮ ਕਿ ਧਾਰਮਿਕ ਜਜ਼ਬੇ ਫਿਰਕੂ ਦੰਗਿਆਂ ਨੂੰ ਜਨਮ ਦਿੰਦੇ ਸਨ, ਸਰਾਸਰ ਗਲਤ ਹੈ।

ਭਾਰਤ ਦੇ ਫਿਰਕੂ ਦੰਗਿਆਂ ਪਿਛੇ ਤਾਂ ਨਿਸ਼ਚੇ ਹੀ ਲੋਕਰਾਜੀ, ਧਰਮ ਨਿਰਪੱਖ ਅਤੇ ਤਰਕਸ਼ੀਲ ਸ਼ਕਤੀਆਂ ਹੀ ਕੰਮ ਕਰਦੀਆਂ ਦਿਖਾਈ ਦਿੰਦੀਆਂ ਹਨ। ਇਸੇ ਲਈ ਇਨ੍ਹਾਂ ਦੰਗਿਆਂ ਨੂੰ ਧਰਮ ਨਿਰਪੱਖ ਫਿਰਕੂ ਦੰਗੇ ਕਹਿਣਾ ਵਧੇਰੇ ਉਚਿਤ ਹੈ।

ਇਸ ਹਿਸਾਬ ਨਾਲ ਫਿਰਕੂਵਾਦ ਜਾਂ ਮੂਲਵਾਦ ਨੂੰ ਕਿਸੇ ਭਾਈਚਾਰੇ ਦੀ ਸੰਸਕ੍ਰਿਤਕ ਏਕਤਾ ਅੰਦਰ ਧਰਮ ਅਤੇ ਰਾਜਨੀਤੀ ਦੀ ਦੁਫੇੜ ਖੜ੍ਹੀ ਕਰਨ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਹਕੀਕਤ ਵਿਚ ਜਿਵੇਂ ਕਿ ਉਪਰ ਦੇਖਿਆ ਗਿਆ ਹੈ, ਧਰਮ ਅਤੇ ਰਾਜਨੀਤੀ ਦੀ ਇਹ ਵਿਥ ਹੀ, ਧਰਮ ਦੇ ਅਜਿਹੇ ਦੁਰਉਪਯੋਗ ਦਾ ਆਧਾਰ ਬਣਦੀ ਹੈ। ***(ਅਗਲੇ ਸਫੇ ’ਤੇ ਜਾਰੀ)***

# "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿਨ ਤੇ"


**ਡਾ. ਗੁਰਨਾਮ ਕੌਰ***

ਸਿੱਖ ਧਰਮ-ਚਿੰਤਨ ਵਿਚ ਮਨੁੱਖ ਨੂੰ ਜਗਦੀਸ਼ੈ-ਅੰਸ਼ ਪ੍ਰਵਾਨ ਕੀਤਾ ਹੈ। ਗੁਰਬਾਣੀ ਅਨੁਸਾਰ ਮਨੁੱਖ ਸੰਸਾਰ 'ਤੇ ਉਦੋਂ ਆਉਂਦਾ ਹੈ ਜਾਂ ਜਨਮ ਲੈਂਦਾ ਹੈ ਜਦੋਂ ਪਰਮਾਤਮਾ ਉਸ ਵਿਚ ਆਪਣੀ ਜੋਤਿ ਰੱਖਦਾ ਹੈ। ਗੁਰੂ ਅਮਰਦਾਸ ਜੀ ਨੇ ਰਾਗ ਰਾਮਕਲੀ, ਅਨੰਦ ਸਾਹਿਬ ਬਾਣੀ ਵਿਚ ਮਨੁੱਖ ਦੇ ਸੰਸਾਰ 'ਤੇ ਆਉਣ ਦੇ ਮਨੋਰਥ ਨੂੰ ਸਪੱਸ਼ਟ ਕੀਤਾ ਹੈ। ਉਨ੍ਹਾਂ ਫੁਰਮਾਇਆ ਹੈ;

ਏ ਸਰੀਰਾ ਮੇਰਿਆ
ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ।।(ਪੰਨਾ 921)

ਮਨੁੱਖੀ ਸਰੀਰ ਸੰਸਾਰ 'ਤੇ ਤਾਂ ਆਉਂਦਾ ਹੈ, ਜਨਮ ਧਾਰਦਾ ਹੈ ਜਦੋਂ ਪਰਮਾਤਮਾ ਆਪਣੀ ਜੋਤਿ ਉਸ ਵਿਚ ਰੱਖਦਾ ਹੈ। ਪਰਮਾਤਮਾ ਆਪਣੇ ਆਪ ਤੋਂ ਮਨੁੱਖ ਦੀ ਘਾੜਤ ਘੜਦਾ ਹੈ ਇਸ ਲਈ ਉਹ ਹੀ ਇਸ ਸੰਸਾਰ ਦਾ ਸਿਰਜਣਹਾਰਾ ਹੈ। ਉਹ ਆਪ ਹੀ ਮਾਤਾ ਹੈ ਤੇ ਆਪ ਹੀ ਪਿਤਾ ਹੈ ਜਿਹੜਾ ਮਨੁੱਖ ਨੂੰ ਪੈਦਾ ਕਰਕੇ ਇਸ ਸੰਸਾਰ ਦਾ ਚਲਨ ਮਨੁੱਖ ਨੂੰ ਦਿਖਾਉਂਦਾ ਹੈ। ਇਹ ਸੰਸਾਰ ਪਰਮਾਤਮਾ ਦਾ ਪੈਦਾ ਕੀਤਾ ਹੋਇਆ ਇੱਕ ਖੇਲ ਹੈ, ਤਮਾਸ਼ਾ ਹੈ ਜਿਸ ਦੀ ਸੋਝੀ ਮਨੁੱਖ ਨੂੰ ਗੁਰੂ ਤੋਂ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਾਰੀ ਸ੍ਰਿਸਟੀ ਵਿਚ ਇੱਕ ਪਰਮਾਤਮਾ ਦਾ ਨੂਰ ਵਸ ਰਿਹਾ ਹੈ। ਉਹ ਪਰਮਾਤਮਾ ਹੀ ਸਭ ਥਾਈਂ ਇਕ-ਰਸ ਵਿਆਪਕ ਹੈ ਜੋ ਸਦਾ ਰਹਿਣ ਵਾਲਾ ਹੈ। ਜਿਹੜਾ ਮਨੁੱਖ ਇਸ ਵਿਆਪਕਤਾ ਨੂੰ ਸਮਝ ਲੈਂਦਾ ਹੈ, ਉਹ ਇਸ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। ਪਰਮਾਤਮਾ ਦੇ ਦਰਬਾਰ ਵਿਚ ਇਸ ਗੱਲ ਦੀ ਪਰਖ ਨਹੀਂ ਹੁੰਦੀ ਕਿ ਮਨੁੱਖ ਕਿਹੜੀ ਜਾਤ ਦਾ ਹੈ, ਕਿਉਂਕਿ ਜਾਤ ਵੰਡ ਮਨੁੱਖ ਨੇ ਆਪ ਕੀਤੀ ਹੈ। ਪਰਮਾਤਮਾ ਦੇ ਦਰਬਾਰ ਵਿਚ ਤਾਂ ਮਨੁੱਖ ਦੇ ਕਰਮ ਵਿਚਾਰੇ ਜਾਂਦੇ ਹਨ ਕਿ ਸੰਸਾਰ 'ਤੇ ਕਰਮ ਕਿਹੋ ਜਿਹੇ ਕਰਦਾ ਆਇਆ ਹੈ। ਇਸ ਲਈ ਇਹ ਮੰਨਣਾ ਕਿ ਮਨੁੱਖ ਉਚੀ ਜਾਂ ਨੀਵੀਂ ਜਾਤ ਦਾ ਹੈ ਗਲਤ ਹੈ। ਜਾਤੀ-ਅਭਿਮਾਨ ਗਲਤ ਹੈ। ਇਸ ਲਈ ਵਰਣ ਵੰਡ ਨਿਰਅਧਾਰ ਹੈ। ਮਨੁੱਖ ਵਲੋਂ ਪਾਈ ਜਾਤ-ਵੰਡ ਵਿਚ ਬ੍ਰਾਹਮਣ ਨੂੰ ਸਭ ਤੋਂ ਉਤੇ ਮੰਨਿਆ ਗਿਆ ਹੈ ਪਰ ਗੁਰਬਾਣੀ ਅਨੁਸਾਰ ਬ੍ਰਾਹਮਣ ਉਹ ਨਹੀਂ ਜੋ ਬ੍ਰਾਹਮਣ ਕੁਲ ਵਿਚ ਪੈਦਾ ਹੋਇਆ ਹੈ। ਬ੍ਰਾਹਮਣ ਉਹ ਹੈ ਜਿਸ ਨੇ ਬ੍ਰਹਮ ਦਾ ਅਨੁਭਵ ਕਰ ਲਿਆ ਹੈ, ਜਿਸ ਨੇ ਉਸ ਨੂੰ ਪਾ ਲਿਆ ਹੈ। ਮਨੁੱਖ ਚਾਰ ਵਰਣਾਂ ਦੀ ਗੱਲ ਕਰਦਾ ਹੈ ਪਰ ਉਹ ਇਹ ਨਹੀਂ ਸਮਝਦਾ ਕਿ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਮੂਲ ਹੈ, ਉਸ ਜੋਤਿ-ਰੂਪ ਤੋਂ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਕਈ ਕਿਸਮ ਦੇ ਭਾਂਡੇ ਬਣਾਉਂਦਾ ਹੈ, ਉਸੇ ਤਰ੍ਹਾਂ ਪਰਮਾਤਮਾ ਨੇ ਆਪਣੇ ਆਪ ਤੋਂ ਇਹ ਸਾਰਾ ਸੰਸਾਰ ਬਣਾਇਆ ਹੈ। ਪੰਜ ਤੱਤਾਂ ਤੋਂ ਮਿਲ ਕੇ ਇਹ ਸਰੀਰ ਬਣਦਾ ਹੈ। ਕੋਈ ਵੀ ਮਨੁੱਖ ਇਹ ਨਹੀਂ ਕਹਿ ਸਕਦਾ ਕਿ ਕਿਸ ਵਰਨ ਦੇ ਮਨੁੱਖ ਵਿਚ ਕਿਹੜੇ ਤੱਤ ਜ਼ਿਆਦਾ ਮਾਤਰਾ ਵਿਚ ਹਨ, ਕਿਸ ਵਿਚ ਘੱਟ ਮਾਤਰਾ ਵਿਚ ਹਨ। ਮਨੁੱਖ ਸੰਸਾਰ ਵਿਚ ਜਿਸ ਕਿਸਮ ਦੇ ਕਰਮ ਕਰਦਾ ਹੈ, ਉਨ੍ਹਾਂ ਅਨੁਸਾਰ ਹੀ ਉਹ ਸੰਸਕਾਰਾਂ ਦੇ ਕਰਮ-ਬੰਧਨ ਵਿਚ ਬੱਝਾ ਹੋਇਆ ਹੈ। ਇਨ੍ਹਾਂ ਸੰਸਕਾਰਾਂ ਦੇ ਬੰਧਨ ਤੋਂ ਉਚਾ ਉਠਣ ਲਈ ਗੁਰੂ ਦੇ ਦਸੇ ਮਾਰਗ 'ਤੇ ਚਲਣ ਦੀ ਲੋੜ ਹੈ। ਗੁਰੂ ਰਾਹੀਂ ਮਨੁੱਖ ਨੂੰ ਪਤਾ ਲਗਦਾ ਹੈ ਕਿ ਉਸ ਨੂੰ ਕਿਹੋ ਜਿਹੇ ਕਰਮ ਕਰਨੇ ਚਾਹੀਦੇ ਹਨ। ਗੁਰੂ ਨਾਨਕ ਨੇ ਆਪਣੇ ਆਪ ਨੂੰ ਨੀਚ ਜਾਤਿ ਦੇ ਕਹੇ ਜਾਣ ਵਾਲੇ ਲੋਕਾਂ ਦੇ ਨਾਲ ਖੜਾ ਕੀਤਾ। ਉਨ੍ਹਾਂ ਨੇ ਸਪਸ਼ਟ ਕੀਤਾ ਕਿ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ। ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।। ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।। (ਪੰਨਾ 15)

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਉਧਾਰ ਲਈ ਚਾਰ ਦਿਸ਼ਾਵਾਂ ਵਿਚ ਚਾਰ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਹਿੰਦੁਸਤਾਨ ਵਿਚ ਦੂਰ-ਦੁਰਾਡੇ ਧੁਰ ਲੱਦਾਖ ਤੱਕ, ਅਸਾਮ ਤੱਕ ਗਏ। ਉਨ੍ਹਾਂ ਨੇ ਥਾਂ ਥਾਂ ਧਾਰਮਿਕ ਆਗੂਆਂ ਨਾਲ ਗੋਸ਼ਟੀਆਂ ਕੀਤੀਆਂ ਅਤੇ ਆਮ ਲੋਕਾਂ ਨੂੰ ਉਪਦੇਸ਼ ਕੀਤਾ। ਦੱਖਣ ਵਿਚ ਸ੍ਰੀ ਲੰਕਾ ਤੱਕ ਗਏ। ਹਿੰਦੁਸਤਾਨ ਤੋਂ ਬਾਹਰ ਮੱਕਾ ਮਦੀਨਾ ਅਤੇ ਬਗਦਾਦ ਤੱਕ ਗਏ। ਉਨ੍ਹਾਂ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਸਾਰੇ ਮਨੁੱਖ ਉਸ ਇੱਕ ਪਰਮਾਤਮਾ ਤੋਂ ਪੈਦਾ ਹੋਏ ਹਨ। ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਮਨੁੱਖ ਨੂੰ ਜਾਤਿ ਜਾਂ ਧਰਮ ਦੇ ਨਾਂ 'ਤੇ ਵੰਡਣਾ ਠੀਕ ਨਹੀਂ। ਉਹ ਨੀਚ ਕਹੇ ਜਾਣ ਵਾਲੇ ਲੋਕਾਂ ਦੇ ਘਰ ਠਹਿਰਦੇ। ਉਦਾਸੀਆਂ ਤੋਂ ਬਾਅਦ ਆਪਣੇ ਸਿਧਾਂਤ ਦੇ ਪ੍ਰਚਾਰ ਲਈ ਅਤੇ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਉਨ੍ਹਾਂ ਨੇ ਕਰਤਾਰਪੁਰ (ਹੁਣ ਪਾਕਿਸਤਾਨ ਵਿਚ) ਵਸਾਇਆ ਅਤੇ ਕਰਤਾਰਪੁਰ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਉਨ੍ਹਾਂ ਦੇ ਚਲਾਏ ਮਾਰਗ ਨੂੰ ਭਾਈ ਗੁਰਦਾਸ ਨੇ ਬਿਆਨ ਕਰਦਿਆਂ ਕਿਹਾ ਹੈ, "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ"। ਇਥੋਂ ਹੀ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸਿਧਾਂਤ ਪ੍ਰਸਾਰਤ ਕੀਤਾ। ਵਰਣ-ਵੰਡ ਵਿਚ ਹੱਥ ਦੀ ਕਿਰਤ ਕਰਨ ਵਾਲੇ ਨੂੰ ਸਭ ਤੋਂ ਨੀਵਾਂ ਦਰਜਾ ਦਿੱਤਾ ਗਿਆ ਹੈ ਪਰ ਗੁਰੂ ਨਾਨਕ ਨੇ ਮਨੁੱਖ ਨੂੰ ਹੱਥੀਂ ਕੰਮ ਕਰਕੇ, ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਉਪਦੇਸ਼ ਕੀਤਾ। ਸੱਚੀ ਸੁੱਚੀ ਕਿਰਤ ਕਰਨ ਵਾਲਾ ਮਨੁੱਖ ਹੀ ਪਰਮਾਤਮਾ ਦੇ ਨਾਮ ਸਿਮਰਨ ਦੇ ਰਾਹ ਪੈ ਸਕਦਾ ਹੈ। ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇ ਹੁਕਮ ਨੂੰ ਮੰਨਦਿਆਂ ਖਡੂਰ ਸਾਹਿਬ ਨਗਰ ਵਸਾਇਆ। ਲੰਗਰ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ ਜਿਥੇ ਸੰਗਤ ਆਪਣੇ ਹੱਥੀਂ ਲੰਗਰ ਤਿਆਰ ਕਰਕੇ ਇੱਕ ਥਾਂ ਇੱਕਠੇ ਬੈਠ ਕੇ ਪ੍ਰਸ਼ਾਦੇ ਛਕਦੀ। ਗੁਰੂ ਅੰਗਦ ਦੇਵ ਦੀ ਸੁਪਤਨੀ ਮਾਤਾ ਖੀਵੀ ਲੰਗਰ ਦੀ ਸੇਵਾ ਆਪਣੀ ਨਿਗਰਾਨੀ ਹੇਠ ਆਪ ਕਰਦੇ ਅਤੇ ਕਰਵਾਉਂਦੇ। ਇਸ ਦਾ ਜ਼ਿਕਰ ਸਤੇ ਅਤੇ ਬਲਵੰਡ ਨੇ ਆਪਣੀ ਵਾਰ ਵਿਚ ਕੀਤਾ ਹੈ। ਗੁਰੂ ਅਮਰਦਾਸ ਨੇ ਗੋਇੰਦਵਾਲ ਨਗਰ ਵਸਾ ਕੇ ਉਸ ਨੂੰ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਪਾਣੀ ਦੀ ਲੋੜ ਨੂੰ ਮੁੱਖ ਰਖਦਿਆਂ ਬਉਲੀ ਬਣਵਾਈ। ਏਕਤਾ ਅਤੇ ਬਰਾਬਰੀ ਦੇ ਸਿਧਾਂਤ ਨੂੰ ਹੋਰ ਮਜ਼ਬੂਤ ਕਰਨ



ਲਈ ਉਨ੍ਹਾਂ ਨੇ ਲੰਗਰ ਛਕਣ ਨੂੰ ਜ਼ਰੂਰੀ ਕਰਾਰ ਦਿੱਤਾ। ਅਕਬਰ ਬਾਦਸ਼ਾਹ ਵੀ ਜਦੋਂ ਗੁਰੂ ਅਮਰਦਾਸ ਨੂੰ ਮਿਲਣ ਆਇਆ ਤਾਂ ਉਸ ਨੂੰ ਆਦੇਸ਼ ਕੀਤਾ ਕਿ ਪਹਿਲਾਂ ਸੰਗਤ ਵਿਚ ਬੈਠ ਕੇ ਲੰਗਰ ਛਕੋ। ਸਦੀਆਂ ਤੋਂ ਊਚ-ਨੀਚ ਦੀ ਰਸੋਈ ਦੀ ਸੁਚਮਤਾ ਦੀ ਜਿਹੜੀ ਪਰੰਪਰਾ ਚਲੀ ਆਉਂਦੀ ਸੀ ਉਸ ਨੂੰ ਸਖਤੀ ਨਾਲ ਤੋੜਿਆ। ਗੁਰੂ ਰਾਮਦਾਸ ਨੇ ਧਰਮ ਪ੍ਰਚਾਰ ਦੇ ਕੇਂਦਰ ਦੇ ਰੂਪ ਵਿਚ ਰਾਮਦਾਸ ਨਗਰ (ਅੰਮ੍ਰਿਤਸਰ) ਦੀ ਨੀਂਹ ਰੱਖੀ ਅਤੇ ਸਰੋਵਰ ਦੀ ਉਸਾਰੀ ਸ਼ੁਰੂ ਕੀਤੀ। ਗੁਰੂ ਅਰਜਨ ਦੇਵ ਨੇ ਸਰੋਵਰ ਦੀ ਉਸਾਰੀ ਸੰਪੂਰਨ ਕਰਵਾਈ ਅਤੇ ਸਰੋਵਰ ਵਿਚ ਹਰਿਮੰਦਰ ਸਾਹਿਬ ਬਣਾਇਆ। ਦਰਬਾਰ ਸਾਹਿਬ ਦੇ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖੇ ਗਏ। ਇਥੇ ਹਰ ਧਰਮ, ਹਰ ਜਾਤਿ, ਨਸਲ ਜਾਂ ਕੌਮ ਦੇ ਮਨੁੱਖ ਆ ਸਕਦੇ ਹਨ। ਸਾਰੀ ਮਨੁੱਖਤਾ ਲਈ ਇਸ ਦੇ ਦਰਵਾਜ਼ੇ ਖੋਲ ਦਿੱਤੇ। ਇਹੀ ਨਹੀਂ ਸਿਧਾਂਤਕ ਰੂਪ ਵਿਚ ਗੁਰੂ ਅਰਜਨ ਦੇਵ ਨੇ ਜੋ ਜਾਤ ਅਤੇ ਕੁਲ ਦਾ ਨਾਸ਼ ਮਾਡਲ ਦਿੱਤਾ ਉਹ ਇਸ ਪ੍ਰਕਾਰ ਹੈ;

ਮਾਤਰ ਪਿਤਰ ਤਿਆਗਿ ਕੈ
ਮਨੁ ਸੰਤਨ ਪਾਹਿ ਬੇਚਾਇਓ।।
ਜਾਤਿ ਜਨਮ ਕੁਲ ਖੋਈਐ
ਹਉ ਗਾਵਉ ਹਰਿ ਹਰੀ।। (ਪੰਨਾ 1230)

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਗੁਰੂ ਦੇ ਉਪਦੇਸ਼ ਸਦਕਾ ਮੈਂ ਆਪਣੇ ਮਾਤਾ ਪਿਤਾ ਦਾ ਮੋਹ ਛੱਡ ਦਿਤਾ ਹੈ ਅਤੇ ਆਪਣਾ ਮਨ ਸੰਤ ਜਨਾਂ ਦੇ ਹਵਾਲੇ ਕਰ ਦਿੱਤਾ ਹੈ। ਮੈਂ ਉਚੀ ਜਾਤਿ, ਜਨਮ, ਕੁਲ ਆਦਿ ਦਾ ਮਾਣ ਛੱਡ ਦਿੱਤਾ ਹੈ ਅਤੇ ਆਪਣੇ ਮਨ ਨੂੰ ਪਰਮਾਤਮਾ ਦੀ ਸਿਫਤਿ ਸਾਲਾਹ ਵਿਚ ਲਾ ਲਿਆ ਹੈ। ਇਹ ਕੁਲ ਦਾ, ਜਾਤਿ ਜਨਮ ਦਾ ਮੋਹ ਅਭਿਮਾਨ ਤਿਆਗਣ ਨਾਲ ਪ੍ਰਭੂ ਨੇ ਮੈਨੂੰ ਨਿਹਾਲ ਕਰ ਦਿੱਤਾ ਹੈ। ਗੁਰੂ ਨੇ ਮੈਨੂੰ ਇਹੀ ਸਿਖਿਆ ਦਿੱਤੀ ਹੈ ਕਿ ਸਦਾ ਹੀ ਪਰਮਾਤਮਾ ਦੀ ਸ਼ਰਨ ਪਿਆ ਰਹਾਂ।

ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਦੀ ਸੰਗਤਿ ਨੂੰ ਖਾਲਸੇ ਦਾ ਰੂਪ ਦਿੱਤਾ। 1699 ਦੀ ਵਿਸਾਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਾ ਕੇ ਪੰਜ ਪਿਆਰੇ ਸਾਜੇ ਅਤੇ ਗੁਰੂ ਦਾ ਸਿੱਖ ਸਿੰਘ ਸੱਜ ਗਿਆ। ਇਹ ਪੰਜ ਪਿਆਰੇ ਕਿਸੇ ਇੱਕ ਉਚੀ ਜਾਤ ਵਿਚੋਂ ਨਹੀਂ ਸਨ। ਸਗੋਂ ਨੀਵੀਆਂ ਕਹੀਆਂ ਜਾਣ ਵਾਲੀਆਂ ਵੱਖ ਵੱਖ ਜਾਤਾਂ ਵਿਚੋਂ ਸਨ। ਗੁਰੂ ਦੇ ਹੱਥੋਂ ਇੱਕੋ ਬਾਟੇ ਵਿਚੋਂ ਅੰਮ੍ਰਿਤਪਾਨ ਕਰਕੇ ਸਾਰੇ ਗੁਰੂ ਦੇ ਸਿੰਘ ਬਣ ਗਏ। ਗੁਰੂ ਗੋਬਿੰਦ ਸਿੰਘ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਹਾਡਾ ਜਨਮ ਅਨੰਦਪੁਰ ਸਾਹਿਬ ਦਾ ਹੈ, ਮਾਤਾ ਸਾਹਿਬ ਕੌਰ ਹੈ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਹੈ। ਸਿੱਖ ਧਰਮ ਵਿਚ ਮਨੁੱਖ ਦੇ ਜਨਮ ਦਾ ਉਦੇਸ਼ ਆਪਣੇ ਅਸਲੇ ਦੇ ਅਨੁਭਵ, ਆਪਣੇ ਜੋਤਿ ਸਰੂਪ ਹੋਣ ਦੇ ਅਨੁਭਵ ਨੂੰ ਮੰਨਿਆ ਗਿਆ ਹੈ। ਮਨੁੱਖ ਅਧਿਆਤਮਕ ਤੌਰ 'ਤੇ ਤਾਂ ਹੀ ਉਚਾ ਉਠ ਸਕਦਾ ਹੈ ਜਦੋਂ ਉਹ ਆਪਣੇ ਆਤਮ ਸਰੂਪ ਨੂੰ ਅਨੁਭਵ ਕਰ ਲੈਂਦਾ ਹੈ। ਮਨੁੱਖ ਦੇ ਆਤਮਕ ਅਨੁਭਵ ਲਈ ਸਮਾਜ ਦੀ ਅਧਿਆਤਮਕ ਉਨਤੀ ਨੂੰ ਜ਼ਰੂਰੀ ਮੰਨਿਆ ਗਿਆ ਹੈ। ਅਜਿਹਾ ਅਧਿਆਤਮਕ ਉਨਤ ਸਮਾਜ ਤਾਂ ਹੀ ਸੰਭਵ ਹੈ ਜੇ ਉਸ ਵਿਚੋਂ ਜਾਤਿ ਅਤੇ ਜਨਮ, ਨਸਲ ਆਦਿ ਦੇ ਵਿਤਕਰੇ ਖਤਮ ਹੋ ਜਾਣ।

ਗੁਰੂ ਨੇ ਤਾਂ ਸਿੱਖ ਨੂੰ ਰਲ-ਮਿਲ ਕੇ ਰਹਿਣ, ਇੱਕ ਪਿਤਾ ਦੀ ਔਲਾਦ ਹੋਣ ਦਾ ਫੁਰਮਾਨ ਕੀਤਾ ਸੀ ਪਰ ਅੱਜ ਸਿੱਖ ਵੰਡਿਆ ਹੋਇਆ ਹੈ। ਸਿੱਖ ਨੇ ਆਪਣਾ ਗੁਰੂ ਘਰ ਵੰਡਿਆ ਹੋਇਆ ਹੈ। ਕਿਧਰੇ ਰਾਮਗੜੀਆ ਗੁਰਦਵਾਰਾ ਹੈ ਤਾਂ ਕਿਤੇ ਆਹਲੂਵਾਲੀਆ। ਭਗਤ ਰਵਿਦਾਸ ਦੇ ਗੁਰਦਵਾਰੇ ਅਲੱਗ ਸਥਾਪਿਤ ਹੋ ਗਏ ਹਨ। ਇਸ ਦੇ ਕੀ ਕਾਰਣ ਹਨ? ਮੈਨੂੰ ਇਉਂ ਜਾਪਦਾ ਹੈ ਕਿ ਇਸ ਦੇ ਪਿੱਛੇ ਰਾਜਨੀਤਕ ਕਾਰਣ ਜ਼ਿਆਦਾ ਹਨ। ਅੱਜ ਸਿੱਖਾਂ ਵਿਚ ਗੁਰੂ ਵਾਲਾ ਹੋਣ ਨਾਲੋਂ ਸਰਦਾਰੀ ਵਾਲੀ ਭਾਵਨਾ ਜ਼ਿਆਦਾ ਵਧ ਗਈ ਹੈ। ਚੌਧਰ ਦੀ ਭੁੱਖ ਨੂੰ ਪੂਰਾ ਕਰਨ ਲਈ ਹੀ ਅਸੀਂ ਆਪਣੇ ਸਥਾਨ ਬਣਾਉਣ ਵਿਚ ਜ਼ਿਆਦਾ ਰੁਚਿਤ ਹੋ ਗਏ ਹਾਂ। ਅੱਜ ਸਿੱਖਾਂ ਵਿਚ ਪੁਜਾਰੀ ਜਮਾਤ ਭਾਰੂ ਹੋ ਗਈ ਹੈ। ਬਰਾਬਰੀ ਵਾਲੀ ਭਾਵਨਾ ਤੋਂ ਅਸੀਂ ਦੂਰ ਹੁੰਦੇ ਜਾ ਰਹੇ ਹਾਂ। ਜਾਤੀਵਾਦ, ਜਿਸ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਨੇ ਸਿਧਾਂਤਕ ਅਤੇ ਅਮਲੀ ਰੂਪ ਵਿਚ ਇੱਕ ਸੰਪੂਰਨ ਮਾਡਲ ਦਿੱਤਾ, ਨੂੰ ਵੋਟਾਂ ਦੀ ਰਾਜਨੀਤੀ ਨੇ ਮੁੜ ਪੱਕਿਆਂ ਕਰ ਦਿੱਤਾ ਹੈ। ਪਿੰਡਾਂ ਵਿਚ ਇੱਕ ਭਾਈਚਾਰੇ ਦੇ ਅਲੱਗ ਗੁਰਦਵਾਰੇ ਜਾਂ ਧਰਮਸ਼ਾਲ ਬਣਾਉਣ ਲਈ ਨੇਤਾ ਲੋਕ ਪੈਸੇ ਅਤੇ ਗਰਾਂਟਾਂ ਦਿੰਦੇ ਹਨ ਤਾਂ ਕਿ ਉਸ ਭਾਈਚਾਰੇ ਦੀ ਵੋਟ ਉਨ੍ਹਾਂ ਲਈ ਪੱਕੀ ਹੋ ਜਾਵੇ। ਵੋਟਾਂ ਧਰਮ ਅਤੇ ਜਾਤਿ ਦੇ ਨਾਂ ਤੇ ਪੱਕੀਆਂ ਕੀਤੀਆਂ ਜਾਂਦੀਆਂ ਹਨ। ਵੋਟਾਂ ਦੀ ਰਾਜਨੀਤੀ ਨੇ ਸਿੱਖ ਦੀ ਪਛਾਣ ਸਿੱਖ ਦੇ ਤੌਰ 'ਤੇ ਖਤਮ ਕਰਕੇ ਜਾਤ ਨਾਲ ਜੋੜ ਦਿੱਤੀ ਹੈ। ਇਹ ਗੁਰੂ ਦੇ ਦੱਸੇ ਰਸਤੇ ਤੋਂ ਉਲਟੀ ਚਾਲ ਹੈ। ਗੁਰੂ ਨੇ ਸਾਨੂੰ ਯੋਗਤਾ ਮੂਲਕ ਮਾਡਲ ਦਿੱਤਾ ਹੈ। ਇਸ ਮਾਡਲ ਅਨੁਸਾਰ ਗੁਰਗੱਦੀ ਵੀ ਯੋਗਤਾ ਦੇ ਆਧਾਰ 'ਤੇ ਦਿੱਤੀ ਗਈ। ਅੱਜ ਜ਼ਰੂਰਤ ਹੈ ਕਿ ਅਸੀਂ ਆਪਣੇ ਆਪ ਨੂੰ ਗੁਰੂ ਦੇ ਸਿੱਖ ਦੇ ਤੌਰ 'ਤੇ ਗੁਰੂ ਨਾਲ ਜੋੜੀਏ ਨਾ ਕਿ ਜਾਤ ਜਨਮ ਦੇ ਆਧਾਰ ਉਤੇ ਆਪਣੇ ਆਪ ਨੂੰ ਵੰਡੀਏ। ਗੁਰੂ ਸਾਹਿਬਾਨ ਨੇ ਕਿਤੇ ਵੀ ਆਪਣੇ ਸਰੀਰਕ ਰੂਪ ਨੂੰ ਮਹੱਤਵ ਨਹੀਂ ਦਿੱਤਾ। ਆਪਣੇ ਸਰੀਰਕ ਰੂਪੀ ਜਾਮੇ ਨੂੰ, ਸ਼ਬਦ ਦੀ ਟੇਕ ਲੈਣ ਦਾ ਆਦੇਸ਼ ਕੀਤਾ ਹੈ। ਇਥੇ ਫਿਰ ਉਨ੍ਹਾਂ ਰਚਨਾਵਾਂ ਦੀ ਗੱਲ ਵੀ ਆ ਜਾਂਦੀ ਹੈ ਜਿਥੇ ਗੁਰੂ ਸਾਹਿਬਾਨ ਨੂੰ ਬੇਦੀ ਜਾਂ ਸੋਢੀ ਹੋਣ ਕਰਕੇ ਉਚੀ ਜਾਤ ਦੇ ਦੱਸਿਆ ਗਿਆ ਹੈ। ਕੀ ਜਾਤ ਜਨਮ ਦੇ ਨਾਸ਼ ਦਾ ਮਾਡਲ ਦੇਣ ਵਾਲਾ ਗੁਰੂ ਆਪਣੀ ਜਾਤ ਅਤੇ ਜਨਮ ਦੇ ਮਹੱਤਵ ਦੀ ਗੱਲ ਕਰੇਗਾ? ਖਾਲਸਾ ਇਸ ਗੱਲ ਦਾ ਫੈਸਲਾ ਕਰੇ (ਗੁਰੂ ਨੇ ਖਾਲਸੇ ਨੂੰ ਜੁਗਤਿ ਦਿੱਤੀ ਹੈ) ਕਿ ਸ਼ਬਦ ਗੁਰੂ ਅਨੁਸਾਰ ਕੀ ਅਜਿਹੀ ਲਿਖਤ ਗੁਰੂ ਗੋਬਿੰਦ ਸਿੰਘ ਦੀ ਹੋ ਸਕਦੀ ਹੈ ਜਿਸ ਵਿਚ ਜਾਤ ਅਤੇ ਕੁਲ ਦੀ ਗੱਲ ਨੂੰ ਉਭਾਰਿਆ ਗਿਆ ਹੈ? ਗੁਰਮਤਿ ਅਨੁਸਾਰ ਤਾਂ ਮਨੁੱਖ ਉਚਾ ਜਾਂ ਨੀਵਾਂ ਆਪਣੀਆਂ ਬਿਰਤੀਆਂ ਕਾਰਨ, ਉਨ੍ਹਾਂ ਬਿਰਤੀਆਂ ਅਨੁਸਾਰ ਕਰਮ ਕਰਨ ਕਰਕੇ ਹੁੰਦਾ ਹੈ। ਗੁਰੂ ਸਾਹਿਬ ਨੇ ਤਾਂ ਹਰ ਤਰ੍ਹਾਂ ਦੇ ਜਨਮ ਜਾਤ ਦੇ ਹੰਕਾਰ ਨੂੰ ਤਿਆਗ ਕੇ ਸਾਰਿਆਂ ਵਿਚ ਉਸ ਰੱਬੀ ਜੋਤਿ ਦਾ ਨਿਵਾਸ ਮੰਨ ਕੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਕੀਤਾ ਹੈ। ਗੁਰੂ ਅਰਜਨ ਦੇਵ ਦਾ ਫੁਰਮਾਨ ਹੈ;

ਸਭੁ ਕੋ ਆਸੈ ਤੇਰੀ ਬੈਠਾ।।
ਘਟ ਘਟ ਅੰਤਰਿ ਤੂੰਹੈ ਵੁਠਾ।।
ਸਭੇ ਸਾਂਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।3।।
(ਪੰਨਾ 97)

*ਸਾਬਕਾ ਮੁਖੀ, ਗੁਰੂ ਗ੍ਰੰਥ ਸਾਹਿਬ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਫੋਨ:905-866-6091

# ਧਰਮ ਅਤੇ ਰਾਜਨੀਤੀ

ਸਿੱਖ ਪਰੰਪਰਾ ਵਿਚ ਸੰਸਕ੍ਰਿਤਕ ਵਿਕਾਸ ਦਾ ਇਕ ਪੂਰਾ ਸੂਰਾ ਸਮਾਜ ਆਰਥਿਕ-ਰਾਜਨੀਤਕ-ਸੰਸਕ੍ਰਿਤਕ-ਨੈਤਿਕ ਮਾਡਲ ਪਿਆ ਹੋਇਆ ਹੈ। ਸਿੱਖ ਪਰੰਪਰਾ ਵਿਚ ਧਰਮ ਅਤੇ ਰਾਜਨੀਤੀ ਨੂੰ ਅਲੱਗ ਅਲੱਗ ਕਰਨ ਦਾ ਅਰਥ ਹੈ ਇਕ ਸੰਗਠਿਤ ਮਾਡਲ ਨੂੰ ਨਕਾਰ ਕੇ ਸਿੱਖ ਭਾਈਚਾਰੇ ਨੂੰ ਆਧੁਨਿਕਤਾ ਅਤੇ ਪੂੰਜੀਵਾਦ ਦੀਆਂ ਗੈਰ-ਸਿੱਖ ਜਾਂ ਸਿੱਖ-ਵਿਰੋਧੀ ਪਰੰਪਰਾਵਾਂ ਉਪਰ ਖੜ੍ਹਾ ਕਰਨਾ। ਕੌਮੀ ਜਾਂ ਖੇਤਰੀ ਪੱਧਰ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜਿਨ੍ਹਾਂ ਵਿਚ ਸਾਰੇ ਅਕਾਲੀ ਦਲ ਵੀ ਸ਼ਾਮਲ ਹਨ, ਇਹੋ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਪੰਥਕ ਜਥੇਬੰਦੀਆਂ ਸਿੱਖ ਮਾਡਲ ਨੂੰ ਆਪਣੀ ਆਰਥਕ-ਰਾਜਨੀਤਕ ਪਾਲਿਸੀ ਦਾ ਆਧਾਰ ਬਣਾਉਣ ਦੀ ਥਾਂ, ਪੰਜਾਬ ਦੀ ਆਧੁਨਿਕ ਪੂੰਜੀਵਾਦੀ ਰਾਜਨੀਤੀ ਵਿਚ ਆਪਣਾ ਸਥਾਨ ਬਣਾਉਣ ਲਈ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਉਪਰ ਆਪਣਾ ਏਕਾਧਿਕਾਰ ਸਿੱਧ ਕਰਕੇ, ਇਨ੍ਹਾਂ ਦਾ ਦੁਰਉਪਯੋਗ ਹੀ ਕਰ ਰਹੀਆਂ ਹਨ।

ਸਿੱਖ ਪਰੰਪਰਾ ਦੀ ਸਭ ਤੋਂ ਵੱਡੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਮਾਨਵ ਕਲਿਆਣ ਲਈ ਕੇਵਲ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਆਪੋ ਆਪਣੀਆਂ ਪਰੰਪਰਾਵਾਂ ਨੂੰ ਆਪਣੇ ਬਰਾਬਰ ਦੀਆਂ ਅਧਿਕਾਰੀ ਹੀ ਨਹੀਂ ਸਮਝਦੀ ਸਗੋਂ ਉਨ੍ਹਾਂ ਨੂੰ ਆਪੋ ਆਪਣੇ ਮਾਰਗਾਂ ਉਪਰ ਚੱਲਣ ਲਈ ਨਸੀਹਤ ਵੀ ਦਿੰਦੀ ਹੈ। ਸਿੱਖ ਪਰੰਪਰਾ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਵਰਗਾ ਬਣਾਉਣ ਦੀ ਥਾਂ, ਚੰਗਾ ਹਿੰਦੂ ਅਤੇ ਚੰਗਾ ਮੁਸਲਮਾਨ ਬਣਨ ਦੀ ਹੀ ਨਸੀਹਤ ਹੈ। ਸਿੱਖ ਪਰੰਪਰਾ ਮਾਨਵ ਕਲਿਆਣ ਲਈ ਆਪਣੇ ਸਿਧਾਂਤਾਂ ਨੂੰ ਸਰਬੋਤਮ ਕਹਿਣ ਦੀ ਥਾਂ, ਸਾਰੀਆਂ ਪਰੰਪਰਾਵਾਂ ਨੂੰ ਬਰਾਬਰ ਅਤੇ ਸਮਾਨੰਤਰ ਮੰਨਦੀ ਹੈ। ਇਹ ਆਪਣੇ ਸਿਧਾਂਤਕ ਰੂਪ ਵਿਚ ਏਕਾਧਿਕਾਰਵਾਦੀ ਨਹੀਂ ਸਗੋਂ ਬਹੁਵਾਦੀ ਹੈ। ਇਸ ਸਾਰੀ ਚਰਚਾ ਵਿਚੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸਿੱਖ ਪਰੰਪਰਾ ਆਪਣਾ ਬਾਹਰ ਅਤੇ ਅੰਦਰ ਦੂਸਰੀਆਂ ਪਰੰਪਰਾਵਾਂ ਅਤੇ ਉਪ ਪਰੰਪਰਾਵਾਂ ਨੂੰ ਬਰਾਬਰ ਦਾ ਸਮਾਨੰਤਰ ਮਾਣ ਸਤਿਕਾਰ ਦੇ ਕੇ ਦੁਨੀਆਂ ਨੂੰ ਆਪਣੇ ਸੰਸਕ੍ਰਿਤਕ ਵਿਕਾਸ ਲਈ ਏਕਾਧਿਕਾਰਵਾਦ ਅਤੇ ਧਰਮ ਨਿਰਪਖਤਾ ਦੀ ਥਾਂ ਬਹੁਵਾਦ ਅਤੇ ਸੰਵਾਦ ਦਾ ਸੁਨੇਹਾ ਦਿੰਦੀ ਹੈ। ਗੁਰਬਾਣੀ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਜਿਸ ਵਿਚ ਵਿਭਿੰਨ ਧਰਮਾਂ, ਸੰਸਕ੍ਰਿਤੀਆਂ, ਰਾਜਾਂ, ਪਰੰਪਰਾਵਾਂ, ਬੋਲੀਆਂ ਵਾਲੇ ਭਗਤਾਂ ਨੂੰ ਗੁਰੂ ਸਾਹਿਬਾਨ ਦੇ ਬਰਾਬਰ ਸਮਾਨੰਤਰ ਮਾਣ ਸਤਿਕਾਰ ਦੇ ਕੇ ਏਕਾਧਿਕਾਰਵਾਦ ਦੀ ਜੜ੍ਹ ਪੁੱਟੀ ਗਈ ਹੈ, ਦੁਨੀਆਂ ਨੂੰ ਅਨੇਕਤਾਵਾਦੀ ਸਮਾਨੰਤਰਤਾ ਅਤੇ ਬਹੁਵਾਦ ਦੇ ਨਵੇਂ ਮਾਰਗ ਉੱਪਰ ਤੋਰਦਾ ਹੈ।

ਸਿੱਖ ਪਰੰਪਰਾ ਅੰਦਰ ਇਹ ਗੱਲ ਕੇਵਲ ਕਹੀ ਜਾਂ ਲਿਖੀ ਹੀ ਨਹੀਂ ਗਈ। ਸ੍ਰੀ ਗੁਰੂ ਤੇਗ ਬਹਾਦਰ ਨੇ ਦੂਸਰੇ ਦੇ ਦੂਸਰੇਪਣ (ਵੱਖਰੇਪਣ) ਦੀ ਰਾਖੀ ਲਈ ਆਪਣੀ ਜਾਨ ਦੇ ਕੇ ਇਸ ਨਵੀਂ ਬਹੁਵਾਦੀ ਵਿਸ਼ਵ ਚੇਤਨਾ ਉਪਰ ਸ਼ਹੀਦੀ ਦੀ ਮੋਹਰ ਵੀ ਲਗਾ ਦਿੱਤੀ ਹੈ। ਜਿਵੇਂ ਔਰੰਗਜ਼ੇਬ ਦੂਸਰੇ ਧਰਮਾਂ ਨੂੰ ਆਪਣੀ ਤਲਵਾਰ ਨਾਲ ਖ਼ਤਮ ਕਰਕੇ ਸਾਰੀ ਦੁਨੀਆਂ ਵਿਚ ਇਸਲਾਮ ਦਾ ਏਕਾਧਿਕਾਰ ਸਥਾਪਤ ਕਰਨਾ ਚਾਹੁੰਦਾ ਸੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਉਸ ਦੇ ਇਸ ਏਕਾਧਿਕਾਰ ਨੂੰ ਚੈਲੰਜ ਕਰਕੇ ਸਭਨਾਂ ਦੇ ਧਰਮਾਂ, ਅਕੀਦਿਆਂ ਅਤੇ ਵਿਚਾਰਧਾਰਕ ਪਰੰਪਰਾਵਾਂ ਨੂੰ ਬਰਾਬਰ ਦੀਆਂ ਸਮਾਨੰਤਰ ਪਰੰਪਰਾਵਾਂ ਮੰਨਣ ਉਪਰ ਜ਼ੋਰ ਦਿੰਦੇ ਹੋਏ ਦੂਸਰੇ ਦੇ ਦੂਸਰੇਪਣ ਅਤੇ ਵੱਖਰੇਪਣ ਦੀ ਸੁਰੱਖਿਆ ਲਈ ਸਭ ਤੋਂ ਵੱਡੀ ਕੁਰਬਾਨੀ ਦੇ ਵਿਸ਼ਵ ਚੇਤਨਾ ਅੰਦਰ ਇਕ ਤਬਦੀਲੀ ਲਿਆਂਦੀ ਹੈ। ਗੁਰੂ ਸਾਹਿਬ ਦੁਆਰਾ ਪੈਦਾ ਕੀਤੀ ਇਸ ਬਹੁਵਾਦੀ ਚੇਤਨਾ ਅਤੇ ਇਸ ਤੋਂ ਪਹਿਲੀ ਏਕਾਧਿਕਾਰਵਾਦੀ ਚੇਤਨਾ ਵਿਚਕਾਰ ਇਕ ਗਿਆਨਮੂਲਕ ਵੱਢ ਹੈ। ਇਹ ਨਵੀਂ ਵਿਸ਼ਵ ਚੇਤਨਾ ਕੇਵਲ ਵਿਚਾਰਧਾਰਕ ਪੱਧਰ ਤਕ ਹੀ ਖ਼ਤਮ ਨਹੀਂ ਹੋ ਜਾਂਦੀ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਇਕ ਨਵੇਂ ਸਿਆਸੀ ਪ੍ਰਬੰਧ ਵਿਚ ਵੀ ਅਨੁਵਾਦ ਕੀਤਾ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਦੁਨੀਆਂ ਨੂੰ ਇਕ ਅਜਿਹਾ ਰਾਜਸੀ ਮਾਡਲ ਦਿੱਤਾ ਹੈ ਜਿਸ ਵਿਚ ਆਧੁਨਿਕ ਜਮਹੂਰੀ ਸੰਕਟ ਦਾ ਸਮਾਧਾਨ ਪਿਆ ਹੋਇਆ ਮਿਲਦਾ ਹੈ। ਗੁਰੂ ਸਾਹਿਬ ਨੇ ਵਿਭਿੰਨ ਧਰਮਾਂ, ਸੰਸਕ੍ਰਿਤੀਆਂ, ਜਾਤਾਂ, ਜਮਾਤਾਂ, ਨਸਲਾਂ ਆਦਿ ਦੀ ਵਿਲੱਖਣਤਾ ਨੂੰ ਨਹੀਂ ਪਹਿਚਾਣਿਆ, ਸਗੋਂ ਉਨ੍ਹਾਂ ਨੇ ਤਾਂ ਹਰ ਇਕ ਵਿਅਕਤੀ ਦੇ ਨਵੇਕਲੇਪਣ ਨੂੰ ਪਹਿਚਾਣਦੇ ਹੋਏ ਉਸ ਦੀ ਆਜ਼ਾਦ ਅਤੇ ਸੁਤੰਤਰ ਹਸਤੀ ਉੱਪਰ ਮੋਹਰ ਲਗਾਈ ਹੈ।

ਜਿੱਥੇ ਆਧੁਨਿਕ ਜਮਹੂਰੀ ਚੇਤਨਾ ਨੇ ਵਿਅਕਤੀ ਨੂੰ ਪਰਜਾ ਤੋ ਨਾਗਰਿਕ ਬਣਾਇਆ ਹੈ, ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵਿਅਕਤੀ ਨੂੰ ਕਿਸੇ ਵੀ ਰਾਜਸੀ ਪ੍ਰਬੰਧ ਵਿਚ ਇਕ ਪੁਰਜੇ ਵਾਂਗ ਵਿਚਰਨ ਵਾਲੇ ਸਟੈਂਡਰਡਾਈਜ਼ਡ ਨਾਗਰਿਕ ਤੋਂ ਸੁਤੰਤਰ ਅਤੇ ਸਵਰਨ ਖਾਲਸਾ ਬਣਾ ਦਿੱਤਾ। ਜਿਵੇਂ ਪਰਜਾ ਅਤੇ ਉਸਦੇ ਰਾਜਸੀ ਸੰਗਠਨ ਵਿਚਕਾਰ ਰਾਜਾ ਅਤੇ ਉਸਦਾ ਪ੍ਰਬੰਧਕੀ ਅਮਲਾ ਇਕ ਮਾਧਿਅਮ ਸੀ, ਬਿਲਕੁਲ ਇਸੇ ਤਰ੍ਹਾਂ ਆਧੁਨਿਕ ਨਾਗਰਿਕ ਅਤੇ ਉਸਦੀ ਸੰਸਕ੍ਰਿਤਕ-ਰਾਜਨੀਤਕ ਸੰਗਠਨਕਾਰੀ ਕੌਮੀ-ਰਾਜ ਵਿਚਕਾਰ ਨਾਗਰਿਕਾਂ ਦੇ ਚੁਣੇ ਹੋਏ ਨੁਮਾਇੰਦੇ ਦਲਾਲ ਬਣ ਬੈਠੇ। ਪਰ ਗੁਰੂ ਗੋਬਿੰਦ ਸਿੰਘ ਨੇ ਆਪਣੇ ਵਿਅਕਤੀ ਖਾਲਸਾ ਅਤੇ ਉਸਦੀ ਸੰਸਕ੍ਰਿਤਕ-ਰਾਜਨੀਤਕ ਸੰਗਠਨਕਾਰੀ ਖਾਲਸਾ ਪੰਥ ਵਿਚਕਾਰ ਇਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਦੀ ਵਿਚੋਲਗੀਰੀ ਵੀ ਖ਼ਤਮ ਕਰਕੇ, ਪੰਥ ਅਤੇ ਖਾਲਸੇ ਵਿਚ ਸਿੱਧਾ ਰਿਸ਼ਤਾ ਕਾਇਮ ਕਰਕੇ ਖਾਲਸੇ ਨੂੰ ਚੁਣੇ ਹੋਏ ਨੁਮਾਇੰਦਿਆਂ ਤੋਂ ਵੀ ਸੁਤੰਤਰ ਕਰਵਾ ਦਿੱਤਾ। ਸਰਬੱਤ ਖਾਲਸਾ ਤੋਂ ਭਾਵ ਹੈ ਖਾਲਸਾ ਪੰਥ ਦੀਆਂ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਵਿਚ ਸਭਨਾਂ ਸਿੱਖਾਂ ਦੀ ਬਰਾਬਰ ਦੀ ਸਮਾਨੰਤਰ ਸਿੱਧੀ ਸ਼ਮੂਲੀਅਤ। ਆਰਥਿਕ, ਰਾਜਨੀਤਕ ਅਤੇ ਸੰਸਕ੍ਰਿਤਕ ਫੈਸਲੇ ਲੈਣ ਵਾਲੀਆਂ ਤਮਾਮ ਸੰਸਥਾਵਾਂ ਵਿਚ ਉਨ੍ਹਾਂ ਲੋਕਾਂ ਦੀ ਸੁਤੰਤਰ ਅਤੇ ਸਿੱਧੀ ਸ਼ਮੂਲੀਅਤ ਜਿਨ੍ਹਾਂ ਲੋਕਾਂ ਦੀ ਉਸ ਫੈਸਲੇ ਰਾਹੀਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਹੀ ਖਾਲਸਾ ਪੰਥ ਦੀ ਸਿਰਜਣਾ ਦਾ ਉਦੇਸ਼ ਹੈ।

ਇਸ ਤਰ੍ਹਾਂ ਖਾਲਸਾ ਪੰਥ ਨੇ ਜਮਹੂਰੀ ਪ੍ਰਤੀਨਿਧਤਾ ਦੇ ਸੰਕਲਪ ਨੂੰ ਖਤਮ ਕਰਕੇ ਜਮਹੂਰੀ ਸ਼ਮੂਲੀਅਤ ਦਾ ਸੰਕਲਪ ਅੱਗੇ ਲਿਆਂਦਾ ਹੈ। ਖਾਲਸੇ ਦੇ ਰਾਜ ਦਾ ਅਰਥ ਹੈ ਪ੍ਰਤੀਨਿਧ ਜਮਹੂਰੀਅਤ ਦੀ ਥਾਂ ਪਾਰਟੀਸੀਪੇਟਰੀ ਡੈਮੋਕਰੇਸੀ ਦਾ ਰਾਜ ਸਥਾਪਤ ਕਰਨਾ। ਰੀਪਰੀਜੈਂਟੇਸ਼ਨ ਡੈਮੋਕਰੇਸੀ (ਨੁਮਾਇੰਦਗੀ ਜਮਹੂਰੀਅਤ) ਦੇ ਸੰਕਟ ਵਿਚ ਪੈਦਾ ਹੋ ਰਹੀ ਪਾਰਟੀਸੀਪੇਟਰੀ ਡੈਮੋਕਰੇਸੀ (ਭਾਈਵਾਲ ਜਮਹੂਰੀਅਤ) ਦੀ ਆਵਸ਼ੱਕਤਾ ਅਤੇ ਆਧੁਨਿਕ ਗਿਆਨ ਅਤੇ ਸੰਚਾਰ ਤਕਨਾਲੋਜੀ ਰਾਹੀਂ ਪਾਰਟੀਸੀਪੇਟਰੀ ਡੈਮੋਕਰੇਸੀ ਦੇ ਨਿਰਮਿਤ ਹੋ ਰਹੇ ਆਧਾਰ ਢਾਂਚੇ ਨੇ ਦੁਨੀਆਂ ਵਿਚ ਖਾਲਸਾ ਰਾਜ ਭਾਵ ਪਾਰਟੀਸੀਪੇਟਰੀ ਡੈਮੋਕਰੇਸੀ ਦੀ ਸਥਾਪਨਾ ਨੂੰ ਇਕ ਇਤਿਹਾਸਕ ਅਟੱਲਤਾ ਬਣਾ ਦਿੱਤਾ ਹੈ। ਸੋ ਗੁਰਬਾਣੀ ਨੇ ਇਕ ਨਵੀਂ ਵਿਸ਼ਵ ਚੇਤਨਾ ਹੀ ਪੈਦਾ ਨਹੀਂ ਕੀਤੀ, ਸਗੋਂ ਗੁਰਬਾਣੀ ਦੁਨੀਆਂ ਨੂੰ ਖਾਲਸਾ ਰਾਜ ਦੇ ਰੂਪ ਵਿਚ ਉਸਦਾ ਭਵਿਖ ਦੇਣ ਲਈ ਵੀ ਵਚਨਬੱਧ ਹੈ। ਵਿਅਕਤੀ ਦੀ ਇਸ ਸੁਤੰਤਰ ਅਤੇ ਸਾਧਾਰਨ ਹਸਤੀ ਨੂੰ ਸਾਕਾਰ ਹੁੰਦਾ ਦੇਖਣ ਲਈ ਅਸੀਂ ਆਪਣੀ ਅਰਦਾਸ ਵਿਚ ਹਰ ਰੋਜ਼ ਆਖਦੇ ਹਾਂ ਕਿ "ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।" ਮੈਂ ਸਮਝਦਾ ਹਾਂ ਕਿ ਇਹੋ ਹੀ ਗੁਰਬਾਣੀ ਜਾਂ ਸਿੱਖ ਪਰੰਪਰਾ ਦੀ ਵਿਸ਼ਵ ਚੇਤਨਾ ਨੂੰ ਸਭ ਤੋਂ ਅਨੂਠੀ ਇਤਿਹਾਸਕ ਦੇਣ ਹੈ।

# ਆਪਣਿਆਂ ਹੱਥੋਂ ਬੇਕਦਰੀ ਦੀ ਦੁਹਾਈ ਪਾਉਂਦੇ ਪੰਜਾਬੀ ਅਖਬਾਰ

**ਮਨਦੀਪ ਮਾਨ***

ਜ਼ਰਾ ਧਿਆਨ ਨਾਲ ਵੇਖਣਾ ਤੁਹਾਨੂੰ ਇਸ ਲਿਖਤ ਦੇ ਨਾਲ ਲਗੀ ਫੋਟੋ ਵਿਚੋਂ ਪੰਜਾਬੀ ਅਖਬਾਰ ਆਪਣੀ ਬੇਕਦਰੀ ਦੀ ਦੁਹਾਈ ਪਾਉਂਦੇ ਨਜ਼ਰ ਆਉਣਗੇ। ਸਿਆਣਿਆਂ ਸੱਚ ਕਿਹਾ ਹੈ, ਜਿਹੜੀ ਚੀਜ਼ ਮੁਫਤ ਮਿਲੇ ਉਸਦੀ ਕਦਰ ਨਹੀਂ ਹੁੰਦੀ। ਸ਼ਾਇਦ ਇਸੇ ਕਰ ਕੇ ਪੰਜਾਬੀ ਅਖਬਾਰਾਂ ਨੂੰ ਬੇਕਦਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਥਿਤੀ ਦਾ ਦੂਜਾ ਪਹਿਲੂ ਇਹ ਹੈ ਕਿ ਪੰਜਾਬੀ ਸ਼ਰਾਬ ਦੀ ਬੋਤਲ ਉਤੇ ਤਾਂ ਝੱਟ ਸੌ ਡਾਲਰ ਖਰਚ ਕਰ ਸਕਦੇ ਹਨ ਪਰ ਅਖਬਾਰ ਜਾਂ ਫਿਰ ਕਿਸੇ ਚੰਗੀ ਕਿਤਾਬ 'ਤੇ ਪੈਸਾ ਖਰਚਣ ਦੇ ਨਾਂ ਤੇ ਉਨ੍ਹਾਂ ਦੀ ਜੇਬ ਖਾਲੀ ਹੋ ਜਾਂਦੀ ਹੈ। ਕਿਸੇ ਗਾਉਣ ਵਾਲੇ ਦਾ ਅਖਾੜਾ ਲੱਗਾ ਹੋਵੇ ਤਾਂ ਦੇਖਿਓ ਸ਼ਰਾਬੀ ਹੋਏ ਪੰਜਾਬੀ ਨੋਟ ਕਿਵੇਂ ਜੇਬ ਵਿਚੋਂ ਕੱਢ ਕੱਢ ਸੁਟੀ ਜਾਂਦੇ ਹਨ। ਪਰ ਇਨ੍ਹਾਂ ਹੀ ਪੰਜਾਬੀਆਂ ਨੂੰ ਜੇ ਕੋਈ ਬਹੁਤ ਵਧੀਆ ਕਿਤਾਬ ਖਰੀਦਣ ਨੂੰ ਆਖ ਦਿਓ ਤਾਂ ਸ਼ਾਇਦ ਤੁਹਾਨੂੰ ਜਵਾਬ ਮਿਲੇ, 'ਟਾਈਮ ਹੀ ਕਿਥੇ ਹੁੰਦਾ ਹੈ, ਪੜ੍ਹਨ ਲਈ'।

ਇਸ ਵੇਲੇ ਅਮਰੀਕਾ ਵਿਚ ਕੈਲੀਫੋਰਨੀਆ ਅਤੇ ਨਿਊ ਯਾਰਕ ਪੰਜਾਬੀ ਅਖਬਾਰਾਂ ਦੇ ਦੋ ਵਡੇ ਪ੍ਰਕਾਸ਼ਨ ਕੇਂਦਰ ਹਨ। ਅਠ ਅਠ, ਦਸ ਦਸ ਪਰਚੇ ਇਨ੍ਹਾਂ ਦੋਹਾਂ ਥਾਵਾਂ ਤੋਂ ਨਿਕਲਦੇ ਹਨ। ਦੋਹਾਂ ਹੀ ਥਾਵਾਂ 'ਤੇ ਪੰਜਾਬੀ ਅਖਬਾਰਾਂ ਦੀ ਬੇਕਦਰੀ ਅੱਖੀਂ ਦੇਖੀ ਜਾ ਸਕਦੀ ਹੈ। ਉਂਜ ਸੁਣਿਐ ਕੈਨੇਡਾ ਦੇ ਵੈਨਕੂਵਰ ਅਤੇ ਟੋਰਾਂਟੋ ਸ਼ਹਿਰਾਂ ਵਿਚ ਹਾਲਤ ਇਸਤੋਂ ਵੀ ਭੈੜੀ ਹੈ। ਪੰਜਾਬੀ ਸਟੋਰਾਂ ਅਤੇ ਗੁਰੂਘਰਾਂ ਵਿਚ ਰਖੇ ਗਏ ਇਨ੍ਹਾਂ ਪਰਚਿਆਂ ਵਿਚੋਂ ਪਾਠਕ ਆਪਣੀ ਮਨਪਸੰਦ ਦੇ ਕੁਝ ਪਰਚੇ ਚੁਕ ਲੈਂਦੇ ਹਨ ਅਤੇ ਕੁਝ ਨੂੰ ਕੋਹੜ ਦੀ ਬੀਮਾਰੀ ਵਾਲੇ ਮਰੀਜ਼ ਦੀ ਤਰ੍ਹਾਂ ਹੱਥ ਵੀ ਨਹੀਂ ਲਾਉਂਦੇ। ਇਹ ਵਡੇ ਸਾਰੇ ਟਰੈਸ਼ ਕੈਨ ਦੀ ਸ਼ੋਭਾ ਬਣਦੇ ਹਨ।

ਅਮਰੀਕਾ ਵਿਚ ਪੰਜਾਬੀ ਅਖਬਾਰਾਂ ਦਾ ਇਤਿਹਾਸ 1984 ਦੇ ਏੜ-ਗੇੜ ਸ਼ੁਰੂ ਹੁੰਦਾ ਹੈ। ਅਪਰੇਸ਼ਨ ਬਲਿਊ ਸਟਾਰ ਦੀ ਰੋਸ਼ਨੀ ਵਿਚ 'ਵਰਲਡ ਸਿੱਖ ਨਿਊਜ਼' ਨਿਕਲਿਆ ਸੀ। ਇਸ ਅਖਬਾਰ ਨੂੰ ਸਿੱਖ ਭਾਈਚਾਰੇ ਤੋਂ ਹੁੰਗਾਰਾ ਵੀ ਚੰਗਾ ਮਿਲਿਆ ਸੀ। ਇਸੇ ਹੀ ਸਮੇਂ ਦੌਰਾਨ ਬੇ-ਏਰੀਏ ਵਿਚੋਂ ਡਾ. ਸੁਖਵਿੰਦਰ ਸਿੰਘ ਵਲੋਂ 'ਸੂਰਜ' ਨਾਂ ਦਾ ਇਕ ਪੰਜਾਬੀ ਹਫਤਾਵਾਰ ਨਿਕਲਿਆ। ਪ੍ਰੋ. ਸ਼ੇਰ ਸਿੰਘ ਕੰਵਲ ਨੇ ਵੀ ਇਕ ਮਾਸਿਕ ਪਰਚਾ 'ਜਾਗੋ' ਕੱਢਿਆ। ਪਰ ਇਹ ਪਰਚੇ ਥੋੜੇ ਥੋੜੇ ਚਿਰ ਬਾਅਦ ਮਾਲੀ ਅਤੇ ਹੋਰ ਮੁਸ਼ਕਿਲਾਂ ਕਾਰਨ ਬੰਦ ਹੋ ਗਏ। ਉਨ੍ਹਾਂ ਦਿਨਾਂ ਵਿਚ ਕੰਪਿਊਟਰ ਅਤੇ ਇੰਟਰਨੈਟ ਦੀਆਂ ਸੁਖ-ਸਹੂਲਤਾਂ ਉਪਲਬਧ ਨਹੀਂ ਸਨ। ਫਿਰ ਕੈਨੇਡਾ ਤੋਂ ਨਿਕਲਦੇ ਪਰਚਿਆਂ ਦਾ ਇਧਰ ਆਉਣਾ ਸ਼ੁਰੂ ਹੋਇਆ। ਇਨ੍ਹਾਂ ਵਿਚ 'ਇੰਡੋ ਕੈਨੇਡੀਅਨ ਟਾਈਮਜ਼' ਅਤੇ 'ਚੜ੍ਹਦੀ ਕਲਾ' ਮੋਹਰੀ ਸਨ। ਇਸ ਸਮੇਂ ਤਕ ਸਾਰੇ ਪੰਜਾਬੀ ਅਖਬਾਰ ਬਾਕਾਇਦਾ ਵਿਕਦੇ ਸਨ। ਬਾਅਦ ਵਿਚ ਟੋਰਾਂਟੋ ਤੋਂ 'ਅਜੀਤ' ਨਿਕਲਿਆ ਜੋ ਸਭ ਤੋਂ ਪਹਿਲਾਂ ਮੁਫਤ ਵੰਡਿਆ ਜਾਣ ਲੱਗਾ। ਫਿਰ ਇਕ ਇਕ ਕਰ ਕੇ ਹੋਰ ਕਿੰਨੇ ਹੀ ਪਰਚੇ ਕੈਨੇਡਾ ਵਿਚ ਹੋਂਦ ਵਿਚ ਆ ਗਏ। ਇਨ੍ਹਾਂ ਵਿਚੋਂ 'ਅਜੀਤ' ਸਭ ਤੋਂ ਪਹਿਲਾਂ ਅਮਰੀਕਾ ਵੀ ਮਿਲਣ ਲੱਗਾ। ਮੁਫਤ ਪਰਚਿਆਂ ਦੀ ਪਿਰਤ ਇਥੋਂ ਹੀ ਪਈ। ਹੁਣ ਕੈਨੇਡਾ ਤੋਂ ਆਉਣ ਵਾਲੇ ਪਰਚਿਆਂ ਸਮੇਤ ਸਾਰੇ ਪੰਜਾਬੀ ਪਰਚੇ ਮੁਫਤ ਮਿਲਦੇ ਹਨ। 'ਇੰਡੋ ਕੈਨੇਡੀਅਨ ਟਾਈਮਜ਼' ਅਜੇ ਵੀ ਮੁੱਲ ਮਿਲਦਾ ਹੈ ਪਰ ਇਸ ਦੇ ਪਾਠਕਾਂ ਦੀ ਗਿਣਤੀ ਬਹੁਤ ਹੀ ਸੀਮਤ ਹੈ। ਪੰਜਾਬੀ ਪਰਚਿਆਂ ਦੀ ਗਿਣਤੀ ਵਧਣ ਦਾ ਵੱਡਾ ਕਾਰਨ ਇਹ ਹੈ ਕਿ ਅੱਜ ਕੱਲ ਪਰਚਾ



ਕੱਢਣਾ ਸੌਖਾ ਬਹੁਤ ਹੋ ਗਿਆ ਹੈ, ਬਸ ਤੁਹਾਡੇ ਵਿਚ ਕਿਸੇ ਵੀ ਹੀਲੇ ਹਰਬੇ ਇਸ਼ਤਿਹਾਰ ਕੱਠੇ ਕਰਨ ਜਾਂ ਫਿਰ ਫੋਟੋਆਂ ਛਾਪ ਕੇ ਲੋਕਾਂ ਦੀ ਜੇਬ ਵਿਚੋਂ ਪੈਸੇ ਕਢਾਉਣ ਦੀ ਜਾਚ ਹੋਣੀ ਚਾਹੀਦੀ ਹੈ। ਪੰਜਾਬ ਵਿਚ ਬਥੇਰੇ ਲੋਕ ਅਜਿਹੇ ਹਨ ਜੋ ਤੁਹਾਨੂੰ ਕੁਝ ਹਜ਼ਾਰ ਰੁਪਏ ਵਿਚ ਹਰ ਰੋਜ਼ ਬਣਿਆ ਬਣਾਇਆ ਪਰਚਾ ਕੰਪਿਊਟਰ ਰਾਹੀਂ ਭੇਜ ਸਕਦੇ ਹਨ। ਪੰਜਾਬੀ ਪਰਚਿਆਂ ਦੀ ਬੇਕਦਰੀ ਦਾ ਇਕ ਕਾਰਨ ਗੈਰ ਪੇਸ਼ੇਵਰ ਲੋਕਾਂ ਦਾ ਇਸ ਖੇਤਰ ਵਿਚ ਆ ਵੜਨਾ ਵੀ ਹੈ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਜ਼ਿਆਦਾਤਰ ਅਖਬਾਰਾਂ ਗੁਰੂਘਰਾਂ ਜਾਂ ਫਿਰ ਪੰਜਾਬੀ ਸਟੋਰਾਂ ਤੋਂ ਮਿਲਦੀਆਂ ਹਨ, ਕਈ ਪੰਜਾਬੀ ਸਟੋਰਾਂ ਦੇ ਬਾਹਰ ਹੀ ਅਖਬਾਰਾਂ ਲਈ ਰੈਕ ਪਏ ਹੁੰਦੇ ਹਨ ਅਤੇ ਕਈਆਂ ਉਤੇ ਤਾਂ ਇਹ ਰੈਕ ਵੀ ਨਹੀਂ ਹਨ ਅਤੇ ਫਰਸ਼ ਉਤੇ ਹੀ ਅਖਬਾਰਾਂ ਪਈਆਂ ਹੁੰਦੀਆਂ ਹਨ। ਉਂਜ ਬਾਹਰ ਇਸ ਤਰ੍ਹਾਂ ਅਖਬਾਰਾਂ ਰਖਣਾ ਫਾਇਰ ਕੋਡ ਦੀ ਉਲੰਘਣਾ ਹੈ। ਕਈ ਸਿਆਣੇ ਸਟੋਰ ਮਾਲਕ ਅਖਬਾਰ ਅੰਦਰ ਹੀ ਰਖਾਉਂਦੇ ਹਨ ਤਾਂ ਜੋ ਅਖਬਾਰ ਲੈਣ ਆਇਆ ਗਾਹਕ ਕੋਈ ਸਾਮਾਨ ਵੀ ਖਰੀਦ ਲਵੇ। ਇਹ ਵੀ ਦਿਲਚਸਪ ਗੱਲ ਹੈ ਕਿ ਕਈ ਬੰਦਿਆਂ ਨੇ ਹੱਥ ਵਿਚ ਇਕੋ ਅਖਬਾਰ ਦੀਆਂ ਚਾਰ ਚਾਰ ਕਾਪੀਆਂ ਫੜੀਆਂ ਹੁੰਦੀਆਂ ਹਨ। ਪੁਛੋ ਤਾਂ ਕਹਿੰਦੇ ਹਨ ਇਕ ਆਪਣੀ ਕਾਰ ਵਿਚ ਰਖਣ ਲਈ, ਇਕ ਡੈਡੀ ਲਈ ਅਤੇ ਇਕ ਘਰ ਦੇ ਹੋਰ ਜੀਆਂ ਲਈ। ਜਾਂ ਇਹ ਕਹਿਣਗੇ ਦੋ ਆਪਣੇ ਲਈ ਦੋ ਗੁਆਢੀਆਂ ਲਈ। ਕਈ ਵਾਰ ਹੁੰਦਾ ਇਹ ਹੈ ਕਿ ਘਰ ਦੇ ਸਾਰੇ ਜੀਅ ਹੀ ਸਟੋਰ ਜਾਂ ਗੁਰੂਘਰ ਗਏ ਇਸੇ ਫਾਰਮੂਲੇ ਨਾਲ ਅਖਬਾਰਾਂ ਚੁਕੀ ਤੁਰੇ ਆਉਂਦੇ ਹਨ। ਤੇ ਜੇ ਸਾਰੀਆਂ ਅਖਬਾਰਾਂ ਦੀਆਂ ਏਨੀਆਂ ਕਾਪੀਆਂ ਘਰ ਪਹੁੰਚਣ ਤਾਂ ਅੰਦਾਜ਼ਾ ਲਾ ਲਓ ਕੀ ਬਣੇਗਾ? ਉਂਜ ਕਿਸੇ ਕਿਸੇ ਪਾਠਕ ਦਾ ਤਾਂ ਬੜਾ ਸਿੱਧਾ ਜਿਹਾ ਜਵਾਬ ਹੁੰਦਾ ਹੈ, 'ਕੋਈ ਨਹੀਂ ਮੁਫਤ ਹੀ ਹੈ ਕਿਹੜੇ ਰੋਕੜੇ ਲੱਗੇ ਹਨ।' ਵੈਸੇ ਜੇ ਕਦੀ ਇੰਡੀਆ ਵਾਂਗ ਰੱਦੀ ਵਿਕਦੀ ਹੁੰਦੀ ਤਾਂ ਸਟੋਰ ਮਾਲਕ ਨੇ ਅਖਬਾਰ ਲੁਕੋ-ਲੁਕੋ ਰਖਣੇ ਸਨ ਅਤੇ ਲੋਕਾਂ ਇਕ ਦੇ ਚਾਰ ਚੁਕਣੇ ਸਨ।

ਸਟੋਰ ਦੇ ਬਾਹਰ ਖਿਲਰੇ ਅਖਬਾਰ ਵੇਖ ਕੇ ਜੇ ਕਦੀ ਸਟੋਰ ਮਾਲਕ ਨਾਲ ਗੱਲ ਕਰੋ ਤਾਂ ਜਵਾਬ ਮਿਲਦਾ ਹੈ, ਅਖਬਾਰ ਵੰਡਣ ਵਾਲਾ ਸਟੋਰ ਬੰਦ ਹੋਣ ਤੋਂ ਬਾਅਦ ਵਿਚ ਜਾਂ ਖੁਲਣ ਤੋਂ ਪਹਿਲਾਂ ਛਡ ਗਿਆ ਹੈ। ਅਖਬਾਰ ਡਿਲਿਵਰ ਕਰਨ ਵਾਲੇ ਦਾ ਆਪਣਾ ਲਾਲਚ ਹੁੰਦਾ ਹੈ ਕਿ ਘਟ ਤੋਂ ਘੱਟ ਸਮੇਂ ਵਿਚ ਅਤੇ ਉਹ ਵੀ ਵੇਲੇ-ਕੁਵੇਲੇ ਸੁਟ ਕੇ ਵਧ ਤੋਂ ਵਧ ਪੈਸਾ ਕਮਾ ਲਵਾਂ।

ਪਿਛਲੇ ਹਫਤੇ ਹੀ ਮੈਨੂੰ ਇਕ ਬਜ਼ੁਰਗ ਨੇ ਪੰਜਾਬੀ ਅਖਬਾਰਾਂ ਦੀ ਦੁਰਗਤ ਵੇਖ ਕੇ ਆਖਿਆ, ਸਾਰੇ ਅਖਬਾਰ ਭਲਾ ਰਲ ਕੇ ਅਜਿਹਾ ਕੋਈ ਫੈਸਲਾ ਕਿਉਂ ਨਹੀਂ ਕਰਦੇ ਕਿ ਅਖਬਾਰ ਦੀ ਕੋਈ ਘੱਟੋ-ਘੱਟ ਕੀਮਤ ਰਖੀ ਜਾਵੇ। ਹਰ ਅਖਬਾਰ ਆਪਣੀ ਮਰਜੀ ਨਾਲ ਘੱਟ ਜਾਂ ਵਧ ਕੀਮਤ ਰਖ ਸਕਦਾ ਹੈ। ਜੇ ਇਹ ਵੀ ਸੰਭਵ ਨਹੀਂ ਤਾਂ ਉਨ੍ਹਾਂ ਸਟੋਰਾਂ ਉਤੇ ਅਖਬਾਰ ਬਿਲਕੁਲ ਨਾ ਰਖਿਆ ਜਾਵੇ ਜਿਹੜੇ ਸਟੋਰ ਦੇ ਬਾਹਰ ਅਖਬਾਰ ਰਖਦੇ ਹਨ। ਸਟੋਰ ਮਾਲਕ ਅੰਦਰੋਂ ਸਿਰਫ ਉਸ ਗਾਹਕ ਨੂੰ ਹੀ ਅਖਬਾਰ ਦੇਵੇ ਜੋ ਅਖਬਾਰ ਮੰਗੇ।

ਬਜ਼ੁਰਗ ਦੀ ਗੱਲ ਵਿਚ ਵਜ਼ਨ ਹੈ, ਇਸ ਤਰ੍ਹਾਂ ਹੀ ਅਖਬਾਰਾਂ ਦੀ ਕੀਮਤ ਪੈ ਸਕਦੀ ਹੈ। ਗੱਲ ਇਥੇ ਨਿਰੀ 'ਪੰਜਾਬ ਟਾਈਮਜ਼' ਦੀ ਨਹੀਂ ਸਗੋਂ ਸਾਰੇ ਪੰਜਾਬੀ ਅਖਬਾਰਾਂ ਦੀ ਹੈ। ਇਸ ਸਮੇਂ ਸ਼ਾਇਦ ਕੋਈ ਵੀ ਅਖਬਾਰ ਇਸ ਕਰਕੇ ਕੀਮਤ ਰਖਣ ਲਈ ਤਿਆਰ ਨਹੀਂ ਕਿ ਜਿਸ ਨੇ ਅਜਿਹਾ ਕੀਤਾ ਉਸਦਾ ਨੁਕਸਾਨ ਹੋ ਜਾਏਗਾ। ਇਹ ਠੀਕ ਹੈ ਕਿ ਇਸ ਸਮੇਂ ਪੰਜਾਬੀ ਅਖਬਾਰ ਇਸ਼ਤਿਹਾਰਾਂ ਦੀ ਆਮਦਨ 'ਤੇ ਨਿਰਭਰ ਹਨ ਅਤੇ ਅਖਬਾਰ ਦੀ ਕੀਮਤ ਨਾਲ ਆਮਦਨ ਕੋਈ ਬਹੁਤੀ ਵਧਣ ਵਾਲੀ ਨਹੀਂ। ਪਰ ਇਸ ਤਰ੍ਹਾਂ ਇਕ ਗੱਲ ਲਾਜ਼ਮੀ ਹੈ ਕਿ ਅਖਬਾਰਾਂ ਦੀ ਦੁਰਗੱਤ ਘਟੇਗੀ।

**661-889-1927*

## ਕੁਰਸੀ ਪੁੱਤ ਦੀ

ਡੇਰਾਵਾਦ ਨੇ ਫੜ੍ਹੇ ਮੁੜ ਉਹੀ ਚਾਲੇ,
ਸਮਾਂ ਅਠੱਤਰ ਦਾ ਫੇਰ ਮੰਡਰਾਉਣ ਲੱਗਾ।
ਆਸ਼ੂਤੋਸ਼, ਭਨਿਆਰੇ ਤੇ ਸਿਰਸਿਆਂ ਦੇ,
ਜਾ ਕੇ ਡੇਰਿਆਂ 'ਤੇ ਸੀਸ ਝੁਕਾਉਣ ਲੱਗਾ।
ਹਿੰਦੁਸਤਾਨ ਦੀ ਕਿਸਮਤ ਦੇ ਮਾਲਕ ਸੀ ਜੋ,
ਉਨ੍ਹਾਂ ਤਾਈਂ ਘਮਿਆਰੇ ਬਣਾਉਣ ਲੱਗਾ।
ਜਿਨ੍ਹਾਂ ਕਾਬਲ, ਕੰਧਾਰਾਂ ਤੱਕ ਪਾਏ ਮੋਛੇ,
ਅਣਖ ਉਨ੍ਹਾਂ ਦੀ ਅੱਜ ਮੁਕਾਉਣ ਲੱਗਾ।
ਕੁਰਸੀ ਪੁੱਤ ਦੀ ਪੱਕਿਆਂ ਕਰਨ ਖਾਤਰ,
'ਬਾਦਲ' ਸਿੱਖਾਂ ਦੇ ਪੁੱਤ ਮਰਵਾਉਣ ਲੱਗਾ।

*ਜਸਵੰਤ ਸਿੰਘ ਸ਼ਾਦ, ਸਟਾਕਟਨ*
*209-992-7185*

## ਸੰਪਾਦਕ ਦੀ ਡਾਕ

## ਨਾਨਕਸ਼ਾਹੀ ਕੈਲੰਡਰ ਦਾ ਰੇੜਕਾ

ਸਤਿਕਾਰਯੋਗ ਸੰਪਾਦਕ ਜੀ,

ਡਾ. ਜਸਵੀਰ ਸਿੰਘ ਆਲੂਵਾਲੀਆ ਦਾ ਕੈਲੰਡਰ ਬਾਰੇ ਖੋਜ ਭਰਭੂਰ ਲੇਖ, 'ਨਾਨਕਸ਼ਾਹੀ ਕੈਲੰਡਰ ਵਿਚ ਕੁਝ ਗੰਭੀਰ ਤਰੁਟੀਆਂ' ਛਾਪਣ ਲਈ ਆਪ ਜੀ ਦਾ ਬੂਹਤ-ਬੂਹਤ ਧੰਨਵਾਦ। ਇਹ ਲੇਖ ਮੈਂ ਕਈ ਸਾਲ ਪਹਿਲਾਂ ਵੀ ਪੜ੍ਹਿਆ ਸੀ। ਪਿਛਲੇ ਕਈ ਸਾਲਾਂ ਵਿਚ ਜਦੋ ਤੋਂ ਡਾ. ਜਸਵੀਰ ਸਿੰਘ ਨੂੰ ਇਨ੍ਹਾਂ ਤਰੁਟੀਆਂ ਦਾ ਗਿਆਨ ਹੋਇਆ ਹੈ ਤਾਂ ਇਨ੍ਹਾਂ ਨੇ ਹੁਣ ਤਾਈਂ ਕੋਈ ਠੋਸ ਸੁਝਾਓ ਨਹੀਂ ਦਿੱਤਾ। ਕੈਲੰਡਰ ਤਾਂ ਗਣਿਤ ਦਾ ਵਿਸ਼ਾ ਹੈ। ਕੋਈ ਵੀ ਵਿਦਵਾਨ ਜਿਸ ਨੂੰ ਇਸ ਵਿਸ਼ੇ ਬਾਰੇ ਜਾਣਕਾਰੀ ਹੈ ਉਹ ਦਲੀਲ ਨਾਲ ਤਰੁੱਟੀਆਂ ਨੂੰ ਪੇਸ਼ ਕਰ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਇਆ।

ਕੈਲੰਡਰ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਇਹ ਤਾਂ ਸਮੇਂ ਦਾ ਹਿਸਾਬ-ਕਿਤਾਬ ਹੈ। ਸਭ ਤੋ ਪਹਿਲਾਂ ਜਦੋਂ ਤੋਂ ਇਨਸਾਨ ਨੇ ਹੋਸ਼ ਸੰਭਾਲੀ ਸੀ ਤਾਂ ਚੰਦ ਦੇ ਦੇ ਵਧਣ-ਘਟਣ ਦਾ ਹੀ ਚੇਤਾ ਰੱਖ ਕੇ ਕੋਈ ਕੈਲੰਡਰ ਹੋਂਦ ਵਿਚ ਆਇਆ ਹੋਵੇਗਾ ਪਰ ਜਿਉਂ ਜਿਉਂ ਜਾਣਕਾਰੀ ਵਿਚ ਵਾਧਾ ਹੂੰਦਾ ਗਿਆ ਤਾਂ ਪਹਿਲੀਆਂ ਮਿਥਾਂ ਵਿਚ ਸੋਧਾਂ ਦਾ ਹੋਣਾ ਲਾਜ਼ਮੀ ਸੀ। ਹੁਣ ਵਿਗਿਆਨ ਨੇ ਬੁਹਤ ਤਰੱਕੀ ਕਰ ਲਈ ਹੈ। ਅੱਜ ਛੋਟੀ ਤੋਂ ਛੋਟੀ ਗਲਤੀ ਵੀ ਸੋਧ ਦੀ ਮੰਗ ਕਰਦੀ ਹੈ। ਇਸ ਦਾ ਭਾਵ ਇਹ ਨਹੀਂ ਹੈ ਕਿ ਬਿਕਰਮੀ ਕੈਲੰਡਰ ਗਲਤ ਹੈ ਇਹ ਸੋਚ ਕੇ ਵੀ ਹੈਰਾਨੀ ਹੁੰਦੀ ਹੈ ਕਿ ਕਿਵੇਂ ਅੱਜ ਤੋਂ 2066 ਸਾਲ ਪਹਿਲਾਂ ਹੀ ਸਿਆਣਿਆਂ ਨੇ ਇਕ ਵਧੀਆ ਕੈਲੰਡਰ ਬਣਾ ਲਿਆ ਸੀ। ਅਸੀਂ ਅੱਜ ਵੀ ਲੜੀ ਜਾ ਰਹੇ ਹਾਂ।

ਬਿਕਰਮੀ ਕੈਲੰਡਰ ਚੰਦ ਦੀ ਚਾਲ ਨਾਲ ਚਲਦਾ ਹੈ। ਚੰਦ ਦਾ ਇਕ ਸਾਲ 354 ਦਿਨਾਂ ਦਾ ਹੁੰਦਾ ਹੈ ਪਰ ਅੱਜ ਸੂਰਜ ਦਾ ਸਾਲ, ਜੋ ਲਗਭਗ 365.25 ਦਿਨ ਦਾ ਹੁੰਦਾ ਹੈ, ਉਸ ਤੋਂ ਜਿਆਦਾ ਠੀਕ ਮੰਨਿਆ ਜਾਂਦਾ ਹੈ। ਹੁਣ ਜਦੋਂ ਅਸੀਂ ਬਿਕਰਮੀ ਕੈਲੰਡਰ ਦੀ ਵਰਤੋਂ ਕਰਦੇ ਹਾਂ, ਜੋ ਸੂਰਜੀ ਸਾਲ ਨਾਲੋਂ 11 ਦਿਨ ਛੋਟਾ ਹੈ ਤਾਂ ਹਰ ਸਾਲ ਕੋਈ ਵੀ ਗੁਰਪੁਰਬ 11 ਦਿਨ ਪਹਿਲਾਂ ਆ ਜਾਂਦਾ ਹੈ। ਅਗਲੇ ਸਾਲ ਉਹ ਪੁਰਬ ਹੋਰ 11 ਦਿਨ ਪਹਿਲਾਂ ਹੋ ਜਾਵੇਗਾ। ਭਾਵ ਚੰਦ ਦੇ ਸਾਲ ਅਤੇ ਸੂਰਜ ਦੇ ਸਾਲ ਵਿਚ, 2 ਸਾਲਾਂ ਵਿਚ ਹੀ 22 ਦਿਨਾਂ ਦਾ ਅੰਤਰ ਹੋ ਗਿਆ। ਹੁਣ ਚੰਦ ਦੇ ਸਾਲ ਨੂੰ ਸੂਰਜ ਦੇ ਸਾਲ ਦੇ ਬਰਾਬਰ ਕਰਨ ਲਈ ਚੰਦ ਦੇ ਸਾਲ ਵਿਚ ਤੀਜੇ ਜਾਂ ਚੌਥੇ ਸਾਲ ਇਕ ਮਹੀਨਾ ਹੋਰ ਜੋੜ ਦਿੱਤਾ ਜਾਵੇਗਾ ਤਾਂ ਜੋ ਉਹ ਸੂਰਜੀ ਸਾਲ ਦੇ ਬਰਾਬਰ ਹੋ ਸਕੇ। ਇਹ ਤੇਰਵਾਂ ਮਹੀਨਾ, ਜਿਸ ਨੂੰ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ, ਮਾੜਾ ਹੁੰਦਾ ਹੈ ਇਸ ਵਿਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਲੌਂਦ ਦੇ ਮਹੀਨੇ ਤੋਂ ਪਿਛੋਂ ਆਉਣ ਵਾਲੇ ਪੁਰਬ 18/19 ਦਿਨ ਪਛੜ ਜਾਂਦੇ ਹਨ। ਮਿਸਾਲ ਵਜੋਂ ਹੋਲਾ 2009 ਵਿਚ 11 ਮਾਰਚ ਨੂੰ ਸੀ, 2010 ਵਿਚ 1 ਮਾਰਚ ਨੂੰ ਅਤੇ 2011 ਵਿਚ ਇਹ 20 ਮਾਰਚ ਨੂੰ ਹੋਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਬਿਕਰਮੀ ਕੈਲੰਡਰ ਨੂੰ ਵੀ ਖਿੱਚਧੂਹ ਕੇ ਸੂਰਜੀ ਕੈਲੰਡਰ ਦੇ ਬਰਾਬਰ ਹੀ ਕਰਨਾ ਪੈਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਵਰਤ ਲਿਆ ਜਾਵੇ?

ਦੁਨੀਆਂ ਵਿਚ ਸਮੇਂ-ਸਮੇਂ ਕਈ ਕੈਲੰਡਰ ਹੋਂਦ ਵਿਚ ਆਏ ਜਿਵੇਂ ਬਿਕਰਮੀ, ਜੂਲੀਅਸ ਅਤੇ ਗਰੈਗੋਰੀਅਨ ਕੈਲੰਡਰ। ਸਮੇਂ-ਸਮੇਂ ਕੈਲੰਡਰ ਵਿਚ ਸੋਧਾਂ ਵੀ ਹੋਈਆ ਹਨ ਜਿਵੇਂ 5 ਅਕਤੂਬਰ 1582 ਨੂੰ 15 ਅਕਤੂਬਰ ਜਾਂ 3 ਸਤੰਬਰ 1752 ਨੂੰ 14 ਸਤੰਬਰ ਮੰਨ ਲਿਆ ਗਿਆ ਸੀ। ਹੁਣ ਗਰੈਗੋਰੀਅਨ ਕੈਲੰਡਰ ਨੂੰ ਹੀ ਸੀ ਈ (ਕੌਮਨ ਐਰਾ) ਕਿਹਾ ਜਾਂਦਾ ਹੈ। ਜੋ ਸਾਰੀ ਦੁਨੀਆਂ ਵਿਚ ਪ੍ਰਚਲਤ ਹੈ। ਇਸ ਵਿਚ ਹੋਣ ਵਾਲੇ ਵਾਧੇ-ਘਾਟੇ ਨੂੰ ਮੋਟੇ ਹਿਸਾਬ ਨਾਲ ਹਰ ਚੌਥੇ ਸਾਲ ਫਰਵਰੀ ਦੇ ਮਹੀਨੇ ਵਿਚ 1 ਦਿਨ ਜੋੜ ਕੇ ਸੂਰਜੀ ਮੌਸਮੀ ਸਾਲ ਦੇ ਬਰਾਬਰ ਕਰ ਲਿਆ ਜਾਂਦਾ ਹੈ। ਇਹ ਫਰਵਰੀ 29 ਦਿਨਾਂ ਦੀ ਹੁੰਦੀ ਹੈ ਇਸ ਨੂੰ ਲੀਪ ਦਾ ਕਿਹਾ ਜਾਂਦਾ ਹੈ।

ਡਾ. ਜਸਵੀਰ ਸਿੰਘ ਨੇ 'ਆਦਿ ਗ੍ਰੰਥ ਸਾਹਿਬ' ਦੇ ਪਹਿਲੇ ਪ੍ਰਕਾਸ਼ ਦੀ ਤਰੀਖ ਭਾਦੋਂ ਸੁਦੀ 1 (ਬਿਕਰਮੀ 1661) ਦੀ ਮਿਸਾਲ ਦਿੱਤੀ ਹੈ। ਜੋ ਉਨ੍ਹਾਂ ਮੁਤਾਬਕ ਅਗਸਤ 1604 ਸੀ.ਈ. ਵਿਚ ਸੀ। 1604 ਦੇ ਅਗਸਤ ਦੀ 16 ਤਰੀਖ ਨੂੰ ਆਈ ਭਾਦੋਂ ਸੁਦੀ 1, 1605 ਵਿਚ 5 ਅਗਸਤ, 1606 ਵਿਚ 24 ਅਗਸਤ ਅਤੇ 1996 ਵਿਚ ਭਾਦੋਂ ਸੁਧੀ 1, 13 ਸਤੰਬਰ ਨੂੰ ਆਈ ਸੀ। 1997 ਵਿਚ ਭਾਦੋਂ ਸੁਦੀ 1, ਸਤੰਬਰ 2 ਅਤੇ ਸਤੰਬਰ 3 ਨੂੰ ਦੋ ਵਾਰੀ ਆਈ ਸੀ। ਕੀ 1997 ਵਿਚ ਆਦਿ ਬੀੜ ਦਾ ਪ੍ਰਕਾਸ਼ ਦਿਹਾੜਾ ਦੋ ਵਾਰੀ ਮਨਾਇਆ ਸੀ ਜੇ ਨਹੀਂ ਤਾਂ ਕਿਉਂ?

ਡਾ. ਜਸਵੀਰ ਸਿੰਘ ਨੇ ਦੂਜੀ ਮਿਸਾਲ ਗੁੱਡ ਫਰਾਈਡੇ ਦੀ ਦਿੱਤੀ ਹੈ ਕਿ ਉਸ ਦੀ ਤਰੀਖ ਵੀ ਹਰ ਸਾਲ ਬਦਲਦੀ ਰਹਿੰਦੀ ਹੈ। ਇਸ ਸਬੰਧ ਵਿਚ ਬੇਨਤੀ ਹੈ ਕਿ 1928 ਵਿਚ ਇੰਗਲੈਂਡ ਦੀ ਪਾਰਲੀਮੈਂਟ ਵਿਚ ਇਹ ਬਿਲ ਪੇਸ਼ ਹੋਇਆ ਸੀ ਕਿ ਇਸ ਤਰੀਖ ਨੂੰ ਫਿਕਸ ਕੀਤਾ ਜਾਵੇ ਪਰ ਉਥੇ ਦੇ ਧਾਰਮਿਕ ਲੀਡਰਾਂ ਦੇ ਦਖਲ ਕਰਨ ਇਹ ਨਹੀਂ ਸੀ ਹੋ ਸਕਿਆ। ਬੜੀ ਹੈਰਾਨੀ ਦੀ ਗੱਲ ਹੈ ਕਿ ਗੋਰਿਆਂ ਦੇ ਸੰਤਾਂ ਅਤੇ ਸਾਡੇ ਸੰਤ ਸਮਾਜ ਵਿਚ ਕਿੰਨੀ ਸਾਂਝ ਹੈ!

ਅੱਜ ਸਿੱਖ ਕੌਮ ਦੁਨੀਆਂ ਭਰ ਵਿਚ ਫੈਲ ਚੁੱਕੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਾਡਾ ਸੀ.ਈ. ਕੈਲੰਡਰ ਬਿਨਾ ਗੁਜ਼ਾਰਾ ਹੋ ਜਾਵੇਗਾ? ਇਹ ਸਵਾਲ ਸਾਰੇ ਪਾਠਕ ਆਪਣੇ ਆਪ ਨੂੰ ਪੁੱਛਣ। ਅੱਜ (ਦਿਨ ਸ਼ੁਕਰਵਾਰ) ਕਿੰਨੀ ਤਰੀਖ ਹੈ? ਜੇ ਤਾਂ ਤੁਹਾਡਾ ਜਵਾਬ 25 ਦਸੰਬਰ 2009 ਹੈ। ਤਾਂ ਸਾਨੂੰ ਸੀ.ਈ. ਕੈਲੰਡਰ ਦੀ ਲੋੜ ਹੈ। ਜੇ ਤੁਹਾਡਾ ਜਵਾਬ ਪੋਹ ਸੁਦੀ 8 ਬਿਕਰਮੀ 2066 ਹੈ ਤਾਂ ਸਾਨੂੰ ਸੀ.ਈ. ਕੈਲੰਡਰ ਦੀ ਕੋਈ ਲੋੜ ਨਹੀਂ। ਜੇ ਗੁਰੂ ਨਾਨਕ ਦੇਵ ਦਾ ਪੁਰਬ ਵਿਸਾਖ ਦੀ ਬਜਾਏ ਕੱਤਕ ਵਿਚ ਮਨਾਉਣ ਨਾਲ ਕੋਈ ਫਰਕ ਨਹੀਂ ਪਿਆ ਤਾਂ ਹੁਣ ਜੇ ਕੋਈ ਪੁਰਬ ਇਕ ਦਿਨ ਅੱਗੇ ਜਾਂ ਪਿਛੇ ਵੀ ਹੋ ਜਾਂਦਾ ਹੈ ਤਾਂ ਕੀ ਭੁਚਾਲ ਆ ਜਾਵੇਗਾ? ਘੱਟੋ-ਘੱਟ ਸਾਨੂੰ ਉਸ ਦੀ ਤਰੀਖ ਦਾ ਤਾਂ ਪਤਾ ਹੋਵੇਗਾ। ਹਰ ਦਿਨ ਤਿੰਨ ਤਾਰੀਖਾਂ ਹੁੰਦੀਆਂ ਹਨ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 23 ਪੋਹ, ਪੋਹ ਸੁਦੀ 7 ਅਤੇ 22 ਦਸੰਬਰ ਨੂੰ ਹੋਇਆ ਸੀ। ਹੁਣ ਇਹ ਤਿੰਨੇ ਤਾਰੀਖਾਂ ਕਦੇ ਵੀ ਇਸ ਤਰ੍ਹਾਂ ਇਕੱਠੀਆਂ ਨਹੀਂ ਆਉਣਗੀਆਂ। ਇਸ ਲਈ ਸਾਨੂੰ ਇੱਕ ਤਾਰੀਖ ਹੀ ਮਿਥਣੀ ਪਵੇਗੀ। ਨਾਨਕਸ਼ਾਹੀ ਕੈਲੰਡਰ ਮੁਤਾਬਕ ਹਰ ਸਾਲ ਇਹ ਦਿਹਾੜਾ, 23 ਪੋਹ 5 ਜਨਵਰੀ ਨੂੰ ਹੀ ਆਵੇਗਾ। ਕੀ ਕੋਈ ਇਹ ਦੱਸ ਸਕੇਗਾ ਕਿ ਬਿਕਰਮੀ ਕੈਲੰਡਰ ਮੁਤਾਬਕ 2010 ਵਿਚ ਇਹ ਗੁਰਪੁਰਬ ਕਦੋਂ ਆਵੇਗਾ, ਆਵੇਗਾ ਵੀ ਜਾਂ ਨਹੀ ਜੇ ਨਹੀਂ ਤਾਂ ਕਿਉਂ?

*ਸਰਵਜੀਤ ਸਿੰਘ*

## ਪੰਜਾਬ ਟਾਈਮਜ਼ ਨੂੰ ਮੁਬਾਰਕਾਂ

ਸੰਪਾਦਕ ਜੀ, ਸਭ ਤੋਂ ਪਹਿਲਾਂ ਤੁਹਾਨੂੰ ਪੰਜਾਬ ਟਾਈਮਜ਼ ਦੇ ਪ੍ਰਕਾਸ਼ਨ ਦੇ ਦਸ ਸਾਲ ਪੂਰੇ ਹੋਣ 'ਤੇ ਦਿਲੀ ਮੁਬਾਰਕ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਅਖਬਾਰ ਚਲਾਉਣਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਜੇ ਕੋਈ ਮਿਆਰ ਰੱਖ ਕੇ ਚਲਾਉਣਾ ਹੈ ਤਾਂ ਹੋਰ ਵੀ ਔਖਾ ਹੈ। ਮੈਨੂੰ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਪੰਜਾਬ ਟਾਈਮਜ਼ ਨੇ ਪੰਜਾਬੀ ਪੱਤਰਕਾਰੀ ਵਿਚ ਉਚੇ ਮਿਆਰ ਕਾਇਮ ਕੀਤੇ ਹਨ। ਸਾਨੂੰ ਆਪਣੇ ਇਸ ਪਿਆਰੇ ਅਖਬਾਰ ਦਾ ਹਰ ਬੁੱਧਵਾਰ ਇੰਤਜ਼ਾਰ ਰਹਿੰਦਾ ਹੈ। ਅਸੀਂ ਸਾਰਾ ਅਖਬਾਰ ਦਿਲ ਲਾ ਕੇ ਪੜ੍ਹਦੇ ਹਾਂ। ਖਬਰਾਂ ਅਤੇ ਹੋਰ ਕਾਲਮ ਹੋਰ ਲੋਕਾਂ ਨਾਲ ਸਾਂਝੇ ਕਰਦੇ ਹਾਂ। ਕਈ ਵਾਰ ਕਿਸੇ ਮਾਮਲੇ ਉਤੇ ਕਾਫੀ ਬਹਿਸ ਵੀ ਹੁੰਦੀ ਹੈ ਪਰ ਜਿੱਤ ਹਮੇਸ਼ਾ ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਦੀ ਹੁੰਦੀ ਹੈ। ਸਾਨੂੰ ਸਭ ਤੋਂ ਜ਼ਿਆਦਾ ਪਸੰਦ ਹੈ ਪੰਜਾਬ ਟਾਈਮਜ਼ ਵਿਚ ਵਰਤੀ ਜਾਂਦੀ ਸਰਲ, ਠੇਠ ਅਤੇ ਅਪਣੱਤ ਭਰੀ ਪੰਜਾਬੀ।

ਇਸ ਦੇ ਸਾਰੇ ਸਥਾਈ ਫੀਚਰ ਬੇਹੱਦ ਸਲਾਹੁਣਯੋਗ ਹਨ, ਭਾਵੇਂ ਉਹ ਅਸ਼ੋਕ ਭੌਰਾ ਦਾ 'ਗੱਲੀਂਬਾਤੀਂ' ਹੈ ਜਾਂ ਤਰਲੋਚਨ ਸਿੰਘ ਦੁਪਾਲਪੁਰ ਹੋਰਾਂ ਦਾ 'ਲਿਖਤੁਮ', ਪ੍ਰੋ. ਕੁਲਵੰਤ ਸਿੰਘ ਰੋਮਾਣਾ ਦਾ 'ਸ਼ੈਰੀ ਦੀ ਡਾਇਰੀ' ਜਾਂ ਬਲਜੀਤ ਬਾਸੀ ਦਾ 'ਇੰਨੀ ਕੁ ਬਾਤ'। 'ਕਮਲਿਆਂ ਦਾ ਟੱਬਰ' ਕਾਲਮ ਦੀ ਗੈਰਹਾਜ਼ਰੀ ਅਕਸਰ ਰੜਕਦੀ ਰਹਿੰਦੀ ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਸਾਡਾ ਇਹ ਮਨਪਸੰਦ ਅਖਬਾਰ ਆਉਣ ਵਾਲੇ ਸਾਲਾਂ ਵਿਚ ਹੋਰ ਤਰੱਕੀ ਕਰੇ।

*ਇੰਦਰਜੀਤ ਮੰਗਾ ਤੇ ਨੀਲਮ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

ੴ ਸਤਿਗੁਰ ਪ੍ਰਸਾਦਿ

# ਪੰਥਕ ਸੰਸਥਾਵਾਂ ਵਲੋਂ ਨਵਾਂ ਸਾਲ ਮੁਬਾਰਕ !

ਸਮੂਹ ਪੰਥਕ ਜਥੇਬੰਦੀਆਂ, ਪੰਥਕ ਦਰਦੀਆਂ, ਗੁਰਸਿੱਖ ਪਰਿਵਾਰਾਂ ਸਮੇਤ ਆਪ ਸਭ ਨੂੰ ਨਵੇਂ ਸਾਲ ਦੀ ਆਮਦ 'ਤੇ (ਲੱਖ ਖੁਸੀਆ ਪਾਤਸਾਹੀਆ ਜੇ ਸਤਿਗੁਰ ਨਦਰਿ ਕਰੇ) ਉਪਰੰਤ ਸਿੱਖ ਕੌਮ ਦੇ ਹਰਿਆਵਲ ਦਸਤੇ ਸਮੂਹ ਬੱਚਿਆਂ ਨੂੰ ਪਿਆਰ। ਪੜ੍ਹਨ ਸੁਣਨ ਵਾਲਿਆਂ ਨੂੰ ਸਮੇਤ ਸਮੂਹ-ਸੰਬੰਧੀਆਂ-ਰਿਸ਼ਤੇਦਾਰਾਂ-ਸ਼ਰੀਕੇ ਕਬੀਲੇ ਨੂੰ-ਸਾਲ 2009 ਦੇ ਗੁਜਰਨ ਅਤੇ ਨਵੇਂ ਸਾਲ ਦੀ ਦਰਵਾਜ਼ਿਆਂ 'ਤੇ ਦਸਤਕ ਨੂੰ ਜੀ ਆਇਆਂ ਆਖਦਿਆਂ ਗੁਰੂ ਫਤਿਹ ਪ੍ਰਵਾਨ ਹੋਵੇ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਨਵੇਂ ਸਾਲ ਦੌਰਾਨ ਆਪਾਂ ਸਭ ਰਲ ਮਿਲ ਕੇ "ਮਨ ਨੀਵਾਂ ਮਤ ਉਚੀ" ਰੱਖਦੇ ਹੋਏ "ਹਮ ਨਹੀਂ ਚੰਗੇ ਬੁਰਾ ਨਹੀਂ ਕੋਇ" ਦੇ ਮਾਰਗ 'ਤੇ ਚਲਦਿਆਂ "ਫਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨਾ ਹੰਢਾਇ" ਦੀ ਸੋਚ ਦੇ ਧਾਰਨੀ ਬਣੀਏ ਅਤੇ "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਸਦਾ ਹੀ ਆਪਣੇ ਅੰਦਰ ਅਲਾਪਦੇ ਹੋਇ "ਦੇਗੋ ਤੇਗੋ ਫਤਹਿ ਨੁਸਰਤ ਬੇ ਦਰੰਗ॥ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।।" ਦੇ ਅਰਥਾਂ ਨੂੰ ਆਪਣੇ ਦਿਲ ਔਰ ਦਿਮਾਗ ਵਿਚ ਸਦਾ ਵਾਸਤੇ ਵਸਾ ਕੇ "ਖਾਲਸਾ ਸੋਇ ਜੋ ਚੜੈ ਤਰੰਗ ਖਾਲਸਾ ਸੋਇ ਜੋ ਕਰੈ ਨਿਤ ਜੰਗ" ਦੇ ਸਿਧਾਂਤ ਨੂੰ ਸਹੀ ਅਰਥਾਂ ਦੇ ਰੂਪ ਵਿਚ ਆਪਣੇ ਜੀਵਨ ਕਾਲ ਅੰਦਰ ਢਾਲ ਕੇ ਖਾਲਸਾ ਪੰਥ ਦੇ ਮਾਰਗ ਦੇ ਧਾਰਨੀ ਬਣੇ ਰਹੀਏ ਤਾਂ ਕਿ ਨਵੇਂ ਸਾਲ ਦੌਰਾਨ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੀ ਜਗਦੀ ਜੋਤਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖਾਲਸਾ ਪੰਥ ਵਲੋਂ ਪ੍ਰਮਾਣਿਤ ਸ਼ਹੀਦ ਰੂਹਾਂ ਆਪਣੀਆਂ ਸਭਨਾਂ ਦੀਆਂ ਦੁੱਖਾਂ ਤਕਲੀਫਾਂ ਮੁਸੀਬਤਾਂ ਔਕੜਾਂ ਦਾ ਨਾਸ ਕਰਦੇ ਹੋਏ ਆਪਣੇ ਸਭਨਾਂ ਦੇ ਮਨਾਂ ਨੂੰ ਸੁੱਖ ਸ਼ਾਂਤੀ ਪ੍ਰਦਾਨ ਕਰਨ।

ਨਵੇਂ ਸਾਲ ਵਿਚ, ਸਤਿਗੁਰੂ ਸੱਚੇ ਪਾਤਸ਼ਾਹ ਕ੍ਰਿਪਾ ਕਰਨ ਕਿ ਸੁਧ ਹਵਾ ਦੇ ਬੁੱਲੇ ਆਵਣ ਜਿਨ੍ਹਾਂ ਰਾਹੀਂ ਮੁੜ ਭਾਈ ਰਣਧੀਰ ਸਿੰਘ ਜੀ ਦੀ ਤਰ੍ਹਾਂ ਹਾਰਮੋਨੀਅਮ ਰਾਹੀਂ ਕੀਰਤਨ ਦੀਆਂ ਗੂੰਜਾਂ ਪੈਣ, ਸੰਤ ਕਰਤਾਰ ਸਿੰਘ ਜੀ ਖਾਲਸਾ ਦੀ ਤਰ੍ਹਾਂ ਅਥਾਹ ਕਥਾ ਦਾ ਪ੍ਰਵਾਹ ਚੱਲੇ, ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਤਰ੍ਹਾਂ ਕੋਈ ਜ਼ਬਰ ਤੇ ਜ਼ਾਬਰ ਨੂੰ ਲਲਕਾਰ ਸਕੇ, ਫੌਜਾ ਸਿੰਘ ਦੀ ਤਰ੍ਹਾਂ ਕੋਈ ਸਿੰਘ ਫੌਜ ਤਿਆਰ ਕਰਕੇ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਅਗੇ ਵਧ ਕੇ ਅਗਵਾਈ ਕਰ ਸਕੇ, ਜਥੇਦਾਰ ਅਕਾਲੀ ਫੂਲਾ ਸਿੰਘ ਵਰਗਾ ਕੋਈ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਬਣ ਕੇ ਅੱਜ ਦੇ ਬਿਖੜੇ ਸਮੇਂ ਅੰਦਰ ਸਿੱਖ ਕੌਮ ਦੀ ਅਗਵਾਈ ਕਰਨ ਦੇ ਯੋਗ ਹੋਵੇ, ਨਾ ਕਿ ਜਥੇਦਾਰ ਅਰੂੜ ਸਿੰਘ ਵਰਗਾ ਹੋਵੇ ਜਿਸ ਨੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੁੰਦਿਆਂ ਸਿੱਖ ਕੌਮ ਦੇ ਕਾਤਲ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਸੀ, ਨਾ ਹੀ ਐਸਾ ਜਥੇਦਾਰ ਹੋਵੇ ਜੋ ਸਿੱਖ ਹਿਤਾਂ ਨੂੰ ਅੱਖੋਂ ਪਰੋਖੇ ਕਰ ਕੇ ਆਰ ਐਸ ਐਸ ਨਾਲ ਆਪਣੇ ਨਿੱਜੀ ਹਿੱਤ ਪਾਲਦਾ ਫਿਰੇ।

ਨਵੇਂ ਸਾਲ ਵਿਚ, ਜਨਰਲ ਸੁਬੇਗ ਸਿੰਘ ਵਰਗਾ ਕੋਈ ਯੋਧਾ ਭਾਈ ਅਮਰੀਕ ਸਿੰਘ ਜੀ ਵਰਗੇ ਸੱਚੇ ਸਿਪਾਹੀਆਂ ਨੂੰ ਨਾਲ ਲੈ ਕੇ ਕੌਮ ਦੇ ਗਲੋਂ ਗੁਲਾਮੀ ਲਾਹ ਕੇ ਅਜ਼ਾਦੀ ਪ੍ਰਦਾਨ ਕਰਨ ਲਈ ਨਵੇਂ ਨਕਸ਼ੇ ਉਲੀਕ ਕੇ ਕਮਰ-ਕੱਸੇ ਕਰ ਸਕੇ। ਖਾਲਸਾ ਪੰਥ ਦੇ ਦੋਖੀ ਅਤੇ ਕਾਤਲ ਮੁਖੀਆਂ ਦੇ ਪਹਿਰੇਦਾਰ ਪੁਲਿਸ ਵਿਚ ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਸਤਵੰਤ ਸਿੰਘ ਵਰਗੇ ਪੈਦਾ ਹੋ ਸਕਣ ਤਾਂ ਕਿ ਭਗਤ ਸਿੰਘ ਅਤੇ ਊਧਮ ਸਿੰਘ ਦੇ ਦਿਖਾਏ ਨਕਸ਼ੇ ਕਦਮਾਂ ਨੂੰ ਸਹੀ ਅਰਥਾਂ ਵਿਚ ਸੰਭਾਲਿਆ ਜਾ ਸਕੇ। ਕੌਮ ਵਿਚ ਮੁੜ ਕੋਈ ਭਾਈ ਕਾਹਨ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ, ਸ. ਕਪੂਰ ਸਿੰਘ ਵਰਗਾ ਦਲੇਰ ਕਲਮ ਦਾ ਧਨੀ ਪੈਦਾ ਹੋਵੇ ਜਿਸ ਨਾਲ ਸਿੱਖ ਸਮਾਜ ਅੰਦਰ ਫੈਲੇ ਗੰਧਲੇ ਲਿਟਰੇਚਰ ਨੂੰ ਠੱਲ ਪਾਈ ਜਾ ਸਕੇ।

ਨਵਾਂ ਸਾਲ ਸਿੱਖ ਕੌਮ ਲਈ ਸੁਹਿਰਦ ਪੰਥਕ ਜਥੇਬੰਦੀਆਂ ਦੀਆਂ ਕਲਮਾਂ ਨੂੰ ਅਤੇ ਸ਼ੁਰੂ ਕੀਤੇ ਮਿਸ਼ਨ ਨੂੰ ਹੋਰ ਵੀ ਸੁਮੱਤ ਅਤੇ ਤਾਕਤ ਬਖਸ਼ੇ ਤਾਂ ਕਿ ਪੰਜਾਬ ਅੰਦਰ ਮਚੀ ਹੋਈ ਹਨੇਰਗਰਦੀ, ਨਸ਼ਿਆਂ ਦੀ ਲਾਹਨਤ, ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ, ਸਿੱਖ ਸਮਾਜ ਅੰਦਰ ਫੈਲ ਰਹੀ ਅਸ਼ਲੀਲ ਫੈਸ਼ਨਪ੍ਰਸਤੀ, ਜਾਤ ਪਾਤ, ਭਰੂਣ ਹੱਤਿਆ ਨੂੰ ਮੂੰਹ ਤੋੜ ਜਵਾਬ ਦਿੰਦੇ ਹੋਏ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਰਾਜ ਕਰੇਗਾ ਖਾਲਸਾ ਦੇ ਸੰਕਲਪ ਨੂੰ ਗੁਰੂ ਗਿਆਨ ਰਾਹੀਂ ਪੂਰਾ ਕੀਤਾ ਜਾ ਸਕੇ। ਸਮੂਹ ਸਿੱਖ ਮਾਪੇ ਆਪਣੀਆਂ ਬੱਚੀਆਂ ਦੇ ਜੀਵਨ ਅੰਦਰ-ਸਦਾ ਕੌਰ, ਮਾਈ ਭਾਗੋ, ਦਲੇਰ ਕੌਰ, ਬਘੇਲ ਕੌਰ, ਪੰਜਾਬ ਕੌਰ, ਹਰਿਸ਼ਰਨ ਕੌਰ ਵਰਗਾ ਜੀਵਨ ਮਾਰਗ ਭਰਨ ਦੀ ਕੋਸ਼ਿਸ਼ ਕਰਨ ਤਾਂ ਕਿ ਆਪਣਾ ਕੌਮੀ ਭਵਿਖ ਉਜਲਾ ਹੋਵੇ ਅਤੇ ਸਿੱਖ ਪਰਿਵਾਰਾਂ ਦਾ ਨਾਮ ਰੌਸ਼ਨ ਹੋਵੇ।

ਨਵੇਂ ਸਾਲ ਵਿਚ ਆਪਾਂ ਸਭ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸਮੂਹ ਸਿੱਖ ਪਰਿਵਾਰਕ ਮੈਂਬਰ ਬੀਤੇ ਸਾਲ ਦੌਰਾਨ ਆਏ ਦੁੱਖ-ਤਕਲੀਫਾਂ, ਮੁਸੀਬਤਾਂ, ਔਕੜਾਂ ਤੋਂ ਕੋਈ ਸੇਧ ਲੈਂਦੇ ਹੋਏ ਨਵੇਂ ਸਾਲ ਦੀ ਆਮਦ ਤੇ ਸਮੁਚੀ ਸਿੱਖ ਕੌਮ ਅੰਦਰ ਸੁਖੀ ਅਤੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਨ ਦੀ ਚੇਸ਼ਟਾ ਰਖੀਏ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਸਰੂਪਾਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਜੋਦੜੀ ਕਰੀਏ ਕਿ ਸਭ ਪਾਸੇ ਸੁੱਖ ਸ਼ਾਂਤੀ ਦਾ ਪਸਾਰਾ ਹੋਵੇ। ਆਪਸੀ ਇੱਜ਼ਤ-ਮਾਣ, ਸਤਿਕਾਰ, ਹਮਦਰਦੀ ਵਿਚ ਵਾਧਾ ਹੋਵੇ ਅਤੇ ਸਰਬੱਤ ਦਾ ਭਲਾ ਹੋਵੇ।

ਨਵੇਂ ਸਾਲ ਦੀ ਆਮਦ ਮੌਕੇ ਅਤੇ ਬੀਤੇ ਸਾਲ ਦੇ ਸ਼ੁਭ ਸਮੇਂ ਵਿਚ ਮਾਤ ਲੋਕ ਅੰਦਰ ਆਪਣੇ ਚਰਨ ਪਸਾਰ ਚੁੱਕੇ ਪੈਦਾ ਹੋਏ ਬੱਚਿਆਂ ਦੀ ਜ਼ਿੰਦਗੀ ਅੰਦਰ ਸਤਿਗੁਰੂ ਜੀ ਆਪ ਆਪਣੀ ਕ੍ਰਿਪਾ ਦੁਆਰਾ ਸ਼ਹੀਦੀ ਪਹਿਰਾ ਲਗਾ ਕੇ ਹਰ ਪੱਖੋਂ ਰਖਿਆ ਕਰਨ ਤਾਂ ਕਿ ਇਹ ਅੱਜ ਦੇ ਸਾਰੇ ਸਿੱਖ ਬੱਚੇ ਆਉਣ ਵਾਲੇ ਕੱਲ ਨੂੰ ਸਿੱਖ ਕੌਮ ਦਾ ਹਰਿਆਵਲ ਦਸਤਾ ਬਣ ਕੇ ਸਿੱਖ ਕੌਮ ਦੀ ਅਗਵਾਈ ਕਰਨ ਦੇ ਯੋਗ ਬਣ ਸਕਣ।

ਬੀਤੇ ਸਾਲ ਦੌਰਾਨ ਕੁਝ ਪਰਿਵਾਰਾਂ ਅੰਦਰ ਸੰਸਾਰਕ ਯਾਤਰਾ ਪੂਰੀ ਕਰ ਚੁੱਕੇ, ਪਰਿਵਾਰਕ ਮੈਂਬਰਾਂ ਦੀ ਆਤਮਾ ਨੂੰ ਪਰਮਾਤਮਾ ਸੁੱਖ ਸ਼ਾਂਤੀ ਪ੍ਰਦਾਨ ਕਰਦੇ ਹੋਏ ਆਪਣੇ ਚਰਨਾਂ 'ਚ ਲਾਉਣ ਦੀ ਬਖਸ਼ਿਸ਼ ਕਰਨ ਅਤੇ ਪਿੱਛੇ ਸਮੂਹ ਪਰਿਵਾਰਕ ਮੈਂਬਰਾਂ, ਸਮੂਹ ਸੰਬੰਧੀਆਂ ਨੂੰ ਸਬਰ ਸੰਤੋਖ ਦੀ ਕ੍ਰਿਪਾ ਕਰਦੇ ਹੋਏ ਭਾਣੇ ਵਿਚ ਰਹਿਣ ਦੀ ਤਾਕਤ ਬਖਸ਼ਣ।

ਨਵੇਂ ਸਾਲ ਦੀ ਆਮਦ ਮੌਕੇ ਅਸੀਂ ਆਪਣੀ ਬੀਤ ਚੁੱਕੀ ਪਰਦੇਸੀ ਜ਼ਿੰਦਗੀ ਦੇ ਸਾਲਾਂ ਦੌਰਾਨ ਇਹੋ ਤੱਤ ਕੱਢਿਆ ਹੈ-ਕੁੱਲੀ ਯਾਰ ਦੀ ਸੁਰਗ ਦਾ ਝੂਟਾ ਅੱਗ ਲਾਵਾਂ ਮਹਿਲਾਂ ਨੂੰ। ਪਰਦੇਸਾਂ ਦੀ ਖੁੱਲੀ ਹਵਾ ਵਿਚ ਗੁਆਚਣ ਨਾਲੋਂ ਆਪਣੇ ਵਤਨ ਲਈ ਮਰ ਮਿਟਣਾ ਬਿਹਤਰ ਹੈ। ਜਿਹੜੇ ਪਰਦੇਸੀਂ ਬੈਠੇ ਸਿੱਖ ਪਰਿਵਾਰਾਂ ਦੇ ਬੱਚੇ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਉਨ੍ਹਾਂ ਦੇ ਦੀਨ ਧਰਮ ਤੋਂ, ਅਕਲ ਅਤੇ ਨਸਲ ਤੋਂ ਕੋਹਾਂ ਦੂਰ ਜਾ ਰਹੇ ਹਨ, ਉਨ੍ਹਾਂ ਨੇ ਪਰਦੇਸੀਂ ਆ ਕੇ ਕੀ ਖਟਿਆ? ਅੱਜ ਸਿੱਖ ਸਮਾਜ ਵਿਚੋਂ ਸਿੱਖ ਕੌਮ ਦੀ ਮੁੱਖ ਨਿਸ਼ਾਨੀ ਦਾੜ੍ਹੀ ਕੇਸ ਖਤਮ ਹੁੰਦੇ ਜਾ ਰਹੇ ਹਨ ਅਤੇ ਪਰਦੇਸੀ ਮਜ਼ਹਬ ਦੀ ਨਿਸ਼ਾਨੀ (ਟਾਈ) ਗੱਲ ਵਿਚ ਫਾਂਸੀ ਦਾ ਫੰਦਾ ਬਣ ਕੇ ਹਰ ਸਿੱਖ ਪਰਿਵਾਰ ਅੰਦਰ ਆਪਣਾ ਘਰ ਕਰਦੀ ਜਾ ਰਹੀ ਹੈ। ਜਿਤਨੀ ਅੱਜ ਸਿੱਖ ਬੱਚਿਆਂ ਨੂੰ ਵਿਗੜਨ ਤੋਂ ਬਚਾਉਣ ਦੀ ਸਖਤ ਜ਼ਰੂਰਤ ਹੈ ਉਸ ਤੋਂ ਕਿਤੇ ਜ਼ਿਆਦਾ ਸਮੂਹ ਮਾਪਿਆਂ ਨੂੰ ਆਪਣੇ ਵਿਚ ਪਹਿਲਾਂ ਤਬਦੀਲੀ ਲਿਆਉਣ ਦੀ ਲੋੜ ਹੈ।

ਅਖੀਰ ਵਿਚ 6 ਪੰਥਕ ਜਥੇਬੰਦੀਆਂ ਵਲੋਂ ਤਾਂ ਇਹੋ ਭਾਵਨਾ ਭਰੀ ਅਰਦਾਸ ਹੈ ਕਿ ਨਵਾਂ ਸਾਲ ਸਭ ਪੰਥਕ ਧਿਰਾਂ ਨੂੰ ਅਤੇ ਸਮੂਹ ਸਿੱਖ ਪਰਿਵਾਰਕ ਮੈਂਬਰਾਂ ਨੂੰ ਏਕਤਾ ਅਤੇ ਇਤਫਾਕ ਦੀ ਮਾਲਾ ਵਿਚ ਇੱਕਤਰ ਕਰਨ ਵਾਲਾ ਹੋਵੇ ਅਤੇ ਦੇਸ਼-ਵਿਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਸਿੰਘ-ਸਿੰਘਣੀਆਂ ਦੀ ਬੰਦ ਖਲਾਸੀ ਹੋਵੇ ਤਾਂ ਕਿ ਉਹ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹੋਰ ਵੀ ਉਪਰਾਲੇ ਕਰ ਸਕਣ। ਦੇਸ਼-ਵਿਦੇਸ਼ ਵਿਚ ਵਸਦੇ ਸਮੁੱਚੇ ਖਾਲਸਾ ਪੰਥ ਅੰਦਰ ਕੌਮੀ ਆਜ਼ਾਦੀ ਦੀ ਪ੍ਰਾਪਤੀ ਦੀ ਤੜਪ ਪੈਦਾ ਹੋਵੇ ਤਾਂ ਕਿ ਸਮੁੱਚੀ ਸਿੱਖ ਕੌਮ ਤੰਦਰੁਸਤੀ ਅਤੇ ਚੜ੍ਹਦੀ ਕਲਾ ਵਾਲਾ ਜੀਵਨ ਦੁਨੀਆਂ ਦੇ ਨਕਸ਼ੇ ਤੇ ਰੂਪਵਾਨ ਹੋ ਕੇ ਬਤੀਤ ਕਰ ਸਕੇ।

ਪਰਦੇਸੀਂ ਬੈਠੇ ਸਿੱਖਾਂ ਲਈ ਵਤਨ ਪੰਜਾਬ ਤੋਂ ਆਉਣ ਵਾਲੀ ਹਵਾ ਦੇ ਬੁੱਲੇ ਸੁੱਖ ਸ਼ਾਂਤੀ ਦੇ ਪੈਗਾਮ ਅਤੇ ਸਿੱਖ ਕੌਮ ਦੀ ਆਜ਼ਾਦੀ ਦਾ ਸੰਦੇਸ਼ ਲਿਆਉਣ, ਇਹੋ ਨਵੇਂ ਸਾਲ ਤੋਂ ਦਿਲੀ ਤਮੰਨਾ ਹੈ। ਅੱਗੋਂ ਗੁਰੂ ਜੀ ਭਲੀ ਕਰਨ। ਸੋਚ ਸਾਡੀ ਤੁਹਾਡੀ, ਕਿਰਪਾ ਗੁਰੂ ਜੀ ਦੀ।

**ਸਿੱਖ ਕੌਮ ਦੀ ਚੜ੍ਹਦੀ ਕਲਾ ਲਈ**

**ਹੰਭਲਾ ਸਾਡਾ-ਸਾਥ ਤੁਹਾਡਾ।**

**ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ।**

ਗੁਰੂ ਗ੍ਰੰਥ ਤੇ ਪੰਥ ਦੀ ਸੇਵਾ ਵਿਚ
ਕੌਂਸਲ ਆਫ ਖਾਲਿਸਤਾਨ, ਦਾ ਐਜੂਕੇਸ਼ਨਲ ਟਰਸਟ ਕੈਨੇਡਾ, ਅਮੈਰਕਿਨ ਗੁਰਦੁਆਰਾ ਕੌਂਸਲ,
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੀਫੋਰਨੀਆ), ਦਲ ਖਾਲਸਾ ਅਲਾਇੰਸ, ਗੁਰਮਤਿ ਚੇਤਨਾ ਲਹਿਰ, ਆਦਿ।

*ਜਾਰੀ ਕਰਤਾ*

## ਦਲ ਖਾਲਸਾ ਅਲਾਇੰਸ ਸਿੱਖ ਸਭਿਆਚਾਰ ਕਮੇਟੀ

**510-774-5909**

www.dalkhalsaalliance.org dalkhalsa@dalkhalsaalliance.org

# ਪੌੜੀ

## ਕਹਾਣੀ

**ਦਰਸ਼ਨ ਜੋਗਾ**

ਇਕਦਮ ਅੱਭੜਵਾਹੇ ਉਠ ਬੈਠਿਆਂ ਹਾਂ। ਉਪਰ ਲਈ ਚਾਦਰ ਉਤੋਂ ਲਾਹ ਕੇ ਪਰ੍ਹਾਂ ਵਗਾਹ ਮਾਰੀ ਹੈ। ਭਮੱਤਰਿਆਂ ਵਾਂਗ ਅੱਖਾਂ ਮਲਦਾ ਇਧਰ ਉਧਰ ਵੇਖ ਰਿਹਾ ਹਾਂ। ਸਰੀਰ ਮੁੜਕੋ-ਮੁੜਕੀ ਹੋਇਆ ਪਿਆ ਹੈ। ਹੋਸ਼ 'ਚ ਆਇਆਂ ਤਾਂ ਕੁਝ ਸੰਭਲਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਦਿਲ ਦੀ ਧੜਕਣ ਹਾਲੇ ਵੀ ਤੇਜ਼ ਚੱਲ ਰਹੀ ਹੈ। ਇਉਂ ਲੱਗਦੈ ਜਿਵੇਂ ਅੰਦਰ ਚੱਕੀ ਦੇ ਪੁੜ ਇਕ ਦੂਜੇ ਨਾਲ ਵੱਜ-ਵੱਜ ਕੇ ਖੜਕਾ ਕਰ ਰਹੇ ਹੋਣ। ਸਰੀਰ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਹੋ ਨਹੀਂ ਰਿਹਾ। ਗੁਰਬਾਣੀ ਦੀਆਂ ਤੁਕਾਂ ਅੰਦਰੇ ਅੰਦਰ ਧਿਆ ਕੇ, ਅੰਦਰਲੇ ਨੂੰ ਨਾਰਮਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਲੱਗਦੈ ਜਿਵੇਂ ਬਹੁਤ ਵੱਡੇ ਤੂਫਾਨ 'ਚੋਂ ਬਚ ਨਿਕਲਿਆ ਹਾਂ।

''ਲਓ! ਚਾਹ ਪੀ ਲਓ, ਅੱਜ ਵਾਹਵਾ ਸਵੇਰਾਂ ਉਠੇ ਬੈਠੇ ਹੋ।'' ਪਤਨੀ ਦੀ ਆਵਾਜ਼ ਨੇ ਟਿਕਟਿਕੀ ਤੋੜ ਦਿੱਤੀ ਹੈ। ਉਸਦੀ ਆਵਾਜ਼ ਸੁਣ ਉਸ ਵਲ ਚੁੱਪਚਾਪ ਵੇਖਣ ਲੱਗਦਾ ਹਾਂ।

''ਕੀ ਗੱਲ ਚਿੱਤ ਠੀਕ ਨਹੀਂ। ਐਂ ਚੁੱਪ ਜਿਹੇ ਕਿਉਂ ਬੈਠੇ ਹੋ। ਕਿਸ ਗੱਲ ਦੀ ਚਿੰਤਾ ਹੈ? ਰਾਤ ਵੀ ਸੁੱਤੇ ਪਏ ਬਰੜਾਈ ਜਾਂਦੇ ਸੀ। ਮੈਂ ਸੋਚਿਆ ਕੋਈ ਸੁਪਨਾ ਆਇਆ ਹੋਊ। ਐਵੇਂ ਫਿਕਰ ਨਾ ਕਰਿਆ ਕਰੋ। ਵਧੀਆ ਜ਼ਿੰਦਗੀ ਐ ਆਪਣੀ, ਚੰਗਾ ਤੁਸੀਂ ਕਮਾਉਂਦੇ ਓ। ਮੈਂ ਨੌਕਰੀ ਕਰਦੀ ਆਂ। ਬੱਚੇ ਸੈੱਟ ਨੇ। ਹੋਰ ਦੱਸੋ ਕੀ ਚਾਹੀਦੈ ਤੁਹਾਨੂੰ। ਲੋਕਾਂ 'ਚ ਤੁਹਾਡੀ ਪੂਰੀ ਇੱਜ਼ਤ ਐ। ਕਿਸ ਗੱਲ ਦਾ ਫਿਕਰ ਕਰੀ ਜਾਂਦੇ ਓ?''

ਪਤਨੀ ਆਪਣੇ ਸੁਭਾਅ ਮੁਤਾਬਿਕ ਗੱਲਾਂ ਕਰਦੀ-ਕਰਦੀ ਚਾਹ ਦਾ ਕੱਪ ਮੇਜ਼ 'ਤੇ ਰੱਖ, ਰਸੋਈ ਵਲ ਚਲੀ ਗਈ। ਕੰਬਦੇ ਹੱਥਾਂ ਨਾਲ ਕੱਪ ਚੁੱਕ ਕੇ ਚਾਹ ਦੀ ਘੁੱਟ ਭਰਨ ਲੱਗਦਾ ਹਾਂ ਤਾਂ ਪਤਨੀ ਦੀ ਗੱਲ ਸੂਈ ਦੀ ਚੋਭ ਵਾਂਗ ਅੰਦਰ ਵੱਜਣ ਲੱਗਦੀ ਐ। ਜੇ ਲੋਕਾਂ 'ਚ ਮੇਰੀ ਪੂਰੀ ਇੱਜ਼ਤ ਐ, ਏਸੇ ਕਰਕੇ ਤਾਂ ਕਿੰਨੀਆਂ ਰਾਤਾਂ ਦੀ ਨੀਂਦ ਉੱਡੀ ਪਈ ਐ। ਕਦੇ ਗੋਲੀ ਨਹੀਂ ਲਈ ਸੀ। ਕੱਲ੍ਹ ਜਦ ਸਿਰ ਨੂੰ ਬਹੁਤ ਜ਼ਿਆਦਾ ਘੁੰਮੇਰੀਆ ਆ ਰਹੀਆਂ ਸੀ, ਡਾ. ਵਰਮੇ ਕੋਲੋਂ ਬੀ.ਪੀ. ਚੈਕ ਕਰਵਾਇਆ। ਇਕ ਸੌ ਅੱਸੀ ਤੇ ਪਹੁੰਚਿਆ ਪਿਆ ਸੀ। ਬੀ.ਪੀ. ਅਤੇ ਟੈਨਸ਼ਨ ਘਟਾਉਣ ਦੀਆਂ ਗੋਲੀਆਂ ਲੈ ਕੇ ਘਰੇ ਆ ਗਿਆ ਸਾਂ। ਇਹ ਗੋਲੀਆਂ ਵੀ ਅਸਰ ਨਹੀਂ ਕਰ ਰਹੀਆਂ। ਪਤਨੀ ਹਰਪ੍ਰੀਤ ਤੋਂ ਗੋਲੀਆਂ ਦੇ ਪੱਤੇ ਲੁਕੋਅ ਕੇ ਰੱਖੇ ਨੇ। ਇਸਨੂੰ ਦਵਾਈਆਂ ਦਾ ਪਤਾ ਲੱਗਿਆ, ਵਿਚਾਰੀ ਹੋਰ ਔਖੀ ਹੋਵੇਗੀ। ਮੇਰਾ ਚਿਹਰਾ ਵੇਖ ਕੇ ਈ ਕਿੰਨਾ ਉਦਾਸ ਹੋ ਜਾਂਦੀ ਹੈ। ਖਾਲੀ ਕੱਪ ਮੁੜ ਕੇ ਮੇਜ਼ 'ਤੇ ਰੱਖਦਿਆਂ ਸਮਾਗਮ ਵਾਲੀ ਗੱਲ ਦਿਮਾਗ ਵਿਚ ਚੱਲਣ ਲੱਗ ਪੈਂਦੀ ਹੈ। ਅਮਨਦੀਪ ਦਾ ਹੱਸਦਾ ਚਿਹਰਾ ਅੱਖਾਂ ਸਾਹਮਣੇ ਆ ਜਾਂਦਾ ਹੈ। ਉਸਦੀ ਖਿੱਲ-ਬਿਲੀਆਂ ਹੁੰਦੀ ਆਵਾਜ਼ ਕੰਨਾਂ ਵਿਚ ਟੁਣਕਣ ਲੱਗ ਪੈਂਦੀ ਹੈ। ਫੋਨ 'ਤੇ ਗੱਲਾਂ ਕਰਦਾ ਅਮਨਦੀਪ ਕਹਿ ਰਿਹਾ ਸੀ, ''ਪ੍ਰੋਫੈਸਰ ਸਾਹਿਬ, ਸਾਡਾ ਸੱਦਾ ਜ਼ਰੂਰ ਕਬੂਲ ਕਰਿਓ। ਇਸ ਖੁਸ਼ਕ ਜੰਗਲ ਵਰਗੇ ਇਲਾਕੇ ਵਿਚ ਆਪ ਆਓਗੇ ਤਾਂ ਬਹਾਰ ਆਏਗੀ। ਸਾਹਿਤਰਸੀਆਂ ਨੂੰ ਸਾਹਿਤ ਦਾ ਰਸ ਮਿਲੇਗਾ। ਨਵੀਆਂ ਕਲਮਾਂ ਨੂੰ ਸੇਧ ਮਿਲੇਗੀ। ਆਪਦੇ ਕਿੰਨੇ ਹੀ ਸਟੂਡੈਂਟ ਅਸੀਂ ਬੁਲਾਏ ਨੇ।'' ਅਮਨਦੀਪ ਖੁਸ਼ ਮੂਡ 'ਚ ਗੱਲਾਂ ਕਰਦਾ ਮੇਰੀ ਵਡਿਆਈ ਕਰ ਰਿਹਾ ਸੀ। ਸਮਾਗਮ ਦੇ ਕਾਰਡਾਂ 'ਤੇ ਵਿਸ਼ੇਸ਼ ਨਾਉਂ ਸੀ ਮੇਰਾ। ਕਾਰਡ ਮੈਨੂੰ ਪਹਿਲਾਂ ਹੀ ਮਿਲ ਚੁੱਕਿਆ ਸੀ।

ਸਮਾਗਮ ਵਾਲੇ ਦਿਨ ਸਵੇਰੇ ਹੀ ਉਠ ਤਿਆਰ ਹੋਇਆ ਸਾਂ। ਕਿੰਨਾ ਚੰਗਾ ਚੰਗਾ ਲੱਗ ਰਿਹਾ ਸੀ। ਰਸਤੇ 'ਚ ਜਾਂਦੇ ਵਕਤ ਕਾਰ ਦੇ ਸ਼ੀਸ਼ਿਆਂ ਵਿਚੋਂ ਬਾਹਰ ਵਲ ਨਿਗਾਹ ਜਾਂਦਿਆਂ ਮੈਨੂੰ ਅਮਨਦੀਪ ਦੀ ਗੱਲ ਚੇਤੇ ਆਉਣ ਲੱਗੀ। ਵਾਕਿਆ ਈ ਜੰਗਲ ਬੀਆਬਾਨ ਵਰਗਾ ਸੀ ਇਹ ਇਲਾਕਾ। ਮਈ-ਜੂਨ ਦੀ ਤਿੱਖੜ ਗਰਮੀ। ਕੁਝ ਪਲ ਵੀ ਬਾਹਰ ਨਿੱਕਲੇ ਮੂੰਹ ਸੁੱਕਣ ਲੱਗ ਜਾਂਦਾ। ਹਾੜੀ ਦੀ ਫਸਲ ਦੀ ਕਟਾਈ ਹੋ ਚੁੱਕੀ ਸੀ। ਕਪਾਹ ਨਰਮਾ ਹਾਲੇ ਸਿਆੜਾਂ ਦੇ ਅੰਦਰ ਹੀ ਸਾਹ ਲੈ ਰਿਹਾ ਸੀ। ਕਿਤੇ-ਕਿਤੇ ਕੋਈ ਹਰੇ ਚਾਰੇ ਦੀ ਦੌਗੀ ਨਜ਼ਰ ਪਈ ਸੀ ਰਾਹ 'ਚ ਜਾਂਦਿਆਂ। ਜਿਆਦਾ ਖੇਤ ਖਾਲੀ ਪਏ ਸੀ। ਇਸੇ ਕਰਕੇ ਨਿਗ੍ਹਾ ਦੂਰ ਦੂਰ ਤੱਕ ਜਾਂਦੀ ਸੀ। ਤੱਤੀ ਹਵਾ 'ਚ ਰੇਤ ਉਡਦੀ ਵੀ ਕਿਤੇ ਨਜ਼ਰੀ ਪੈਂਦੀ।

ਕਿਤੇ-ਕਿਤੇ ਕੋਈ ਟਾਵਾਂ-ਟਾਵਾਂ ਦਰਖਤ ਨਜ਼ਰੀ ਪੈਂਦਾ ਸੀ।

ਜੰਡ ਦਾ ਦਰਖਤ ਵੇਖਦੇ ਮਨ 'ਚ ਬਚਪਨ ਦੀਆਂ ਯਾਦਾਂ ਚੇਤੇ ਆਉਣ ਲੱਗੀਆਂ। ਸ਼ਹਿਰ 'ਚ ਰਹਿ ਕੇ ਤਾਂ ਇਨ੍ਹਾਂ ਦਰਖਤਾਂ ਨੂੰ ਭੁੱਲ ਹੀ ਗਿਆ ਸਾਂ। ਸਕੂਲ ਪੜ੍ਹਦੇ। ਸੰਦਲੀ ਦੀ ਢਾਬ 'ਤੇ ਆ ਕੇ ਰੁਕ ਜਾਣਾ। ਡੂੰਘੀ ਢਾਬ 'ਚ ਪਾਣੀ 'ਚ ਟਿਮਟਿਮਾਉਂਦੇ ਤਾਰੇ ਜਿਹੇ ਦਿਸਦੇ। ਫੜਨ ਨੂੰ ਜੀਅ ਕਰਦਾ ਪਰ ਹਵਾ ਨਾਲ ਝਲਕੋਰਾਂ ਜਿਹੀਆਂ ਹੋਰ ਪਾਸੇ ਤੁਰ ਜਾਂਦੀਆਂ। ਢਾਬ ਦੇ ਕਿਨਾਰੇ ਰੋੜਾਂ ਵਾਲੀ ਧਰਤੀ 'ਚ ਇਸੇ ਤਰ੍ਹਾਂ ਦਾ ਜੰਡ ਦਾ ਦਰਖਤ ਸੀ। ਜੇਠ ਹਾੜ੍ਹ ਦੇ ਮਹੀਨੇ ਜੰਡ 'ਤੇ ਲੱਗੇ ਖੋਖੇ ਹੇਠਾਂ ਡਿੱਗੇ ਪਏ ਹੁੰਦੇ। ਫੱਟੀ-ਬਸਤਾ ਰੱਖ ਕੇ ਖੇਡਣ ਲੱਗ ਜਾਂਦੇ, ਨਾਲੋਂ ਖੋਖੇ ਚੁਗ ਕੇ ਖਾਣ ਲੱਗ ਜਾਂਦੇ। ਲੋਅ 'ਚ ਸੁੱਕੇ ਹੋਏ ਖੋਖਿਆਂ ਦੀ ਖੜ ਖੜ ਸੁਣਦੀ ਇਹ ਬੜਾ ਪਿਆਰਾ ਸੰਗੀਤ ਸੀ। ਹਵਾ ਨਾਲ ਟੁੱਟ ਕੇ ਡਿਗਦੇ ਖੋਖਿਆਂ ਨੂੰ ਭੱਜ ਭੱਜ ਕੇ ਇਕੱਠਾ ਕਰਦੇ।

ਘਰੇ ਗਏ ਨੂੰ ਮਾਂ ਕਹਿੰਦੀ, ''ਓਥੇ ਨਾ ਪੁੱਤ ਰੁਕਿਆ ਕਰੋ। ਦੁਪਹਿਰ ਵੇਲੇ ਜੰਡਾਂ ਦੇ ਦਰਖਤਾਂ 'ਤੇ ਬਲਾਵਾਂ ਹੁੰਦੀਆਂ ਨੇ। ਜੁਆਕਾਂ ਦੇ ਮਗਰ ਲੱਗ ਜਾਂਦੀਆਂ ਨੇ।''

ਅੱਜ ਵੀ ਉਹੋ ਜਿਹੀ ਬਲਾਅ ਮਗਰ ਲੱਗੀ ਹੋਈ ਐ। ਹੁਣ ਤਾਂ ਬੇਬੇ ਵੀ ਨਹੀਂ ਜੋ ਦੱਸੇ ਬਲਾਵਾਂ ਭੈੜੀਆਂ ਹੁੰਦੀਆਂ ਨੇ। ਜੁਆਕਾਂ ਦੇ ਮਗਰ ਪੈ ਜਾਂਦੀਆਂ ਨੇ। ਨਾਲੇ ਉਥੇ ਤਾਂ ਕੋਈ ਟੋਅ ਟਿੱਬਾ ਵੀ ਨਹੀਂ ਸੀ ਜਿਥੋਂ ਇਹ ਬਲਾਅ ਮੇਰੇ ਮਗਰ ਪੈਗੀ। ਕੋਈ ਜੰਡ ਵੀ ਨੀ ਸੀ ਨੇੜੇ ਤੇੜੇ। ਪਤਾ ਨੀਂ ਇਹ ਬਲਾਅ ਕਿਹੜੇ ਖੇਤ 'ਚੋਂ ਮੇਰੇ ਮਗਰ ਲੱਗ ਪਈ।

ਉਥੇ ਤਾਂ ਸਮਾਗਮ ਸੀ ਵਧੀਆ ਸ਼ਹਿਰ ਦੀ ਤਿੰਨ ਮੰਜ਼ਲੀ ਸਾਫ ਸੁਥਰੀ ਇਮਾਰਤ। ਸਮਾਗਮ ਵਾਲੇ ਖੁਲ੍ਹੇ ਵਿਹੜੇ ਵਿਚ ਵਧੀਆ ਟੈਂਟ ਲੱਗਾ ਹੋਇਆ। ਪੰਡਾਲ 'ਚ ਪਲਾਸਟਿਕ ਦੀਆਂ ਕੁਰਸੀਆਂ ਦੀਆਂ ਕਤਾਰਾਂ। ਮੰਚ ਉਪਰ ਸੋਫੇ ਦੇ ਮੂਹਰੇ ਕੱਚ ਦਾ ਮੇਜ਼ ਤੇ ਗੁਲਦਸਤਾ ਸਜਿਆ ਹੋਇਆ ਸੀ। ਮੈਂ ਤਾਂ ਸੱਤ ਜਣਿਆ ਦੇ ਵਿਚਕਾਰ ਬੈਠਾ ਸਾਂ। ਜਿਵੇਂ ਸੱਤ ਜ਼ਿੰਦਰਿਆਂ ਅੰਦਰ ਕੋਈ ਚੀਜ਼ ਸੰਭਾਲੀ ਪਈ ਹੋਵੇ। ਉਥੇ ਕੋਈ ਬਲਾਅ ਕਿਵੇਂ ਪਹੁੰਚ ਸਕਦੀ ਸੀ। ਮੇਰੇ ਖੱਬੇ ਹੱਥ ਬੁਲਾਰੇ ਮਾਈਕ ਉਤੋਂ ਆਪਣੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਸਾਹਮਣੇ ਗੰਭੀਰ ਚਿਹਰਿਆਂ ਵਾਲੇ ਚੇਤੰਨ ਸਰੋਤੇ। ਫੁੱਲਾਂ ਵਾਂਗ ਟਹਿਕਦੇ ਭਰ ਜੋਬਨ ਦੀ ਚਮਕ ਵਾਲੇ ਮੁਖੜਿਆਂ 'ਚ ਖਿਆਲਾਂ ਦੀ ਤਾਜ਼ਗੀ ਡੁੱਲ ਡੁੱਲ ਪੈ ਰਹੀ ਸੀ। ਮਨ ਖੁਸ਼ੀ ਨਾਲ ਝੂਮ ਰਿਹਾ ਸੀ।

''ਅਸੀਂ ਜਿਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਜ਼ਿੰਦਗੀ ਜਿਉਣੀ ਸਿੱਖੀ। ਲਿਖਣਾ ਪੜ੍ਹਨਾ ਸਿੱਖਿਆ ਅੱਜ ਸਾਡੇ ਦਰਮਿਆਨ ਨੇ...।''

ਮੇਰੇ ਬਾਰੇ ਬੋਲਣ ਵਾਲਿਆਂ ਦੇ ਮੂੰਹੋਂ ਕਿਰਦੇ ਬੋਲ, ਮਨ ਨੂੰ ਹੋਰ ਵੀ ਤਸੱਲੀ ਤੇ ਮਾਣ ਦੇ ਰਹੇ ਸਨ।

ਮਨ ਅੰਦਰੋਂ-ਅੰਦਰ ਗਦ ਗਦ ਹੋ ਰਿਹਾ ਸੀ। ਐਨੇ ਵਧੀਆ ਸਮਾਗਮ ਵਿਚੋਂ ਲੋਕਾਂ ਦੇ ਭਰੇ ਇਕੱਠ 'ਚ ਕਿੰਨੇ ਹੀ ਹੱਥ ਮੇਰੇ ਵਲ ਸਤਿਕਾਰ ਨਾਲ ਉੱਠ ਰਹੇ ਸਨ।

ਕਈ ਨੌਜਵਾਨ ਮੁੰਡਿਆਂ ਨੇ ਆਪਣੀ ਗੱਲ ਕਰਦਿਆਂ ਵਾਰ-ਵਾਰ ਮੇਰੀਆਂ ਰਚਨਾਵਾਂ ਦਾ ਜ਼ਿਕਰ ਕੀਤਾ। ਇਕ ਦਿਲ ਖਿਚਵੇਂ ਪਹਿਰਾਵੇ ਵਾਲੀ ਕੁੜੀ ਨੇ ਕਵਿਤਾ ਕਹਿੰਦਿਆਂ ਬੜੇ ਹੀ ਵੱਖਰੇ ਅੰਦਾਜ਼ 'ਚ ਮੇਰੀਆਂ ਕਵਿਤਾਵਾਂ ਦੀ ਤਾਰੀਫ ਕੀਤੀ। ਉਸਦਾ ਇਹ ਅੰਦਾਜ਼ ਮਨ ਨੂੰ ਖੁਸ਼ ਕਰ ਗਿਆ। ਮੰਚ 'ਤੇ ਆਉਣ ਵਾਲਾ ਹਰ ਸ਼ਖਸ ਸਿਰ ਝੁਕਾਅ ਮੈਨੂੰ ਨਮਸਕਾਰ ਕਰ ਰਿਹਾ ਸੀ। ਬੜਾ ਪਿਆਰਾ ਮਾਹੌਲ, ਮੇਰਾ ਵੀ ਸਿਰ ਉਨ੍ਹਾਂ ਅੱਗੇ ਝੁਕ ਜਾਂਦਾ।

''ਪਾਪਾ ਜੀ ਕਿਸਨੂੰ ਹੱਥ ਜੋੜ ਸਿਰ ਝੁਕਾਈ ਜਾਂਦੇ ਹੋ। ਹਾਲੇ ਤਾਂ ਨ੍ਹਾਤੇ ਵੀ ਨੀਂ ਤੁਸੀ। ਕਿਹੜੇ ਗੁਰੂ ਨੂੰ ਸੀਸ ਨਿਵਾ ਕੇ ਬੇਨਤੀ ਕਰ ਰਹੇ ਹੋ?'' ਬੇਟੀ ਲਵਪ੍ਰੀਤ ਦੇ ਬੋਲਾਂ ਨਾਲ ਮੇਰੀ ਬਿਰਤੀ ਟੁੱਟ ਜਾਂਦੀ ਹੈ।''

ਸੋਚਦਾ ਇਹਨੂੰ ਕੀ ਦੱਸਾਂ ਕਿ ਬੇਟੇ, ਕਿਸਨੂੰ ਸਿਰ ਝੁਕਾ ਰਿਹਾ। ਸਿਰ ਮੱਥਾ ਤਾਂ ਮੇਰਾ ਹੁਣ ਪਤਾ ਨੀ ਕੀਹਦੇ ਕੀਹਦੇ ਮੂਹਰੇ ਰਗੜਨਾ ਪਊ। ਮੇਰੇ ਅੰਦਰਲੀ ਹਾਲਤ ਕੀ ਬਣੀ ਪਈ ਐ? ਤੈਨੂੰ ਕੀ ਪਤੈ ਪਿਆਰੀ ਬੱਚੀ।

ਖਾਂਸੀ ਫੇਰ ਉੱਠ ਖੜੀ ਹੈ। ਅੱਖਾਂ 'ਚ ਪਾਣੀ ਨਿਕਲਣ ਲੱਗਦੈ।

''ਪਾਪਾ ਕੀ ਗੱਲ ਐ, ਤੁਹਾਡੀ ਖੰਘ ਠੀਕ ਕਿਉਂ ਨਹੀਂ ਹੋਈ?'' ਬੇਟੀ ਲਵਪ੍ਰੀਤ ਦੇ ਸਵਾਲ ਨੇ ਅੰਦਰਲੀ ਰੀਲ ਫੇਰ ਰੋਕ ਦਿੱਤੀ।

''ਨਹੀਂ ਬੇਟੇ, ਅੱਗੇ ਨਾਲੋਂ ਕਾਫੀ ਠੀਕ ਐ।''

''ਪਾਪਾ ਰਾਤ ਵੀ ਤੁਸੀਂ ਖੰਘਦੇ ਰਹੇ ਹੋ। ਮਹੀਨੇ ਤੋਂ ਉਪਰ ਹੋ ਗਿਐ। ਅੰਦਰ ਕੋਈ ਇੰਨਫੈਕਸ਼ਨ ਜ਼ਿਆਦਾ ਨਾ ਹੋਵੇ, ਡਾਕਟਰ ਨੂੰ ਚੰਗੀ ਤਰ੍ਹਾਂ ਚੈਕ ਕਰਵਾਓ। ਕੱਲ ਬੁਰਸ਼ ਕਰਦੇ ਵੀ ਤੁਸੀਂ ਕਿੰਨਾ ਔਖਾ ਹੋ ਰਹੇ ਸੀ ਖੰਘ ਨਾਲ।''

''ਬੇਟੇ ਤੂੰ ਫਿਕਰ ਨਾ ਕਰ ਅੱਜ ਫਿਰ ਜਾਵਾਂਗਾ ਡਾਕਟਰ ਕੋਲ। ਠੀਕ ਹੋ ਜਾਵੇਗੀ।''

ਲਵਪ੍ਰੀਤ ਦੀ ਗੱਲ ਸੁਣ ਕੇ ਉਸਨੂੰ ਜਵਾਬ ਦੇ ਬੇਫਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਆਪਣੇ ਅੰਦਰਲੇ ਡਰ ਨੂੰ ਕਿਵੇਂ ਵੀ ਪਿੱਛੇ ਨਹੀਂ ਪਾ ਰਿਹਾ ਹਾਂ। ਅਸਲ 'ਚ ਇਹ ਖੰਘ ਵੀ ਮੇਰੇ ਉਸੇ ਅੰਦਰਲੇ ਫਿਕਰ ਕਰਕੇ ਠੀਕ ਨਹੀਂ ਹੋ ਰਹੀ । ਸਗੋਂ ਡਰ ਨਾਲ ਹੋਰ ਵੱਧ ਰਹੀ ਹੈ। ਜਦ ਕਦੇ ਸੋਚਾਂ ਦੀਆਂ ਡੂੰਘਾਣਾਂ ਵਿਚ ਬਹੁਤ ਨੀਵਾਂ ਚਲਾ ਜਾਂਦਾ ਹਾਂ ਤਾਂ ਖੰਘ ਦੇ ਬਹਾਨੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹਾਂ।

ਕੱਲ ਜਦ ਪਤਨੀ ਨੇ ਮੈਨੂੰ ਬੈਡ 'ਤੇ ਬੇਸੁਰਤਿਆਂ ਵਾਂਗ ਪਿਆ ਵੇਖਿਆ ਤਾਂ ਕਿਹਾ, ''ਕੀ ਗੱਲ ਖਾਣਾ ਤਾਂ ਖਾ ਲੈਣਾ ਸੀ। ਤੁਹਾਨੂੰ ਪਤਾ ਮੈਂ ਤਾਂ ਲੇਟ ਆਵਾਂਗੀ। ਲਵਪ੍ਰੀਤ ਵੀ ਸ਼ਾਮ ਨੂੰ ਮੁੜੇਗੀ। ਤੁਸੀਂ ਉਵੇਂ ਪਏ ਓ ਜਿਵੇਂ ਛੱਡ ਕੇ ਗਈ ਸਾਂ। ਅੱਜ ਕਾਲਜ ਵੀ ਨਹੀਂ ਗਏ। ਛੁੱਟੀ ਮਾਰੀ ਬੈਠੇ ਓ। ਨਾ ਨ੍ਹਾਤੇ ਓ। ਕੀ ਕਰਦੇ ਰਹੇ ਹੁਣ ਤੱਕ।''

ਪਤਨੀ ਦੀ ਗੱਲ ਦਾ ਜਵਾਬ ਨਹੀਂ ਔੜ ਰਿਹਾ। ਕੁਝ ਪਲ ਸੰਭਲਣ ਲਈ ਛਾਤੀ 'ਤੇ ਹੱਥ ਰੱਖ ਕੇ ਖੰਘਣ ਲੱਗ ਪਿਆ ਸੀ। ਇਹ ਖੰਘ ਵੀ ਮੈਨੂੰ ਕਈ ਵਾਰ ਆਪਣੇ ਆਪ ਨੂੰ ਡਿਫੈਂਸ ਕਰਨ 'ਚ ਸਹਾਈ ਹੁੰਦੀ ਹੈ। ਪਰ ਹਟਦੀ ਕਿਉਂ ਨਹੀਂ? ਇਹ ਯਾਦ ਕਰਕੇ ਸਰੀਰ ਨੂੰ ਤਰੇਲੀਆਂ ਆਉਣ ਲੱਗ ਪੈਂਦੀਆਂ ਨੇ। ਪਤਨੀ ਬਾਹਰੋਂ ਗਰਮੀ 'ਚ ਆਈ ਹੈ। ਬੁੜ ਬੁੜ ਕਰਦੀ ਪਲੇਟ 'ਚ ਰੋਟੀ ਤੇ ਸਬਜੀ, ਦਹੀ ਵਾਲੀਆਂ ਕੌਲੀਆਂ ਮੇਜ ਤੇ ਰੱਖ ਕੇ ਚਲੀ ਜਾਂਦੀ ਹੈ।

ਰੋਟੀ ਦੀ ਬੁਰਕੀ ਤੋੜਦਾ ਹਾਂ ਤਾਂ ਬਿਰਤੀ ਫਿਰ ਜੰਡਾਂ ਵਾਲੀ ਕਹਾਣੀ ਵਲ ਚਲੀ ਜਾਂਦੀ ਹੈ।

ਸੋਚਦਾਂ ਜੇ ਨਾ ਜਾਂਦਾ। ਇਕ ਪਲ ਦੀ ਤਾਂ ਗੱਲ ਸੀ ਜੇ ਚਲਾ ਵੀ ਗਿਆ ਸੀ, ਸਮਾਗਮ ਖਤਮ ਹੋਣ ਸਾਰ ਘਰ ਮੁੜ ਆਉਂਦਾ। ਪਰ ਚਲਾ ਗਿਆ ਤਾਂ ਅੱਜ ਇਹ ਹਾਲਤ ਹੋਈ ਪਈ ਐ। ਕੁਝ ਵੀ ਠੀਕ ਨਾ ਕੀਤਾ। ਇੰਨਾ ਸਿਆਣਾ ਤੇ ਸਮਝਦਾਰ ਸਮਝਦੇ ਨੇ ਸਾਰੇ ਦੋਸਤ ਪਰ ਜਦ ਕਿਸੇ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਕੀ ਕਹੇਗਾ ਹਰ ਕੋਈ? ਕੀ ਜਵਾਬ ਦੇਵਾਂਗਾ। ਬਾਹਰ ਨਿਕਲਣ ਨੂੰ ਦਿਲ ਨਹੀਂ ਕਰਦਾ। ਕਿਸੇ ਦੇ ਮੱਥੇ ਲੱਗਣ ਤੋਂ ਭਜਦਾ ਹਾਂ। ਕਿਸੇ ਸਮਾਗਮ ਦੇ ਨਾਂ ਤੋਂ ਭੈਅ ਆਉਂਦੈ ਹੁਣ।



ਪਤਨੀ ਦੀ ਸਹੇਲੀ ਕਮਲਜੀਤ ਦੇ ਲੜਕੇ ਦੀ ਸ਼ਾਦੀ ਸੀ। ਐਹੀ ਗੱਲ ਦਿਮਾਗ ਨੂੰ ਚੜ੍ਹੀ ਹੋਈ ਸੀ। ਮੈਰਿਜ ਪੈਲੇਸ ਵਿਚੋਂ ਪਤਨੀ ਨੂੰ ਲੈ ਕੇ ਉਠ ਤੁਰਿਆ ਸਾਂ। ਹਾਲਾਂਕਿ ਸਾਰੇ ਲੋਕ ਵਧੀਆ ਹੱਸ ਹੱਸ ਕੇ ਮਿਲ ਰਹੇ ਸੀ। ਪਤਨੀ ਮਨਪ੍ਰੀਤ ਦੀਆਂ ਕਿੰਨੀਆਂ ਹੀ ਸਹੇਲੀਆਂ ਆਈਆਂ ਹੋਈਆਂ ਸਨ। ਮਨਪ੍ਰੀਤ ਨੂੰ ਮਿਲ ਰਹੀਆਂ ਸਨ। ਕਈ ਤਾਂ ਮਨਪ੍ਰੀਤ ਨੂੰ ਜੱਫੀ ਪਾ ਕੇ ਮਿਲੀਆਂ। ਮੈਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਉਨ੍ਹਾਂ ਨੇ। ਹਾਲ ਚਾਲ ਪੁੱਛਿਆ। ਫੁੱਲਾਂ ਵਾਂਗ ਖਿੜੀਆਂ ਫਰੂਟ ਚਾਟ ਖਾਣ ਲੱਗੀਆਂ। ਮਨਪ੍ਰੀਤ ਵੀ ਉਨ੍ਹਾਂ ਨਾਲ ਗੱਲਾਂ ਕਰਦੀ ਉਛਲ ਰਹੀ ਸੀ। ਮਿਰਗ ਵਾਂਗ ਇਧਰ ਉਧਰ ਚੁੰਗੀਆਂ ਭਰਦੀ ਮੈਨੂੰ ਉੱਕਾ ਹੀ ਚੰਗੀ ਨਹੀਂ ਲੱਗ ਰਹੀ ਸੀ।

ਸਾਹਮਣਿਓਂ ਦੋ ਤਿੰਨ ਜਣੇ ਇਕੱਠੇ ਆਉਂਦੇ ਦਿਸਦੇ ਹਨ ਤਾਂ ਮੈਨੂੰ ਡਰ ਲੱਗਣ ਲੱਗ ਪੈਂਦਾ ਹੈ। ਲਗਦੈ ਇਨ੍ਹਾਂ ਨੂੰ ਮੇਰੀ ਗੱਲ ਦਾ ਪਤਾ ਹੈ ਤੇ ਇਨ੍ਹਾਂ ਨੇ ਗੱਲਾਂ ਗੱਲਾਂ ਵਿਚ ਮੇਰੀ ਖੂਬ ਠੱਪਣੀ ਐਂ ਜਿਹੜੇ ਮੇਰੇ ਵਲ ਜਦ ਸਿੱਧੇ ਹੋਏ ਆਉਂਦੇ ਨੇ। ਪਰ ਉਹ ਤਾਂ ਦੂਰੋਂ ਹੀ ਹੱਥ ਹਿਲਾ ਕੇ ਹੈਲੋ ਹੈਲੋ ਕਰਦੇ, ਆਪਣੀਆਂ ਗੱਲਾਂ 'ਚ ਮਸਤ ਪਰ੍ਹੇ ਲੱਗੇ ਗੋਲ ਟੇਬਲ ਕੋਲ ਡਹੀਆਂ ਕੁਰਸੀਆਂ 'ਤੇ ਜਾ ਬੈਠੇ ਹਨ। ਮੈਂ ਛਿੱਥਾ ਜਿਹਾ ਪੈਂਦਾ ਆਪਣੇ ਆਪ ਨੂੰ ਸੰਭਾਲਦਾ ਬੂਟਾਂ ਦੀ ਲਿਸ਼ਕ ਵਲ ਵੇਖ ਕੇ, ਕਦੇ ਪੱਗ ਦੀ ਚੁੰਝ ਜਿਹੀ ਠੀਕ ਕਰਦਾ ਈਜੀ ਮੂਡ 'ਚ ਹੋਣ ਦਾ ਯਤਨ ਕਰਦਾ ਜਾਂ ਦਿਖਾਵਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਬੱਸ ਇਕ ਖੜਾ ਜ਼ਰੂਰ ਹਾਂ।

ਕੁਝ ਪਲਾਂ ਮਗਰੋਂ ਇਕੱਠ ਨੂੰ ਵੇਖ ਕੇ ਮਨ ਹੀ ਮਨ ਫਿਰ ਡਰਨ ਲੱਗਦਾ ਹਾਂ।

ਸਾਹਮਣਿਓਂ ਤੇਜਿੰਦਰ ਤੇ ਮਲਕੀਤ ਆ ਰਹੇ ਨੇ। ਮੇਰੇ ਵਧੀਆ ਮਿੱਤਰ ਨੇ। ਵੇਖਕੇ ਪਰੇ ਨੂੰ ਖਿਸਕਣ ਦੀ ਕੋਸ਼ਿਸ਼ ਕਰਦਾ ਹਾਂ।

ਮਨ 'ਚ ਆਉਂਦੈ ਜੇ ਇਨ੍ਹਾਂ ਨੂੰ ਭਿਣਕ ਪੈਗੀ। ਫਿਰ ਕੀ ਬਣੂ? ਤੇਜਿੰਦਰ ਤਾਂ ਮੂੰਹ ਫੱਟ ਬੜੈ। ਮੁਨਿਆਦੀ ਵਾਲੇ ਨੂੰ ਪੈਸੇ ਦੇਣ ਦੀ ਲੋੜ ਨੀਂ, ਘਰ-ਘਰ ਗੱਲ ਪਹੁੰਚਾਉਣ ਲਈ। ਇਸਨੂੰ ਜੇ ਗੱਲ ਦਾ ਪਤਾ ਲੱਗ ਜੇ। ਕਿੰਨੀਆਂ ਹੀ ਹੋਰ ਰੰਗਦਾਰ ਪੱਗਾਂ ਮੇਰੀਆਂ ਜਾਣੂ ਨੇ ਪਰ ਮੈਂ ਉਨ੍ਹਾਂ ਤੋਂ ਲੁਕਦਾ ਫਿਰਦਾਂ।

''ਆਓ ਤੁਹਾਨੂੰ ਮਨੀਸ਼ਾ ਨੂੰ ਮਿਲਾਵਾਂ, ਉਸਦਾ ਪਤੀ ਵਕੀਲ ਵੀ ਨਾਲ ਆਇਆ ਹੋਇਐ।''

ਪਤਨੀ ਦੀ ਗੱਲ ਸੁਣਨਸਾਰ ਇਕਦਮ ਸੁੰਨ ਜਿਹਾ ਹੋ ਗਿਆ ਹਾਂ। ਪਰ ਭੱਜਾਂ ਵੀ ਕਿਧਰ। ਸਾਹਮਣੇ ਖੜਿਆਂ ਨੂੰ ਵੇਖਦਾਂ। ਇਹ ਵਕੀਲ ਤਾਂ ਉਸ ਦਿਨ ਮੈਨੂੰ ਉਸ ਫੰਕਸ਼ਨ ਵਿਚ ਵੀ ਮਿਲਿਆ ਸੀ। ਵੇਖਣਸਾਰ ਲੱਤਾਂ ਕੰਬਣ ਲੱਗ ਪੈਂਦੀਆਂ ਹਨ। ਪਰ ਮਨਪ੍ਰੀਤ ਦਾ ਕਿਹਾ ਵੀ ਮੋੜ ਨਹੀਂ ਸਕਦਾ। ਸਹਿਮ ਨਾਲ ਭਰੇ ਮਨ ਨਾਲ ਉਨ੍ਹਾਂ ਕੋਲ ਜਾ ਰੁਕਦਾ ਹਾਂ।

ਪਤਨੀ ਤੇ ਮਨੀਸ਼ਾ ਘੁੱਟ ਕੇ ਜੱਫੀ ਪਾ ਕੇ ਮਿਲਦੀਆਂ, ਮੁਸਕਰਾਉਂਦੀਆਂ ਸਾਡੇ ਵਲ ਹੁੰਦੀਆਂ ਨੇ।

''ਮੇਰੀ ਪਤੀ ਰਵਿੰਦਰ...।'' ਮੇਰੇ ਵਲ ਵੇਖਦੀ ਮਨੀਸ਼ਾ ਬੋਲੀ।

''ਹਾਂ, ਹਾਂ ਅਸੀਂ ਮਿਲੇ ਸੀ ਕੁਝ ਦਿਨ ਹੋਏ ਇਕ ਫੰਕਸ਼ਨ 'ਤੇ। ਜਾਣਦਾਂ ਮੈਂ ਪ੍ਰੋਫੈਸਰ ਸਾਹਿਬ ਨੂੰ।

ਦਰਅਸਲ ਉਸ ਕਾਲਜ ਦੀ ਮੈਨੇਜਮੈਂਟ ਵਿਚ ਮੇਰੇ ਕਈ ਦੋਸਤ ਨੇ। ਮੈਨੂੰ ਅਕਸਰ ਬੁਲਾਉਂਦੇ ਰਹਿੰਦੇ ਐ। ਲੀਗਲ ਅਡਵਾਈਜਰ ਵੀ ਹਾਂ ਮੈਂ ਕਾਲਜ ਦਾ। ਕਦੇ ਕਦਾਈਂ ਜਦ ਲੋੜ ਪੈਂਦੀ ਐ, ਸੇਵਾ ਕਰੀਦੀ ਐ ਉਨ੍ਹਾਂ ਦੀ।

ਤੁਹਾਡੇ ਬਾਰੇ ਉਥੇ ਜਾ ਕੇ ਪਤਾ ਲੱਗਿਆ ਸਾਡੇ ਸ਼ਹਿਰ ਦੀ ਐਨੀ ਵਧੀਆ ਸਾਹਿਤਕ ਹਸਤੀ। ਅਸੀਂ ਪਹਿਲਾਂ ਕਦੇ ਮਿਲੇ ਵੀ ਨਹੀਂ। ਤੁਹਾਡੇ ਲਿਖੇ ਦੀਆਂ ਤਰੀਫਾਂ ਸੁਣ ਕੇ ਮਨ ਖੁਸ਼ ਹੋਈ ਜਾਂਦਾ ਸੀ।

ਪਰ ਅਫਸੋਸ ਇਹ ਰਿਹਾ ਕਿ ਕੋਰਟ 'ਚ ਕੋਈ ਜ਼ਰੂਰੀ ਕੰਮ ਹੋਣ ਤੇ ਮੈਨੂੰ ਫੋਨ ਆ ਗਿਆ। ਸਮਾਗਮ ਦੇ ਵਿਚੋਂ ਹੀ ਮੈਨੂੰ ਆਉਣਾ ਪੈ ਗਿਆ। ਤੁਹਾਡੇ ਸ਼ੁਭ ਵਿਚਾਰ ਵੀ ਨਹੀਂ ਸੁਣ ਸਕਿਆ ਸਾਂ। ਖੈਰ ਜਦ ਕਦੇ ਫਿਰ ਮੌਕਾ ਮਿਲਿਆ ਜ਼ਰੂਰ ਸੁਣਾਂਗੇ।''

ਮਨੀਸ਼ਾ ਦਾ ਵਕੀਲ ਪਤੀ ਇਕਦਮ ਬਿਨਾ ਰੁਕੇ ਕਿੰਨੀਆਂ ਹੀ ਗੱਲਾਂ ਮੇਰੇ ਬਾਰੇ ਕਰ ਰਿਹਾ ਸੀ। ਸੁਣ ਕੇ ਮਨ ਨੂੰ ਕੁਝ ਢਾਰਸ ਜਿਹੀ ਮਿਲੀ।

ਪਰ ਅੰਦਰੋਂ ਕਿਸੇ ਡਰ ਦੀ ਤਾਰ ਹਾਲੇ ਵੀ ਵੱਜ ਰਹੀ ਸੀ। ਗੱਲਾਂ ਵੀ ਕਰ ਰਿਹਾ ਸਾਂ। ਪਰ ਦਿਮਾਗ 'ਚ ਹੋਰ ਵੀ ਹਨੇਰੀਆਂ ਵਗ ਰਹੀਆਂ ਸਨ। ਹੀਣਤਾ ਵਾਲੇ ਭਾਵ 'ਚ ਦੋਸ਼ੀਆਂ ਵਾਂਗ ਮਨੀਸ਼ਾ ਅਤੇ ਉਸਦੇ ਪਤੀ ਦੇ ਸਾਹਮਣੇ ਖੜਾ ਹੂੰ ਹਾਂ ਕਰ ਰਿਹਾ ਪਰ ਅੱਖ ਨਹੀਂ ਮਿਲ ਰਹੀ।

''ਮਨਪ੍ਰੀਤ! ਭਾਅ ਜੀ ਤਾਂ ਬੜੇ ਸਾਊ ਨੇ। ਤੁਸੀਂ ਐਵੇਂ ਸਾਨੂੰ ਕਹਿੰਦੇ ਰਹਿੰਦੇ ਹੋਂ। ਸਖਤ ਸੁਭਾਅ ਨੇ। ਆਪਣੇ ਹੀ ਮੂਡ ਦੇ।''

ਉਹਦੀ ਗੱਲ ਸੁਣ ਕੇ ਦਿਲ ਦੀ ਧੜਕਣ ਕੁਝ ਠੀਕ ਤਾਂ ਹੁੰਦੀ ਹੈ ਪਰ ਉਨ੍ਹਾਂ ਨਾਲ ਦੋ ਚਾਰ ਗੱਲਾਂ ਹੋਰ ਮੁਸ਼ਕਿਲ ਨਾਲ ਕਰਦਾ ਹਾਂ। ਹੱਥ ਜੋੜ ਕੇ ਬਨਾਉਟੀ ਮੁਸਕਾਹਟ ਚਿਹਰੇ 'ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ, ''ਅੱਛਾ ਸਰ! ਤੁਹਾਨੂੰ ਮਿਲ ਕੇ ਖੁਸ਼ੀ ਹੋਈ ਹੈ। ਆਉਣਾ ਕਦੇ ਘਰ।''

ਮਨਪ੍ਰੀਤ ਮੇਰੇ ਹੱਥ ਦੇ ਇਸ਼ਾਰੇ ਨਾਲ ਮੇਰੇ ਨਾਲ ਅੱਗੇ ਨੂੰ ਤੁਰ ਪੈਂਦੀ ਹੈ।

ਕਿੰਨੇ ਹੀ ਲੋਕ ਲਾਅਨ ਵਿਚ ਲੱਗੇ ਗੋਲ ਟੇਬਲਾਂ ਦੁਆਲੇ ਬੈਠੇ ਗੱਲਾਂ ਮਾਰਦੇ ਹੱਸ ਰਹੇ ਨੇ। ਕੁਛ ਨਾ ਕੁਝ ਖਾ ਪੀ ਰਹੇ ਨੇ।

ਸਾਹਮਣੇ ਟੇਬਲ 'ਤੇ ਨਿਗਾਹ ਜਾਂਦੀ ਹੈ। ਕਈ ਗਿਲਾਸ ਟਰੇਅ ਵਿਚ ਰੱਖੀ ਵੇਟਰ ਝੁਕ ਕੇ ਬੈਠਿਆਂ ਅੱਗੇ ਰੱਖ ਰਿਹਾ ਹੈ। ਇਕ ਚੁਲਬੁਲੀ ਜਿਹੀ ਔਰਤ ਗਿਲਾਸ ਮਰਦਾਂ ਦੇ ਅੱਗੇ ਕਰਦੀ ਨਿਸੰਗ ਹੱਸ ਰਹੀ ਹੈ। ਟੇਬਲ ਦੁਆਲੇ ਬੈਠੇ ਦੂਸਰੇ ਮਰਦ ਔਰਤਾਂ ਵੀ ਹੱਸ ਰਹੇ ਨੇ।

ਵੇਖਣਸਾਰ ਦਿਮਾਗ ਦੀਆਂ ਨਾੜਾਂ ਕਸੀਆਂ ਜਾਂਦੀਆਂ ਨੇ। ਇਸੇ ਤਰ੍ਹਾਂ ਦਾ ਹੀ ਜਸ਼ਨ ਸੀ ਉਸ ਦਿਨ ਜਦ ਅਸੀਂ ਚਾਰੋ ਦੋਸਤ ਇਕੱਠੇ ਮਹਿਫਿਲ ਸਜਾਈ ਬੈਠੇ ਸਾਂ। ਲੋਕਾਂ ਦੀ ਭੀੜ ਜਾ ਚੁੱਕੀ ਸੀ। ਸਮਾਗਮ ਵੀ ਕਦੋਂ ਦਾ ਖਤਮ ਹੋ ਚੁੱਕਿਆ ਸੀ। ਕੁਝ ਪ੍ਰਬੰਧਕ ਸਾਡੀ ਮਹਿਮਾਨ ਨਿਵਾਜੀ 'ਚ ਜੁਟੇ ਹੋਏ ਸਨ। ਵਧੀਆ ਗੱਲਾਂ ਤੇ ਚੁਟਕਲੇ ਚੱਲ ਰਹੇ ਸੀ। ਮਨ ਮੌਜ ਵਿਚ ਸੀ। ਹੋਟਲ ਦੇ ਕਮਰੇ ਵਿਚ ਲੱਗੇ ਏ.ਸੀ. ਨੇ ਗਰਮੀ ਦਾ ਮੌਸਮ ਭੁਲਾ ਰਖਿਆ ਸੀ। ਸ਼ੀਸ਼ਿਆਂ ਅੱਗੇ ਲੱਗੇ ਪਰਦਿਆਂ ਅਤੇ ਕਮਰੇ ਅੰਦਰ ਜਗ ਰਹੀਆਂ ਦੋ ਟਿਊਬਾਂ ਨੇ ਸੂਰਜ ਦੀ ਰੋਸ਼ਨੀ

ਨਾਲੋਂ ਸਾਨੂੰ ਤੋੜ ਰੱਖਿਆ ਸੀ। ਸ਼ਾਮ ਢਲੀ ਤੇ ਰਾਤ ਪੈਣ ਦਾ ਵੀ ਪਤਾ ਨਹੀਂ ਲੱਗਿਆ ਸੀ। ਸੁਹਾਵਣਾ ਮੌਸਮ ਬਣਿਆ ਹੋਇਆ ਸੀ ਅੰਦਰ।

ਹੁਣ ਸਾਥੀਆਂ ਨਾਲ ਸਾਥਣਾਂ ਵੀ ਸਾਡਾ ਸਾਥ ਕਰਨ ਲਈ ਪਤਾ ਨੀਂ ਕਿਥੋਂ ਪਹੁੰਚ ਗਈਆਂ। ਮਹਿਫਲ ਹੋਰ ਵੀ ਰੰਗੀਨ ਬਣ ਗਈ ਸੀ।

''ਸਰ ਕਿਵੇਂ ਲੱਗਿਆਂ ਇਥੇ ਆ ਕੇ ਅੱਜ ਦਾ ਫੰਕਸ਼ਨ।'' ਮੇਰੇ ਨਾਲ ਬੈਠੀ ਦਿਲ ਖਿਚਵੇਂ ਪਹਿਰਾਵੇ 'ਚ ਨੀਲੀਆਂ ਅੱਖਾਂ ਵਾਲੀ ਨੇ ਕਿਹਾ।

ਉਸਦੇ ਮੂਹੋਂ ਨਿਕਲੇ ਸ਼ਬਦਾਂ ਨੇ ਮੈਨੂੰ ਹੋਰ ਨਸ਼ਿਆ ਦਿੱਤਾ।

''ਬਹੁਤ ਵਧੀਆ ਲੱਗਿਆ।''

''ਸਰ ਵੈਸੇ ਤਾਂ ਸਮਾਗਮ 'ਚ ਬੋਲਣ ਵੇਲੇ ਵੀ ਮੈਂ ਕਿਹਾ ਸੀ, ਮੈਂ ਬਹੁਤ ਪੜ੍ਹਿਆ ਹੈ ਤੁਹਾਨੂੰ। ਤੁਹਾਡੀਆਂ ਰਚਨਾਵਾਂ ਮੈਨੂੰ ਬਹੁਤ ਪ੍ਰਭਾਵਤ ਕਰਦੀਆਂ ਨੇ। ਇਸ ਕਰਕੇ ਸਾਰੇ ਰੁਝੇਵੇਂ ਛੱਡ ਕੇ ਰਾਜਪੁਰੇ ਤੋਂ ਤੁਹਾਡੇ ਕਰਕੇ ਹੀ ਆਈ ਆਂ ਜਦ ਸੱਦਾ ਪੱਤਰ ਵਿਚ ਤੁਹਾਡਾ ਨਾਂ ਪੜ੍ਹਿਆ। ਨਹੀਂ ਤਾਂ ਸ਼ਾਇਦ ਦੋਸਤਾਂ ਦੇ ਸੱਦੇ 'ਤੇ ਨਾ ਵੀ ਪਹੁੰਚਿਆ ਜਾਂਦਾ।

''ਸ਼ਬਦਾਂ ਦੇ ਜਾਦੂਗਰ ਹੋ ਸਰ ਤੁਸੀਂ।''

''ਬੋਲਦੀ ਬੋਲਦੀ ਨੇ ਉਸ ਆਪਣੀ ਕੁਰਸੀ ਮੇਰੇ ਹੋਰ ਨੇੜੇ ਕੀਤੀ। ਮੈਨੂੰ ਚੰਗੀ ਚੰਗੀ ਲੱਗੀ।''

''ਨਹੀਂ ਐਸੀ ਗੱਲ ਨੀਂ। ਬੱਸ ਐਵੇਂ ਜੋ ਅਹੁੜਦੈ ਝਰੀਟ ਛੱਡੀਦੈ। ਤੁਹਾਨੂੰ ਚੰਗਾ ਲੱਗਦੈ ਵਧੀਆ ਗੱਲ।''

''ਸਰ ਮੈਂ ਤਾਂ ਯੂਨੀਵਰਸਿਟੀ ਵਿਚ ਵੀ ਜਾ ਕੇ ਵੇਖਿਐ। ਵਿਦਵਾਨ ਤਾਂ ਬਹੁਤ ਬੈਠੇ ਨੇ।

ਪਰ ਕਰੀਏਟਿਵ ਲੇਖਕ ਬਹੁਤ ਘੱਟ ਨੇ ਥੋੜੇ ਵਰਗੇ।''

''ਹਾਂ, ਇਹ ਤਾਂ ਹੈ...।''

ਅਸੀਂ ਇਕ ਦੂਜੇ ਵਿਚ ਇੰਨੇ ਖੋ ਗਏ। ਸਾਡੀਆਂ ਗੱਲਾਂ ਚਲਦੀਆਂ ਰਹੀਆਂ। ਦੋਸਤ ਵੀ ਪਤਾ ਨਹੀਂ ਲੱਗਿਆ ਹੋਰ ਨਾਲ ਗੱਲਾਂ ਕਰਦੇ ਕਿਧਰ ਨੂੰ ਚਲੇ ਗਏ।

ਗੱਲਾਂ ਕਰਦਿਆਂ ਉਸਨੇ ਪੁਛਿਆ, ''ਸਰ ਤੁਹਾਡਾ ਰਾਤ ਦਾ ਕੀ ਪ੍ਰੋਗਰਾਮ ਐ?''

''ਅੱਜ ਤਾਂ ਇਥੇ ਹੀ ਰਹਾਂਗਾ। 22 ਨੰਬਰ ਕਮਰਾ ਹੈ ਮੇਰਾ। ਚਾਬੀ ਦੇ ਗਏ ਨੇ ਮੁੰਡੇ।''

''ਚਲੋ ਚੰਗਾ ਮੈਂ ਵੀ ਪਹਿਲਾਂ ਕਿਸੇ ਆਪਣੇ ਰੈਲੇਟਿਵ ਨੂੰ ਫੋਨ ਕੀਤਾ ਸੀ।

ਪਰ ਜੇ ਤੁਸੀਂ ਇਥੇ ਓ ਤਾਂ ਮੈਂ ਵੀ ਤੁਹਾਡੇ ਕੋਲ ਤੁਹਾਡੀ ਸੇਵਾ 'ਚ ਹੀ ਰਹਾਂਗੀ।''

''ਨਹੀਂ...ਨਹੀਂ...।''

''ਨਹੀਂ ਕਿਉਂ ਸਰ! ਮੈਂ ਤਾਂ ਸਪੈਸ਼ਲ ਤੁਹਾਡੇ ਲਈ ਰਾਜਪੁਰੇ ਤੋਂ ਆਈ ਆਂ। ਕੀ ਗੱਲ ਤੁਹਾਨੂੰ ਮੇਰੇ ਨਾਲ ਕੋਈ ਨਾਰਾਜ਼ਗੀ ਐ?''

ਉਹ ਮੇਰੇ ਹੱਥ 'ਚ ਹੱਥ ਪਾਉਂਦੀ। ਮੇਰੇ ਕਮਰੇ ਵਲ ਲੈ ਗਈ। ਮੇਰਾ ਸਰੀਰ ਨਸ਼ੇ ਦੇ ਦੂਹਰੇ ਲੋਰ 'ਚ ਲੜਖੜਾ ਰਿਹਾ ਸੀ। ਜਿਉ ਜਿਉਂ ਰਾਤ ਅਤੇ ਨਸ਼ਾ ਗਹਿਰੇ ਹੋ ਰਹੇ ਸੀ ਦਿਮਾਗ ਵਿਚ ਸਭ ਕੁਝ ਰਲਗੱਡ ਹੋ ਰਿਹਾ ਸੀ। ਫੇਰ ਪਤਾ ਹੀ ਨੀ ਲੱਗਿਆ ਕਿਵੇਂ ਪਿਆ ਕੀ ਕੀ ਹੋਇਆ।

ਸਵੇਰੇ ਉਸਨੇ ਮੈਨੂੰ ਹਲੂਣ ਕੇ ਜਗਾਇਆ, ਆਪ ਉਹ ਪਹਿਲਾਂ ਸਾਝਰੇ ਹੀ ਬਾਥਰੂਮ 'ਚ ਨਹਾ ਕੇ ਬਾਹਰ ਆ ਵਾਲ ਸੰਵਾਰ ਰਹੀ ਸੀ।

ਮੈਂ ਵੀ ਤਿਆਰ ਹੋਇਆ। ਉਸ ਨਾਲ ਕੁਝ ਗੱਲਾਂ ਕਰ, ਹੋਟਲ ਮਾਲਕ ਨੂੰ ਦੱਸ, ਗੱਡੀ ਲੈ ਘਰੇ ਆ ਪਹੁੰਚਿਆਂ ਸਾਂ।

ਸਰ ਕੋਲਡ ਡਰਿੰਕਸ ਲਓਗੇ? ਬਹਿਰੇ ਦੀ ਆਵਾਜ਼ ਨੇ ਮੇਰੀ ਬਿਰਤੀ ਨੂੰ ਤੋੜ ਦਿੱਤਾ ।

ਇਕਦਮ ਖਿਆਲ ਆਇਆ ਕਿ ਮੈਂ ਤਾਂ ਟੇਬਲਾਂ ਵਲ ਵੇਖਦਾ ਕਿਥੇ ਦੀ ਕਿਥੇ ਪਹੁੰਚ ਗਿਆ ਸਾਂ।

ਇਹ ਵੀ ਪਤਾ ਨੀਂ ਲੱਗਾ ਕਿ ਮਨਪ੍ਰੀਤ ਕਿਹੜੇ ਵੇਲੇ ਮੇਰੇ ਕੋਲੋਂ ਕਿਧਰ ਚਲੀ ਗਈ ਹੈ। ਮੁੜੀ ਆਉਂਦੀ ਨੂੰ ਵੇਖ ਰਿਹਾਂ।

''ਤੁਸੀਂ ਤਾਂ ਪਤਾ ਨੀਂ ਕਿਥੇ ਗੁਆਚੇ ਰਹਿੰਦੇ ਉਂ ਐਨੇ ਇਕੱਠ 'ਚੋਂ ਮਸਾਂ ਕਮਲਜੀਤ ਬਾਹਰ ਆਈ ਸੀ ਮੈਂ ਸ਼ਗਨ ਦੇ ਆਈ ਆਂ।

ਮੈਂ ਬੁਲਾਇਆ ਵੀ ਤੁਸੀਂ ਆਹ ਕੁਰਸੀਆਂ ਬੰਨੀ ਟਿਕਟਿਕੀ ਲਾਈ ਖੜੇ ਸੀ।''

''ਅੱਛਾ ਫੜਾ ਆਈ ਸ਼ਗਨ, ਚੱਲੀਏ ਫੇਰ। ਮੇਰਾ ਗਰਮੀ ਨਾਲ ਦਿਲ ਜਾਹ ਵੀ ਘਬਰਾਈ ਜਾਂਦੈ।

ਮੈਥੋਂ ਖੜਿਆ ਨੀਂ ਜਾਂਦਾ।''

''ਤੁਸੀਂ ਤਾਂ ਹਰ ਥਾਂ ਅਈਂ ਕਰਦੇ ਓਂ। ਇੰਜੂਆਏ ਕਰੋ। ਪਤਾ ਨੀਂ ਕਿਵੇਂ ਮੌਕਾ ਮਿਲਦੈ ਫਰੀ ਹੋ ਕੇ ਮਿਲਣ ਗਿਲਣ ਦਾ, ਖਾਣ ਪੀਣ ਦਾ।''

''ਨਹੀਂ ਬੱਸ ਚੱਲੀਏ...।''

ਪਤਨੀ ਨੂੰ ਇਕ ਕਿਸਮ ਨਾਲ ਘੜੀਸ ਕੇ ਮੈਂ ਘਰੇ ਲੈ ਆਇਆ ਸਾਂ। ਗੱਡੀ ਗਰੈਜ ਵਿਚ ਲਾ ਕੇ ਪੈ ਗਿਆ ਸਾਂ ਪਰ ਨੀਂਦ ਨਹੀਂ ਆਈ। ਅੱਜ ਵੀ ਉਸੇ ਤਰ੍ਹਾਂ ਘਬਰਾਹਟ ਵਧੀ ਪਈ ਐ। ਕੁਝ ਪਤਾ ਨੀਂ ਲੱਗਦਾ ਕੀ ਕਰਾਂ। ਕਦੇ ਵਕੀਲ ਸਾਹਮਣੇ ਆ ਜਾਂਦੈ। ਕਦੇ ਤੇਜਿੰਦਰ ਤੇ ਮਲਕੀਤ ਉੱਚੀ ਉੱਚੀ ਹਸਦੇ ਤਾੜੀਆਂ ਮਾਰਦੇ ਸੁਣਦੇ ਨੇ। ਬੇਬੱਸ ਹੋਇਆ ਪਿਆ।

''ਕੀ ਬੋਲਾਂ?''

''ਦੋ ਵਾਰ ਮੋਬਾਇਲ ਦੀ ਘੰਟੀ ਵੱਜ ਕੇ ਬੰਦ ਹੋ ਗਈ ਹੈ। ਕਿਥੇ ਐ ਤੁਹਾਡੀ ਸੁਰਤੀ।'' ਪਤਨੀ ਦੀ ਆਵਾਜ਼ ਨਾਲ ਇਕਦਮ ਡੌਰ ਭੌਰ ਜਿਹਾ ਹੋ ਕੇ ਮੋਬਾਇਲ ਵੇਖਣ ਲਈ ਬੈੱਡ 'ਤੇ ਹੱਥ ਮਾਰਦਾ ਹਾਂ। ਮੋਬਾਇਲ ਤਾਂ ਸ਼ੋਅਪੀਸ ਵਿਚ ਸ਼ੀਸ਼ੇ ਪਿੱਛੇ ਪਿਆ ਹੈ।

ਚੁੱਕ ਕੇ ਵੇਖਦਾਂ। ਦੋ ਮਿਸਡ ਕਾਲਾਂ ਆਈਆਂ ਪਈਆਂ ਨੇ। ਨੰਬਰ ਕੱਢਣ ਤੋਂ ਪਹਿਲਾਂ ਹੀ ਦਿਮਾਗ ਵਿਚ ਹੋਰ ਡਰ ਭਾਰੂ ਹੋ ਜਾਂਦੈ। ਸਾਲੀ ਦਾ ਉਸੇ ਦਾ ਫੋਨ ਹੋਵੇਗਾ।

ਉਸ ਦਿਨ ਵੀ ਇਸ ਤਰ੍ਹਾਂ ਮੋਬਾਇਲ ਦੀ ਘੰਟੀ ਵੱਜੀ ਸੀ। ਕਲਾਸ ਵਿਚ ਪੜ੍ਹਾ ਰਿਹਾ ਸਾਂ। ਬਾਹਰ ਬਰਾਂਡੇ 'ਚ ਸੁਣਨ ਲਈ ਗਿਆ। ਹੈਲੋ ਕੀਤੀ ਕੋਈ ਨਾ ਬੋਲਿਆ। ਇਸੇ ਤਰ੍ਹਾਂ ਦੂਜੀ ਵਾਰ ਹੋਇਆ ਸੀ। ਤੀਜੀ ਬੈਲ ਤੇ ਹੈਲੋ ਕੀਤੀ, ਤਾਂ ਉਸ ਦੀ ਆਵਾਜ਼ ਸੀ, ''ਮੈਂ ਸੁਖਮਨ ਬੋਲਦੀ ਹਾਂ, ਸਤਿ ਸ੍ਰੀ ਅਕਾਲ ਸਰ।''

''ਸਤਿ ਸ੍ਰੀ ਅਕਾਲ...ਮੈਂ ਡਰਦੇ ਡਰਦੇ ਨੇ ਅੱਧਾ ਕੁ ਜਵਾਬ ਦਿੱਤਾ ਸੀ।''

''ਕਾਲਜ 'ਚ ਈ ਓਂ ਸਰ?''

''ਹਾਂ...ਦੱਸੋ...?''

''ਸਰ ਦੱਸਾਂ ਕੀ ਬੜੀ ਕਸੂਤੀ ਫਸ ਗਈ ਹਾਂ। ਹਫਤਾ ਉਪਰੋਂ ਦੀ ਲੰਘ ਗਿਐ ਮੈਨਸਜ਼ ਨਹੀਂ ਆਏ। ਕੀ ਕਰਾਂ ਬੜਾ ਡਰ ਲੱਗ ਰਿਹੈ।''

ਸੁਣ ਕੇ ਸਿਰ ਤੋਂ ਪੈਰਾਂ ਤੱਕ ਕੰਬ ਗਿਆ ਸਾਂ। ਧਰਤੀ ਅਕਾਸ਼ ਘੁੰਮਣ ਲੱਗ ਪਏ ਸੀ। ਅੱਖਾਂ ਅੱਗੇ ਹਨੇਰਾ ਆ ਗਿਆ ਸੀ। ਕੁਝ ਸੰਭਲ ਕੇ ਕਲਾਸ 'ਚ ਛੁੱਟੀ ਕਰ ਲਾਇਬਰੇਰੀ ਵਿਚ ਆ ਬੈਠਿਆ ਸਾਂ। ਉਥੋਂ ਬੈਠੇ ਨਾਲ ਦੇ ਪ੍ਰੋਫੈਸਰ ਇਉਂ ਲੱਗ ਰਹੇ ਸਨ ਜਿਵੇਂ ਮੇਰੀਆਂ ਗੱਲਾਂ ਕਰ ਰਹੇ ਹੋਣ। ਜਿਵੇਂ ਇਨ੍ਹਾਂ ਨੇ ਮੇਰਾ ਫੋਨ ਸੁਣ ਲਿਆ ਹੋਵੇ।

ਕਿਸੇ ਨਾਲ ਕੋਈ ਗੱਲ ਨਹੀਂ ਹੋ ਰਹੀ। ਦਫਤਰ 'ਚ ਆ ਲੀਵ ਦੇ ਕੇ ਰਾਜਪੁਰੇ ਵਾਲੀ ਬੱਸ ਫੜ ਲਈ। ਮਨਪ੍ਰੀਤ ਨੂੰ ਫੋਨ ਕਰ ਦਿੱਤਾ ਯੂਨੀਵਰਸਿਟੀ ਜ਼ਰੂਰੀ ਕੰਮ ਹੈ, ਇਸ ਲਈ ਜਾ ਰਿਹਾ। ਰਾਤੀ ਦੇਰ ਨਾਲ ਆਵਾਂਗਾ। ਜੇਕਰ ਲੇਟ ਹੋ ਗਿਆ ਸ਼ਾਇਦ ਰਹਿਣਾ ਵੀ ਪੈ ਸਕਦੈ। ਕਹਿ ਫੋਨ ਬੰਦ ਕਰ ਦਿੰਦਾ ਹਾਂ।

ਰਸਤਾ ਮੁੱਕਣ ਵਿਚ ਨਹੀਂ ਆ ਰਿਹਾ। ਸੋਚਦਾਂ ਸਿੱਧਾਂ ਕਿਸੇ ਨਰਸਿੰਗ ਹੋਮ ਜਾਵਾਂਗਾ। ਅੱਜ ਕੱਲ ਪੈਸੇ ਨਾਲ ਸਭ ਕੁਝ ਹੋ ਜਾਂਦੈ। ਆਥਣ ਨੂੰ ਉਸਦਾ ਫਸਤਾ ਵਢਾਅ ਕੇ ਮੁੜ ਆਵਾਂਗਾ। ਜੇਕਰ ਨਾ ਮੰਨੀ? ਬੜੀ ਕਸੂਤੀ ਸਥਿਤੀ ਵਿਚ ਫਸ ਗਿਆ ਹਾਂ। ਨਾਲੇ ਅੱਜ ਕੱਲ੍ਹ ਹਰੇਕ ਰਿਸਕ ਨੀਂ ਲੈਂਦਾ। ਬਾਹਰਲੇ ਬੰਦੇ ਤੇ ਕਿਹੜਾ ਡਾਕਟਰ ਇਤਬਾਰ ਕਰੂ। ਸਗੋਂ ਅਗਲਾ ਅਜਿਹੀ ਗੱਲ ਸੁਣ ਕੇ ਪੁਲਿਸ ਨੂੰ ਫੋਨ ਕਰਕੇ ਅੰਦਰ ਕਰਵਾ ਦਿਉ।

ਅੱਖਾਂ ਅੱਗੇ ਖਾਕੀ ਵਰਦੀ, ਹਵਾਲਾਤ ਦੀਆਂ ਸੀਖਾਂ ਸਾਹਮਣੇ ਆ ਜਾਂਦੀਆਂ ਨੇ। ਗਾਲ੍ਹਾਂ, ਕੁਰਖਤ ਲਫਜ਼ ਕੰਨਾਂ 'ਚ ਗੂੰਜਦੇ ਸੁਣਾਈ ਦੇਣ ਲੱਗਦੇ ਨੇ। ਮੁੜਕੋ-ਮੁੜਕੀ ਹੋਇਆ ਪਿਐ ਸਰੀਰ। ਖਿਆਲ ਬਦਲਦਾ ਹਾਂ-ਪਹਿਲਾਂ ਸਿਧਾ ਉਸੇ ਕੋਲ ਜਾਵਾਂਗਾ। ਕੀ ਕਹਿੰਦੀ ਐ। ਉਹਦੀ ਗੱਲ ਸੁਣ ਕੇ ਕਰ ਲਵਾਂਗੇ ਜਿਵੇਂ ਹੋਊ। ਉਸਨੇ ਫੋਨ ਕੀਤਾ ਹੈ, ਕੁਝ ਨਾ ਕੁਝ ਤਾਂ ਸੋਚ ਕੇ ਬੁਲਾਇਐ। ਇਸ ਤਰ੍ਹਾਂ ਦੀ ਉਧੇੜ-ਬੁਣ ਵਿਚ ਪਤਾ ਹੀ ਨੀਂ ਲੱਗਿਆ ਕਦ ਰਾਜਪੁਰੇ ਦੇ ਅੱਡੇ 'ਤੇ ਬੱਸ ਮੇਨ ਰੋਡ ਉੱਪਰ ਆ ਰੁੱਕੀ।

ਮੋਬਾਇਲ 'ਤੇ ਉਸਦਾ ਨੰਬਰ ਮਿਲਾਇਆ ਹੈ।

''ਹੈਲੋ'' ਉਸਦੀ ਆਵਾਜ਼ ਹੈ।

''ਪਹੁੰਚ ਗਏ ਤੁਸੀਂ''

''ਹਾਂ...।''

''ਅੱਛਾ! ਮੈਂ ਬੱਸ ਸਟੈਂਡ ਦੇ ਨੇੜੇ ਹੀ ਹਾਂ ਦੋ ਚਾਰ ਮਿੰਟਾਂ 'ਚ ਹੀ ਤੁਹਾਡੇ ਕੋਲ ਪਹੁੰਚੀ।''

ਮੇਰੇ ਕੁਝ ਕੁ ਸਾਹ ਟਿਕੇ ਚਲੋ ਆ ਤਾਂ ਰਹੀ ਹੈ। ਕਿਤੇ ਹੋਰ ਨੀ ਜਾਣਾ ਪਿਆ। ਬਾਕੀ ਜਿਵੇਂ ਹੋਉ ਦੇਖੀ ਜਾਊ।''

ਸਾਹਮਣੇ ਬਾਇਕ ਰੁਕੀ ਹੈ

ਵੇਖਿਆ, ਓਹੀ ਹੈ।

ਮੈਂ ਤੁਰਦਾ ਸਰੀਰ ਨਾਲ ਲੱਤਾਂ ਘੜੀਸਦਾ ਉਹਦੇ ਵਲ ਜਾ ਰਿਹਾ।

ਸਤਿ ਸ੍ਰੀ ਅਕਾਲ ਸਰ।

ਸਤਿ ਸ੍ਰੀ ਅਕਾ..। ਸ਼ਬਦ ਜਿਵੇਂ ਮੇਰੇ ਸੰਘ ਵਿਚ ਹੀ ਅੜ ਗਏ ਹਨ।

'ਆਓ ਸਾਹਮਣੇ ਹੋਟਲ 'ਚ ਕੱਪ ਚਾਹ ਦਾ ਪੀਨੇ ਆਂ। ਨਾਲੇ ਗੱਲਾਂ ਕਰਦੇ ਹਾਂ।' ਉਸਨੇ ਬੇਝਿਜਕ ਮੈਨੂੰ ਆਖਿਆ ਹੈ।

ਮੁਜਰਮ ਵਾਂਗ ਉਸਦੇ ਪਿੱਛੇ ਬੈਠ ਗਿਆ ਹਾਂ। ਬਾਇਕ ਖੜੀ ਕਰਕੇ ਅੰਦਰ ਬੈਠ ਕੇ ਉਸਨੇ ਚਾਹ ਦੇ ਦੋ ਕੱਪ ਦਾ ਆਰਡਰ ਦਿੱਤਾ ਹੈ।

ਏ.ਸੀ. ਦੀ ਠੰਡਕ ਨਾਲ ਸਰੀਰ ਕੁਝ ਅਰਾਮ ਤਾਂ ਮਹਿਸੂਸ ਕਰ ਰਿਹਾ ਲੱਗਦੈ। ਪਰ ਦਿਲ ਤੇਜ਼ੀ ਨਾਲ ਧੜਕ ਰਿਹੈ।

''ਕੀ ਗੱਲ ਐ?'' ਦੋਸ਼ੀਆਂ ਵਾਂਗ ਡਰੇ ਨੇ ਮੈਂ ਸਿੱਧਾ ਹੀ ਸਵਾਲ ਕੀਤਾ।

''ਸਰ ਗੱਲ ਤਾਂ ਤੁਹਾਨੂੰ ਦੱਸ ਈ ਦਿੱਤੀ ਹੈ।''

''ਫੇਰ ਡਾਕਟਰ ਕੋਲ ਚਲੇ ਜਾਣਾ ਸੀ।''

''ਉਥੇ ਫਾਦਰ ਦਾ ਨਾਂ ਪੁੱਛਦੇ ਨੇ। ਕੀ ਦੱਸਦੀ।''

ਸੁਣ ਕੇ ਧੜਮ ਕਰਕੇ ਕੁਰਸੀ ਤੋਂ ਡਿਗਦਾ ਡਿਗਦਾ ਮਸਾਂ ਆਪਣੇ ਆਪਨੂੰ ਬਚਾਉਂਦਾ ਹਾਂ।

ਮੱਥੇ ਨੂੰ ਤਰੇਲੀਆ ਆ ਰਹੀਆਂ ਨੇ।

ਫੇਰ ਹੋਰ ਦੱਸ ਕਿਵੇਂ ਕਰੀਏ?''

ਮੈਂ ਹੁਣੇ ਇਕ ਸਹੇਲੀ ਕੋਲ ਜਾ ਕੇ ਆਈ ਆਂ। ਉਸਦੀ ਇਕ ਡਾਕਟਰ ਦੋਸਤ ਹੈ ਉਸਨੂੰ ਸਾਰੀ ਕਹਾਣੀ ਦੱਸੀ। ਉਹ ਕਹਿੰਦੀ ਫਿਕਰ ਨਾ ਕਰੋ ਮੈਂ ਤੁਹਾਡੀ ਪੂਰੀ ਮਦਦ ਕਰਾਂਗੀ। ਸਭ ਠੀਕ ਹੋ ਜਾਵੇਗਾ।

ਮੈਂ ਹੋਰ ਵੀ ਦੱਸਿਆ ਅਗਲੇ ਹਫਤੇ ਮੇਰੀ ਇੰਟਰਵਿਊ ਐ ਲੈਕਚਰਾਰ ਦੀ। ਉਸਤੋਂ ਪਹਿਲਾਂ ਇਹ ਠੀਕ ਹੋ ਜੇ।

ਨਾਲੇ ਮਾਨਸਿਕ ਤੌਰ 'ਤੇ ਵੀ ਮੈਂ ਠੀਕ ਹੋਵਾਂ ਤਾਂ ਹੀ ਕੁਝ ਦੱਸ ਸਕਾਂਗੀ ਇੰਟਰਵਿਊ 'ਤੇ।

ਖਰਚਾ ਵੀ ਠੀਕ ਹੀ ਲਵੇਗੀ ਡਾਕਟਰ।

ਮੈਂ ਦੇਵਾਂ ਲੈ ਕੇ ਆਇਆ ਹਾਂ।

ਨਹੀਂ ਨਹੀਂ ਸਰ ਤੁਹਾਡੇ ਤੋਂ ਥੋੜੇ ਲੈਣੇ ਨੇ। ਮੈਨੂੰ ਪਤਾ ਲੱਗਿਆ ਸਬਜੈਕਟ ਐਕਸਪਰਟ ਦੇ ਤੌਰ 'ਤੇ। ਤੁਹਾਨੂੰ ਨਾਮਜਦ ਕੀਤੈ ਯੂਨੀਵਰਸਿਟੀ ਵਲੋਂ। ਮੇਰੀ ਤਿਆਰੀ ਤਿਊਰੀ ਤਾਂ ਹੁਣ ਤੁਹਾਨੂੰ ਦਿਸਦੀ ਐ। ਬੱਸ ਤੁਸੀਂ ਇੰਟਰਵਿਊ 'ਤੇ ਧਿਆਨ ਰੱਖਿਓ ਮੇਰਾ। ਮੇਰੀ ਇਹੀ ਰਿਕੂਐਸਟ ਹੈ।'' ''ਤੂੰ ਫਿਕਰ ਨਾ ਕਰ, ਇਹ ਮੇਰੀ ਡਿਊਟੀ ਹੈ। ਸਿਹਤ ਠੀਕ ਕਰ...।''

'ਸਿਹਤ ਵੀ ਤੁਹਾਡੇ ਅਰਪਨ ਕੀਤੀ ਐ ਸਰ।' ਅੱਖਾਂ ਭਰਦੀ ਬੋਲਦੀ ਨੇ ਕਿਹਾ।

ਸੁਣਕੇ ਚੁੱਪ ਸਾਂ।

''ਵੈਸੇ ਤੁਹਾਡੇ ਸ਼ਹਿਰ ਈ ਰਹਿੰਦੇ ਐ ਐਡਵੋਕੇਟ ਰਵਿੰਦਰ ਜੀ। ਉਨ੍ਹਾਂ ਨਾਲ ਵੀ ਮੇਰੀ ਗੱਲ ਹੋਈ ਸੀ। ਕਹਿੰਦੇ ਮੈਨੇਜਮੈਂਟ ਵਾਲਿਆਂ ਨਾਲ ਉਨ੍ਹਾਂ ਦੇ ਵੀ ਚੰਗੇ ਸਬੰਧ ਨੇ। ਉਹ ਵੀ ਕਹਿਣਗੇ ਮੇਰੇ ਲਈ। ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਨੇ, ਦੱਸਦੇ ਸੀ।''

ਵਕੀਲ ਦਾ ਚਿਹਰਾ ਇਕਦਮ ਅੱਖਾਂ ਅੱਗੋਂ ਦੀ ਘੁੰਮ ਜਾਂਦਾ ਹੈ। ਜੇ ਕਿਤੇ ਵਕੀਲ ਨੂੰ ਪਤਾ ਲੱਗ ਗਿਆ। ਕਿਤੇ ਖੜਨ ਜੋਗਾ ਨੀਂ ਰਹਿਣਾ ਮੈਂ।

''ਅੱਛਾ! ਅੱਛਾ! ਹਾਂ ਹੈਗੇ ਨੇ...।'' ਆਪਣੇ ਆਪ ਨੂੰ ਸੰਭਾਲਦੇ ਨੇ ਉਸਨੂੰ ਜਵਾਬ ਦਿੱਤਾ ਸੀ।

ਉਸਤੋਂ ਖਹਿੜਾ ਛੁਡਾਅ ਵਾਪਿਸ ਆ ਗਿਆ ਸਾਂ। ਘਰੇ ਆ ਕੇ ਬੇਟੀ ਲਵਪ੍ਰੀਤ ਨੂੰ ਵੇਖ ਕੇ ਮਨ ਹੋਰ ਭਰ ਭਰ ਆਉਂਦਾ ਰਿਹਾ। ਸੋਚਦਾ ਸਾਂ ਜੇ ਕਿਤੇ ਇਸਨੂੰ ਪਤਾ ਲੱਗੂ ਕੀ ਸੋਚੂ ਆਪਣੇ ਡੈਡੀ ਬਾਰੇ।

ਇੰਟਰਵਿਊ ਵਾਲੇ ਦਿਨ ਗੱਡੀ ਕਾਲਜ ਦੇ ਦਫਤਰ ਮੂਹਰੇ ਖੜੀ ਕਰ ਚੁੱਪ ਚਾਪ ਅੰਦਰ ਗਿਆ ਸਾਂ। ਬਾਕੀ ਕਮੇਟੀ ਮੈਂਬਰ ਬੈਠੇ ਸਨ।? ਤਿੰਨ ਉਮੀਦਵਾਰ ਸਨ। ਇਕ ਲੜਕਾ ਪਹਿਲਾ ਟੈਂਪਰੇਰੀ ਤੌਰ 'ਤੇ ਕੰਮ ਕਰ ਰਿਹਾ ਸੀ, ਸਿਰਫ ਐਮ.ਏ. ਸੀ। ਦੂਜਾ ਲੜਕਾ ਪੀ.ਐਚ.ਡੀ. ਸੀ। ਪੰਜ ਸਾਲ ਦੇ ਤਜਰਬੇ ਨਾਲ ਹੋਰ ਕਈ ਵਧੀਆ ਸਨਮਾਨ ਵੀ ਪ੍ਰਾਪਤ ਕੀਤੇ ਹੋਏ ਸੀ। ਉਸਦੀ ਇਕ ਕਿਤਾਬ ਵੀ ਛਪੀ ਸੀ ਕਵਿਤਾਵਾਂ ਦੀ। ਮੇਰਾ ਵਿਦਿਆਰਥੀ ਵੀ ਰਿਹਾ ਸੀ। ਤੀਜੀ ਇਹ ਸੀ। ਇੰਟਰਵਿਊ ਵੇਲੇ ਸਵਾਲ ਜਵਾਬ ਕੀਤੇ ਸੁਣੇ ਸਭ ਕਾਸੇ ਨੂੰ ਅਖੋਂ ਪਰੇ ਕਰਦਿਆਂ, ਮਨ ਪੱਥਰ ਕਰਕੇ। ਇਸਦੇ ਨਾਂਅ ਸਾਹਮਣੇ ਸਭ ਤੋਂ ਵੱਧ ਨੰਬਰ ਲਿਖਕੇ ਸਿਫਾਰਸ਼ ਯੂਨੀਵਰਸਿਟੀ ਨੂੰ ਭੇਜ ਆਇਆ ਸਾਂ। ਪਰ ਮਨ 'ਚ ਉਸ ਪੀ.ਐਚ.ਡੀ. ਮੁੰਡੇ ਦਾ ਉਦਾਸ ਚਿਹਰਾ ਉਸਦੇ ਸਾਹਿਤਕ ਸਨਮਾਨ ਅਤੇ ਟੇਬਲ ਤੇ ਪਏ ਉਸਦੇ ਕਾਵਿ ਸੰਗ੍ਰਹਿ ਦਾ ਟਾਇਟਲ ਜਿਵੇਂ ਸਾਰਾ ਕੁਝ ਹੀ ਮੇਰਾ ਮੂੰਹ ਚਿੜਾ ਰਿਹਾ ਹੋਵੇ। ਮੋਬਾਈਲ ਦੀ ਘੰਟੀ ਨੇ ਫੇਰ ਬਿਰਤੀ ਤੋੜੀ ਹੈ।

''ਹੈਲੋ!''

''ਹਾਂ ਜੀ ਪ੍ਰੋਫੈਸਰ ਸਾਹਿਬ? ਮੈਂ ਸੁਖਮਨ!''

''ਹਾਂ ਜੀ ਬੋਲ ਰਿਹਾ।''

''ਪਤਾ ਲੱਗਿਆ ਕੁਝ ਸਲੈਕਸ਼ਨ ਬਾਰੇ।''

''ਮੈਂ ਪੂਰੀ ਕੋਸ਼ਿਸ਼ ਕਰ ਰਿਹਾ। ਪੱਕਾ ਹੋਵੇਗਾ ਕੰਮ, ਦੋ ਚਾਰ ਦਿਨਾਂ 'ਚ ਲੈਟਰ ਇਸ਼ੂ ਹੋਣ ਦੀ ਉਮੀਦ ਹੈ। ਬਾਕੀ ਹੋਰ ਸੁਣਾ ਤੇਰਾ ਕਿਵੇਂ ਹੈ?''

''ਹਾਂ, ਮੈਂ ਗਈ ਸੀ ਡਾਕਟਰ ਕੋਲ। ਉਹ ਕਿਸੇ ਜਰੂਰੀ ਰੁਝੇਵੇਂ 'ਚ ਬਾਹਰ ਗਈ ਹੋਈ ਹੈ, ਇਕ ਦੋ ਦਿਨਾਂ 'ਚ ਹੋ ਜਾਵੇਗਾ ਠੀਕ।''

''ਜੇ ਸਿਹਤ ਠੀਕ ਨਹੀਂ ਤਾਂ ਅੱਜ ਛੁੱਟੀ ਭੇਜ ਦਿਓ। ਆਖੋ ਤਾਂ ਸਿਰ ਘੁੱਟਾਂ। ਅੱਜ ਲਵਪ੍ਰੀਤ ਦੀ ਸਹੇਲੀ ਦੀ ਅੰਗੇਜਮੈਂਟ ਹੈ। ਇਹ ਕੱਲ ਦੀ ਕਹੀਂ ਜਾਂਦੀ ਹੈ। ਨਾਲ ਚੱਲੋਗੇ।'' ਪਤਨੀ ਦੂਸਰੇ ਕਮਰੇ ਵਿਚੋਂ ਆ ਮੈਨੂੰ ਪੁਛਦੀ ਹੈ।

''ਨਹੀਂ! ਨਹੀਂ! ਮੈਂ ਠੀਕ ਆਂ ਕੋਈ ਐਸੀ ਗੱਲ ਨੀ। ਤੁਸੀਂ ਜਾਉ ਤਿਆਰ ਹੋਈਆਂ ਖੜੀਓਂ।

ਦੋਵਾਂ ਦੇ ਜਾਣ ਨਾਲ ਥੋੜੀ ਰਾਹਤ ਮਹਿਸੂਸ ਹੋਈ ਐ। ਪਰ ਪੂਰੀ ਰਾਹਤ ਤਾਂ ਉਸਦੇ ਫੋਨ ਨਾਲ ਹੀ ਆਵੇਗੀ।

''ਤੂੰ ਮੇਰਾ ਰਾਖਾ ਸਭਨੀਂ ਥਾਈ...।'' ਮੋਬਾਇਲ ਦੀ ਰਿੰਗ ਟੋਨ ਫਿਰ ਵੱਜਣ ਲੱਗਦੀ ਹੈ।

ਇਕ ਅਦਿਖ ਜਿਹੇ ਡਰ ਨਾਲ ਮੇਰਾ ਹੱਥ ਮੋਬਾਇਲ ਦੇ ਬਟਨ ਨੂੰ ਛੋਂਹਦੇ।

''ਹੈਲੋ ਸਰ। ਥੈਂਕ ਯੂ ਵੈਰੀ ਮੱਚ, ਮੇਰੀ ਸਲੈਕਸ਼ਨ ਹੋਗੀ। ਫੋਨ 'ਤੇ ਪਤਾ ਲੱਗਿਐ। ਲੈਟਰ ਵੀ ਇਸ਼ੂ ਹੋ ਗਿਆ!''

ਸਰ ਮੈਂ ਤੁਹਾਡਾ ਕਦੇ ਅਹਿਸਾਨ ਨਹੀਂ ਭੁਲਾਵਾਂਗੀ।

ਅੱਛਾ! ਅੱਛਾ! ਬਹੁਤ ਚੰਗਾ ਹੋਇਆ। ਪਰ ਤੂੰ ਕਿਵੇਂ ਐਂ...?''

''ਉਹੋ ਸਰ ਮੈਂ ਤਾਂ ਇਸੇ ਖੁਸ਼ੀ 'ਚ ਭੁੱਲ ਈ ਗਈ ਸਾਂ ਰਾਤੀ ਬੈਡ ਨੂੰ ਕਮਰੇ 'ਚ ਹਿਲਾ ਕੇ ਠੀਕ ਕਰਦੀ ਦਾ ਜ਼ੋਰ ਜਿਹਾ ਲੱਗਿਆ ਇਹ ਕੰਮ ਵੀ ਰਾਤ ਠੀਕ ਹੋ ਗਿਆ...।''

''ਇਹ ਹੋਰ ਵੀ ਵਧੀਆ ਹੋਇਆ''

ਮੋਬਾਇਲ ਰੱਖਦਿਆਂ ਮਨ 'ਚ ਆਉਂਦੈ ਚੰਗਾ ਬਲਾਅ ਟਲੀ। ਪਰ ਅੰਦਰਲਾ ਹਾਲੇ ਵੀ ਘਾਟੀਏਂ ਪਿਆ ਫਿਰਦਾ ਹੈ।

---

# ...ਤੇ ਜਦੋਂ ਕਲਰਕੀ ਲੋਟ ਆਈ

**ਰਸ਼ਪਿੰਦਰਪਾਲ ਕੌਰ**

ਜੀਵਨ ਵਿਚ ਮੌਕਾ-ਮੇਲ ਦੀਆਂ ਘਟਨਾਵਾਂ ਦਾ ਅਹਿਮ ਰੋਲ ਹੁੰਦਾ ਹੈ। ਮਨੁੱਖ ਸਹੀ ਸਮੇਂ 'ਤੇ ਸਹੀ ਫੈਸਲਾ ਲੈ ਕੇ ਜ਼ਿੰਦਗੀ ਦੀ ਪਟੜੀ 'ਤੇ ਜਾ ਚੜ੍ਹੇ ਤਾਂ ਸਫਲਤਾ ਹਾਸਲ ਕਰਕੇ ਰੁਕਦਾ ਹੈ। ਜੇਕਰ ਰਾਹੋਂ ਭਟਕ ਜਾਵੇ ਤਾਂ ਹਾਰ ਹੀ ਨਸੀਬ ਹੁੰਦੀ ਹੈ ਪਰ ਇਸ ਮੌਕਾ-ਮੇਲ ਨੂੰ ਆਪਣੇ ਨਿੱਜ ਲਈ ਜਿਊਣ ਵਾਲੇ ਲੋਕ ਹੀ ਵਰਤ ਲੈਂਦੇ ਹਨ ਜਿਹੜੇ ਦਾਅ ਲੱਗਣ 'ਤੇ ਟਪੂਸੀ ਮਾਰ ਕੇ ਉਪਰਲੇ ਡੰਡੇ 'ਤੇ ਜਾ ਚੜ੍ਹਦੇ ਹਨ। ਇਸ ਨੂੰ ਸਮਿਆਂ ਦੀ ਮਾਰ ਕਹੀਏ ਤਾਂ ਸਾਡੇ ਪ੍ਰਬੰਧ ਦਾ 'ਕੁਹਜ', ਜੀਵਨ 'ਚ ਅਜਿਹੇ ਵਿਅਕਤੀਆਂ ਨਾਲ ਵਾਹ ਪੈਂਦਾ ਹੈ ਜਿਹੜੇ ਅਯੋਗ ਹੋਣ ਦੇ ਬਾਵਜੂਦ ਵੀ ਬੁਲੰਦੀ 'ਤੇ ਪਹੁੰਚਦੇ ਹਨ। ਚਾਪਲੂਸੀ ਦੇ ਅਮਲ 'ਤੇ ਚਲਦਿਆਂ ਆਪਣੇ 'ਆਕਾਵਾਂ' ਦੀ ਛਤਰਛਾਇਆ ਹੇਠ ਮਨਮਰਜ਼ੀ ਕਰਦੇ ਹਨ, ਜਾਇਜ਼-ਨਾਜਾਇਜ਼ ਢੰਗ ਤਰੀਕਿਆਂ ਨਾਲ ਅੱਗੇ ਤੁਰਦੇ ਰਹਿੰਦੇ ਹਨ। ਉਨ੍ਹਾਂ ਦੇ ਅਸੂਲ, ਈਮਾਨਦਾਰੀ ਤੇ ਸਮਾਜਿਕ ਰਿਸ਼ਤਿਆਂ ਤੇ ਕਦਰਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਮੇਰੇ ਨੇੜਲੇ ਰਿਸ਼ਤੇ 'ਚੋਂ ਵੀਰ ਲੱਗਦਾ ਇਸ ਤਰ੍ਹਾਂ ਦਾ ਪਾਤਰ ਅਕਸਰ ਹੀ ਮੇਰੀਆਂ ਅੱਖਾਂ ਸਾਹਵੇਂ ਆ ਖੜ੍ਹਦਾ ਹੈ ਤੇ ਮੈਨੂੰ ਸੋਚਣ ਲਈ ਮਜਬੂਰ ਕਰਦਾ ਹੈ। ਉਸ ਦੇ ਅਤੀਤ ਦਾ ਦ੍ਰਿਸ਼ ਮੇਰੇ ਸਾਹਵੇਂ ਗੁਜ਼ਰਨ ਲੱਗਦਾ ਹੈ। ਉਹ ਮੁੱਢ ਤੋਂ ਹੀ ਪੜ੍ਹਾਈ 'ਚ ਲਾਪ੍ਰਵਾਹ ਰਿਹਾ ਤੇ ਉਸ ਨੇ ਮਾਪਿਆਂ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ। ਕਿਸੇ ਤਰ੍ਹਾਂ ਰੁੜ੍ਹ-ਖੁੜ੍ਹ ਕੇ 12 ਜਮਾਤਾਂ ਪਾਸ ਕਰ ਗਿਆ। ਜ਼ਿੰਦਗੀ ਨੇ ਕਰਵਟ ਬਦਲੀ, ਉਸ ਦੇ ਅਧਿਆਪਕ ਪਿਤਾ ਦੀ ਅਚਾਨਕ ਮੌਤ ਹੋਈ। ਉਸ ਨੂੰ ਪਿਤਾ ਦੀ ਥਾਂ ਤਰਸ ਦੇ ਆਧਾਰ 'ਤੇ ਸਕੂਲ 'ਚ ਕਲਰਕ ਦੀ ਨੌਕਰੀ ਮਿਲ ਗਈ। ਉਸ ਨੂੰ ਕੰਮ ਕਰਨ ਦਾ ਕੋਈ ਗਿਆਨ ਤੇ ਤਜਰਬਾ ਨਹੀਂ ਸੀ। ਉਹ ਅਕਸਰ ਹੀ ਸਾਡੇ ਘਰ ਆਉਂਦਾ ਤੇ ਆਖਦਾ, ''ਮੈਂ ਇਸ ਨੌਕਰੀ ਤੋਂ ਬਹੁਤ ਦੁਖੀ ਹਾਂ, ਕਲਰਕ ਦੀ ਵੀ ਕੋਈ ਜੂਨ ਐ? ਹਰੇਕ ਅਧਿਆਪਕ ਬਿਨਾ ਗੱਲ ਤੋਂ ਈ ਆ ਕੇ ਰੋਅਬ ਝਾੜਦੈ ਤੇ ਪ੍ਰਿੰਸੀਪਲ ਦੇ ਨਖਰਿਆਂ ਦਾ ਮੇਰੇ ਕੋਲ ਕੋਈ ਜਵਾਬ ਹੀ ਨਹੀਂ।''

ਸਮਾਂ ਬੀਤਿਆ, ਉਹ ਕੰਮ ਸਿੱਖਣ ਲੱਗ ਪਿਆ। ਕੁਦਰਤੀ ਉਸ ਦਾ ਪਿੰਡ ਨਵੇਂ ਬਣੇ ਜ਼ਿਲੇ 'ਚ ਆਇਆ ਤੇ ਉਸ ਜ਼ਿਲ੍ਹੇ 'ਚ ਸਿੱਖਿਆ ਦਫ਼ਤਰ ਵਿਚ ਉਸ ਨੂੰ ਬੁਲਾ ਲਿਆ ਗਿਆ। ਦਫ਼ਤਰ ਜਾ ਕੇ ਉਸ ਦਾ ਨਜ਼ਰੀਆ ਬਦਲਣ ਲੱਗਿਆ। ਅਧਿਆਪਕਾਂ ਦੇ ਕੰਮਾਂ-ਕਾਰਾਂ 'ਚ ਨਾਲ ਦੇ ਸੰਗੀ-ਸਾਥੀਆਂ ਨੂੰ ਵੇਖ ਕੇ ਉਹ ਵੀ ਚੁਸਤੀ-ਚਲਾਕੀ ਤੋਂ ਕੰਮ ਲੈਣ ਲੱਗਿਆ। ਹੁਣ ਜਦ ਉਹ ਸਾਡੇ ਕੋਲ ਆਉਂਦਾ ਹੈ ਤਾਂ ਉਸ ਦਾ ਚਿਹਰਾ ਸਕੂਨ ਨਾਲ ਭਰਿਆ ਹੁੰਦਾ ਹੈ। ਉਹ ਆਖਦਾ, ਹੁਣ ਸੁੱਖ ਦੀ ਨੀਂਦ ਸੌਣ ਲੱਗਿਆਂ। ਪਹਿਲਾਂ ਤਾਂ ਐਵੇਂ ਜਣੇ-ਖਣੇ ਦੀਆਂ ਝਿੜਕਾਂ ਸੁਣਦਾ ਸਾਂ, ਹੁਣ ਆਪਣੇ ਤੋਂ ਵੱਡਿਆਂ ਨੂੰ 'ਝਿੜਕਣ' ਤੇ ਉਨ੍ਹਾਂ ਦਾ ਕੰਮ ਕਰਨ ਲਈ ਸੇਵਾ ਪਾਣੀ ਕਰਾਉਣ ਦੇ ਰਾਹ ਤੁਰਿਆ ਹਾਂ। ਇਥੇ ਰਿਹਾ ਤਾਂ ਜ਼ਿੰਦਗੀ ਸੌਖੀ ਰਹੇਗੀ।''

ਕੁਝ ਸਮੇਂ ਬਾਅਦ ਉਹ ਫਿਰ ਮਿਲਿਆ ਤਾਂ ਉਦੋਂ ਉਹ ਡੀ.ਸੀ. ਦਫ਼ਤਰ ਚਲਾ ਗਿਆ ਸੀ। ਕੁਝ ਦਿਨਾਂ 'ਚ ਹੀ ਉਹ ਅੰਬਰੀਂ ਉਡਣ ਲੱਗਿਆ, ਸ਼ਾਇਦ ਉਹ ਮੌਕਾਪ੍ਰਸਤੀ ਦੇ 'ਰਾਜ਼' ਨੂੰ ਜਾਣ ਗਿਆ ਸੀ। ਦਫ਼ਤਰਾਂ 'ਚ ਕੰਮ ਕਰਨ ਵਾਲਿਆਂ ਦੀ ਘਾਟ ਦੇ ਚਲਦਿਆਂ ਕਿਸੇ 'ਸਨੇਹੀ' ਨੇ ਉਸ ਨੂੰ ਖਜ਼ਾਨਾ ਦਫ਼ਤਰ 'ਚ ਆਪਣਾ ਪੱਕਾ ਟਿਕਾਣਾ ਬਣਾ ਲਿਆ। ਹੁਣ ਘਰ 'ਚ ਉਸ ਦੇ ਨਾਲ-ਨਾਲ ਬੀਵੀ-ਬੱਚਿਆਂ ਦੀ ਸ਼ਕਲ ਸੂਰਤ ਵੀ ਬਦਲਣ ਲੱਗੀ। ਜਿਥੇ ਪਹਿਲਾਂ ਭੰਗ ਭੁੱਜਦੀ ਸੀ, ਹੁਣ ਲਹਿਰਾਂ-ਬਹਿਰਾਂ ਹੋਣ ਲੱਗੀਆਂ। ਘਰ ਦੇ ਉਸ ਦੀ ਵਡਿਆਈ ਕਰਨ ਲੱਗੇ। ਇਸ ਮਾਹੌਲ ਦੇ ਚਲਦਿਆਂ ਉਹ ਹਰ ਪੱਖ ਤੋਂ ਨਿਖਰਨ ਲੱਗਿਆ। ਜਦ ਉਹ ਸਾਡੇ ਕੋਲ ਆਇਆ ਤਾਂ ਉਸ ਦੀ ਕਹਾਣੀ ਹੀ ਹੋਰ ਸੀ। ਚਿਹਰੇ 'ਤੇ ਨੂਰ, ਗੱਲ੍ਹਾਂ 'ਤੇ ਹਾਸੀ, ਤੋਰ 'ਚ ਮਟਕ ਤੇ ਬਦਲਿਆ ਅੰਦਾਜ਼, ਆਪਣੇ ਆਪ ਉਹ ਆਪਣੀ ਗਾਥਾ ਬਿਆਨ ਕਰ ਰਿਹਾ ਸੀ।

ਉਹ ਬੇਝਿਜਕ ਆਖ ਰਿਹਾ ਸੀ, ''ਹੁਣ ਮੈਂ ਉਹ ਨਹੀਂ ਰਿਹਾ ਕਿ ਹਰ ਕੋਈ ਮੈਨੂੰ ਝਿੜਕੇ ਤੇ ਮੈਥੋਂ ਕੰਮ ਦੀ ਆਸ ਕਰੇ। ਮੈਂ ਹੁਣ 'ਪਾਤਸ਼ਾਹ' ਹਾਂ... ਖਜ਼ਾਨਾ ਦਫ਼ਤਰ ਦਾ 'ਪੋਰਸ' ਬਾਊ... ਜਿਸ ਨੂੰ ਕਿਸੇ ਦੀ ਪ੍ਰਵਾਹ ਨਹੀਂ... ਜਿਥੇ ਹਰ ਕੋਈ ਆ ਕੇ ਕੁਰਸੀ ਨੂੰ 'ਸਲਾਮ' ਕਰਦਾ ਹੈ... ਜੋ ਮੰਗੀਏ, ਉਹ ਹਾਜ਼ਰ ਕਰਦਾ ਹੈ ਤੇ ਆਉਣ-ਜਾਣ ਵੇਲੇ 'ਸਿਰ ਝੁਕਾਉਂਦਾ' ਹੈ। ਜਦ ਮੈਂ ਉਸ ਨੂੰ ਦਫ਼ਤਰ ਦੇ ਬਾਹਰ ਲੱਗੇ ਵਿਜੀਲੈਂਸ ਦੇ ਬੋਰਡ ਦੀ ਯਾਦ ਦਿਵਾਈ ਤਾਂ ਉਹ ਹੱਸਿਆ ਤੇ ਕਹਿਣ ਲੱਗਿਆ, ''ਇਹ ਤਾਂ ਕਹਿਣ ਦੀਆਂ ਗੱਲਾਂ ਨੇ...'ਅਮਲ' ਤਾਂ ਹੋਰ ਹੈ। ਜੇਕਰ ਇਥੇ ਕਹਿਣੀ ਤੇ ਕਰਨੀ 'ਚ ਅਮਲ ਹੁੰਦਾ ਤਾਂ ਅੱਜ ਦੇਸ਼ 'ਚ ਆਜ਼ਾਦੀ' ਦੇ ਛੇ ਦਹਾਕਿਆਂ ਬਾਅਦ ਵੀ 'ਆਟਾ-ਦਾਲ' ਦੀ ਸਿਆਸਤ ਨਾ ਹੁੰਦੀ। ਸਾਡੇ ਕੋਲ ਆ ਕੇ, ਸਿਹਤ, ਸਿੱਖਿਆ, ਰੋਡਵੇਜ਼, ਜਨ ਸਿਹਤ, ਬਿਜਲੀ ਬੋਰਡ ਤੇ ਵਿਜੀਲੈਂਸ ਵਰਗੇ ਵਿਭਾਗ ਦੇ ਬਾਊ 'ਪਾਣੀ ਭਰਦੇ' ਨੇ। ਸਾਡੀ ਮੰਗ 'ਤੇ ਹੱਸ ਕੇ 'ਫੁੱਲ ਚੜ੍ਹਾਉਂਦੇ' ਨੇ। ... ਹੁਣ ਆਇਐ... ਜਿਊਣ ਦਾ ਮਜ਼ਾ। 'ਰਲ ਮਿਲ' ਕੇ ਚੱਲੀਏ ਤਾਂ ਕੌਣ ਪੁੱਛਦੈ?''

ਖਜ਼ਾਨੇ 'ਚ ਆਰਜ਼ੀ ਡਿਊਟੀ 'ਤੇ ਗਿਆ ਇਹ 'ਪਾਤਸ਼ਾਹ' ਤਾਂ ਪ੍ਰਬੰਧ ਦਾ ਇਕ ਛੋਟਾ ਜਿਹਾ ਪੁਰਜ਼ਾ ਹੈ ਪਰ ਜਿਹੜੇ ਉਥੇ ਪੱਕੀ ਡਿਊਟੀ ਕਰਦੇ ਨੇ ਤੇ ਅਫਸਰਾਂ ਦੀ ਕੁਰਸੀ 'ਤੇ ਬੈਠਦੇ ਨੇ, ਉਨ੍ਹਾਂ ਦੀਆਂ 'ਮੌਜਾਂ' ਤਾਂ ਉਪਰਲੇ ਅਫਸਰਾਂ ਤੇ ਸਿਆਸਤਦਾਨਾਂ ਦੀ 'ਕਿਰਪਾ' ਨਾਲ ਚਲਦੀਆਂ ਹੋਣਗੀਆਂ ਨਾ?

# ਕਾਵਿ-ਮੰਚ

## ਨਵੇਂ ਸਾਲ ਦੀ ਵਧਾਈ !

ਮੇਰੇ ਵਲੋਂ ਸਭ ਨੂੰ
ਵਧਾਈ ਨਵੇਂ ਸਾਲ ਦੀ,
ਹੋਵੇ ਦੂਣੀ ਚੌਣੀ ਵਧ ਕੇ
ਕਮਾਈ ਨਵੇਂ ਸਾਲ ਦੀ।
ਤਰੱਕੀ ਤੇ ਬੁਲੰਦੀ ਰਹੇ
ਸਦਾ ਪੈਰ ਚੁੰਮਦੀ,
ਕਾਮਯਾਬੀ ਬੂਹੇ ਅੱਗੇ
ਰਹੇ ਦੀਵੇ ਬਾਲਦੀ।
ਲਿਆਵੇ ਖੁਸ਼ੀਆਂ ਤੇ ਖੇੜੇ
ਸਾਰੀ ਦੁਨੀਆਂ ਦੇ ਵਿਹੜੇ,
ਰੱਬਾ ਐਸੀ ਤੂੰ ਚਲਾਈਂ,
ਪੁਰਵਾਈ ਨਵੇਂ ਸਾਲ ਦੀ।
ਜਹਾਜ਼ਾਂ ਵਿਚ ਉਡ ਕੇ
ਪੰਜਾਬ ਜਾਣ ਵਾਲਿਓ,
ਦੇਣਾ ਮੇਰੇ ਪਿੰਡ ਨੂੰ
ਵਧਾਈ ਨਵੇਂ ਸਾਲ ਦੀ।
ਜਾਹ ਨੀ ਹਵਾਏ
ਦੇ ਵਧਾਈ ਮੇਰੀ ਮਾਂ ਨੂੰ,
ਹਿੱਕ ਨਾਲ ਲਾ ਕੇ
ਜਿਹੜੀ ਰਹੀ ਮੈਨੂੰ ਪਾਲਦੀ।
ਲੁਧਿਆਣੇ ਦੀਆਂ ਗਲੀਆਂ ਨੂੰ
ਅਧ ਮੋਈਆਂ ਜਲੀਆਂ ਨੂੰ,
ਭੁੱਲਣੀ ਨਹੀਂ ਯਾਦ ਕਦੇ
ਜਾਣ ਵਾਲੇ ਸਾਲ ਦੀ।
ਭੇਜੀ ਏ ਬਰੰਗ ਚਿੱਠੀ
ਤੀਰ ਵਾਹ ਕੇ ਦਿਲ ਉਤੇ,
ਇਹ ਕਿਸ ਭੇਜੀ ਏ?
ਵਧਾਈ ਨਵੇਂ ਸਾਲ ਦੀ!
ਐਸ ਐਮ ਐਸ ਭੇਜਿਆ ਏ
ਨੰਬਰ ਕਰਕੇ ਬਲੌਕ,
ਇਹ ਕਿਹਨੂੰ ਯਾਦ ਆਈ
ਅੱਜ ਮੇਰੇ ਹਾਲ ਦੀ।
ਚੋਰੀ ਚੋਰੀ ਹੱਥਾਂ 'ਤੇ
ਲਗਵਾਈਆਂ ਜਿਨ੍ਹਾਂ ਮਹਿੰਦੀਆਂ,
ਹੋਵੇ ਮੁਬਾਰਕ ਉਨ੍ਹਾਂ ਨੂੰ
ਸਗਾਈ ਨਵੇਂ ਸਾਲ ਦੀ।
ਭੁੱਲ ਹੋਣਾ ਨੀ ਮਹੀਨਾ ਮੈਥੋਂ
ਜਾਣ ਵਾਲੇ ਸਾਲ ਦਾ,
ਜਿਸ ਦਿਨ ਹੋਈ ਸੀ
ਪਰਾਈ ਮੇਰੇ ਨਾਲ ਦੀ।
ਸਵੇਰਿਆਂ ਦੀ ਘੋੜੀ ਉਤੇ
ਦਿਨ ਚੜ੍ਹ ਆਇਆ ਏ,
ਸਜ ਕੇ ਹੈ ਰਾਤ ਰਾਣੀ
ਆਈ ਨਵੇਂ ਸਾਲ ਦੀ।
ਕੁਲਵੀਰ ਨੇ ਕੀ ਦੇਣਾ
ਚੰਦ ਲਫ਼ਜ਼ ਲਿਖ ਕੇ ਦੇ ਰਿਹਾ,
ਕਾਰਡ ਸਮਝ ਕੇ ਰੱਖ ਲਈਂ
ਇਹ ਰੁਬਾਈ ਨਵੇਂ ਸਾਲ ਦੀ।

*ਕੁਲਵੀਰ ਸਿੰਘ ਡਾਨਸੀਵਾਲ*
*778-863-2472*

## ਨਵਾਂ ਵਰ੍ਹਾ

ਨਵਿਆਂ ਵਰ੍ਹਿਆ! ਭਾਗਾਂ ਭਰਿਆ!
ਦਿਲ ਦੀ ਆਖ ਸੁਣਾਵਾਂ ਵੇ।
ਲੈ ਕੇ ਆਵੀਂ ਚਾਨਣ ਰਿਸ਼ਮਾਂ,
ਇਹੋ ਅੱਜ ਧਿਆਵਾਂ ਵੇ।

ਰਿਸ਼ਮਾਂ ਤੇਰੀਆਂ ਝਿਲਮਿਲ-ਝਿਲਮਿਲ,
ਸਾਰਾ ਜੱਗ ਰੁਸ਼ਨਾ ਦੇਵਣ।
ਸੁਖ-ਸ਼ਾਂਤੀ ਪਿਆਰ ਸੁਨੇਹਾ,
ਘਰ-ਘਰ ਵਿਚ ਪਹੁੰਚਾ ਦੇਵਣ।

ਪੰਜਾਬ ਮੇਰੇ ਵਿਚ ਚੜ੍ਹੇਂ ਜਦੋਂ ਤੂੰ,
ਸੂਹੀ ਜਿਹੀ ਸਵੇਰ ਹੋਵੇ।
ਮਾਨਵਤਾ ਦੀਆਂ ਗੱਲਾਂ ਚੱਲਣ,
ਨੇਕ ਕੰਮੀਂ ਨਾ ਦੇਰ ਹੋਵੇ।

ਕਿਰਨ ਤੇਰੀ ਜਦ ਪਹਿਲੀ ਅੜਿਆ,
ਪਿੰਡ ਮੇਰੇ ਦੀ ਜੂਹ ਵੜੇ।
ਗੁਰਬਾਣੀ ਦਾ ਕੀਰਤਨ ਹੋਵੇ,
ਅਮਲਾਂ ਦੀ ਤਕਰੀਰ ਘੜ੍ਹੇ।
ਛੋਹਵੇਂ ਜਦ ਮੇਰੇ ਬਾਬਲ ਵਿਹੜਾ,
ਖੁਸ਼ੀਆਂ ਦੀ ਝਨਕਾਰ ਛਿੜੇ।
ਖੁਸ਼-ਪ੍ਰੀਤ ਦੀਆਂ ਕਿਲਕਾਰਾਂ ਨਾਲ,
ਘਰ ਦਾ ਅੰਦਰ-ਬਾਹਰ ਖਿੜੇ।

ਪਸਰੇਂ ਜਦ ਮੇਰੇ ਸਹੁਰੇ ਘਰ ਤੂੰ,
ਇਤਫ਼ਾਕ ਦੀ ਹੀ ਗੱਲ ਤੋਰੀਂ।
ਵੰਡੀਆਂ ਵਿਚ ਨੇ ਹੁੰਦੀਆਂ ਭੰਡੀਆਂ,
ਏਕੇ ਵਲ ਸਭ ਦਾ ਰੁਖ ਮੋੜੀਂ।

ਪੈਗ਼ਾਮ ਪਿਆਰ ਦੇ ਸਾਰੇ ਵੰਡਦਾ,
ਅਮਰੀਕਾ ਵਿਚ ਤੂੰ ਆਣ ਚੜ੍ਹੀਂ।
ਮੰਦਹਾਲੀ ਦੇ ਨੇਰ੍ਹੇ ਨੂੰ ਤੂੰ,
ਪਲਾਂ-ਛਿਣਾਂ ਵਿਚ ਦੂਰ ਕਰੀਂ।

ਪਰਦੇਸ ਬੈਠੇ ਮੇਰੇ ਦੇਸ਼ ਦੇ ਵਾਸੀ,
ਕਰ ਦੇਵੀਂ ਸਭ ਦੀ ਦੂਰ ਉਦਾਸੀ।
ਸਭ ਦੇ ਚਿਹਰੇ ਰੌਣਕ ਹੋਵੇ,
ਹੱਥ ਵਿਚ ਖੁਸ਼ੀਆਂ ਵਾਲੀ ਕਾਸੀ।

*ਨੀਲਮ ਸੈਣੀ*
*510-502-0551*

## ਨਹੀਂ ਦੋਸ਼ ਕਿਸੇ 'ਤੇ ਲਾਈਦਾ

ਸੱਜਣ ਸੱਦੀਏ ਘਰ ਜੇ ਸੱਜਣਾਂ,
ਉਸਦਾ ਮਾਣ ਵਧਾਈ ਦਾ।
ਭੁਲ-ਭੁਲੇਖੇ ਆ ਕੋਈ ਜਾਵੇ,
ਆਦਰ ਨਾਲ ਬਠਾਈ ਦਾ।
ਸੱਜਣ ਨੂੰ ਸੱਜਣ ਜੇ ਕਹੀਏ,
ਨਾਲ ਗਲੇ ਦੇ ਲਾਈ ਦਾ।
ਮਿੱਠੇ ਬੋਲਾਂ ਨਾਲ ਬੁਲਾਈਏ,
ਤਨ ਮਨ ਘੋਲ ਘੁਮਾਈ ਦਾ।
ਭੁਲ-ਭੁਲੇਖੇ ਦੇ ਵਿਚ ਆ ਕੇ,
ਐਵੇਂ ਨਹੀਂ ਘਬਰਾਈ ਦਾ।
ਬੋਲ ਕੇ ਫਿਰ ਬੋਲ ਸੱਜਣਾਂ,
ਨਹੀਂ ਆਪਣਾ ਆਪ ਘਟਾਈ ਦਾ।
ਦੋਸ਼ ਲਗਾ ਕੇ ਦੂਜਿਆਂ ਉਤੇ,
ਨਹੀਂ ਆਪਣਾ ਦੋਸ਼ ਛੁਪਾਈ ਦਾ।
'ਬੇਦੀ' ਸਦਾ ਗਲਤੀ ਤੋਂ ਸਿੱਖੋ,
ਨਹੀਂ ਦੋਸ਼ ਕਿਸੇ ਤੇ ਲਾਈ ਦਾ।

*ਬਲਦੇਵ ਸਿੰਘ ਬੇਦੀ*
*ਸੈਨ ਹੋਜ਼ੇ, ਕੈਲੇਫੋਰਨੀਆ*




ਫੋਟੋ : ਭਵਨਦੀਪ ਸਿੰਘ ਪੁਰਬਾ

## ਸੁਪਨਾ

ਸੌਣ ਤੋਂ ਪਹਿਲਾਂ ਸੋਹਿਲਾ ਪੜ੍ਹਕੇ
ਨਾਮ ਧਿਆਇਆ ਸਤਿਗੁਰੂ ਦਾ,
ਰਹਿਮਤ ਦਾ ਹੱਥ ਸਿਰ ਤੇ ਰੱਖੋ,
ਸ਼ੁਕਰ ਮਨਾਇਆ ਸਤਿਗੁਰ ਦਾ।
ਇਸ ਕਲਯੁਗ ਦੇ ਘੋਰ ਸਮੇਂ ਵਿਚ
ਰਹਾਂ ਮਾਣਦੀ ਛਾਂ ਤੇਰੀ,
ਤੂੰ ਹੀ ਮੇਰਾ ਬਾਬਲ ਪਿਆਰਾ,
ਤੂੰ ਹੀ ਸਤਿਗੁਰ ਮਾਂ ਮੇਰੀ।
ਸਤਿਗੁਰ ਮੇਰੇ ਬਖਸ਼ਣ ਹਾਰੇ
ਮਿਹਰ ਤੇਰੀ ਜੇ ਹੋ ਜਾਵੇ,
ਕਰਦੀ ਰਹਾਂ ਤੇਰੇ ਦਰ ਦੀ ਸੇਵਾ
ਜੀਵਨ ਸਫਲ ਹੋ ਜਾਵੇ।
ਇਵੇਂ ਅਰਦਾਸਾਂ ਕਰਦੀ ਕਰਦੀ
ਕਿਸੇ ਸ਼ਹਿਰ ਵਿਚ ਤੁਰ ਗਈ ਹਾਂ ਮੈਂ।
ਗਲੀਆਂ ਦੇ ਵਿਚ ਫਿਰਦੀ ਫਿਰਦੀ
ਮੋੜ ਜਿਹਾ ਇਕ ਮੁੜ ਗਈ ਹਾਂ ਮੈਂ।
ਮੁੜੀ ਮੋੜ ਤੇ ਸਾਹਮਣੇ ਤੱਕਿਆ
ਵੱਡਾ ਜਿਹਾ ਇਕ ਪਾਰਕ ਹੈ,
ਇਕ ਬੋਰਡ ਤੇ ਲਿਖਿਆ ਹੋਇਆ
ਸ਼ਹਿਰ ਦਾ ਨਾਂ ਨਿਊ ਯਾਰਕ ਹੈ।
ਨਿਊ ਯਾਰਕ 'ਚ ਫਿਰਦਿਆਂ ਫਿਰਦਿਆਂ,
ਵੇਖੇ ਬੜੇ ਨਜ਼ਾਰੇ ਨੇ,
ਮੰਦਰ ਵੇਖੇ ਗਿਰਜੇ ਵੇਖੇ,
ਵੇਖੇ ਗੁਰੂਦੁਆਰੇ ਨੇ।
'ਆਏ ਮਿਲ ਗੁਰਸਿੱਖ ਆਏ ਮਿਲ ਤੂੰ'
ਸ਼ਬਦ ਰੰਗੀਲਾ ਗਾਈ ਜਾਵੇ,
ਹਰ ਇਕ ਗੁਰਸਿੱਖ ਮਾਈ ਭਾਈ,
ਮਾਇਆ ਭੇਟ ਚੜ੍ਹਾਈ ਜਾਵੇ।
ਇਕ ਬੰਦਾ ਦੂਜੇ ਨੂੰ ਕਹਿੰਦਾ
ਸਾਲ ਪਿੱਛੋਂ ਇਹ ਆ ਜਾਂਦੇ ਨੇ,
ਜਿੰਨਾ ਸਾਲ 'ਚ ਅਸੀਂ ਕਮਾਉਂਦੇ,
ਹਫਤੇ ਵਿਚ ਹੀ ਲੈ ਜਾਂਦੇ ਨੇ।
ਸੰਤ ਸਾਧ ਤੇ ਬਾਬੇ ਸਾਰੇ
ਨਿਊ ਯਾਰਕ ਵਿਚ ਆ ਬੈਠੇ ਨੇ,
ਲੁੱਟਣ ਲਈ ਭੋਲੀ ਜਨਤਾ ਨੂੰ,
ਬਾਈ ਮੰਜੀਆਂ ਡਾਹ ਬੈਠੇ ਨੇ।
ਕੋਈ ਬਾਬਾ ਹੈ ਚੋਲਿਆਂ ਵਾਲਾ
ਕੋਈ ਬਾਬਾ ਹੈ ਲੀਰਾਂ ਵਾਲਾ,
ਕੋਈ ਬਾਬਾ ਹੈ ਝੰਡੀਆਂ ਵਾਲਾ,
ਕੋਈ ਬਾਬਾ ਹੈ ਪੀਰਾਂ ਵਾਲਾ।
ਬਾਬਿਆਂ ਦੇ ਹੁਣ ਬਣ ਗਏ
ਏਥੇ ਵੱਡੇ ਵੱਡੇ ਡੇਰੇ ਨੇ,
ਕੱਚੇ ਪੱਕੇ ਬੰਦੇ ਸਾਰੇ
ਬਾਬਿਆਂ ਮਿਲ ਕੇ ਘੇਰੇ ਨੇ।
ਗੈਰਕਾਨੂੰਨੀ ਬੰਦਿਆਂ ਨੂੰ ਰੱਬ ਨੇ,
ਰੱਖਣਾ ਏ ਕਿ ਕੱਢਣਾ ਏ।
ਪਰ ਲਗਦਾ ਏ ਇਨ੍ਹਾਂ ਬਾਬਿਆਂ ਨੇ
ਉਹ, ਕੱਚੇ ਹੀ ਖਾ ਛੱਡਣੇ ਨੇ।
ਹੋਵੇ ਸ਼ਾਮ ਜਾਂ ਹੋਏ ਦੁਪਹਿਰਾ
ਜਾਂ ਫਿਰ ਹੋਣ ਸਵੇਰੇ ਜੀ,
ਬੀਬੀਆਂ ਦੇ ਨਾਲ ਫੁਲ ਰਹਿੰਦੇ ਨੇ
ਸਭ ਬਾਬਿਆਂ ਦੇ ਡੇਰੇ ਜੀ।
ਕਈ ਬੀਬੀਆਂ ਜੋੜੇ ਪੂੰਜਣ
ਕਈ ਘੁਟੇਂਦੀਆਂ ਲੱਤਾਂ ਨੇ।
ਕਈ ਤੇ ਘਰ ਨੂੰ ਮੁੜਦੀਆਂ ਹੀ ਨਹੀਂ,
ਮਾਰੀਆਂ ਗਈਆਂ ਮੱਤਾਂ ਨੇ।
ਲਗਦਾ ਏ ਹੁਣ ਨਿਊ ਯਾਰਕ ਵਿਚ
ਨਵੇਂ ਨਗਾਰੇ ਵੱਜਣਗੇ,
ਭੁਲ ਜਾਣਾ ਏ ਸਤਿਗੁਰ ਨੂੰ ਲੋਕਾਂ
ਬਾਬੇ ਹੀ ਹੁਣ ਗੱਜਣਗੇ।
ਟੱਬਰ ਭਾਵੇਂ ਭੁੱਖਿਆਂ ਹੀ ਰਹਿ ਜੇ
ਬਾਬਿਆਂ ਦੇ ਢਿੱਡ ਰੱਜਣਗੇ
ਪਰ ਇਕ ਦਿਨ ਵੇਖੀਂ ਬਾਬੇ,
ਇਥੋਂ ਦੁੰਬ ਦਬਾ ਕੇ ਭੱਜਣਗੇ।
ਗੱਲਾਂ ਸੁਣ ਕੇ ਦੋ ਵੀਰਾਂ ਦੀਆਂ
ਰੂਹ ਮੇਰੀ ਬੇਹਾਲ ਸੀ ਹੋਈ
ਰੱਬਾ ਤੇਰੇ ਨਾਮ 'ਤੇ ਠੱਗੀਆਂ
ਹੱਥ ਜੋੜ ਕੀਤੀ ਅਰਜੋਈ।
ਤੁਰਦੀ ਤੁਰਦੀ ਆਤਮਾ ਮੇਰੀ
ਵਰਲਡ ਟਰੇਡ ਕੋਲ ਜਾ ਖਲੋਈ,
ਕਰਕੇ ਯਾਦ ਉਹ ਖੂਨੀ ਸਾਕਾ
ਰੂਹ ਮੇਰੀ ਰੱਜ ਰੱਜ ਕੇ ਰੋਈ।
ਆਦਮਖਾਣੇ ਜ਼ਾਲਮ ਲੋਕਾਂ
ਮਜ਼ਲੂਮਾਂ ਦਾ ਘਾਣ ਸੀ ਕੀਤਾ।
ਮਾਰੇ ਹਜ਼ਾਰਾਂ ਦੀ ਬੇਦੋਸ਼ੇ
ਆਪਣੇ ਧਰਮ ਤੇ ਮਾਣ ਸੀ ਕੀਤਾ।
ਇਹ ਕਿਹੋ ਜਿਹੇ ਧਰਮ ਨੇ ਏਥੇ,
ਕਿਹੋ ਜਿਹੇ ਇਨਸਾਨ ਨੇ ਏਥੇ।
ਇਹ ਕੈਸਾ ਹੈ ਅੱਲ੍ਹਾ ਏਥੇ
ਕੈਸੇ ਇਹ ਸ਼ੈਤਾਨ ਨੇ ਇਥੇ।
ਕੈਸੇ ਨੇ ਇਹ ਮਜ਼ਬ ਏਥੇ,
ਕਿਹੋ ਜਿਹੇ ਕੁਰਾਨ ਨੇ ਏਥੇ।
ਧਰਮ ਦੇ ਨਾਮ 'ਤੇ ਬੰਦੇ ਮਾਰੋ
ਕੈਸੇ ਦੀਨ ਈਮਾਨ ਨੇ ਏਥੇ।
ਮੁੱਕ ਗਿਆ ਸੁਪਨਾ ਅੱਖਾਂ ਖੁੱਲ੍ਹੀਆਂ,
ਲਿਖਦੀ ਮੈਂ ਕੋਈ ਗੀਤ ਪਈ ਸੀ
ਸੋਚਿਆ ਸੀ ਸੁਰਜੀਤ ਹੈ ਮਰ ਗਈ,
ਪਰ ਜਿਉਂਦੀ ਸੁਰਜੀਤ ਪਈ ਸੀ।

*-ਸੁਰਜੀਤ ਕੌਰ ਬੇਗੋਵਾਲ*
*916-682-8482*

## ਪਖੰਡੀ-ਸਾਧ ਦਾ ਡੇਰਾ

ਛੱਡ ਪਖੰਡੀ ਸਾਧ ਦਾ ਡੇਰਾ
ਕੰਮ ਕੋਈ ਚੰਗਾ ਕਰ ਲੈ
ਸੁਬ੍ਹਾ ਸਵੇਰੇ ਸ਼ਾਮ ਦੇ ਵੇਲੇ
ਘਰ ਬਹਿ ਸਿਮਰਨ ਕਰ ਲੈ।

ਕੀ ਇਨ੍ਹਾਂ ਸਾਧਾਂ ਤੋਂ ਲੈਣਾ
ਜਿਹੜੇ ਸੁਲਫੇ ਸੂਟੇ ਲਾਉਂਦੇ ਨੇ
ਸਾਰੇ ਪੁਠੇ ਕੰਮ ਏਹ ਕਰਦੇ
ਠੱਗ ਲੋਕਾਂ ਨੂੰ ਭਰਮਾਉਂਦੇ ਨੇ।

ਡੇਰਿਆਂ ਵਿਚ ਕੀ ਕਾਰੇ ਕਰਦੇ
ਕੀ ਨਿਤ ਚੰਦ ਚੜ੍ਹਾਉਂਦੇ ਨੇ?
ਬਖਸ਼ਣ ਏਹ ਬੱਚੇ ਬੱਚੀਆਂ
ਵਿਚਾਰ ਤੂੰ ਆਪੇ ਕਰ ਲੈ।

ਮਾਂ ਭੈਣ ਤੇ ਧੀ ਕਿਸੇ ਦੀ
ਦਸ ਕੀ ਇਨ੍ਹਾਂ ਦੀ ਲੱਗੇ?
ਲੁਟਣ ਲਈ ਏਹ ਨਾਰ ਬੇਗਾਨੀ
ਸਦਾ ਇਕ ਦੂਜੇ ਤੋਂ ਅੱਗੇ।
ਜਰ ਜ਼ੋਰੂ ਜ਼ਮੀਨ ਦੇ ਪਿੱਛੇ
ਏਹ ਨਿੱਤ ਰਹਿੰਦੇ ਨੇ ਲੱਗੇ।
ਕਤਲ, ਰੇਪ ਦੇ ਕੇਸਾਂ ਦੀ
ਤੂੰ ਆਪੇ ਗਿਣਤੀ ਕਰ ਲੈ।

ਬਾਣੀ ਬਾਰੇ ਕੁਝ ਨ ਜਾਨਣ
ਸਭ ਝੂਠੀ ਬਾਣੀ ਪੜ੍ਹਦੇ ਨੇ
ਲੀਡਰ ਸਾਡੀ ਕੌਮ ਦੇ ਸਾਰੇ
ਇਨ੍ਹਾਂ ਦਾ ਪਾਣੀ ਭਰਦੇ ਨੇ।
ਪਾਲੇ ਇਨ੍ਹਾਂ ਦੇ ਪਾਲਤੂ ਕੁੱਤੇ
ਨਿੱਤ ਲੋਕਾਂ ਸੰਗ ਲੜਦੇ ਨੇ।
ਸੱਚੀ ਗੱਲ ਜੇ ਕੋਈ ਆਖੇ
ਆਖਣ 'ਮੂੰਹ ਬੰਦ ਕਰ ਲੈ'।

ਭੁੱਕੀ, ਚਰਸ, ਅਫੀਮ ਤੇ ਗਾਂਜਾ
ਨਿਤ ਡੇਰਿਆਂ ਵਿਚ ਵਰਤਾਉਂਦੇ।
ਪੁੱਠੇ ਪਾਸੇ ਬੱਚੇ ਤੇ ਬੱਚੀਆਂ
ਜ਼ਰਾ ਵੇਖ ਕੌਣ ਨੇ ਲਾਉਂਦੇ।
ਵੱਡੇ ਅਫਸਰ ਲੋਕਾਂ ਦੇ ਰਾਖੇ
ਏਥੇ ਆ ਕੇ ਖੁਸ਼ੀ ਮਨਾਉਂਦੇ
'ਬੇਦੀ' ਕਿਨ੍ਹਾਂ ਹੈ ਜਾਲ ਵਛਾਇਆ?
ਹੁਣ ਆਪੇ ਲੇਖਾ ਕਰ ਲੈ

*-ਬਲਦੇਵ ਸਿੰਘ ਬੇਦੀ*
*650-331-7277*

## ਮੇਰਾ ਰੰਗਲਾ ਪੰਜਾਬ

ਮੇਰੇ ਰੰਗਲੇ ਪੰਜਾਬ ਦੀ ਚੜ੍ਹਾਈ ਵੱਖਰੀ
ਕਿਤੇ ਝੂਲਦਾ ਏ ਪੰਜਾ, ਕਿਤੇ ਝੂਲੇ ਤੱਕੜੀ।
ਲੋਕੀਂ ਸੁਬ੍ਹਾ-ਸ਼ਾਮ ਪੜ੍ਹਦੇ ਨੇ
ਗੁਰੂਆਂ ਦੀ ਬਾਣੀ ਨੂੰ
ਚੂੜੇ ਵਾਲੀ ਹੱਥ ਪਾਉਂਦੀ
ਉਠ ਤੜਕੇ ਮਧਾਣੀ ਨੂੰ
ਟੱਕਾਂ ਖੁਲ੍ਹਿਆਂ 'ਚ ਪੈਲੀ
ਵਾਹੁੰਦੇ ਉਨਾਠ ਗਿਆਰਾਂ
ਚੋਬਰਾਂ ਦੀ ਜਿੰਦ
ਕੱਢੀ ਜਾਂਦੀਆਂ ਮੁਟਿਆਰਾਂ
ਡੱਕੀਆਂ ਕੋਲੇ ਦੇ ਨਾਲ
ਆਉਣ ਅਠਾਰਾਂ ਚੱਕੀਆਂ
ਮਾਰ ਮਾਰ ਧੱਕੇ
ਪਾਣੀ ਕਢਦੀਆਂ ਮੱਛੀਆਂ
ਹਰਜੀਤ ਬਾਜੇਖਾਨੇ ਵਾਲਾ
ਸ਼ਾਨ ਸੀ ਮੈਦਾਨਾਂ ਦੀ
ਉਠ ਕੇ ਸਵੇਰੇ ਮੁਠੀ
ਖਾਂਦਾ ਸੀ ਬਦਾਮਾਂ ਦੀ
ਪਿੰਡ ਪਿੰਡ ਵਿਚ ਇਥੇ
ਪੈਂਦੀਆਂ ਕਬੱਡੀਆਂ
ਮੈਟਰੋ ਦੇ ਵਾਂਗ ਭੱਜਦੀਆਂ
ਬੈਲ ਗੱਡੀਆਂ
ਸੋਨੇ ਜਿਹਾ ਰੰਗ
ਮੇਰੇ ਦੇਸ਼ ਦੀ ਕਣਕ ਦਾ
ਭਿੰਡਰਾਂਵਾਲਾ ਸ਼ੇਰ ਸੀ
ਰਾਖਾ ਅਣਖ ਦਾ
ਥੱਲੇ ਪਿੱਪਲਾਂ ਦੇ ਲਾਉਣ
ਤੀਆਂ ਕੁੜੀਆਂ ਕੁਆਰੀਆਂ
ਛੱਪੜਾਂ ਦੇ ਵਿਚ ਲਾਉਂਦੇ
ਗੱਭਰੂ ਨੇ ਤਾਰੀਆਂ
ਡਗਰੀ ਦਾ ਚਮਕੀਲਾ
ਤੇ ਦੀਦਾਰ ਭਰੋਵਾਲ ਦਾ
ਸਾਨੂੰ ਮਰ ਕੇ ਵੀ ਦੇਈ ਜਾਣ
ਨਸ਼ਾ ਕਾਲੇ ਮਾਲ ਦਾ
ਗੁਰਦਾਸ ਮਾਨ ਦੱਸੇ
ਹਾਲ ਪਿੰਡ ਦੀਆਂ ਗਲੀਆਂ ਦਾ
ਟੁਟਣਾ ਨਹੀਂ ਰਿਕਾਰਡ ਕਿਸੇ ਤੋਂ
ਮਾਣਕ ਦੀਆਂ ਕਲੀਆਂ ਦਾ
ਅਮਰੀਕਾ ਆ ਕੇ ਵੀ ਭੁਲਿਆ ਨਹੀਂ
'ਰੰਡਿਆਲੇ' ਵਾਲਾ ਬੁਲਟ ਤੇ ਫੋਰਡ
ਕੱਢ ਕੇ ਬਟੂਏ 'ਚੋਂ ਭੋਰਾ ਖਾ ਲੈਂਦਾ
ਜੇ ਲੱਗੀ ਹੋਵੇ ਤੋੜ।

*ਰਾਜਵਿੰਦਰ ਰੰਡਿਆਲਾ*
*916-335-7748*

## ਅਣਖ ਨਾਲ ਜੀਣਾ

ਅਣਖ ਨਾਲ ਜੀਣਾ ਤੇ ਮਰਨਾ
ਕਰਮ ਸੀ ਗਦਰੀਆਂ ਦਾ।
ਨਾ ਕਿਸੇ ਨਾਢੂ ਖਾਂ ਤੋਂ ਡਰਨਾ,
ਕਰਮ ਸੀ ਗਦਰੀਆਂ ਦਾ।
ਮੰਦਰ, ਮਸਜਿਦ, ਗੁਰਦੁਆਰਾ
ਬੇਸ਼ਕ ਚਰਚ ਹੋਵੇ,
ਧਰਮ ਦੀ ਰਾਖੀ ਕਰਨਾ
ਕਰਮ ਸੀ ਗਦਰੀਆਂ ਦਾ।
ਦਿਲ ਦੀ ਆਵਾਜ਼ ਉਠਾਉਣੀ
ਤੇ ਡਰਨਾ ਨਾ ਕਿਸੇ ਤੋਂ,
ਸੋਨੇ ਦੀ ਚਿੜੀ ਬਚਾਉਣਾ
ਕਰਮ ਸੀ ਗਦਰੀਆਂ ਦਾ।
ਗੁਲਾਮੀ ਦਾ ਹਊਆ
ਦਿਲਾਂ 'ਚੋਂ ਕੱਢਣ ਵਾਸਤੇ,
ਜਾਨ ਤਲੀ 'ਤੇ ਟਿਕਾਉਣਾ
ਕਰਮ ਸੀ ਗਦਰੀਆਂ ਦਾ।
ਚਾਹੁੰਦੇ ਸੀ ਕਦਰ ਉਹ
ਹਰ ਇਕ ਇਨਸਾਨ ਦੀ,
ਭਲੇ ਲਈ ਸੂਲੀ ਵੀ ਚੜ੍ਹਨਾ,
ਕਰਮ ਸੀ ਗਦਰੀਆਂ ਦਾ।
ਅੱਜ ਆਜ਼ਾਦੀ ਮਾਣ ਰਹੇ ਹਾਂ,
ਹਰੇਕ ਜਗ੍ਹਾ ਹੀ 'ਕਮਲ'
ਜਾਲਮਾਂ ਦੀ ਹਿੱਕ 'ਤੇ ਮੋਰਚਾ ਲਾਉਣਾ
ਕਰਮ ਸੀ ਗਦਰੀਆਂ ਦਾ।

*ਕਮਲ ਬੰਗਾ, ਸੈਕਰਾਮੈਂਟੋ*
*ਫੋਨ: 916-525-2570*

# ਫਿਲਮ ਰਾਕੇਟ ਸਿੰਘ ਦੀਆਂ ਗੱਲਾਂ

*–ਦੇਸ ਰਾਜ ਕਾਲੀ*

ਅੱਜ-ਕਲ੍ਹ ਸ਼ਮਿਤ ਅਮੀਨ ਦੀ ਫਿਲਮ 'ਰਾਕੇਟ ਸਿੰਘ-ਸੇਲਸਮੈਨ ਆਫ ਦ ਯੀਅਰ' ਚਰਚਾ ਵਿਚ ਹੈ। ਇਸ ਚਰਚਾ ਦੇ ਕਈ ਕਾਰਨ ਅਤੇ ਕਈ ਕੋਣ ਹਨ। ਇਸ ਫਿਲਮ 'ਤੇ ਗੱਲ ਕੀਤੀ ਜਾਣੀ ਬਹੁਤ ਜ਼ਰੂਰੀ ਹੈ। ਇਹ ਫਿਲਮ ਸਮਕਾਲੀਨ ਸਮਾਜ ਨੂੰ ਲੈ ਕੇ ਜਿਥੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ, ਉਥੇ ਬਹੁਤ ਸਾਰੇ ਸਵਾਲ ਵੀ ਪੈਦਾ ਹੋ ਜਾਂਦੇ ਹਨ। ਇਕ ਪਾਸੇ ਯਥਾਰਥ ਇਨਾ ਕੌੜਾ ਹੈ ਕਿ ਮਨੁੱਖ ਨੂੰ ਸੰਵੇਦਨਹੀਣ ਬਣਾ ਰਿਹਾ ਹੈ। ਦੂਜੇ ਪਾਸੇ ਫਿਲਮ ਇਕ ਆਦਰਸ਼ ਦੀ ਸਿਰਜਣਾ ਕਰ ਰਹੀ ਹੈ। ਫਿਲਮ ਜਿਸ ਆਦਰਸ਼ ਦੇ ਪੱਖ ਵਿਚ ਹੈ, ਯਥਾਰਥ ਉਹਨੂੰ ਚਿੜਾਉਂਦਾ ਹੈ। ਇਸਦੇ ਨਾਲ ਹੀ ਇਸ ਫ਼ਿਲਮ ਵਿਚ ਕੁਝ ਖਾਮੋਸ਼ੀਆਂ ਹਨ, ਜੋ ਬਹੁਤ ਗਹਿਰਾਈ ਵਿਚ ਕਈ ਸਵਾਲਾਂ ਨੂੰ ਲਈ ਬੈਠੀਆਂ ਹਨ। ਇਨ੍ਹਾਂ ਖਾਮੋਸ਼ੀਆ ਨੂੰ ਵੀ ਬੁਲਾਉਣਾ ਹੋਵੇਗਾ। ਫਿਲਮ ਦੇ ਆਰਪਾਰ ਅਤੇ ਇਸ ਦੇ ਪਾਤਰਾਂ ਦੇ ਇਤਿਹਾਸ ਵਿਚ ਬਹੁਤ ਕੁਝ ਛੁਪਿਆ ਹੋਇਆ ਹੈ, ਜਿਸ ਦੀ ਗੱਲ ਕੀਤੇ ਬਿਨਾ ਅਸੀਂ ਅੱਜ ਦੇ ਸਮਾਜ ਵਿਚ ਇਸ ਫਿਲਮ ਦੀ ਸਾਰਥਕਤਾ ਅਤੇ ਭੂਮਿਕਾ ਬਾਰੇ ਸੋਚ ਵੀ ਨਹੀਂ ਸਕਦੇ। ਪਹਿਲਾਂ ਕੁਝ ਖਾਮੋਸ਼ੀਆਂ ਦੀ ਗੱਲ ਕਰੀਏ। ਜਿਸ ਬੇਦੀ ਪਰਿਵਾਰ ਦੀ ਇਹ ਕਹਾਣੀ ਹੈ, ਉਸ ਪਰਿਵਾਰ ਦੇ ਦੋ ਮੈਂਬਰ ਗਾਇਬ ਹਨ। ਹਰਪ੍ਰੀਤ ਬੇਦੀ (ਰਣਬੀਰ ਕਪੂਰ) ਦੇ ਮਾਤਾ ਪਿਤਾ ਕਿਥੇ ਹਨ? ਫਿਲਮ ਵਿਚ ਉਸਦਾ ਦਾਦਾ ਕਹਿੰਦਾ ਹੈ ਕਿ ਮੈਂ ਤੈਨੂੰ 21 ਸਾਲ ਤੱਕ ਪਾਲਿਆ ਹੈ। ਇਹ ਪਰਿਵਾਰ ਸਿੱਖ ਪਰਿਵਾਰ ਹੈ। ਮੁੰਬਈ ਵਿਚ ਰਹਿੰਦਾ ਹੈ। ਦਰਸ਼ਕ ਦੇ ਮਨ ਵਿਚ ਇਕ ਤਸਵੀਰ ਬਣਦੀ ਹੈ, ਜਿਸ ਵਿਚ ਕਿਤੇ ਦੰਗੇ ਦਿਖਾਈ ਦਿੰਦੇ ਹਨ, ਪਰਿਵਾਰ ਦੇ ਦੋ ਮੈਂਬਰ ਮਾਰੇ ਜਾਂਦੇ ਹਨ ਅਤੇ ਇਹ ਪਰਿਵਾਰ ਹਿਜਰਤ ਕਰਦਾ ਹੈ। ਹੁਣ ਇਹ ਦੰਗੇ ਦਿੱਲੀ ਦੇ ਵੀ ਹੋ ਸਕਦੇ ਹਨ, ਮੁੰਬਈ ਦੇ ਵੀ ਹੋ ਸਕਦੇ ਹਨ ਜਾਂ ਅਹਿਮਦਾਬਾਦ ਦੇ ਵੀ ਹੋ ਸਕਦੇ ਹਨ। ਚਲੋ ਇਹ ਮੰਨ ਲਈਏ ਕਿ ਪਰਿਵਾਰ ਦਿੱਲੀ ਤੋਂ ਉਜੜ ਕੇ ਆਇਆ ਹੈ, ਤਾਂ ਫਿਰ ਮਨ ਵਿਚ ਇਹ ਆਉਂਦਾ ਹੈ ਕਿ ਦਿੱਲੀ ਵਿਚ ਰਹਿ ਰਹੇ ਸਿੱਖ ਪਰਿਵਾਰ ਦੇਸ਼ ਦੇ ਬਟਵਾਰੇ ਦੌਰਾਨ ਪਾਕਿਸਤਾਨ ਤੋਂ ਉਜੜ ਕੇ ਆਏ ਸਨ। ਹੁਣ ਉਜੜਨਾ ਇਨ੍ਹਾਂ ਦੀ ਕਿਸਮਤ ਵਿਚ ਲਿਖਿਆ ਹੈ। ਜੋ ਲਮਹੇ ਖ਼ਤਾ ਕਰਦੇ ਹਨ ਸਦੀਆਂ ਉਨ੍ਹਾਂ ਦੀ ਸਜਾ ਪਾਉਂਦੀਆਂ ਹਨ। ਇਦਾਂ ਹੀ ਹੋਇਆ ਹੈ ਹਰ ਦੌਰ ਵਿਚ ਪੰਜਾਬੀਆਂ ਦੇ ਨਾਲ।




ਯਥਾਰਥ ਦੀਆਂ ਕਈ ਕੌੜੀਆਂ ਸੱਚਾਈਆਂ ਇਹ ਫਿਲਮ ਚੁਪਕੇ ਨਾਲ ਕਹਿ ਜਾਂਦੀ ਹੈ, ਇਸ ਲਈ ਮੈਂ ਇਨੂੰ ਪ੍ਰਤੀਕਾਤਮਕ ਫਿਲਮ ਮੰਨਦਾ ਹਾਂ। ਇਹ ਬਹੁਤ ਹੀ ਸੂਖਮ ਸੰਕੇਤ ਨਾਲ ਆਪਣੀ ਗੱਲ ਕਹਿੰਦੀ ਹੈ। ਇਸ ਵਿਚ ਜਿੰਨੇ ਵੀ ਸੈਲਸਮੈਨ ਹਨ, ਉਨ੍ਹਾਂ ਦੀਆਂ ਸੰਵੇਦਨਾਵਾਂ ਮਰ ਚੁੱਕੀਆਂ ਹਨ। ਇਸ ਗੱਲ ਨੂੰ ਸਮਝਣ ਤੋਂ ਪਹਿਲਾਂ ਜੋ ਇਸ਼ਾਰੇ ਫਿਲਮ ਵਿਚ ਆਉਂਦੇ ਹਨ, ਉਨ੍ਹਾਂ ਦੀ ਗੱਲ ਕਰਨਾ ਚਾਹੁੰਦਾ ਹਾਂ। ਉਹ ਪਾਰਟੀ ਕਰ ਰਹੇ ਹਨ। ਸ਼ਰਾਬ ਉਡ ਰਹੀ ਹੈ। ਬਹੁਤ ਹੀ ਫੂਹੜ ਤਰੀਕਾ ਹੈ ਪੀਣ ਦਾ। ਉਸ ਦੀ ਸਾਰੀ ਫ੍ਰਸ਼ਟ੍ਰੇਸ਼ਨ ਬਾਹਰ ਆਉਂਦੀ ਹੈ। ਉਨ੍ਹਾਂ ਦੇ ਅੰਦਰ ਜੋ ਸ਼ੋਰ ਹੈ, ਬਾਹਰ ਆ ਰਿਹਾ ਹੈ। ਫਿਲਮ ਬਹੁਤ ਹੀ ਸਪਸ਼ਟ ਤਰੀਕੇ ਨਾਲ ਅੰਦਰ ਦੇ ਸ਼ੋਰ ਨੂੰ ਬਾਹਰ ਕੱਢ ਕੇ ਰੱਖ ਦਿੰਦੀ ਹੈ। ਇੰਨਾ ਸ਼ੋਰ ਹੈ ਕਿ ਇਕ ਨੂੰ ਦੂਜੇ ਦੀ ਗੱਲ ਸੁਣਾਈ ਨਹੀਂ ਦਿੰਦੀ। ਦੋ ਪਾਤਰ ਗੱਲ ਕਰਨ ਲਈ ਜਗ੍ਹਾ ਲੱਭਦੇ ਹਨ ਟਾਇਲੇਟ। ਹੁਣ ਉਨ੍ਹਾਂ ਦੀ ਸ਼ਰਾਬ ਪੀਣ ਦੀ ਲਲਕ ਫ੍ਰਸ਼ਟ੍ਰੇਸ਼ਨ ਤੋਂ ਨਿਕਲੀ ਹੈ ਤਾਂ ਬੀਮਾਰ ਹੋ ਜਾਂਦੇ ਹਨ। ਇਨ੍ਹਾਂ ਦ੍ਰਿਸ਼ਾਂ ਵਿਚ ਬਹੁਤ ਹੀ ਭਿਆਨਕ ਰੂਪ ਦਿਖਾਇਆ ਹੈ ਸਾਡੀ ਆਉਣ ਵਾਲੀ ਪੀੜ੍ਹੀ ਦਾ। ਦਿਲ ਦਹਿਲ ਜਾਂਦਾ ਹੈ। ਕੀ ਸਾਡੀ ਆਉਣ ਵਾਲੀ ਪੀੜੀ ਇਹੀ ਹੈ?

ਸੇਲਸਮੈਨ ਦੇ ਬਹਾਨੇ ਫਿਲਮ ਵਿਚ ਜਿਸ ਬਾਜ਼ਾਰ ਦੀ ਮਾਨਸਿਕਤਾ ਵਲ, ਭ੍ਰਿਸ਼ਟਾਚਾਰ ਵਲ ਗੁਆਚ ਰਹੇ ਆਦਮੀ ਦੀ ਜੋ ਗੱਲ ਕਹੀ ਗਈ ਹੈ, ਵਿਚਾਰਣਯੋਗ ਹੈ। ਦੇਸ਼ ਵਿਚ ਭ੍ਰਿਸ਼ਟਾਚਾਰ ਦੀ ਜੋ ਤਸਵੀਰ ਹੈ, ਉਹ ਕਿਸੇ ਤੋਂ ਛੁਪੀ ਨਹੀਂ ਹੈ, ਪ੍ਰੰਤੂ ਇਸਦੇ ਡੂੰਘੇ ਪ੍ਰਭਾਵ ਕਿਸ ਤਰ੍ਹਾਂ ਦੇ ਹੋਣਗੇ, ਇਸਦਾ ਤਾਜਾ ਚਿਤਰ ਇਸ ਫਿਲਮ ਵਿਚ ਪੇਸ਼ ਕੀਤਾ ਗਿਆ ਹੈ। ਫਿਲਮ ਬਹੁਤ ਸਾਰੀਆਂ ਇਹੋ ਜਿਹੀਆਂ ਗੱਲਾਂ ਕਰਦੀ ਹੈ, ਜੋ ਅੱਜ ਦੇ ਬਾਜ਼ਾਰ ਨੂੰ ਨੰਗਾ ਕਰਦੀਆਂ ਹਨ, ਜਿਸ ਵਿਚ ਮਨੁੱਖ ਕਿਤੇ ਵੀ ਸਟੈਂਡ ਨਹੀਂ ਕਰਦਾ। ਉਹ ਇਕ ਟਾਰਗੈਟ ਅਚੀਵ ਕਰਨ ਵਾਲੀ ਮਸ਼ੀਨ ਬਣ ਗਿਆ ਹੈ। ਇਕ ਸੰਵੇਦਨਹੀਣ ਮਸ਼ੀਨ। ਇਹੋ ਜਿਹੀ ਮਸ਼ੀਨ, ਜੋ ਦੂਜੇ ਦੇ ਸਿਰ 'ਤੇ ਪੈਰ ਰੱਖ ਕੇ ਅੱਗੇ ਵਧਣਾ ਜਾਣਦੀ ਹੈ। ਇਹ ਮਨੁੱਖ ਦੀ ਹੋਂਦ ਦਾ ਸਵਾਲ ਹੈ। ਇਸ ਫਿਲਮ ਵਿਚ ਜੋ ਕੰਪਨੀ ਦਾ ਪੀਅਨ ਹੈ, ਉਸਨੂੰ ਜਦ ਚੋਰ ਮੋਰੀ ਤੋਂ ਬਣਾਈ ਜਾ ਰਹੀ ਕੰਪਨੀ ਵਿਚ ਪਾਰਟਨਰ ਬਣਾ ਲਿਆ ਜਾਂਦਾ ਹੈ, ਤਾਂ ਉਦੋਂ ਇਕ ਪਾਤਰ ਉਸ ਨਾਲ ਨਫਰਤ ਦੇ ਅੰਦਾਜ਼ ਨਾਲ ਗੱਲ ਕਰਦਾ ਹੈ, ਤਾਂ ਉਸਦੇ ਅੰਦਰ ਦਾ ਮਾਨਵ ਗੁਸੇ ਵਿਚ ਅੱਗ ਬਬੂਲਾ ਹੋ ਜਾਂਦਾ ਹੈ ਅਤੇ ਉਸਨੂੰ ਬਹੁਤ ਹੀ ਗੰਦੀਆਂ ਗਾਲਾਂ ਕੱਢ ਕੇ ਕਹਿੰਦਾ ਹੈ ਕਿ ਮੈਨੂੰ ਹੁਣ ਕਪ ਪਲੇਟ ਨਹੀਂ ਮਿਸ਼ਰਾ ਜੀ ਕਹਿ ਕੇ ਬੁਲਾਓ। ਬਸ ਫਿਲਮ ਇਹੀ ਗੱਲ ਦਰਸ਼ਕ ਦੇ ਮਨ ਵਿਚ ਜਗਾਣਾ ਚਾਹੁੰਦੀ ਹੈ। ਇਨਸਾਨ ਦੀ ਹੋਂਦ ਦੇ ਸਵਾਲ ਨੂੰ ਸਾਹਮਣੇ ਲਿਆਉਣਾ ਚਾਹੁੰਦੀ ਹੈ। ਉਸ ਇਨਸਾਨ ਨੂੰ ਜਿਸਨੂੰ ਬਾਜ਼ਾਰ ਨੇ ਕਾਮੋਡੇਟੀ ਬਣਾ ਦਿੱਤਾ ਹੈ। ਕੁਝ ਹੋਰ ਸੂਖਮ ਗੱਲਾਂ ਹਨ ਇਸ ਫਿਲਮ ਵਿਚ। ਇਕ ਸਾਰੇ ਪਾਤਰਾਂ ਦੇ ਮਨ ਵਿਚ ਇਕ ਗੱਲ ਫਸੀ ਹੋਈ ਹੈ। ਦੋ, ਸਾਰਿਆਂ ਨੇ ਅੰਦਰ ਦੀ ਗੱਲ ਨੂੰ ਦਬਾਉਣਾ ਸਿੱਖ ਲਿਆ ਹੈ। ਤਿੰਨ, ਲੜਾਈ ਹੁਣ ਸਿੱਧੀ ਨਾ ਰਹਿ ਕੇ ਪਿੱਠ ਦੇ ਪਿੱਛੇ ਪ੍ਰਹਾਰ ਦੇ ਰੂਪ ਵਿਚ ਹੋ ਰਹੀ ਹੈ। ਚਾਰ, ਵਿਸ਼ਵਾਸ ਖੁਦ 'ਤੇ ਵੀ ਨਹੀਂ ਰਿਹਾ। ਜੋ ਪੀੜ੍ਹੀ, ਆਦਰਸ਼ ਦੀ ਗੱਲ ਕਰਦੀ ਸੀ, ਉਹਨੂੰ ਉਜੜਨਾ ਪਿਆ ਹੈ। ਪੰਜ, ਨਵੀਂ ਆਰਥਿਕਤਾ ਨੇ ਅਵਿਸ਼ਵਾਸ, ਅਸੁਰਖਿਆ, ਇਕੱਲੇਪਨ ਦੇ ਅਹਿਸਾਸ ਨੂੰ ਜਨਮ ਦਿੱਤਾ ਹੈ। ਛੇ, ਪਾਤਰ ਪਿਆਰ ਕਰਦਾ ਹੈ, ਪਰ ਧਿਆਨ ਕਿਤੇ ਹੋਰ ਹੈ। ਪਿਆਰ ਜਿਸ ਸਮਾਧੀ ਦੇ ਸਮਾਨ ਅਸੀਂ ਮੰਨਦੇ ਹਾਂ, ਹੁਣ ਕਿਥੇ ਹੈ? ਇਹ ਸਵਾਲ ਬਹੁਤ ਵੱਡੇ ਦਰਦਨਾਕ ਸਿਸਟਮ ਵਲ ਇਸ਼ਾਰਾ ਕਰਦਾ ਹੈ। ਇਸ ਸਿਸਟਮ ਨੇ ਪਿਆਰ ਉਡਾ ਦਿੱਤਾ ਹੈ। ਇਨਸਾਨ ਦੀ ਬੁਨਿਆਦੀ ਖਾਹਿਸ਼ ਹੀ ਨਹੀ ਹੈ। ਬਸ ਟਾਰਗੇਟ ਹੈ। ਉਹ ਵੀ ਸਾਲ ਭਰ ਦਾ। ਉਸਤੋਂ ਬਾਅਦ ਫਿਰ ਹਨੇਰਾ ਹੈ। ਜ਼ਿੰਦਗੀ ਭਟਕਣ ਹੈ। ਅਸਹਿਜ ਹੈ। ਸਹਿਜ ਕੁਝ ਵੀ ਨਹੀਂ ਰਿਹਾ। ਪਿਆਰ ਵੀ ਨਹੀਂ। ਇਹ ਅਸਹਿਜ ਹੋ ਗਏ ਮਨੁੱਖ ਦੀ ਕਹਾਣੀ ਹੈ। ਵਸਤੂ ਬਣ ਗਏ ਮਨੁੱਖ ਦੀ।

# ਕੈਟ ਨੇ ਕਰੀਨਾ ਨੂੰ ਪਿੱਛੇ ਛੱਡਿਆ




ਲਗਾਤਾਰ ਚਾਰ ਸਫਲ ਫ਼ਿਲਮਾਂ ਦੇ ਕੇ ਕੈਟਰੀਨਾ ਕੈਫ ਸਾਲ 2009 ਦੀ ਸਭ ਤੋਂ ਸਫਲ ਹੀਰੋਇਨ ਬਣ ਗਈ ਹੈ। ਹੁਣੇ ਜਿਹੇ ਹੋਏ ਇਕ ਸਰਵੇ ਮੁਤਾਬਕ ਕੈਟ ਨੂੰ ਸਾਲ 2009 ਦੀ ਸਭ ਤੋਂ ਸਫਲ ਹੀਰੋਇਨ ਮੰਨਿਆ ਗਿਆ ਹੈ। ਕੈਟ ਦੀਆਂ ਸਾਰੀਆਂ ਫ਼ਿਲਮਾਂ ਬਾਕਸ ਆਫਿਸ 'ਤੇ ਸੁਪਰਹਿੱਟ ਹੋਈਆਂ। ਫਿਰ ਉਹ ਚਾਹੇ 'ਨਿਊ ਯਾਰਕ' ਹੋਵੇ ਜਾਂ ਫਿਰ 'ਅਜਬ ਪ੍ਰੇਮ ਕੀ ਗਜਬ ਕਹਾਣੀ।'

ਇਸ ਸਾਲ ਉਸ ਨੇ ਚਾਰ ਫ਼ਿਲਮਾਂ ਵਿਚ ਕੰਮ ਕੀਤਾ ਤੇ ਚਾਰੋਂ ਫ਼ਿਲਮਾਂ ਬਾਕਸ ਆਫਿਸ 'ਤੇ ਸਫਲ ਰਹੀਆਂ। ਦੂਜੇ ਪਾਸੇ ਕਰੀਨਾ ਕਪੂਰ ਦੀਆਂ 2009 ਵਿਚ ਪੰਜ ਫ਼ਿਲਮਾਂ ਰਿਲੀਜ਼ ਹੋਈਆਂ ਪਰ ਕੋਈ ਵੀ ਫ਼ਿਲਮ ਬਹੁਤੀ ਸਫਲ ਨਹੀਂ ਹੋ ਸਕੀ। ਇਸ ਤੋਂ ਇਲਾਵਾ ਸੈਫ ਨਾਲ ਉਸ ਦੀ ਪਿਛਲੀ ਫ਼ਿਲਮ 'ਕੁਰਬਾਨ' ਵੀ ਬੁਰੀ ਤਰ੍ਹਾਂ ਪਿਟ ਗਈ। ਕਰੀਨਾ ਨੂੰ ਭਰੋਸਾ ਸੀ ਕਿ ਉਸ ਦੀ ਇਹ ਫ਼ਿਲਮ ਜ਼ਰੂਰ ਕਾਮਯਾਬ ਹੋਵੇਗੀ, ਪਰ ਹੋਇਆ ਉਸ ਦੀ ਸੋਚ ਦੇ ਬਿਲਕੁਲ ਉਲਟ।

ਫ਼ਿਲਮ ਸੈਂਸਰ ਬੋਰਡ ਦੀ ਮੁਖੀ ਤੇ ਫ਼ਿਲਮ ਅਦਾਕਾਰ ਸੈਫ ਅਲੀ ਖ਼ਾਨ ਦੀ ਮਾਂ ਸ਼ਰਮੀਲਾ ਟੈਗੋਰ ਨੇ ਕਿਹਾ ਹੈ ਕਿ ਸੈਫ ਦੀ ਪਸੰਦ ਅਦਾਕਾਰਾ ਕਰੀਨਾ ਕਪੂਰ ਮੈਨੂੰ ਵੀ ਪਸੰਦ ਹੈ। ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਮੈਨੂੰ ਉਨ੍ਹਾਂ ਦੇ ਵਿਆਹ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਅਜੇ ਵਿਆਹ ਲਈ ਕੋਈ ਪ੍ਰੋਗਰਾਮ ਤੈਅ ਨਹੀਂ ਹੋਇਆ ਹੈ।

## ਮਨੀਸ਼ਾ ਦੀ ਲਾਟਰੀ ਨਿਕਲੀ



ਪਿਛਲੇ ਕਾਫੀ ਸਮੇਂ ਤੋਂ ਮਨੀਸ਼ਾ ਕੋਇਰਾਲਾ ਪਰਦੇ ਤੋਂ ਗਾਇਬ ਹੈ। ਮਨੀਸ਼ਾ ਬਾਰੇ ਇਹੀ ਮੰਨਿਆ ਜਾ ਰਿਹਾ ਸੀ ਕਿ ਮਨੀਸ਼ਾ ਦਾ ਕੈਰੀਅਰ ਹੁਣ ਬਾਲੀਵੁੱਡ 'ਚ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। ਯਕੀਨਨ ਇਹੀ ਕਾਰਨ ਰਿਹਾ ਕਿ ਮਨੀਸ਼ਾ ਬਾਰੇ ਇਹ ਚਰਚਾ ਚੱਲੀ ਕਿ ਉਹ ਹੁਣ ਬਾਲੀਵੁੱਡ ਨੂੰ ਅਲਵਿਦਾ ਕਹਿ ਕੇ ਰਾਜਨੀਤੀ 'ਚ ਜਾਣ ਦਾ ਮਨ ਬਣਾ ਚੁੱਕੀ ਹੈ ਅਤੇ ਇਸ ਦੇ ਲਈ ਆਪਣੇ ਦੇਸ਼ ਨੇਪਾਲ ਪਰਤ ਜਾਣਾ ਚਾਹੁੰਦੀ ਹੈ ਪਰ ਸ਼ਾਇਦ ਕਿਸਮਤ ਨੂੰ ਅਜੇ ਮਨੀਸ਼ਾ ਦਾ ਰਾਜਨੀਤੀ 'ਚ ਜਾਣਾ ਮਨਜ਼ੂਰ ਨਹੀਂ ਹੈ। ਸ਼ਾਇਦ ਇਸੇ ਲਈ ਪਿਛਲੇ ਕਾਫੀ ਸਮੇਂ ਤੋਂ ਫਿਲਮਾਂ ਲਈ ਤਰਸ ਰਹੀ ਮਨੀਸ਼ਾ ਨੂੰ ਇਕ ਨਹੀਂ, ਸਗੋਂ 3 ਫ਼ਿਲਮਾਂ ਇਕੱਠੀਆਂ ਮਿਲ ਗਈਆਂ ਹਨ। ਇਨ੍ਹਾਂ 'ਚੋਂ ਇਕ ਫ਼ਿਲਮ ਹੈ ਸੰਜੇ ਭੰਸਾਲੀ ਦੀ, ਜਿਸ 'ਚ ਉਸ ਨੂੰ ਇਕ ਅਹਿਮ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ। ਮਨੀਸ਼ਾ ਨੂੰ ਦੂਜੀ ਫ਼ਿਲਮ ਮਿਲੀ ਹੈ ਓਨੀਰ ਦੀ 'ਆਈ ਐਮ ਮੇਘਾ' ਜਿਸ 'ਚ ਉਸ ਨਾਲ ਜੂਹੀ ਚਾਵਲਾ ਵੀ ਅਹਿਮ ਕਿਰਦਾਰ ਨਿਭਾਅ ਰਹੀ ਹੈ। ਫ਼ਿਲਮ 'ਚ ਇਕ ਹਿੰਦੂ ਕੁੜੀ ਦਾ ਕਿਰਦਾਰ ਅਤੇ ਦੂਜੀ ਇਕ ਮੁਸਲਮਾਨ ਕੁੜੀ ਦਾ ਕਿਰਦਾਰ ਨਿਭਾਵੇਗੀ।

ਜੋ ਤੀਜੀ ਫ਼ਿਲਮ ਮਨੀਸ਼ਾ ਨੂੰ ਮਿਲੀ ਹੈ, ਉਹ ਹੈ ਰੇਵਤੀ ਸ਼ਰਮਾ ਦੀ 'ਆਪਕੇ ਲੀਏ ਹਮ'। ਇਸ 'ਚ ਮਨੀਸ਼ਾ ਤੋਂ ਇਲਾਵਾ ਜਯਾ ਬੱਚਨ ਵੀ ਅਹਿਮ ਕਿਰਦਾਰ ਨਿਭਾਅ ਰਹੀ ਹੈ। ਮਨੀਸ਼ਾ ਨੂੰ ਇਸ ਫ਼ਿਲਮ 'ਚ ਇਕ ਖਲਨਾਇਕਾ ਦੇ ਕਿਰਦਾਰ ਲਈ ਸਾਈਨ ਕੀਤਾ ਗਿਆ ਹੈ। ਕੈਰੀਅਰ ਦੇ ਖ਼ਤਮ ਹੋਣ ਦੇ ਮੋੜ 'ਤੇ ਇਕੋ ਵੇਲੇ ਤਿੰਨ ਫਿਲਮਾਂ ਦਾ ਮਿਲ ਜਾਣਾ ਮਨੀਸ਼ਾ ਲਈ ਬਹੁਤ ਵੱਡੀ ਲਾਟਰੀ ਖੁੱਲ੍ਹ ਜਾਣ ਵਾਂਗ ਹੈ।

## ਆਸਟ੍ਰੇਲੀਆ 'ਚ ਭਾਰਤੀਆਂ 'ਤੇ ਨਸਲੀ ਵਿਤਕਰੇ ਦਾ ਚਿਤਰਣ ਹੈ 'ਸਟੈਪ ਮੌਮ'

ਕਰਨ ਜੌਹਰ ਨੇ ਫ਼ਿਲਮ 'ਸਟੈਪ ਮੌਮ' ਉਰਫ ਮਤਰੇਈ ਮਾਂ ਦਾ ਰੀਮੇਕ ਨਿਊ ਯਾਰਕ ਅਤੇ ਸਿਡਨੀ ਵਿਚ ਨਾਲ-ਨਾਲ ਸ਼ੁਰੂ ਕਰ ਦਿੱਤਾ ਹੈ। ਫ਼ਿਲਮ ਦੀ ਕਾਸਟ, ਜਿਸ ਵਿਚ ਕਾਜੋਲ, ਕਰੀਨਾ ਅਤੇ ਅਰਜੁਨ ਰਾਮਪਾਲ ਸ਼ਾਮਲ ਹਨ, ਹਾਲ ਹੀ ਵਿਚ ਸ਼ੈਡਿਊਲ ਲਈ ਵਾਪਸ ਆ ਗਈ ਹੈ। ਸਿਧਾਰਥ ਮਲਹੋਤਰਾ ਦੇ ਨਿਰਦੇਸ਼ਨ ਹੇਠ ਇਸ ਫ਼ਿਲਮ ਦਾ ਟਾਈਟਲ 'ਲਵ ਯੂ ਮਾਂ' ਨਾਲ ਲਗਭਗ ਮਿਲਦਾ ਹੈ। ਇਸ ਸੂਤਰ ਨੇ ਖੁਲਾਸਾ ਕੀਤਾ ਹੈ ਕਿ ਕਾਜੋਲ ਅਤੇ ਕਰੀਨਾ ਨਾਲ ਇਕ ਵਿਸ਼ੇਸ਼ ਸੀਨ ਹੈ, ਜਿਹੜਾ ਆਸਟ੍ਰੇਲੀਆ ਵਿਚ ਭਾਰਤੀਆਂ ਪ੍ਰਤੀ ਨਸਲੀ ਵਿਤਕਰੇ ਦੇ ਨਾਜ਼ੁਕ ਮੁੱਦੇ ਨੂੰ ਟੁੰਬਦਾ ਹੈ।

ਇਸ ਸੀਨ ਬਾਰੇ ਗੱਲਬਾਤ ਕਰਦਿਆਂ ਸੂਤਰ ਨੇ ਕਿਹਾ ਹੈ, ''ਇਸ ਦੀ ਸ਼ੂਟਿੰਗ ਕਾਜੋਲ, ਕਰੀਨਾ ਅਤੇ ਇਕ ਸਹਾਇਕ ਐਕਟਰ ਨਾਲ ਇਕ ਮਾਲ ਵਿਚ ਕੀਤੀ ਗਈ ਹੈ। ਇਸ ਵਿਚ ਸਟੋਰ ਮਾਲਕ ਨੂੰ ਇਕ ਭਾਰਤੀ ਮੁੰਡੇ ਉਪਰ ਨਸਲੀ ਟਿੱਪਣੀ ਕਰਦਿਆਂ ਦਿਖਾਇਆ ਗਿਆ ਹੈ, ਜਿਸ ਦੀ ਮਦਦ ਲਈ ਕਾਜੋਲ ਅੱਗੇ ਆਉਂਦੀ ਹੈ। ਜਦੋਂ ਉਹ ਇਸ ਘਟੀਆ ਟਿੱਪਣੀ ਨੂੰ ਸੁਣਦੀ ਹੈ ਤਾਂ ਉਹ ਬੇਬੋ ਨੂੰ ਕਹਿੰਦੀ ਹੈ ਕਿ ਸਾਨੂੰ ਇਨ੍ਹਾਂ ਗੋਰਿਆਂ ਨੂੰ ਸਬਕ ਸਿਖਾਉਣਾ ਹੀ ਪਵੇਗਾ ਅਤੇ ਦੁਕਾਨ ਮਾਲਕ ਨੂੰ ਵੀ ਤਾੜਨਾ ਕਰਦੀ ਹੈ। ਇਹ ਇਕ ਅਜਿਹਾ ਸੀਨ ਹੈ, ਜਿਹੜਾ ਭਾਰਤੀਆਂ ਵਲੋਂ ਪਿਛਲੇ ਕੁਝ ਸਮੇਂ ਵਿਚ ਬਰਦਾਸ਼ਤ ਕੀਤੀ ਗਈ ਸਥਿਤੀ ਨੂੰ ਮੂਰਤੀਮਾਨ ਕਰਨ ਲਈ ਬੜੀ ਖੂਬਸੂਰਤੀ ਨਾਲ ਲਿਖਿਆ ਗਿਆ ਹੈ। ਕੇਵਲ ਇਹ ਹੀ ਇਕ ਅਜਿਹਾ ਸੀਨ ਨਹੀਂ ਹੈ, ਜਿਹੜਾ ਨਸਲਵਾਦ ਬਾਰੇ ਗੱਲ ਕਰਦਾ ਹੈ ਬਲਕਿ ਕੈਂਪਸ ਵਿਚ ਆਪਣੇ ਆਸਟ੍ਰੇਲੀਅਨ ਦੋਸਤਾਂ ਤੋਂ ਗਾਲੀ-ਗਲੋਚ ਦਾ ਸਾਹਮਣਾ ਕਰ ਰਹੇ ਇਕ ਭਾਰਤੀ ਵਿਦਿਆਰਥੀ ਦੇ ਬਚਾਅ ਲਈ ਆਈ ਕਾਜੋਲ ਬਾਰੇ ਵੀ ਇਕ ਸਮਾਨਤੰਰ ਕਹਾਣੀ ਹੈ। ਸੂਤਰਾਂ ਅਨੁਸਾਰ 'ਸਿਧਾਰਥ ਨੇ ਬੜੀ ਡੂੰਘੀ ਖੋਜ ਕੀਤੀ ਹੈ ਅਤੇ ਭਾਰਤੀਆਂ ਵਲੋਂ ਸੁਣੀਆਂ ਜਾ ਰਹੀਆਂ ਗਾਲ੍ਹਾਂ ਦੇ ਕਈ ਕੇਸ ਵੀ ਗਹੁ ਨਾਲ ਪੜ੍ਹੇ ਹਨ। ਉਸ ਨੇ ਫ਼ਿਲਮ ਵਿਚ ਕਲਪ੍ਰਿਤ ਦ੍ਰਿਸ਼ ਪੈਦਾ ਕਰਨ ਲਈ ਵੀ ਉਨ੍ਹਾਂ ਨੂੰ ਸਬੂਤਾਂ ਵਜੋਂ ਵਰਤਿਆ ਹੈ।''

# ਰਣਬੀਰ-ਦੀਪਿਕਾ ਫਿਰ ਇੱਕਠੇ !

ਰਣਬੀਰ ਕਪੂਰ ਅਤੇ ਦੀਪਿਕਾ ਪਾਦੂਕੋਣ ਦੋਵਾਂ ਨੂੰ ਬੀਤੇ ਦਿਨੀਂ ਇਕੱਠਿਆਂ ਦੇਖਿਆ ਗਿਆ। ਦੋਵੇਂ ਵਰਲੀ ਵਿਖੇ ਇਕ ਫਾਈਵ ਸਟਾਰ ਹੋਟਲ ਵਿਚੋਂ ਬਾਹਰ ਨਿਕਲੇ ਅਤੇ ਬਾਹਰ ਉਡੀਕ ਕਰ ਰਹੀ ਇਕ ਕਾਰ ਵਿਚ ਸਵਾਰ ਹੋ ਕੇ ਚਲੇ ਗਏ। ਅਕਤੂਬਰ ਵਿਚ ਆਪਣੀ ਅਣਬਣ ਦੇ ਬਾਅਦ ਪਹਿਲਾ ਮੌਕਾ ਹੈ ਕਿ ਦੀਪਿਕਾ ਅਤੇ ਰਣਬੀਰ ਨੂੰ ਇਕੱਠਿਆਂ ਦੇਖਿਆ ਗਿਆ ਹੈ। ਪ੍ਰਮੁਖ ਹਸਤੀਆਂ ਦੇ ਸਵਾਗਤੀ ਮਿਲਣ ਸਮਾਰੋਹ ਦੀ ਇਸ ਹੋਟਲ ਨੇ ਮੇਜ਼ਬਾਨੀ ਕੀਤੀ, ਜਿਸ ਵਿਚ ਇਸ ਜੋੜੀ ਨੂੰ ਵੀ ਸੱਦਾ ਦਿੱਤਾ ਗਿਆ ਸੀ ਅਤੇ ਇਸ ਸਮਾਰੋਹ ਨੂੰ ਭਾਵਨਾ ਪਾਂਡੇ ਵਲੋਂ ਆਯੋਜਿਤ ਕੀਤਾ ਗਿਆ ਸੀ ਅਤੇ ਬਹੁਤ ਸਾਰੀਆਂ ਬਾਲੀਵੁਡ ਦੀਆਂ ਹਸਤੀਆਂ ਉਥੇ ਮੌਜੂਦ ਸਨ। ਮਹਿਮਾਨਾਂ ਵਿਚ ਗੌਰੀ ਖਾਨ, ਕਰਨ ਜੌਹਰ ਅਤੇ ਕਾਜਲ ਆਨੰਦ ਵੀ ਸ਼ਾਮਲ ਸਨ। ਸੂਤਰਾਂ ਦਾ ਕਹਿਣਾ ਹੈ ਕਿ ਰਣਬੀਰ ਅਤੇ ਦੀਪਿਕਾ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਆਏ ਤਾਂ ਵੱਖ-ਵੱਖ ਸੀ ਪਰ ਇਸ ਸਮਾਰੋਹ ਦੇ ਅੰਦਰ ਉਹ ਦੋਵੇਂ ਇਕੱਠੇ ਸਨ। ਜਦੋਂ ਉਹ ਇਸ ਹੋਟਲ ਵਿਚੋਂ ਇਕੱਠੇ ਬਾਹਰ ਨਿਕਲ ਕੇ ਇਕੋ ਕਾਰ ਵਿਚ ਬੈਠੇ ਤਾਂ ਸਾਰੇ ਹੈਰਾਨ ਰਹਿ ਗਏ। ਦੋਵੇਂ ਹੀ ਰਣਬੀਰ ਦੀ ਕਾਰ ਵਿਚ ਰਵਾਨਾ ਹੋਏ। ਹੁਣ ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਉਹ ਆਪਣੇ ਮਤਭੇਦਾਂ ਨੂੰ ਦੂਰ ਕਰਨ ਲਈ ਹੀ ਇਕੱਠੇ ਕਾਰ ਵਿਚ ਗਏ ਜਾਂ ਇਕ-ਦੂਜੇ ਨੂੰ ਇਹ ਦੱਸਣ ਲਈ ਕਿ ਕੌਣ ਕਿਥੇ ਗਲਤ ਸੀ। ਇਥੇ ਇਹ ਵਰਨਣਯੋਗ ਹੈ ਕਿ ਦੀਪਿਕਾ ਨੇ ਆਪਣੀ ਧੌਣ ਪਿੱਛੇ ਰਣਬੀਰ ਦੇ ਨਾਂ ਦਾ ਟੈਟੂ ਖੁਣਵਾਇਆ ਹੋਇਆ ਹੈ ਜੋ ਹੁਣ ਵੀ ਮੌਜੂਦ ਹੈ।



## ਅਮਿਤਾਭ ਦੀ ਪਸੰਦ ਬਲਾਗਿੰਗ



ਅੱਜ-ਕਲ੍ਹ ਆਪਣੀ ਫ਼ਿਲਮ 'ਪਾ' ਲਈ ਵਾਹ-ਵਾਹ ਖੱਟ ਰਹੇ ਅਮਿਤਾਭ ਬੱਚਨ ਮੰਨਦੇ ਹਨ ਕਿ ਉਨ੍ਹਾਂ 'ਚ ਲਿਖਣ ਦੀ ਪ੍ਰਤਿਭਾ ਨਹੀਂ ਹੈ। ਤਾਂ ਹੀ ਉਹ ਆਤਮਕਥਾ ਨਹੀਂ ਲਿਖਦੇ। ਅਮਿਤਾਭ ਦਾ ਕਹਿਣਾ ਹੈ ਕਿ ਜਦੋਂ ਕੁਝ ਲਿਖਣ ਦੀ ਗੱਲ ਆਉਂਦੀ ਹੈ ਤਾਂ ਉਹ ਆਪਣੇ ਮਨ ਦੀ ਸੁਣਦੇ ਹਨ। ਆਪਣੇ ਵਿਚਾਰ ਪੇਸ਼ ਕਰਕੇ ਉਨ੍ਹਾਂ ਨੂੰ ਬਹੁਤ ਸਕੂਨ ਮਿਲਦਾ ਹੈ, ਫਿਰ ਭਾਵੇਂ ਉਹ ਆਮ ਧਾਰਨਾਵਾਂ ਦੇ ਉਲਟ ਹੀ ਕਿਉਂ ਨਾ ਹੋਣ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਇੰਟਰਨੈਟ 'ਤੇ ਬਲਾਗਸ 'ਤੇ ਆਪਣੇ ਵਿਚਾਰ ਪ੍ਰਗਟ ਕਰਨਾ ਪਸੰਦ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਲਾਗਿੰਗ ਰਾਹੀਂ ਉਨ੍ਹਾਂ ਨੂੰ ਧਾਰਨਾਵਾਂ ਨੂੰ ਚੁਣੌਤੀ ਦੇਣ, ਹਾਰ ਸਵੀਕਾਰ ਕਰਨ ਤੇ ਇਸ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਤਾਕਤ ਜੁਟਾਉਣ 'ਚ ਮਦਦ ਮਿਲਦੀ ਹੈ। ਉਹ ਅਕਸਰ ਬਲਾਗਿੰਗ ਕਰਦੇ ਹਨ। ਉਨ੍ਹਾਂ ਨੇ ਦੱਸਿਆ, ''ਤੁਸੀਂ ਮੈਨੂੰ ਦਿਨ 'ਚ ਕੰਮ ਵੇਲੇ ਜਾਂ ਦੇਰ ਰਾਤ ਸੌਣ ਤੋਂ ਠੀਕ ਪਹਿਲਾਂ ਬਲਾਗਿੰਗ ਕਰਦੇ ਦੇਖ ਸਕਦੇ ਹੋ। ਇਹ ਜਾਣਕਾਰੀ ਦੇ ਇਕ ਵਿਸ਼ਾਲ ਭੰਡਾਰ ਵਾਂਗ ਹੈ। ਅਕਸਰ ਮੈਂ ਆਪਣੇ ਪਾਠਕਾਂ ਨੂੰ ਉਤਰ ਦੇਣ 'ਚ ਬਿਜ਼ੀ ਰਹਿੰਦਾ ਹਾਂ, ਜਿਨ੍ਹਾਂ 'ਚੋਂ ਕਈ ਮੇਰੀਆਂ ਗਲਤੀਆਂ ਦਾ ਅਹਿਸਾਸ ਵੀ ਕਰਵਾਉਂਦੇ ਹਨ।''

# ਨਵੇਂ ਵਰ੍ਹੇ ਦੀ ਸੁੱਭ ਆਮਦ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸਿੱਖ ਜਗਤ ਨੂੰ ਲੱਖ ਲੱਖ ਮੁਬਾਰਕਾਂ ਹੋਵਣ ਅਤੇ ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਆਉਣ ਵਾਲਾ ਸਾਲ ਆਪ ਸਭ ਨੂੰ ਦੁਨੀਆਂ ਦੀ ਹਰ ਸੁਨੱਖੀ ਸ਼ੈਅ ਨਾਲ ਨਿਵਾਜ਼ੇ








*Tanjit Manmit*

ਵੱਲੋਂ

## Quik Signs

E-mail: tanjit5020@yahoo.com
manmit5020@yahoo.com
visit us at : www.quiksigns.us

ਸਿਹਤ ਨਰੋਈ ਸਭ ਨੂੰ ਦੇ ਕੇ, ਲੰਬੀ ਉਮਰ ਕਰੀਂ ।
ਕਿਰਤੀ ਕਾਮੇ, ਹਾਲੀ, ਪਾਲੀ ਖੁਸ਼ ਵਸਣ ਸਭ ਘਰੋਂ ਘਰੀਂ ।
ਸੁਖੀ ਵਸਣ ਸਭ ਦੁਨੀਆਂ ਵਾਲੇ, ਬੋਝੇ ਖੁਸ਼ੀਂ ਭਰੀਂ ।
ਅਗਿਆਨਤਾ ਨੂੰ ਦੂਰ ਭਜਾ ਕੇ, ਫਿਜ਼ਾ ਵਿੱਚ ਗਿਆਨ ਕਰੀਂ ।
ਬੰਦਾ ਬੰਦੇ ਨੂੰ ਪਹਿਚਾਣੇ , ਐਸੀ ਮਿਹਰ ਕਰੀਂ ।
ਹਰ ਘਰ ਵਿੱਚ ਖੁਸ਼ਹਾਲੀ ਵਰਤਾ ਕੇ, ਸਭ ਦੇ ਬੋਝੇ ਭਰੀਂ ।
ਹਰ ਘਰ ਵਿੱਚ ਤੂੰ ਸੁਖ ਵਰਤਾ ਕੇ, ਰਹਿਮੋ ਰਹਿਮ ਕਰੀਂ ।
ਭੁੱਖਾ ਨਾ ਕੋਈ ਰਾਤ ਨੂੰ ਸੌਵੇਂ, ਐਸਾ ਕਰਮ ਕਰੀਂ ।
ਤੰਗੀ ਤੁਰਸ਼ੀ ਦੂਰ ਭਜਾਵੀਂ, ਸਭਦੀ ਬਾਂਹ ਫੜੀਂ ।
ਵਿਦਿਆ ਤੋਂ ਨਾ ਕੋਈ ਵਾਂਝਾ ਰਹੇ, ਐਸੀ ਮਿਹਰ ਕਰੀਂ ।

**ਨਵੇਂ ਵਰ੍ਹੇ ਵਿੱਚ ਮੇਰਿਆ ਰੱਬਾ, ਸਭ ਤੇ ਮਿਹਰ ਕਰੀਂ**

ਹਰ ਤਰਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

**ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ**

**Contact : 661.703.8795, 661.900.7357**

ਨਵਾਂ ਸਾਲ ਆਪ ਸਭ ਲਈ ਲੱਖ ਖੁਸ਼ੀਆਂ ਖੇੜੇ ਲੈ ਕੇ
ਆਵੇ ਅਤੇ ਆਪ ਸਭ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਨੂੰ ਸਰ ਕਰੋ
ਵੱਲੋਂ :

SINGH
PINLESS COMMUNICATION

www.singhpinless.com
(ਇਸ ਸਾਈਟ ਤੇ ਤੁਸੀਂ ਆਪਣੇ ਆਪ ਵੀ ਫੋਨ ਚਾਰਜ ਕਰ ਸਕਦੇ ਹੋ)
ਜਾਂ ਸਾਡੇ ਬੈਂਕ ਖਾਤੇ ਵਿੱਚ ਡਾਲਰ ਜਮ੍ਹਾਂ ਕਰਵਾ ਸਕਦੇ ਹੋ ।
ਇੰਡੀਆ ਵਿੱਚ ਵਸਦੇ ਆਪਣੇ ਭੈਣਾਂ, ਭਰਾਵਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਾਂ ਕਰਨ ਵਾਸਤੇ
ਅਮਰੀਕਾ ਦੀ ਸਭ ਤੋਂ ਸਾਫ ਸੁਥਰੀ ਆਵਾਜ਼ ਵਾਲੀ ਅਤੇ ਸਭ ਤੋਂ ਸ਼ਰਤੀਆ ਸਸਤੀ ਫੋਨ ਕੰਪਨੀ

NO
Hidden Charges
Connection Fee
Montly Fee
Other Charges

ਸੈਲ ਫੋਨ, ਘਰ ਦੇ ਫੋਨ ਅਤੇ ਘਰ ਦੇ ਕੰਮ ਤੋਂ
ਵੀ ਕਾਲ ਕਰ ਸਕਦੇ ਹੋ ਅਤੇ ਤੁਸੀਂ ਪੰਜ
ਫੋਨ ਤੱਕ ਵੀ ਐਡ ਕਰਵਾ ਸਕਦੇ ਹੋ

1.66¢
PER MIN.



$100 ਵਿੱਚ 100 ਘੰਟੇ
6000 ਮਿੰਟ

ਇੰਡੀਆ ਗੱਲ ਕਰੋ

Mandeep Mann
(CEO)

ਕਾਲ ਕਰੋ 1.800.258.1927
661-889-1927


ਸ਼ਾਹੀ ਪਰਿਵਾਰ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤ ਨੂੰ ਨਵੇਂ ਵਰ੍ਹੇ ਦੇ ਆਮਦ ਦੀ ਖੁਸ਼ੀ ਵਿੱਚ ਢੇਰ ਸਾਰੀਆਂ
ਮੁਬਾਰਕਾਂ
DALWINDER SINGH SHAHI & FAMILY
WATERFORD
WATERFORD-CA-95386
WAYSIDE MARKET
MARKET
TURLOCK-CA-95380
SHAHI ASSOCIATES
209-648-4406
209-874-2880
209-688-3293
Fax: 209-874-2021
DESIGNED BY

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ
ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

## ਸਾਲ 2010 ਮੁਬਾਰਕ !

ਸ਼ਾਲਾ ! ਇਹ ਵਰ੍ਹਾ ਸਭਨਾਂ ਲਈ ਖੁਸ਼ੀਆਂ ਖੇੜਿਆਂ ਅਤੇ ਖੁਸ਼ਹਾਲੀ ਭਰਿਆ ਚੜ੍ਹੇ

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Short Sale Specialist

**We can sell your house in short sale at no cost to you.**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

| | | | | |
|---|---|---|---|---|
| 35663 Barnard Drive<br>Fremont CA 94536 | 33474 University Dr.<br>Union City CA 94587 | **Just Sold!** | 4228 Comet Circle<br>Union City CA, 94587 | 4604 Rochelle Dr.<br>Union City CA 94587 |
| 27436 Lyford Street<br>Hayward CA 94544 | 2972 Campbell Ln,<br>Tracy CA 95377 | 902 Windsong Drive,<br>Tracy CA 95377 | 3500 Sanddollar Ct.<br>Union City CA 94587 | 1881 Daytona Dr<br>San Jose CA 95122 |

## Refinance Now

30 Yr Fixed Rates Are Getting Better!!!
Refinance Now At Low Cost
Call Sukhi Gill @ 510-207-9067

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ
ਸੁਖਵੀਰ ਅਤੇ ਜੱਸੀ ਗਿੱਲ

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

Cell: 510-304-9292
Cell:408-666-8279



Jaswinder Gill M.Sc(PAU)
CA DRE# 00966763
Broker/Owner/Notary

*We can also sell your house in short sale.*

*2004 to 2006 Award Winner Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:- 916-612-5773
Fax:- 916-393-2586

E-mail: jassi@jassigill.com or
Visit us @ www.jassigill.com
for hot listings

ਨੋਟ: ਕੁਝ ਤਕਨੀਕੀ ਕਾਰਨਾਂ ਕਰਕੇ ਸਾਲ 2010 ਦੇ ਕੈਲੰਡਰ ਨਹੀਂ ਛਪਵਾ ਸਕੇ। ਖਿਮਾ ਦੇ ਜਾਚਕ ਹਾਂ।


ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਦੁਨੀਆ ਭਰ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ
ਨਵਾਂ ਸਾਲ 2010 ਮੁਬਾਰਕ
ਪ੍ਰਮਾਤਮਾ ਕਰੇ ਇਹ ਵਰ੍ਹਾ ਸਾਰੀ ਮਨੁੱਖਤਾ ਲਈ ਅਮਨ, ਖੁਸ਼ਹਾਲੀ ਅਤੇ ਖੁਸ਼ੀਆਂ ਲੈ ਕੇ ਆਵੇ। ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ। ਆਓ ਸਾਰੇ ਰਲ ਕੇ ਇਸ ਵਰ੍ਹੇ ਆਪਣੇ ਭਾਈਚਾਰੇ, ਦੇਸ਼ ਕੌਮ ਅਤੇ ਵਿਸ਼ਵ ਨੂੰ ਬਿਹਤਰ ਬਣਾਉਣ ਲਈ ਹੰਭਲਾ ਮਾਰੀਏ।
ਜਸਪ੍ਰੀਤ ਸਿੰਘ ਥਿਆੜਾ
ਮਹਿੰਦਰ ਸਿੰਘ ਥਿਆੜਾ
ਸਰਬਜੀਤ ਸਿੰਘ ਥਿਆੜਾ
ਜਸਪ੍ਰੀਤ ਸਿੰਘ ਥਿਆੜਾ
ਸਰਬਜੀਤ ਸਿੰਘ ਥਿਆੜਾ
S & J Royal Inc.
Golden Valley Fruit Packing
530-682-5861, 530-682-5863
Designed by: QUIK SIGNS-661-703-8795, 661-900-7357
www.quiksigns.us